ਮੰਗਲਵਾਰ, 8 ਅਪ੍ਰੈਲ, 2025
26 ਚੇਤ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 73
ਅੰਕ/NO. : 307

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • TUESDAY, 8 APRIL, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਮੰਦਵਾੜੇ ਦੀ ਘੰਟੀ ਵੱਜੀ

## ਟਰੰਪ ਦੇ ਕੌਤਕਾਂ ਨਾਲ ਦੁਨੀਆ-ਭਰ ਦੇ ਸ਼ੇਅਰ ਬਾਜ਼ਾਰ ਲਹੂ-ਲੁਹਾਨ

**ਮੁੰਬਈ** : ਸੋਮਵਾਰ ਸ਼ੇਅਰ ਬਜ਼ਾਰ ਵਿੱਚ ਪਿਛਲੇ 10 ਮਹੀਨਿਆਂ 'ਚ ਇੱਕ ਦਿਨ ਦੀ ਸਭ ਤੋਂ ਵੱਡੀ ਗਿਰਾਵਟ ਦਰਜ ਕੀਤੀ ਗਈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਟੈਰਿਫ ਵਾਧੇ ਅਤੇ ਚੀਨ ਵੱਲੋਂ ਜਵਾਬੀ ਕਾਰਵਾਈ ਤੋਂ ਬਾਅਦ ਆਰਥਕ ਮੰਦੀ ਦਾ ਡਰ ਵਧ ਗਿਆ ਹੈ। 30 ਸ਼ੇਅਰਾਂ ਵਾਲਾ ਬੀ ਐੱਸ ਈ ਸੈਂਸੈਕਸ 2,226.79 ਅੰਕ ਜਾਂ 2.95 ਫੀਸਦੀ ਡਿੱਗ ਕੇ 73,137.90 'ਤੇ ਬੰਦ ਹੋਇਆ। ਕਾਰੋਬਾਰ ਦੌਰਾਨ ਇੱਕ ਵਾਰ ਤਾਂ ਸੂਚਕ ਅੰਕ 3,939.68 ਅੰਕ ਜਾਂ 5.22 ਫੀਸਦੀ ਡਿੱਗ ਕੇ 71,425.01 'ਤੇ ਆ ਗਿਆ ਸੀ। ਐੱਨ ਐੱਸ ਈ ਨਿਫਟੀ 742.85 ਅੰਕ ਜਾਂ 3.24 ਫੀਸਦੀ ਡਿੱਗ ਕੇ 22,161.60 'ਤੇ ਬੰਦ ਹੋਇਆ। ਹਾਲਾਂਕਿ ਕਾਰੋਬਾਰੀ ਸਮੇਂ ਦੌਰਾਨ ਇਹ 1,160.8 ਅੰਕ ਜਾਂ 5.06 ਫੀਸਦੀ ਡਿੱਗ ਕੇ 21,743.65 'ਤੇ ਆ ਗਿਆ ਸੀ।

ਹਿੰਦੁਸਤਾਨ ਯੂਨੀਲੀਵਰ ਨੂੰ ਛੱਡ ਕੇ ਸੈਂਸੈਕਸ ਦੇ ਸਾਰੇ ਸ਼ੇਅਰ ਹੇਠਾਂ ਹੋਏ। ਟਾਟਾ ਸਟੀਲ ਸਭ ਤੋਂ ਵੱਧ 7.33 ਫੀਸਦੀ ਡਿੱਗਿਆ, ਉਸ ਤੋਂ ਬਾਅਦ ਲਾਰਸਨ ਐਂਡ ਟੂਬਰੋ ਵਿੱਚ 5.78 ਫੀਸਦੀ ਦੀ ਗਿਰਾਵਟ ਆਈ। ਟਾਟਾ ਮੋਟਰਜ਼, ਕੋਟਕ ਮਹਿੰਦਰਾ ਬੈਂਕ, ਮਹਿੰਦਰਾ ਐਂਡ ਮਹਿੰਦਰਾ, ਇਨਫੋਸਿਸ, ਐਕਸਿਸ ਬੈਂਕ, ਆਈ ਸੀ ਆਈ ਸੀ ਆਈ ਬੈਂਕ, ਐੱਚ ਸੀ ਐੱਲ ਟੈਕਨਾਲੋਜੀ ਅਤੇ ਐੱਚ ਡੀ ਐੱਫ ਸੀ ਬੈਂਕ ਗਿਰਾਵਟ ਵਾਲੇ ਸਨ। ਭਾਰੀ ਗਿਰਾਵਟ ਕਾਰਨ ਨਿਵੇਸ਼ਕਾਂ ਦੀ ਦੌਲਤ ਕਰੀਬ 15 ਲੱਖ ਕਰੋੜ ਰੁਪਏ ਘਟ ਗਈ। ਏਸ਼ੀਆਈ ਬਾਜ਼ਾਰਾਂ ਵਿੱਚ ਹਾਂਗਕਾਂਗ ਦਾ ਹੈਂਗ ਸੇਂਗ ਇੰਡੈਕਸ 11 ਫੀਸਦੀ ਤੋਂ ਵੱਧ ਡਿੱਗ ਗਿਆ, ਟੋਕੀਓ ਦਾ ਨਿੱਕੀ-225 7 ਫੀਸਦੀ, ਸ਼ੰਘਾਈ ਐੱਸ ਐੱਸ ਈ ਕੰਪੋਜ਼ਿਟ ਇੰਡੈਕਸ ਕਰੀਬ 7 ਫੀਸਦੀ ਹੇਠਾਂ ਆਇਆ ਅਤੇ ਦੱਖਣੀ ਕੋਰੀਆ ਦਾ ਕੋਸਪੀ 5 ਫੀਸਦੀ ਤੋਂ ਵੱਧ ਡਿੱਗ ਗਿਆ।

ਜੀਓਜੀਤ ਫਾਇਨੈਂਸ਼ੀਅਲ ਸਰਵਿਸਿਜ਼ ਦੇ ਮੁੱਖ ਨਿਵੇਸ਼ ਰਣਨੀਤੀਕਾਰ ਵੀ ਕੇ ਵਿਜੇਕੁਮਾਰ ਨੇ ਕਿਹਾ, 'ਵਿਸ਼ਵ ਪੱਧਰ 'ਤੇ ਬਾਜ਼ਾਰ ਅਸਥਿਰਤਾ ਅਤੇ ਬੇਯਕੀਨੀ ਦੇ ਮਾਹੌਲ ਵਿੱਚੋਂ ਗੁਜ਼ਰ ਰਹੇ ਹਨ। ਕਿਸੇ ਨੂੰ ਵੀ ਇਸ ਬਾਰੇ ਕੋਈ ਜਾਣਕਾਰੀ ਨਹੀਂ ਕਿ ਟਰੰਪ ਦੇ ਟੈਕਸ ਕਾਰਨ ਪੈਦਾ ਹੋਈ ਦੁਚਿੱਤੀ ਮਗਰੋਂ ਬਜ਼ਾਰ ਕਦੋਂ ਮੁੜ ਪੈਰਾਂ ਸਿਰ ਹੋਵੇਗਾ।'

ਦੁਨੀਆ ਸਹਿਮੀ ਪਈ ਹੈ, ਪਰ ਟਰੰਪ ਸੋਮਵਾਰ ਇਸ ਗੱਲੋਂ ਖੁਸ਼ ਸੀ ਕਿ ਸਭ ਤੋਂ ਵੱਡਾ ਨੁਕਸਾਨ ਚੀਨ ਦਾ ਹੋਇਆ ਹੈ। ਉਸ ਨੇ ਦਾਅਵਾ ਕੀਤਾ ਹੈ—ਤੇਲ ਕੀਮਤਾਂ ਘਟ ਰਹੀਆਂ ਹਨ, ਵਿਆਜ ਰੇਟ ਘਟ ਰਹੇ ਹਨ, ਖੁਰਾਕੀ ਚੀਜ਼ਾਂ ਦੀਆਂ ਕੀਮਤਾਂ ਘਟ ਰਹੀਆਂ ਹਨ, ਨੋਟਪਸਾਰਾ ਨਹੀਂ ਹੈ ਅਤੇ ਅਮਰੀਕਾ ਕਰੋੜਾਂ ਰੁਪਏ ਬਚਾਅ ਰਿਹਾ ਹੈ, ਜਿਹੜੇ ਵੱਖ-ਵੱਖ ਦੇਸ਼ ਅਮਰੀਕੀ ਮਾਲ 'ਤੇ ਵੱਧ ਟੈਰਿਫ ਲਾ ਕੇ ਲੈ ਜਾਂਦੇ ਸਨ। ਉੱਧਰ ਚੀਨੀ ਕਮਿਊਨਿਸਟ ਪਾਰਟੀ ਦੇ ਤਰਜਮਾਨ 'ਪੀਪਲਜ਼ ਡੇਲੀ' ਨੇ ਵਿਸ਼ਵਾਸ ਪ੍ਰਗਟ ਕੀਤਾ ਹੈ ਕਿ ਅਮਰੀਕਾ ਵੱਲੋਂ ਠੋਕੇ ਟੈਰਿਫ ਦੇ ਬਾਵਜੂਦ ਚੀਨ ਸਥਿਤੀ 'ਤੇ ਕਾਬੂ ਪਾ ਲੈਣ ਦੇ ਸਮਰੱਥ ਹੈ। ਅਖਬਾਰ ਨੇ ਕਿਹਾ ਹੈ—ਅਸਮਾਨ ਨਹੀਂ ਡਿੱਗ ਚੱਲਿਆ, ਸਾਡੇ ਤਰਕਸ਼ ਵਿੱਚ ਵੀ ਤੀਰ ਹਨ।

## ਘਰੇਲੂ ਗੈਸ 50 ਰੁਪਏ ਚੜ੍ਹੀ

**ਨਵੀਂ ਦਿੱਲੀ** : ਕੇਂਦਰੀ ਤੇਲ ਮੰਤਰੀ ਹਰਦੀਪ ਸਿੰਘ ਪੁਰੀ ਨੇ ਸੋਮਵਾਰ ਕਿਹਾ ਕਿ ਵੰਡ ਕੰਪਨੀਆਂ ਨੇ ਰਸੋਈ ਗੈਸ/ਐੱਲ ਪੀ ਜੀ ਦੀ ਕੀਮਤ 50 ਰੁਪਏ ਪ੍ਰਤੀ ਸਿਲੰਡਰ ਵਧਾ ਦਿੱਤੀ ਹੈ। ਮੰਤਰੀ ਨੇ ਕਿਹਾ ਕਿ ਉੱਜਵਲਾ ਅਤੇ ਆਮ ਸ਼੍ਰੇਣੀ ਦੇ ਗਾਹਕਾਂ ਦੋਵਾਂ ਲਈ ਗੈਸ ਦੀ ਕੀਮਤ ਵਧਾਈ ਗਈ ਹੈ। ਵਾਧੇ ਉਪਰੰਤ 14.2 ਕਿੱਲੋ ਵਾਲੇ ਸਿਲੰਡਰ ਦੀ ਕੀਮਤ ਆਮ ਉਪਭੋਗਤਾਵਾਂ ਲਈ 803 ਰੁਪਏ ਤੋਂ ਵਧ ਕੇ 853 ਰੁਪਏ ਅਤੇ ਉੱਜਵਲਾ ਯੋਜਨਾ ਦੇ ਤਹਿਤ ਉਪਭੋਗਤਾਵਾਂ ਲਈ 503 ਰੁਪਏ ਤੋਂ ਵਧ ਕੇ 553 ਰੁਪਏ ਪ੍ਰਤੀ ਸਿਲੰਡਰ ਹੋ ਜਾਵੇਗੀ। ਪੈਟਰੋਲ ਤੇ ਡੀਜ਼ਲ 'ਤੇ ਵੀ ਐਕਸਾਈਜ਼ ਡਿਊਟੀ 2 ਰੁਪਏ ਪ੍ਰਤੀ ਲੀਟਰ ਵਧਾ ਦਿੱਤੀ ਗਈ ਹੈ। ਪੈਟਰੋਲ 'ਤੇ ਐਕਸਾਈਜ਼ ਡਿਊਟੀ 13 ਰੁਪਏ ਪ੍ਰਤੀ ਲੀਟਰ ਅਤੇ ਡੀਜ਼ਲ 'ਤੇ 10 ਰੁਪਏ ਕਰ ਦਿੱਤੀ ਗਈ ਹੈ।

ਸਰਕਾਰ ਮੁਤਾਬਕ ਇਸ ਦਾ ਪ੍ਰਚੂਨ ਕੀਮਤਾਂ 'ਤੇ ਪ੍ਰਭਾਵ ਨਹੀਂ ਪਵੇਗਾ। ਵਧੀ ਹੋਈ ਐਕਸਾਈਜ਼ ਡਿਊਟੀ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਕਟੌਤੀ ਦੇ ਵਿਰੁੱਧ ਐਡਜਸਟ ਕੀਤੇ ਜਾਣ ਦੀ ਸੰਭਾਵਨਾ ਹੈ, ਜੋ ਕੌਮਾਂਤਰੀ ਤੇਲ ਕੀਮਤਾਂ ਵਿੱਚ ਗਿਰਾਵਟ ਕਾਰਨ ਜ਼ਰੂਰੀ ਸੀ।

## ਯੂ ਪੀ 'ਚ ਕਾਨੂੰਨ ਦਾ ਸ਼ਾਸਨ ਪੂਰੀ ਤਰ੍ਹਾਂ ਠੱਪ : ਸੁਪਰੀਮ ਕੋਰਟ

### ਦੀਵਾਨੀ ਮਾਮਲਿਆਂ ਨੂੰ ਫੌਜਦਾਰੀ 'ਚ ਬਦਲਣ ਤੋਂ ਚੀਫ ਜਸਟਿਸ ਸਖਤ ਖ਼ਫਾ

**ਨਵੀਂ ਦਿੱਲੀ** : ਸਿਵਲ/ਦੀਵਾਨੀ ਵਿਵਾਦਾਂ ਵਿੱਚ ਸੂਬਾ ਪੁਲਸ ਵੱਲੋਂ ਐੱਫ ਆਈ ਆਰ ਦਰਜ ਕੀਤੇ ਜਾਣ ਤੋਂ ਨਿਰਾਸ਼ ਸੁਪਰੀਮ ਕੋਰਟ ਨੇ ਸੋਮਵਾਰ ਸਖਤ ਟਿੱਪਣੀ ਕਰਦਿਆਂ ਕਿਹਾ ਕਿ ਦੇਸ਼ ਦੇ ਸਭ ਤੋਂ ਵੱਡੇ ਸੂਬੇ ਯੂ ਪੀ ਵਿੱਚ 'ਕਾਨੂੰਨ ਦਾ ਸ਼ਾਸਨ ਪੂਰੀ ਤਰ੍ਹਾਂ ਠੱਪ' ਹੋ ਗਿਆ ਹੈ, ਕਿਉਂਕਿ ਅਜਿਹੇ ਮਾਮਲਿਆਂ ਵਿੱਚ ਲਗਾਤਾਰ ਫੌਜਦਾਰੀ ਕਾਨੂੰਨ ਨੂੰ ਅਮਲ ਵਿਚ ਲਿਆਂਦਾ ਜਾ ਰਿਹਾ ਹੈ। ਚੀਫ ਜਸਟਿਸ ਸੰਜੀਵ ਖੰਨਾ, ਜਸਟਿਸ ਸੰਜੇ ਕੁਮਾਰ ਤੇ ਜਸਟਿਸ ਕੇ ਵੀ ਵਿਸ਼ਵਨਾਥਨ ਦੀ ਬੈਂਚ ਨੇ ਕਿਹਾ, 'ਯੂ ਪੀ ਵਿੱਚ ਕਾਨੂੰਨ ਦਾ ਸ਼ਾਸਨ ਪੂਰੀ ਤਰ੍ਹਾਂ ਭੰਗ ਹੋ ਰਿਹਾ ਹੈ। ਕਿਸੇ ਦੀਵਾਨੀ ਮਾਮਲੇ ਨੂੰ ਫੌਜਦਾਰੀ ਮਾਮਲੇ ਵਿੱਚ ਬਦਲਣਾ ਸਵੀਕਾਰਨਯੋਗ ਨਹੀਂ।'

ਬੈਂਚ ਨੇ ਸੂਬਾਈ ਪੁਲਸ ਦੇ ਡਾਇਰੈਕਟਰ ਜਨਰਲ ਨੂੰ ਇਸ • ਬਾਕੀ ਸਫਾ 2 'ਤੇ

## ਚਾਰ ਸਾਬਕਾ ਪੁਲਸ ਅਫਸਰਾਂ ਨੂੰ ਪੰਜ ਤੋਂ ਅੱਠ ਸਾਲ ਕੈਦ ਬਾਮੁਸ਼ੱਕਤ

**ਬਠਿੰਡਾ/ਮੋਗਾ (ਬਖਤੌਰ ਢਿੱਲੋਂ/ਇਕਬਾਲ ਸਿੰਘ ਖਹਿਰਾ)**

ਮੁਹਾਲੀ ਦੀ ਵਿਸ਼ੇਸ਼ ਸੀ ਬੀ ਆਈ ਅਦਾਲਤ ਨੇ 2007 ਦੇ ਮੋਗਾ ਸੈਕਸ ਸਕੈਂਡਲ ਮਾਮਲੇ ਵਿੱਚ ਭ੍ਰਿਸ਼ਟਾਚਾਰ ਤੇ ਜਬਰੀ ਵਸੂਲੀ ਦੇ ਦੋਸ਼ ਵਿੱਚ ਸੋਮਵਾਰ ਮੋਗਾ ਦੇ ਤੱਤਕਾਲੀ ਐੱਸ ਐੱਸ ਪੀ ਦਵਿੰਦਰ ਸਿੰਘ ਗਰਚਾ ਤੇ ਤੱਤਕਾਲੀ ਐੱਸ ਪੀ (ਐੱਚ) ਪਰਮਦੀਪ ਸਿੰਘ ਸੰਧੂ ਨੂੰ ਪੰਜ-ਪੰਜ ਸਾਲ ਕੈਦ ਬਾਮੁਸ਼ੱਕਤ ਤੇ ਦੋ-ਦੋ ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ। ਉਨ੍ਹਾਂ ਤੋਂ ਇਲਾਵਾ ਮੋਗਾ ਥਾਣੇ ਦੇ ਤੱਤਕਾਲੀ ਐੱਸ ਐੱਚ ਓ ਇੰਸਪੈਕਟਰ ਅਮਰਜੀਤ ਸਿੰਘ ਨੂੰ ਸਾਢੇ ਛੇ ਸਾਲ ਕੈਦ ਬਾਮੁਸ਼ੱਕਤ ਤੇ ਢਾਈ ਲੱਖ ਰੁਪਏ ਜੁਰਮਾਨੇ ਅਤੇ ਤੱਤਕਾਲੀ ਐੱਸ ਐੱਚ ਓ ਸਬ-ਇੰਸਪੈਕਟਰ ਰਮਨ ਕੁਮਾਰ ਨੂੰ ਅੱਠ ਸਾਲ ਕੈਦ ਬਾਮੁਸ਼ੱਕਤ ਤੇ ਤਿੰਨ ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ। ਭ੍ਰਿਸ਼ਟਾਚਾਰ ਵਿੱਚ ਸ਼ਮੂਲੀਅਤ ਤੋਂ ਇਲਾਵਾ ਰਮਨ ਕੁਮਾਰ ਨੂੰ ਜਬਰੀ ਵਸੂਲੀ ਤੇ ਅਮਰਜੀਤ ਸਿੰਘ ਨੂੰ ਜਬਰੀ ਵਸੂਲੀ ਦੀ ਕੋਸ਼ਿਸ਼ ਦਾ ਵੀ ਦੋਸ਼ੀ ਠਹਿਰਾਇਆ ਗਿਆ ਹੈ। ਗਰਚਾ ਤੇ ਸੰਧੂ ਪੁਲਸ ਤੋਂ ਰਿਟਾਇਰ ਹੋਣ ਤੋਂ ਪਹਿਲਾਂ ਏ ਆਈ ਜੀ ਦੇ ਅਹੁਦੇ 'ਤੇ ਸਨ। ਅਮਰਜੀਤ ਸਿੰਘ ਤੇ ਰਮਨ ਕੁਮਾਰ ਡਿਸਮਿਸ ਕਰ ਦਿੱਤੇ ਗਏ ਸਨ।



ਦਵਿੰਦਰ ਸਿੰਘ ਗਰਚਾ, ਪਰਮਦੀਪ ਸਿੰਘ ਸੰਧੂ, ਰਮਨ ਕੁਮਾਰ ਤੇ ਅਮਰਜੀਤ ਸਿੰਘ।

### 'ਨਵਾਂ ਜ਼ਮਾਨਾ' ਨੇ ਦੱਬੀ ਸੀ ਸੈਕਸ ਸਕੈਂਡਲ ਦੀ ਪੈੜ



ਮੋਗਾ ਸੈਕਸ ਸਕੈਂਡਲ; ਇੱਕ ਲਾਚਾਰ ਮੁਟਿਆਰ ਦੀ ਲੂੰ-ਕੰਡੇ ਖੜੇ ਕਰਨ ਵਾਲੀ ਕਹਾਣੀ

ਮਾਮਲੇ ਵਿੱਚ ਨਾਮਜ਼ਦ ਸਾਬਕਾ ਅਕਾਲੀ ਮੰਤਰੀ ਜਥੇਦਾਰ ਤੋਤਾ ਸਿੰਘ ਦੇ ਪੁੱਤਰ ਬਰਜਿੰਦਰ ਸਿੰਘ ਉਰਫ ਮੱਖਣ ਬਰਾੜ ਤੇ ਸੁਖਰਾਜ ਸਿੰਘ ਨੂੰ 29 ਮਾਰਚ ਨੂੰ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਗਿਆ ਸੀ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ 'ਤੇ ਸੀ ਬੀ ਆਈ ਨੇ 11 ਦਸੰਬਰ 2007 ਨੂੰ ਪਰਚਾ ਦਰਜ ਕੀਤਾ ਸੀ।

ਸ਼ਿਕਾਇਤਕਰਤਾ ਰਣਜੀਤ ਸਿੰਘ ਨੇ ਕਿਹਾ ਕਿ ਉਹ ਫੈਸਲੇ ਤੋਂ ਸੰਤੁਸ਼ਟ ਹਨ। ਸੈਕਸ ਸਕੈਂਡਲ ਵਿੱਚ ਮਨਜੀਤ ਕੌਰ ਅਤੇ ਉਸ ਦੇ ਪਤੀ ਸਮੇਤ ਦੋ ਨਾਬਾਲਗ ਕੁੜੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਸੀ। ਜ਼ਮਾਨਤ 'ਤੇ 2013 ਵਿੱਚ ਬਾਹਰ ਆਉਣ 'ਤੇ ਮਨਜੀਤ ਕੌਰ ਸਰਕਾਰੀ ਗਵਾਹ ਬਣ ਗਈ ਸੀ। ਉਸ ਦਾ ਸਤੰਬਰ 2018 ਨੂੰ ਜ਼ੀਰਾ • ਬਾਕੀ ਸਫਾ 2 'ਤੇ

## ਮੋਦੀ ਸਰਕਾਰ ਘੱਟ-ਗਿਣਤੀਆਂ ਦੇ ਧਾਰਮਕ ਮਸਲਿਆਂ 'ਚ ਦਖਲ ਦੇ ਕੇ ਜਮਹੂਰੀ ਹੱਕਾਂ ਦੀਆਂ ਧੱਜੀਆਂ ਉਡਾ ਰਹੀ : ਸੀ ਪੀ ਆਈ

**ਚੰਡੀਗੜ੍ਹ** : ਪੰਜਾਬ ਸੀ ਪੀ ਆਈ ਨੇ ਮੋਦੀ ਸਰਕਾਰ ਵੱਲੋਂ ਵਕਫ ਬੋਰਡ ਵਿਚ ਗੈਰ-ਜਮਹੂਰੀ ਅਤੇ ਗੈਰ-ਵਿਧਾਨਕ ਤਬਦੀਲੀਆਂ ਬਾਰੇ ਟਿੱਪਣੀ ਕਰਦਿਆਂ ਆਖਿਆ ਕਿ ਗੌਡਸੇਵਾਦੀ ਸਰਕਾਰ ਘੱਟ-ਗਿਣਤੀਆਂ ਦੇ ਧਾਰਮਿਕ ਮਸਲਿਆਂ ਵਿਚ ਦਖਲ ਦੇ ਕੇ ਦੇਸ਼ ਦੇ ਸ਼ਾਂਤੀਪੂਰਵਕ ਸੈਕੂਲਰ ਮਹੌਲ ਨੂੰ ਬਰਬਾਦ ਕਰਕੇ ਫਿਰਕੂ ਤਣਾਅ ਵਧਾ ਰਹੀ ਹੈ। ਇਥੇ ਪੰਜਾਬ ਸਟੇਟ ਐਗਜ਼ੈਕਟਿਵ ਦੀ ਮੀਟਿੰਗ, ਜਿਹੜੀ ਜਗਰੂਪ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਨੇ ਵਕਫ ਬੋਰਡ ਵਿਚ ਤਰਮੀਮ ਕਰਕੇ ਤਕੜੀ ਗਿਣਤੀ ਵਿਚ ਗੈਰ-ਮੁਸਲਿਮ ਵਿਅਕਤੀਆਂ ਨੂੰ ਚੁਣਨ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਪੰਜਾਬ ਦੇ ਲੋਕਾਂ ਨੂੰ ਸੱਦਾ ਦਿਤਾ ਹੈ ਕਿ ਉਹ 14 ਅਪਰੈਲ ਨੂੰ ਬਾਬਾ ਸਾਹਿਬ ਡਾ. ਅੰਬੇਦਕਰ ਦੇ ਜਨਮ ਦਿਨ 'ਤੇ ਸੈਕੂਲਰਿਜ਼ਮ, ਜਮਹੂਰੀ ਅਧਿਕਾਰਾਂ ਦੀ ਰਾਖੀ ਲਈ ਸੰਵਿਧਾਨ ਬਚਾਉਣ ਵਾਸਤੇ ਰੋਸ ਪ੍ਰਗਟ ਕਰਨ। ਪੰਜਾਬ ਦੀ ਵਿਗੜ ਰਹੀ ਅਮਨ-ਕਾਨੂੰਨ ਦੀ ਹਾਲਤ ਬਾਰੇ ਗਹਿਰੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਪਾਰਟੀ ਨੇ ਕਿਹਾ ਕਿ ਮਾਨ ਸਰਕਾਰ ਕੇਜਰੀਵਾਲ ਦੀ ਅਗਵਾਈ ਵਿਚ ਭਾਜਪਾ ਸਰਕਾਰ ਦੀ ਨਕਲ ਕਰਦੀ ਹੋਈ 'ਬੁਲਡੋਜ਼ਰ' ਅਤੇ ਝੂਠੇ ਪੁਲਸ ਮੁਕਾਬਲਿਆਂ ਦੀ ਨੀਤੀ 'ਤੇ ਚੱਲ ਰਹੀ ਹੈ। ਪੁਲਸ, ਰਾਜਸੀ ਆਗੂਆਂ ਅਤੇ ਡਰੱਗ ਮਾਫੀਆ ਦੇ ਗਠਜੋੜ ਨੂੰ ਤੋੜਨ ਦੀ ਥਾਂ ਇਹ ਸਰਕਾਰ ਛੋਟੇ-ਮੋਟੇ ਨਸ਼ੇੜੀਆਂ ਦੇ ਘਰਾਂ ਨੂੰ ਢਾਹ ਰਹੀ ਹੈ, ਕਿਸੇ ਵੀ ਵੱਡੇ ਅਫਸਰ ਜਾਂ ਰਾਜਨੀਤਕ ਆਗੂ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ। ਇਸੇ ਪ੍ਰਕਾਰ ਯੋਗੀ ਅਦਿੱਤਿਆ ਨਾਥ ਦੀ ਝੂਠੇ ਮੁਕਾਬਲੇ ਬਣਾ ਕੇ ਇਨਕਾਊਂਟਰਾਂ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਕਿਸਾਨਾਂ ਦੇ ਪੁਰਅਮਨ ਅੰਦੋਲਨ ਨੂੰ ਪੁਲਸ ਦੀ ਗੁੰਡਾਗਰਦੀ ਨਾਲ • ਬਾਕੀ ਸਫਾ 2 'ਤੇ

## ਸਵਿਫਟ ਪਲਟਣ ਨਾਲ ਤਿੰਨ ਨੌਜਵਾਨਾਂ ਦੀ ਮੌਤ



**ਮੋਗਾ** : ਜ਼ਿਲ੍ਹੇ ਦੇ ਪਿੰਡ ਬੋਡੇ ਨੇੜੇ ਐਤਵਾਰ ਦੇਰ ਰਾਤ ਸਵਿਫਟ ਕਾਰ ਡਿਵਾਈਡਰ ਨਾਲ ਟਕਰਾਉਣ ਤੋਂ ਬਾਅਦ ਪਲਟਣ ਕਾਰਨ ਤਿੰਨ ਨੌਜਵਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਦੋ ਦੀ ਪਛਾਣ ਹਰਪ੍ਰੀਤ ਸਿੰਘ ਤੇ ਪਰਵਿੰਦਰ ਸਿੰਘ ਵਾਸੀ ਪਿੰਡ ਰਣੀਆਂ ਵਜੋਂ ਹੋਈ ਹੈ। ਤੀਸਰੇ ਦੀ ਪਛਾਣ ਨਹੀਂ ਹੋ ਸਕੀ। ਮ੍ਰਿਤਕਾਂ ਦੀ ਉਮਰ ਤਕਰੀਬਨ 30 ਤੋਂ 35 ਸਾਲ ਦੇ ਵਿਚਕਾਰ ਸੀ।

## ਹਵਾਈ ਅੱਡੇ 'ਤੇ 7.7 ਕਿੱਲੋ ਗਾਂਜੇ ਸਣੇ ਕਾਬੂ

**ਅੰਮ੍ਰਿਤਸਰ** : ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਕਸਟਮ ਵਿਭਾਗ ਨੇ ਇੱਕ ਭਾਰਤੀ ਯਾਤਰੀ ਚੰਨਣ ਸਿੰਘ ਕੋਲੋਂ 7.7 ਕਿੱਲੋ ਗਾਂਜਾ ਬਰਾਮਦ ਕੀਤਾ ਹੈ, ਜਿਸ ਦੀ ਮਾਰਕਿਟ ਵਿੱਚ ਕੀਮਤ 7.7 ਕਰੋੜ ਰੁਪਏ ਬਣਦੀ ਹੈ। ਉਹ ਲੱਗਭੱਗ 11:30 ਵਜੇ ਹਵਾਈ ਅੱਡੇ 'ਤੇ ਪੁੱਜਿਆ ਸੀ। ਉਸ ਨੇ ਗਾਂਜਾ ਖਾਣ-ਪੀਣ ਵਾਲੀਆਂ ਵੱਖ-ਵੱਖ ਤਰ੍ਹਾਂ ਦੀਆਂ ਡੱਬੀਆਂ ਵਿੱਚ ਪਾਇਆ ਹੋਇਆ ਸੀ।

## ਚਾਰ ਮਈ ਦੀ ਮੀਟਿੰਗ 'ਚ ਸ਼ਾਮਲ ਹੋਵਾਂਗੇ : ਡੱਲੇਵਾਲ



**ਚੰਡੀਗੜ੍ਹ** : ਕਿਸਾਨ ਆਗੂ ਜਗਜੀਤ ਸਿੰਘ ਨੇ ਸੋਮਵਾਰ ਕਿਹਾ ਕਿ ਕਿਸਾਨ ਆਗੂ ਚਾਰ ਮਈ ਨੂੰ ਕੇਂਦਰ ਦੇ ਨੁਮਾਇੰਦਿਆਂ ਨਾਲ ਹੋਣ ਵਾਲੀ ਮੀਟਿੰਗ ਵਿੱਚ ਹਿੱਸਾ ਲੈਣਗੇ, ਕਿਉਂਕਿ ਉਹ ਕੇਂਦਰ ਨੂੰ ਇਹ ਬਹਾਨਾ ਨਹੀਂ ਦੇਣਾ ਚਾਹੁੰਦੇ ਕਿ ਕਿਸਾਨ ਮੀਟਿੰਗ ਵਿੱਚ ਨਹੀਂ ਆਏ। ਉਨ੍ਹਾ ਕਿਹਾ—ਅਸੀਂ ਐੱਮ ਐੱਸ ਪੀ ਦੀ ਕਾਨੂੰਨੀ ਗਰੰਟੀ ਸਣੇ ਹੋਰ ਮੰਗਾਂ ਮੀਟਿੰਗ ਵਿੱਚ ਜ਼ੋਰਦਾਰ ਢੰਗ ਨਾਲ ਰੱਖਾਂਗੇ।

## ਮੁੱਖ ਮੰਤਰੀ ਵੱਲੋਂ 2000 ਕਰੋੜ ਨਾਲ 'ਸਿੱਖਿਆ ਕ੍ਰਾਂਤੀ' ਦਾ ਆਗਾਜ਼



**ਨਵਾਂਸ਼ਹਿਰ/ਬੰਗਾ (ਕੁਲਵਿੰਦਰ ਸਿੰਘ ਦੁਰਗਾਪੁਰੀਆ/ਅਵਤਾਰ ਕਲੇਰ)**

ਸੂਬੇ ਵਿੱਚ 'ਸਿੱਖਿਆ ਕ੍ਰਾਂਤੀ' ਦੇ ਨਵੇਂ ਯੁੱਗ ਦੀ ਸ਼ੁਰੂਆਤ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੋਮਵਾਰ ਸੂਬੇ ਵਿੱਚ 'ਸਿੱਖਿਆ ਕ੍ਰਾਂਤੀ' ਤਹਿਤ 2000 ਕਰੋੜ ਰੁਪਏ ਦੀ ਲਾਗਤ ਨਾਲ ਸਿੱਖਿਆ ਖੇਤਰ ਨੂੰ ਵੱਡਾ ਹੁਲਾਰਾ ਦਿੱਤਾ। ਇੱਥੇ ਅਤਿ-ਆਧੁਨਿਕ 'ਸਕੂਲ ਆਫ਼ • ਬਾਕੀ ਸਫਾ 2 'ਤੇ

## ਅੱਜ-ਨਾਮਾ

ਪੰਜਾਬ ਸਰਕਾਰ ਦੇ ਅੰਕੜੇ ਸਾਫ ਕਹਿੰਦੇ,
ਗਿਣਤੀ ਮੱਝਾਂ ਦੀ ਹੋਈ ਪਈ ਘੱਟ ਬੇਲੀ।
ਬੋਤੇ-ਘੋੜੇ ਵੀ ਪੈਂਦੇ ਨਹੀਂ ਨਜ਼ਰ ਬਾਹਲੇ,
ਲੱਗਾ ਕੁਦਰਤ ਦਾ ਕਦੇ ਨਹੀਂ ਕੱਟ ਬੇਲੀ।
ਸਬਜ਼ੀ-ਸਾਗ ਤੱਕ ਬੀਜਣ ਕਿਸਾਨ ਥੋੜ੍ਹੇ,
ਆਦਤਾਂ ਬਦਲ ਗਏ ਕਈ ਨੇ ਜੱਟ ਬੇਲੀ।
ਦੁੱਧ ਤੇ ਸਬਜ਼ੀ ਖਰੀਦ ਰਹੇ ਟੈਂਪੂਆਂ ਤੋਂ,
ਕੱਢੀ ਜਾਂਦੀ ਮਹਿੰਗਾਈ ਪਈ ਵੱਟ ਬੇਲੀ।
ਬਾਪ-ਦਾਦੇ ਦੀ ਪਾਈ ਪਈ ਪਿਰਤ ਛੱਡੀ,
ਕਰਨੀ ਮਿਹਨਤ ਵੀ ਗਏ ਹਾਂ ਛੱਡ ਬੇਲੀ।
ਗੱਲਾਂ ਕਰਦਿਆਂ ਵਾਰੇ ਨਾ ਆਉਣ ਦੇਂਦੇ,
ਦਿੱਸਦੀ ਨਹੀਉਂ ਭਵਿੱਖ ਦੀ ਖੱਡ ਬੇਲੀ।


-ਤੀਸ ਮਾਰ ਖਾਂ

## ਪੀਰ ਮੁਹੰਮਦ ਨੇ ਅਹੁਦੇ ਛੱਡੇ

**ਚੰਡੀਗੜ੍ਹ** : ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਕਰਨੈਲ ਸਿੰਘ ਪੀਰ ਮੁਹੰਮਦ ਨੇ ਦਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਤੋਂ ਐਨ ਇੱਕ ਦਿਨ ਪਹਿਲਾਂ ਸੋਮਵਾਰ ਸਾਰੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ।

ਉਸ ਨੇ ਅਕਾਲੀ ਲੀਡਰਸ਼ਿਪ ਉਤੇ ਜ਼ੋਰਦਾਰ ਹਮਲੇ ਕਰਦਿਆਂ ਦੋਸ਼ ਲਾਇਆ ਕਿ ਪਾਰਟੀ ਨੇ ਅਕਾਲ ਤਖਤ ਦੇ ਆਦੇਸ਼ਾਂ ਦੀ ਉਲੰਘਣਾ ਕੀਤੀ ਹੈ।

ਦੂਜੇ ਪਾਸੇ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਪੀਰ ਮੁਹੰਮਦ ਨੇ ਬੜੀ ਹੁਸ਼ਿਆਰੀ ਨਾਲ ਵਰਕਿੰਗ ਕਮੇਟੀ ਦੀ ਮੀਟਿੰਗ ਤੋਂ ਪਹਿਲਾਂ ਅਸਤੀਫਾ ਦਿੱਤਾ ਹੈ। ਮੰਗਲਵਾਰ ਨੂੰ ਵਰਕਿੰਗ ਕਮੇਟੀ ਦੀ ਮੀਟਿੰਗ ਮਗਰੋਂ ਸਮੁੱਚਾ ਢਾਂਚਾ ਉਂਜ ਹੀ ਭੰਗ ਹੋ ਜਾਣਾ ਸੀ, ਪਰ ਪੀਰ ਮੁਹੰਮਦ ਨੇ ਦਿਖਾਵੇ ਲਈ ਐਨ ਪਹਿਲਾਂ ਇਹ ਕਦਮ ਚੁੱਕਿਆ ਹੈ। ਡਾ. ਚੀਮਾ ਨੇ ਕਿਹਾ ਕਿ ਇਹ ਪੀਰ ਮੁਹੰਮਦ ਦੀ ਕਲਾ ਹੈ।



8-APRIL-PAGE-1.qxd 4/7/2025 8:45 PM Page 2



## ਆਸ਼ੂ ਬੰਗੜ ਬਣੇ ਵੁੱਡਬਾਲ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਵੁੱਡਬਾਲ ਐਸੋਸੀਏਸ਼ਨ ਪੰਜਾਬ ਦੀ ਹੋਈ ਸਲਾਨਾ ਡੈਲੀਗੇਸ਼ਨ ਮੀਟਿੰਗ ਵਿੱਚ ਅਮਰਦੀਪ ਸਿੰਘ ਆਸ਼ੂ ਬਾਂਗੜ ਹਲਕਾ ਇੰਚਾਰਜ ਕਾਂਗਰਸ ਫ਼ਿਰੋਜ਼ਪੁਰ ਦਿਹਾਤੀ ਨੂੰ ਸਰਬਸੰਮਤੀ ਨਾਲ ਪੰਜਾਬ ਬਾਡੀ ਦਾ ਪ੍ਰਧਾਨ ਚੁਣ ਲਿਆ ਗਿਆ।ਮੀਟਿੰਗ ਵਿੱਚ ਸੂਬੇ ਭਰ ਤੋਂ ਡੈਲੀਗੇਟ ਨੇ ਹਿੱਸਾ ਲਿਆ।ਇਸ ਚੋਣ ਵਿੱਚ ਗੁਰਬਚਨ ਸਿੰਘ ਭੁੱਲਰ ਵਾਈਸ ਪ੍ਰਧਾਨ, ਜਤਿੰਦਰ ਸਿੰਘ ਗੋਪੀ ਅੱਲਖ ਵਾਈਸ ਪ੍ਰਧਾਨ, ਭੁਪਿੰਦਰ ਸਿੰਘ ਜੋਸਨ ਕੈਸ਼ੀਅਰ, ਅਮਰੀਕ ਸਿੰਘ ਸਿੱਧੂ ਨੂੰ ਜਨਰਲ ਸਕੱਤਰ, ਨਿਰਮਲ ਖੰਨਾ ਨੂੰ ਸੀਨੀਅਰ ਵਾਈਸ ਪ੍ਰਧਾਨ, ਰਵੀ ਇੰਦਰ ਸਿੰਘ ਸਟੇਟ ਸਕੱਤਰ, ਜਸਵਿੰਦਰ ਸਿੰਘ ਸੰਧੂ ਵਾਈਸ ਪ੍ਰਧਾਨ, ਈਸ਼ਵਰ ਸ਼ਰਮਾ ਜੁਆਇੰਟ ਸਕੱਤਰ, ਕੁਲਵੰਤ ਸਿੰਘ ਮੀਡੀਆ ਸਲਾਹਕਾਰ, ਹਰਮਨਪ੍ਰੀਤ ਸਿੰਘ ਮੈਂਬਰ, ਕਮਲਪ੍ਰੀਤ ਸਿੰਘ ਧਾਲੀਵਾਲ ਨੂੰ ਮੈਂਬਰ ਅਤੇ ਮਨਪ੍ਰੀਤ ਸਿੰਘ ਭੁੱਲਰ ਤੇ ਸਤਨਾਮ ਸੋਢੀ ਨੂੰ ਵੀ ਮੈਂਬਰ ਚੁਣਿਆ ਗਿਆ। ਇਸ ਮੌਕੇ ਨਵ ਨਿਯੁਕਤ ਪ੍ਰਧਾਨ ਆਸ਼ੂ ਬਾਂਗੜ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਉਹ ਤਨੋਂ, ਮਨੋਂ, ਧਨੋਂ ਇਸ ਖੇਡ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਕੰਮ ਕਰਨਗੇ ਅਤੇ ਇਸ ਖੇਡ ਨੂੰ ਕੌਮੀ ਪੱਧਰ ਤੇ ਮਾਨਤਾ ਦਿਵਾਉਣ ਲਈ ਉਹ ਆਪਣੀ ਪੂਰੀਆਂ ਕੋਸ਼ਿਸ਼ਾਂ ਕਰਨਗੇ।

## ਸੀ ਜੀ ਐੱਮ ਕਾਲਜ ਮੋਹਲਾਂ ਵਿਖੇ ਵਿਸ਼ਵ ਸਿਹਤ ਦਿਵਸ ਮਨਾਇਆ



**ਮਲੋਟ (ਗੁਰਮੀਤ ਸਿੰਘ ਮੱਕੜ)**-ਸੀ ਜੀ ਐੱਮ ਕਾਲਜ ਮੋਹਲਾਂ ਵਿਖੇ ਐੱਨ ਐੱਸ ਐੱਸ ਵਿਭਾਗ ਵੱਲੋਂ ਵਿਸ਼ਵ ਸਿਹਤ ਦਿਵਸ 2025 'ਸਿਹਤਮੰਦ ਸ਼ੁਰੂਆਤ, ਆਸ਼ਾਵਾਦੀ ਭਵਿੱਖ' ਥੀਮ ਤਹਿਤ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ ਅਤੇ ਵਿਦਿਆਰਥੀਆਂ ਵੱਲੋਂ ਸਰੀਰਕ ਕਸਰਤਾਂ ਕੀਤੀਆਂ ਗਈਆਂ। ਇਸ ਮੌਕੇ ਕਾਲਜ ਚੇਅਰਮੈਨ ਸਤਪਾਲ ਮੋਹਲਾਂ ਨੇ ਕਿਹਾ ਕਿ ਚੰਗੀ ਸਿਹਤ ਬਿਮਾਰੀਆਂ ਤੋਂ ਛੁਟਕਾਰਾ ਨਹੀਂ, ਬਲਕਿ ਮਾਨਸਿਕ ਤੇ ਸਮਾਜਿਕ ਪੱਖ ਤੋਂ ਵੀ ਸਿਹਤਮੰਦ ਹੋਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਤੰਦਰੁਸਤੀ ਜੀਵਨ ਵਿੱਚ ਸਾਰੀਆਂ ਖੁਸ਼ੀਆਂ ਦਾ ਆਧਾਰ ਹੈ, ਇਸ ਲਈ ਹਰੇਕ ਮਨੁੱਖ ਨੂੰ ਚੰਗੇ ਖਾਣ-ਪੀਣ ਨਾਲ ਸਵੇਰੀ ਤੇ ਕਸਰਤ ਨਾਲ ਸਰੀਰ ਨੂੰ ਤੰਦਰੁਸਤ ਬਣਾਈ ਰੱਖਣ ਦੇ ਯਤਨ ਕਰਨੇ ਚਾਹੀਦੇ ਹਨ। ਕਾਲਜ ਪ੍ਰਿੰਸੀਪਲ ਡਾ. ਬਲਜੀਤ ਸਿੰਘ ਨੇ ਦੱਸਿਆ ਕਿ ਬਿਮਾਰੀਆਂ ਤੋਂ ਬਚਣ ਲਈ ਅਵੇਸਲੇ ਰਵੱਈਏ ਵਿੱਚ ਸੁਧਾਰ ਕਰਨਾ ਚਾਹੀਦਾ ਹੈ ਤਾਂ ਜੋ ਤੰਦਰੁਸਤੀ ਦਾ ਅਨੰਦ ਬਣਿਆ ਰਹੇ ਤੇ ਜੰਕ ਫੂਡ ਤੋਂ ਦੂਰ ਰਹਿਣਾ ਚਾਹੀਦਾ ਹੈ। ਐੱਨ.ਐੱਸ.ਐੱਸ. ਇੰਚਾਰਜ ਪ੍ਰੋ. ਗਗਨਦੀਪ ਸਿੰਘ ਨੇ ਕਿਹਾ ਕਿ ਅਸੀਂ ਆਪਣੀ ਸਰੀਰਕ ਤੇ ਮਾਨਸਿਕ ਸਿਹਤ ਤੰਦਰੁਸਤ ਬਣਾਉਣ ਲਈ ਯਤਨਸ਼ੀਲ ਰਹੀਏ ਤੇ ਆਪਣੀ ਸੋਚ ਨੂੰ ਸਕਾਰਾਤਮਕ ਬਣਾਈਏ। ਇਸ ਮੌਕੇ ਪ੍ਰੋ. ਪਵਨਪ੍ਰੀਤ ਸਿੰਘ (ਡੀ.ਪੀ.) ਵੱਲੋਂ ਵਿਦਿਆਰਥੀਆਂ ਨੂੰ ਪੀ.ਟੀ. ਕਰਵਾਈ ਗਈ। ਮੈਨੇਜਮੈਂਟ ਕਮੇਟੀ ਮੈਂਬਰ ਨਵਜੀਤ ਮੋਹਲਾਂ, ਜਗਤਾਰ ਬਰਾੜ ਤੇ ਰਾਜ ਕੁਮਾਰ ਨੇ ਇਸ ਪ੍ਰੋਗਰਾਮ ਦੀ ਸ਼ਲਾਘਾ ਕੀਤੀ। ਇਸ ਮੌਕੇ ਪ੍ਰੋ. ਸੁਮਨ ਗਾਂਧੀ, ਪ੍ਰੋ. ਮਨਦੀਪ ਕੌਰ, ਪ੍ਰੋ. ਪ੍ਰਿਯੰਕਾ ਰਾਣੀ, ਪ੍ਰੋ. ਨਿਕਮਲ ਕੌਰ, ਪ੍ਰੋ. ਡਿੰਪੀਪਾਲ ਸਿੰਘ, ਪ੍ਰੋ. ਜਗਮੀਤ ਸਿੰਘ, ਪ੍ਰੋ. ਪਵਨਦੀਪ ਕੌਰ, ਪ੍ਰੋ. ਸਤਵੀਰ ਕੌਰ ਹਾਜ਼ਰ ਸਨ।

## ਸ੍ਰੀ ਰਾਮ ਕਥਾ ਦੇ ਦੂਜੇ ਦਿਨ ਸਾਧਵੀ ਭਾਰਤੀ ਨੇ ਕੀਤੇ ਪ੍ਰਵਚਨ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਰਾਮ ਕ੍ਰਿਸ਼ਨ ਅਰਾਧਨਾ ਮੰਚ ਦੇ ਦੁਆਰਾ ਬਾਘਾ ਪੁਰਾਣਾ, ਮਹਿੰਦਰਾ ਪੈਲਸ, ਚੰਨੂ ਵਾਲਾ ਰੋਡ ਵਿੱਚ ਹੋਣ ਜਾ ਰਹੀ ਪੰਜ ਦਿਨਾਂ ਦੀ ਸ੍ਰੀ ਰਾਮ ਕਥਾ ਦੇ ਦੂਸਰੇ ਦਿਨ ਦਿਵਿਆ ਜੋਤੀ ਜਾਗ੍ਰਤੀ ਸੰਸਥਾਨ ਦੇ ਸੰਚਾਲਕ ਤੇ ਸੰਸਥਾਪਕ ਦਿਵਿਆ ਗੁਰੂ ਸ੍ਰੀ ਆਸ਼ੂਤੋਸ਼ ਮਹਾਰਾਜ ਜੀ ਦੀ ਸ਼ਿਸ਼ਯਾ ਕਥਾ ਵਿਆਸ ਪ੍ਰਗਿਆਚਕਸ਼ੂ ਸਾਧਵੀ ਸੁਸ੍ਰੀ ਸ਼ਚੀ ਭਾਰਤੀ ਜੀ ਨੇ ਕਿਹਾ ਕਿ ਸ੍ਰੀ ਰਾਮ ਵਿਸ਼ੁੱਧ ਆਚਾਰ, ਵਿਵਹਾਰ ਦੇ ਮੂਰਤ ਹਨ।ਰੀਤੀ, ਨੀਤੀ ਤੇ ਪ੍ਰੀਤੀ ਦੇ ਅਦਭੁੱਤ ਸੁਮੇਲ ਹਨ, ਪ੍ਰੰਤੂ ਪ੍ਰਸ਼ਨ ਇਹ ਉੱਠਦਾ ਹੈ ਕਿ ਭਗਵਾਨ ਨੂੰ ਇਸ ਧਰਤੀ 'ਤੇ ਅਵਤਾਰ ਧਾਰਨ ਕਿਉਂ ਕਰਨਾ ਪੈਂਦਾ ਹੈ।ਇਸ ਪ੍ਰਸ਼ਨ ਦਾ ਉੱਤਰ ਦਿੰਦੇ ਹੋਏ ਭਗਵਾਨ ਸ੍ਰੀ ਕ੍ਰਿਸ਼ਨ ਗੀਤਾ ਵਿੱਚ ਕਹਿੰਦੇ ਹਨ ਕਿ ਜਦੋਂ ਜਦੋਂ ਧਰਮ ਦੀ ਹਾਨੀ ਹੁੰਦੀ ਹੈ ਅਤੇ ਅਧਰਮ ਵਿੱਚ ਵਾਧਾ ਹੁੰਦਾ ਹੈ ਤਾਂ ਸੰਤਾਂ ਮਹਾਂਪੁਰਸ਼ਾਂ ਦੀ ਤੇ ਰਿਸ਼ੀਆਂ ਮੁਨੀਆਂ ਦੀ ਰੱਖਿਆ ਲਈ ਤੇ ਦੁਸ਼ਟਾਂ ਦਾ ਨਾਸ਼ ਕਰਨ ਲਈ ਧਰਤੀ 'ਤੇ ਅਵਤਾਰ ਧਾਰ ਕੇ ਪ੍ਰਮਾਤਮਾ ਨੂੰ ਆਉਣਾ ਪੈਂਦਾ ਹੈ।ਕਥਾ ਅੰਦਰ ਸਾਧਵੀ ਅਖੰਡ ਜੋਤੀ ਭਾਰਤੀ, ਸਾਧਵੀ ਜੋਤੀ ਭਾਰਤੀ, ਸਾਧਵੀ ਸੁਖਦੀਪ ਭਾਰਤੀ ਤੇ ਸਾਧਵੀ ਨਵਪ੍ਰੀਤ ਭਾਰਤੀ ਨੇ ਅਪਣੇ ਸੁਮਧੁਰ ਭਜਨਾ ਦੇ ਨਾਲ ਸੰਗਤ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ।ਕਥਾ ਦੌਰਾਨ ਮੁੱਖ ਯਜਮਾਨ ਵਰਿੰਦਰ ਬੰਸਲ ਡੀ.ਐੱਮ. ਵਾਲੇ, ਕੇਵਲ ਕ੍ਰਿਸ਼ਨ ਗਰਗ, ਸ੍ਰੀਮਤੀ ਮੀਨਾ ਗਰਗ, ਲਖਨ ਗਰਗ, ਮੋਹਨ ਲਾਲ ਅਰੋੜਾ, ਸੁਰਜੀਵਨ ਬਾਂਸਲ, ਸਤੀਸ਼ ਮੌਂਜੀ, ਰਮਨ ਗਰਗ, ਨਵਤੇਜ ਰੌਨਤਾ ਨੇ ਜੋਤੀ ਪ੍ਰਜਵਾਲਿਤ ਕਰਕੇ ਪ੍ਰਭੂ ਦਾ ਆਸ਼ੀਰਵਾਦ ਪ੍ਰਾਪਤ ਕੀਤਾ।ਸਾਲਾਸਰ ਬਾਲਾ ਜੀ ਸੇਵਾ ਮੰਡਲ, ਸੁੰਦਰ ਕਾਂਡ ਪ੍ਰਚਾਰ ਸੇਵਾ ਸਮਿਤੀ, ਭੂਸ਼ਣ ਜੈਨ, ਚਰਨਜੀਤ ਸ਼ਰਮਾ, ਭੂਸ਼ਣ ਗੋਇਲ, ਰਾਕੇਸ਼ ਮਿੰਟੂ, ਡਾ. ਵੀਰ ਚੰਦ ਲੂਥਰਾ, ਦਲਜੀਤ ਸਿੰਘ, ਸਤਪਾਲ ਸੈਣੀ ਆਰਤੀ ਵਿੱਚ ਸ਼ਾਮਲ ਹੋ ਕੇ ਪ੍ਰਭੂ ਦਾ ਆਸ਼ੀਰਵਾਦ ਪ੍ਰਾਪਤ ਕੀਤਾ।ਇਸ ਦੌਰਾਨ ਸ੍ਰੀ ਰਾਮ ਕ੍ਰਿਸ਼ਨ ਅਰਾਧਨਾ ਮੰਚ ਦੇ ਚੇਅਰਮੈਨ ਵਿਜੈ ਸ਼ਰਮਾ, ਪ੍ਰੈਜ਼ੀਡੈਂਟ ਸੁਨੀਲ ਠੁਕਰਾਲ, ਵਾਈਸ ਪ੍ਰੈਜ਼ੀਡੈਂਟ ਨਰੇਸ਼ ਜੈਦਕਾ, ਕੈਸ਼ੀਅਰ ਜਗਸੀਰ ਸੋਨੀ, ਸੈਕਟਰੀ ਵਿਜੈ ਬਾਗਲਾ, ਜੁਆਇੰਟ ਸੈਕਟਰੀ ਸੰਜੀਵ ਹੈਪੀ, ਮੈਂਬਰ ਦਵਿੰਦਰ ਚੀਕਾ, ਰਾਜਿੰਦਰ ਵਰਮਾ ਮੌਜੂਦ ਰਹੇ।

## ਮੂਣਕ ਪ੍ਰਧਾਨਗੀ ਚੋਣ 'ਚ ਸਪੱਸ਼ਟ ਬਹੁਮਤ ਹਾਸਲ ਨਾ ਹੋਣ ਕਾਰਨ ਚੋਣ ਹੋਈ ਕੈਂਸਲ



**ਮੂਣਕ (ਰਾਜਪਾਲ ਸਿੰਗਲਾ)**-ਪਿਛਲੇ ਦੋ ਮਹੀਨਿਆਂ ਦੇ ਲੰਘੇ ਵੱਧ ਸਮੇਂ ਦੇ ਬਾਵਜੂਦ ਨਗਰ ਪੰਚਾਇਤ ਮੂਨਕ ਦੇ ਪ੍ਰਧਾਨ, ਮੀਤ ਪ੍ਰਧਾਨ ਅਤੇ ਸੀਨੀਅਰ ਮੀਤ ਪ੍ਰਧਾਨ ਦੀ ਚੋਣ ਸਪੱਸ਼ਟ ਬਹੁਮਤ ਨਾ ਹੋਣ ਦੇ ਕਾਰਨ ਕੈਂਸਲ ਹੋ ਗਈ ਹੈ।ਇਸ ਚੋਣ ਦੇ ਲਈ ਰਜੇਸ਼ ਕੁਮਾਰ ਸ਼ਰਮਾ ਐਸਡੀਐਮ ਦਿੜਬਾ ਨੂੰ ਬਤੌਰ ਕਨਵੀਨਰ ਲਾਇਆ ਗਿਆ ਸੀ, ਜਿਸ ਦੀ ਅਗਵਾਈ ਹੇਠ ਮੀਟਿੰਗ ਹੋਈ। ਮੀਟਿੰਗ ਵਿੱਚ ਸ਼ਹਿਰ ਦੇ ਚੁਣੇ ਗਏ 13 ਮੈਂਬਰਾਂ ਨੇ ਭਾਗ ਲਿਆ। ਬੇਸ਼ੱਕ ਇੱਕ ਧਿਰ ਵੱਲੋਂ ਮੀਟਿੰਗ ਹੋਣ ਤੋਂ ਪਹਿਲਾਂ ਮੀਡੀਆ ਸਾਹਮਣੇ ਸੱਤ ਮੈਂਬਰ ਇਕੱਠੇ ਹੋਣ ਦਾ ਸਬੂਤ ਦਿੱਤਾ ਸੀ, ਪਰ ਮੀਟਿੰਗ ਵਿੱਚ ਉਲਝਣ ਦੇ ਕਾਰਨ ਆਪਣਾ ਬਹੁਮਤ ਸਪੱਸ਼ਟ ਨਹੀਂ ਕਰ ਸਕੇ।ਕਨਵੀਨਰ ਐਸਡੀਐਮ ਰਜੇਸ਼ ਕੁਮਾਰ ਸ਼ਰਮਾ ਦਿੜਬਾ ਨੇ ਕਿਹਾ ਕਿ ਕਿਸੇ ਵੀ ਧਿਰ ਦੇ ਵੱਲੋਂ ਆਪਣਾ ਬਹੁਤ ਸਪੱਸ਼ਟ ਨਹੀਂ ਹੋਇਆ, ਜਿਸ ਦੇ ਕਾਰਨ ਅੱਜ ਦੀ ਪ੍ਰਧਾਨਗੀ ਦੀ ਚੋਣ ਕੈਂਸਲ ਕਰਨੀ ਪਈ ਇਸ ਤੋ ਬਾਅਦ ਨਵੀਂ ਤਰੀਕ ਦਾ ਹੋਵੇਗਾ।

## ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਬੱਸ ਸਟੈਂਡ 'ਤੇ ਕੀਤੀ ਗਈ ਚੈਕਿੰਗ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਸਰਕਾਰ ਵੱਲੋਂ ਚਲਾਈ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਥਾਣਾ ਕੋਤਵਾਲੀ ਨਾਭਾ ਮੁਖੀ ਜਸਵਿੰਦਰ ਸਿੰਘ ਖੋਖਰ ਦੀ ਅਗਵਾਈ ਹੇਠ ਨਵੇਂ ਬੱਸ ਸਟੈਂਡ ਵਿਖੇ ਆਉਣ ਜਾਣ ਵਾਲੇ ਮੁਸਾਫਰਾਂ, ਬੱਸਾਂ ਵਿੱਚ ਬੈਠਿਆ ਸਵਾਰੀਆਂ ਦੀ ਤੇ ਸਕੂਟਰ ਪਾਰਕਿੰਗ ਦੀ ਚੈਕਿੰਗ ਕੀਤੀ ਗਈ। ਚੈਕਿੰਗ ਦੌਰਾਨ ਥਾਣਾ ਕੋਤਵਾਲੀ ਮੁਖੀ ਜਸਵਿੰਦਰ ਸਿੰਘ ਖੋਖਰ ਨੇ ਦੱਸਿਆ ਕਿ ਡੀਆਈਜੀ ਮਨਦੀਪ ਸਿੰਘ ਸਿੱਧੂ ਤੇ ਐਸਐਸਪੀ ਨਾਨਕ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੁਲਸ ਮੁਲਾਜ਼ਮਾਂ ਦੀ ਵੱਡੀ ਗਿਣਤੀ 'ਚ ਬੱਸ ਅੱਡੇ ਵਿਖੇ ਚੈਕਿੰਗ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਨਸ਼ੇ ਦਾ ਕਾਰੋਬਾਰ ਕਰਨ ਵਾਲੇ ਨਸ਼ਾ ਦਾ ਧੰਦਾ ਛੱਡ ਦੇਣ ਜਾਂ ਫਿਰ ਕੋਈ ਹੋਰ ਚੰਗਾ ਕੰਮ ਕਰਨ, ਪੰਜਾਬ ਸਰਕਾਰ ਤੇ ਪੁਲਿਸ ਪ੍ਰਸ਼ਾਸਨ ਵੀ ਉਨ੍ਹਾਂ ਦਾ ਸਾਥ ਦੇਵੇਗੀ।ਜੇਕਰ ਉਹ ਨਹੀਂ ਸੁਧਰੇ ਤਾਂ ਫਿਰ ਉਨ੍ਹਾਂ ਨੂੰ ਫੜ ਕੇ ਜੇਲ ਦੀਆਂ ਸਲਾਖਾਂ ਪਿੱਛੇ ਪੁਚਾਇਆ ਜਾਵੇਗਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨੰਬਰ ਵੀ ਜਾਰੀ ਕੀਤਾ ਗਿਆ ਹੈ, ਜਿਸ 'ਤੇ ਤੁਸੀਂ ਸ਼ਿਕਾਇਤ ਵੀ ਕਰ ਸਕਦੇ ਹੋ।ਤੁਹਾਡਾ ਨਾਂਅ ਵੀ ਗੁਪਤ ਰੱਖਿਆ ਜਾਵੇਗਾ।ਉਨ੍ਹਾਂ ਕਿਹਾ ਕਿ ਬੱਸ ਅੱਡਾ ਰੇਲਵੇ ਸਟੇਸ਼ਨ ਆਦਿ ਜਗ੍ਹਾ ਤੋਂ ਇਲਾਵਾ ਅਸੀਂ ਸ਼ੱਕੀ ਲੋਕਾਂ ਦੇ ਘਰਾਂ ਦੀ ਡੂੰਘਾਈ ਨਾਲ ਚੈਕਿੰਗ ਕਰ ਰਹੇ ਹਾਂ, ਜੋ ਸਾਨੂੰ ਸ਼ਿਕਾਇਤਾਂ ਮਿਲ ਰਹੀਆਂ ਸਨ, ਉਸ ਦੇ ਆਧਾਰ 'ਤੇ ਅਸੀਂ ਚੈਕਿੰਗ ਜਾਰੀ ਰੱਖਾਂਗੇ।ਉਨ੍ਹਾਂ ਨਸ਼ਾ ਸਮੱਗਲਰਾਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜਾਂ ਤਾਂ ਉਹ ਨਸ਼ਾ ਸਮੱਗਲਿੰਗ ਦਾ ਧੰਦਾ ਬੰਦ ਕਰ ਦੇਣ ਜਾਂ ਫਿਰ ਹਲਕਾ ਨਾਭਾ ਛੱਡ ਦੇਣ।ਉਨ੍ਹਾਂ ਕਿਹਾ ਕਿ ਕਿਸੇ ਵੀ ਨਸ਼ੇ ਦਾ ਧੰਦਾ ਕਰਨ ਵਾਲੇ ਕਾਰੋਬਾਰੀਆਂ ਨੂੰ ਕਿਸੇ ਵੀ ਕੀਮਤ ਵਿੱਚ ਬਖਸ਼ਿਆ ਨਹੀਂ ਜਾਵੇਗਾ।ਨਸ਼ਾ ਵੇਚਣ ਵਾਲਿਆਂ ਨੂੰ ਪੁਲਿਸ ਵੱਲੋਂ ਪਿਆਰ ਨਾਲ ਸਮਝਾ ਕੇ ਸਮਾਜ ਵਿਰੋਧੀ ਕੰਮ ਨੂੰ ਛੱਡਣ ਲਈ ਪ੍ਰੇਰਤ ਵੀ ਕੀਤਾ ਜਾ ਰਿਹਾ ਹੈ ਤੇ ਫਿਰ ਵੀ ਜਿਹੜੇ ਲੋਕ ਇਹ ਕੰਮ ਨਹੀਂ ਛੱਡ ਰਹੇ।ਉਨ੍ਹਾਂ ਖ਼ਿਲਾਫ਼ ਕਾਨੂੰਨ ਅਨੁਸਾਰ ਸਖਤ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਜਿਹੜੇ ਨੌਜਵਾਨ ਜਾਂ ਲੋਕ ਨਸ਼ੇ ਤੋਂ ਪੀੜਤ ਪੁਲਸ ਪ੍ਰਸ਼ਾਸਨ ਨਾਲ ਸੰਪਰਕ ਕਰਨ, ਜਿਨ੍ਹਾਂ ਦਾ ਮੁਫ਼ਤ ਇਲਾਜ ਕਰਾਇਆ ਜਾਵੇਗਾ।

# ਲਾਠੀਚਾਰਜ ਦੇ ਵਿਰੋਧ 'ਚ ਵਿਧਾਇਕ ਮਾਈਸਰਖਾਨਾ ਦੇ ਦਫਤਰ ਅੱਗੇ ਪ੍ਰਦਰਸ਼ਨ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਪੰਜਾਬ ਦੀ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਵੱਲੋਂ ਪਿੰਡ ਚੱਕੇ ਦੇ ਆਦਰਸ਼ ਸਕੂਲ ਦੀ ਭ੍ਰਿਸ਼ਟ ਮੈਨੇਜਮੈਂਟ ਦਾ ਪੱਖ ਪੂਰਨ, ਇਸ ਦਾ ਵਿਰੋਧ ਕਰਕੇ ਆਪਣੇ ਹੱਕੀ ਮੰਗਾਂ ਲਈ ਲੜ ਰਹੇ ਅਧਿਆਪਕਾਂ 'ਤੇ ਲਾਠੀਚਾਰਜ ਕਰਕੇ ਉਨ੍ਹਾਂ ਨੂੰ ਜੇਲ੍ਹ ਭੇਜਣ 'ਤੇ ਉਨ੍ਹਾਂ ਦੀ ਹਮਾਇਤ ਵਿੱਚ ਪਹੁੰਚੇ ਕਿਸਾਨਾਂ 'ਤੇ ਵੀ ਲਾਠੀਚਾਰਜ ਕਰਕੇ ਔਰਤਾਂ ਸਮੇਤ ਜੇਲ੍ਹ ਭੇਜਣ ਖਿਲਾਫ ਵੱਖ ਵੱਖ ਮੁਲਾਜ਼ਮ, ਕਿਸਾਨ, ਮਜ਼ਦੂਰ ਜਥੇਬੰਦੀਆਂ ਵੱਲੋਂ ਪੰਜਾਬ ਸਰਕਾਰ ਦੇ ਮੰਤਰੀਆਂ ਤੇ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੇ ਘਰਾਂ ਅੱਗੇ ਦਿੱਤੇ ਧਰਨੇ ਦੇ ਸੱਦੇ ਤਹਿਤ ਜ਼ਿਲ੍ਹਾ ਬਠਿੰਡਾ ਵੱਲੋਂ ਹਲਕਾ ਮੌੜ ਦੇ ਵਿਧਾਇਕ ਸੁਖਬੀਰ ਸਿੰਘ ਮਾਈਸਰਖਾਨਾ ਦੇ ਦਫਤਰ ਅੱਗੇ ਧਰਨਾ ਲਾ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ।ਇਕੱਠ ਨੂੰ ਸੰਬੋਧਨ ਕਰਦਿਆਂ ਆਦਰਸ਼ ਸਕੂਲ ਚੱਕੇ ਦੇ ਅਧਿਆਪਕ ਬਲਵਿੰਦਰ ਸਿੰਘ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਪ੍ਰਧਾਨ ਸ਼ਿੰਗਾਰਾ ਸਿੰਘ ਮਾਨ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ (ਧਨੇਰ) ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ, ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਜ਼ਿਲ੍ਹਾ ਪ੍ਰਧਾਨ ਪੁਰਸ਼ੋਤਮ ਮਹਿਰਾਜ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸਵਰਨ ਸਿੰਘ ਪੂਹਲਾ, ਡੀ ਟੀ ਐੱਫ ਦੇ ਆਗੂ ਨਵਚਰਨ ਕੌਰ ਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਨੇ ਕਿਹਾ ਕਿ ਭ੍ਰਿਸ਼ਟਾਚਾਰ ਖਤਮ ਕਰਨ ਦਾ ਨਾਅਰਾ ਦੇ ਕੇ ਪੰਜਾਬ ਦੀ ਗੱਦੀ 'ਤੇ ਬਿਰਾਜਮਾਨ ਹੋਈ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ, ਜੋ ਅੱਜ ਵੀ ਭ੍ਰਿਸ਼ਟਾਚਾਰ ਖਤਮ ਕਰਨ ਦੇ ਦਾਅਵੇ ਕਰ ਰਹੀ ਹੈ, ਚੱਕੇ ਆਦਰਸ਼ ਸਕੂਲ ਦੀ ਮੈਨੇਜਮੈਂਟ ਵੱਲੋਂ ਕੀਤੇ ਜਾ ਰਹੇ ਭ੍ਰਿਸ਼ਟਾਚਾਰ ਨੂੰ ਅਣਗੌਲਿਆ ਕਰਕੇ ਮੈਨੇਜਮੈਂਟ ਦੇ ਪੱਖ ਵਿੱਚ ਭੁਗਤ ਰਹੀ ਹੈ।ਉਨ੍ਹਾਂ ਕਿਹਾ ਕਿ ਪਬਲਿਕ ਪ੍ਰਾਈਵੇਟ ਭਾਈਵਾਲੀ ਇਨ੍ਹਾਂ ਸਕੂਲਾਂ ਦਾ ਚੇਅਰਮੈਨ ਵੀ ਖੁਦ ਮੁੱਖ ਮੰਤਰੀ ਭਗਵੰਤ ਮਾਨ ਹੈ।ਬੁਲਾਰਿਆਂ ਨੇ ਕਿਹਾ ਕਿ ਇੱਕ ਪਾਸੇ ਤਾਂ ਪੰਜਾਬ ਸਰਕਾਰ ਤੇ ਸਿੱਖਿਆ ਮੰਤਰੀ ਹਰਜੋਤ ਬੈਂਸ ਸਿੱਖਿਆ ਕ੍ਰਾਂਤੀ ਦੇ ਹੇਠ ਪੰਜਾਬ ਦੇ ਸਰਕਾਰੀ ਸਕੂਲਾਂ ਨੂੰ ਉੱਚਾ ਚੁੱਕਣ ਦੇ ਦਾਅਵੇ ਕਰ ਰਿਹਾ ਹੈ ਤੇ ਦੂਜੇ ਪਾਸੇ ਇਨ੍ਹਾਂ ਸਕੂਲਾਂ ਨੂੰ ਸਰਕਾਰੀ ਕਰਨ ਦੀ ਥਾਂ ਵਿਦਿਆਰਥੀਆਂ ਤੇ ਸਕੂਲ ਦੇ ਹੋਰ ਸਟਾਫ ਨਾਲ ਸ਼ੋਸ਼ਣ ਕਰਨ ਵਾਲੀ ਮੈਨੇਜਮੈਂਟ ਦੀ ਪੱਖ ਵਿੱਚ ਭੁਗਤ ਰਹੀ ਹੈ।ਬੁਲਾਰਿਆਂ ਨੇ ਕਿਹਾ ਕਿ ਵੱਖ-ਵੱਖ ਤਬਕਿਆਂ ਦੀਆਂ ਜਥੇਬੰਦੀਆਂ ਵੱਲੋਂ ਕੀਤੇ ਜਾ ਰਹੇ ਆਪਣੇ ਹੱਕੀ ਸੰਘਰਸ਼ਾਂ ਨੂੰ ਜਾਂ ਤਾਂ ਪੰਜਾਬ ਸਰਕਾਰ ਵੱਲੋਂ ਅਣਗੌਲਿਆ ਕੀਤਾ ਜਾ ਰਿਹਾ ਹੈ ਜਾਂ ਪੁਲਸ ਜਬਰ ਦੇ ਜ਼ੋਰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਆਗੂਆਂ ਵੱਲੋਂ ਮੰਗ ਕੀਤੀ ਗਈ ਕਿ ਸਕੂਲ ਦੀ ਭ੍ਰਿਸ਼ਟ ਮੈਨੇਜਮੈਂਟ ਨੂੰ ਚਲਦਾ ਕੀਤਾ ਜਾਵੇ ਤੇ ਉਨ੍ਹਾਂ ਖਿਲਾਫ ਭ੍ਰਿਸ਼ਟਾਚਾਰ ਦੀ ਬਣਦੀ ਕਾਰਵਾਈ ਕੀਤੀ ਜਾਵੇ, ਇਸ ਸਕੂਲ ਦਾ ਪ੍ਰਬੰਧ ਸਿੱਖਿਆ ਵਿਭਾਗ ਵੱਲੋਂ ਚਲਾਇਆ ਜਾਵੇ, ਸਕੂਲ ਦੇ ਪੁਰਾਣੇ ਸਟਾਫ ਨੂੰ ਬਹਾਲ ਕਰਕੇ ਉਨ੍ਹਾਂ ਦੀ ਬਣਦੀ ਤਨਖਾਹ ਦਿੱਤੀ ਜਾਵੇ, ਸਾਰੇ ਵਿਦਿਆਰਥੀਆਂ ਨੂੰ ਵਰਦੀਆਂ, ਕਿਤਾਬਾਂ, ਪੀਣ ਵਾਲਾ ਪਾਣੀ ਸਮੇਤ ਹੋਰ ਸਹੂਲਤਾਂ ਦਿੱਤੀਆਂ ਜਾਣ, ਜੇਲ੍ਹਾਂ ਵਿੱਚ ਬੰਦ ਕੀਤੇ ਮੁਲਾਜ਼ਮ, ਕਿਸਾਨ ਤੇ ਇੱਕ ਸਾਲ ਦੇ ਬੱਚੇ ਸਮੇਤ ਔਰਤਾਂ ਨੂੰ ਬਿਨਾਂ ਸ਼ਰਤ ਤੁਰੰਤ ਰਿਹਾਅ ਕੀਤਾ ਜਾਵੇ ਅਤੇ ਜ਼ਬਤ ਕੀਤਾ ਸਾਮਾਨ ਵਾਪਸ ਦਿੱਤਾ ਜਾਵੇ।

ਧਰਨੇ ਨੂੰ ਡੀਟੀਐੱਫ ਦੇ ਆਗੂ ਰੇਸ਼ਮ ਸਿੰਘ ਖੇਮੂਆਣਾ, ਮਜ਼ਦੂਰ ਮੁਕਤੀ ਮੋਰਚਾ ਦੇ ਆਗੂ ਪ੍ਰਿਤਪਾਲ ਸਿੰਘ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਬਲਵਿੰਦਰ ਸਿੰਘ ਧੌਲਾ, ਮੁਲਾਜ਼ਮ ਸੰਘਰਸ਼ ਮੋਰਚੇ ਦੇ ਆਗੂ ਜਗਜੀਤ ਸਿੰਘ ਲਹਿਰਾ ਮੁਹੱਬਤ, ਗੁਰਵਿੰਦਰ ਸਿੰਘ ਪੰਨੂ, ਪੰਜਾਬ ਸਟੂਡੈਂਟਸ ਸਹੀਦ ਰੰਧਾਵਾ ਦੇ ਆਗੂ ਬਿੰਦਰ ਸਿੰਘ ਬਠਿੰਡਾ, ਡੀਟੀਐੱਫ ਦੇ ਆਗੂ ਜਗਪਾਲ ਸਿੰਘ ਬੰਗੀ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂ ਹਰਜਿੰਦਰ ਸਿੰਘ ਬੱਗੀ, ਮਾਲਣ ਕੌਰ ਕੋਠਾ ਗੁਰੂ, ਕਰਮਜੀਤ ਕੌਰ ਲਹਿਰਾ ਖਾਨਾ ਨੇ ਵੀ ਸੰਬੋਧਨ ਕੀਤਾ।ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਵੱਲੋਂ ਮੰਗਾਂ ਦਾ ਹੱਲ ਨਾ ਕੀਤਾ ਗਿਆ ਤਾਂ ਆਉਂਦੇ ਦਿਨਾਂ ਵਿੱਚ ਅਗਲੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ।

## ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੌਜਵਾਨਾਂ ਲਈ ਵਰਦਾਨ ਸਾਬਤ ਹੋਈ : ਜੱਸੀ ਸੋਹੀਆਂ ਵਾਲਾ



**ਨਾਭਾ (ਵਰਿੰਦਰ ਵਰਮਾ)**-ਨੌਜਵਾਨਾਂ ਨੂੰ ਨਸ਼ਿਆਂ ਤੇ ਸਮਾਜਿਕ ਕੁਰੀਤੀਆਂ ਵਿਰੁੱਧ ਲਾਮਬੰਦ ਹੋ ਕੇ ਇੱਕ ਚੰਗੇ ਸਮਾਜ ਦੀ ਸਿਰਜਣਾ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜ਼ਿਲ੍ਹਾ ਪਲੈਨਿੰਗ ਬੋਰਡ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਹਰੀਦਾਸ ਕਾਲੋਨੀ ਵਿਖੇ ਨਿਊ ਆਜ਼ਾਦ ਨੌਜਵਾਨ ਵੈਲਫੇਅਰ ਐਂਡ ਸਪੋਰਟਸ ਕਲੱਬ ਵੱਲੋਂ ਬਲਕਾਰ ਸਿੰਘ ਰੈਸਲ ਦੀ ਅਗਵਾਈ ਹੇਠ ਨਸ਼ਿਆਂ ਤੇ ਸਮਾਜਿਕ ਕੁਰੀਤੀਆਂ ਵਿਰੁੱਧ ਕਰਾਏ ਗਏ ਨਾਟਕ ਮੇਲੇ ਵਿੱਚ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਸਮੇਂ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਵਿੱਚੋਂ ਬੇਰੁਜ਼ਗਾਰੀ ਅਤੇ ਨਸ਼ੇ ਦੇ ਖਾਤਮੇ ਲਈ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਨਸ਼ੇ ਦੇ ਖਾਤਮੇ ਲਈ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦਾ ਹਿੱਸਾ ਬਣ ਕੇ ਹਰ ਇਕ ਨਾਗਰਿਕ ਨੂੰ ਇਸ ਮੁਹਿੰਮ ਦਾ ਪੂਰਨ ਤੌਰ 'ਤੇ ਸਹਿਯੋਗ ਕਰਨਾ ਚਾਹੀਦਾ ਹੈ। ਚੇਅਰਮੈਨ ਜੱਸੀ ਸੋਹੀਆਂ ਵਾਲਾ ਤੇ ਪੰਜਾਬੀ ਯੂਨੀਵਰਸਿਟੀ ਦੇ ਪ੍ਰੋਫੈਸਰ ਭੀਮਇੰਦਰ ਨੇ ਸਾਂਝੇ ਤੌਰ 'ਤੇ ਇਸ ਨਾਟਕ ਮੇਲੇ ਦਾ ਉਦਘਾਟਨ ਕੀਤਾ। ਲੇਖਕ ਤੇ ਨਿਰਦੇਸ਼ਕ ਅਨਾਇਤ ਅਲੀ ਦੀ ਨਿਰਦੇਸ਼ਨਾ ਹੇਠ ਨਸ਼ਿਆਂ ਅਤੇ ਸਮਾਜਿਕ ਬੁਰਾਈਆਂ ਖ਼ਿਲਾਫ਼ ਮਿੱਟੀ ਨਾ ਫਰੋਲ ਜੋਗੀਆ' ਨਾਟਕ ਖੇਡਿਆ ਗਿਆ।

## ਸਮਾਗਮਾਂ ਰਾਹੀਂ ਹੋ ਰਹੀ ਸਿੱਖਿਆ ਕ੍ਰਾਂਤੀ ਦੀ ਅਧਿਆਪਕ ਜਥੇਬੰਦੀਆਂ ਵੱਲੋਂ ਨਿੰਦਾ

**ਸੰਗਰੂਰ (ਪ੍ਰਵੀਨ ਸਿੰਘ)**-ਸੂਬੇ ਦੇ ਲਗਭਗ 12000 ਸਰਕਾਰੀ ਸਕੂਲਾਂ ਵਿੱਚ ਜਿੱਥੇ ਪਿਛਲੇ ਤਿੰਨ ਸਾਲਾਂ ਵਿੱਚ ਕੋਈ ਵੀ ਵਿਕਾਸ ਕਾਰਜ ਹੋਇਆ ਹੈ, ਉਥੇ 7 ਅਪ੍ਰੈਲ ਤੋਂ ਲੈ ਕੇ 31 ਮਈ ਤੱਕ ਸੂਬਾ ਸਰਕਾਰ ਵੱਲੋਂ ਸਿੱਖਿਆ ਕ੍ਰਾਂਤੀ ਦੇ ਬੈਨਰ ਹੇਠ ਸਮਾਗਮ ਕਰਵਾਏ ਜਾ ਰਹੇ ਹਨ। ਇਨ੍ਹਾਂ ਸਮਾਗਮਾਂ ਲਈ ਜਿੱਥੇ ਸੀਨੀਅਰ ਸੈਕੰਡਰੀ ਸਕੂਲਾਂ ਨੂੰ ਵੀਹ ਹਜ਼ਾਰ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ, ਉਥੇ ਹੀ ਹਾਈ ਸਕੂਲਾਂ ਲਈ ਇਹ ਰਾਸ਼ੀ ਦਸ ਹਜ਼ਾਰ ਰੁਪਏ ਤੇ ਮਿਡਲ ਤੇ ਪ੍ਰਾਇਮਰੀ ਸਕੂਲਾਂ ਲਈ ਮਾਤਰ ਪੰਜ ਹਜ਼ਾਰ ਰੁਪਏ ਰਾਸ਼ੀ ਨਿਰਧਾਰਤ ਕੀਤੀ ਗਈ ਹੈ। ਸੂਬੇ ਵਿੱਚ ਹੋਣ ਵਾਲੇ ਇਨ੍ਹਾਂ ਸਮਾਗਮਾਂ ਲਈ ਸੂਬਾ ਸਰਕਾਰ ਵੱਲੋਂ 25 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਇਸ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਗੌਰਮਿੰਟ ਟੀਚਰਜ਼ ਯੂਨੀਅਨ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਜਨਰਲ ਸਕੱਤਰ ਗੁਰਬਿੰਦਰ ਸਿੰਘ, ਵਿੱਤ ਸਕੱਤਰ ਅਮਨਦੀਪ ਸ਼ਰਮਾ ਤੇ ਪ੍ਰੈੱਸ ਸਕੱਤਰ ਕਰਨੈਲ ਫ਼ਿਲੌਰ ਨੇ ਸੂਬਾ ਸਰਕਾਰ ਵੱਲੋਂ 25 ਕਰੋੜ ਰੁਪਏ ਖਰਚ ਕਰਕੇ ਸਕੂਲਾਂ ਵਿੱਚ ਸਿਰਫ਼ ਪ੍ਰਚਾਰ ਸਮਾਗਮਾਂ ਰਾਹੀਂ ਸਰਕਾਰ ਦਾ ਗੁਣਗਾਨ ਹੀ ਕੀਤਾ ਜਾ ਰਿਹਾ ਹੈ। ਆਗੂਆਂ ਨੇ ਪੰਜਾਬ ਸਰਕਾਰ ਨੂੰ ਸਵਾਲ ਕਰਦਿਆਂ ਕਿਹਾ ਕਿ ਸਕੂਲਾਂ ਵਿੱਚ ਪੜ੍ਹਾਈ ਦਾ ਮਾਹੌਲ ਬਣਾਉਣ ਦੀ ਬਜਾਏ ਉਨ੍ਹਾਂ ਵਿੱਚ ਸਰਕਾਰ ਵੱਲੋਂ ਪਿਛਲੇ ਤਿੰਨ ਸਾਲਾਂ 'ਚ ਭੇਜੀਆਂ ਗ੍ਰਾਂਟਾਂ ਦੇ ਨੀਂਹ ਪੱਥਰ ਰੱਖਣ ਤੇ ਸਰਕਾਰ ਦੇ ਮੰਤਰੀਆਂ, ਵਿਧਾਇਕਾਂ ਤੇ ਸਰਕਾਰੀ ਆਗੂਆਂ ਨੂੰ ਬੁਲਾ ਕੇ ਗੁਣਗਾਨ ਕਰਨਾ ਕਿਹੜੀ ਸਿੱਖਿਆ ਕ੍ਰਾਂਤੀ ਹੋਈ। ਇਸ ਮੌਕੇ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸਕੱਤਰ ਗੁਰਬਿੰਦਰ ਸਿੰਘ ਸਸਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਬਣਨ ਤੋਂ ਪਹਿਲਾਂ ਪੰਜਾਬ ਸਰਕਾਰ ਦੇ ਇਹੀ ਨੇਤਾ ਪਿਛਲੀਆਂ ਸਰਕਾਰਾਂ ਵੱਲੋਂ ਮਸ਼ਹੂਰੀਆਂ ਤੇ ਕੀਤੇ ਜਾਂਦੇ ਬੇਤਸਹਾਸ਼ਾ ਖ਼ਰਚਿਆਂ 'ਤੇ ਲੋਕਾਂ ਦੀ ਕਚਹਿਰੀਆਂ ਵਿੱਚ ਜਾ ਕੇ ਉਨ੍ਹਾਂ ਨੂੰ ਭੰਡਦੇ ਸਨ, ਪ੍ਰੰਤੂ ਹੁਣ ਆਪ ਹੀ ਲੋਕਾਂ ਦੇ ਪੈਸੇ ਨੂੰ ਇਸ ਤਰ੍ਹਾਂ ਖਰਚ ਕਰਕੇ ਸਿਰਫ਼ ਪੈਸੇ ਦੀ ਬਰਬਾਦੀ ਕਰਕੇ ਪਤਾ ਨਹੀਂ ਕਿਹੜੀ ਸਿੱਖਿਆ ਕ੍ਰਾਂਤੀ ਲਿਆਉਣਾ ਚਾਹੁੰਦੇ ਹਨ। ਇਸ ਮੌਕੇ ਅਮਨਦੀਪ ਸ਼ਰਮਾਂ ਹੁਸ਼ਿਆਰਪੁਰ, ਸੁਨੀਲ ਕੁਮਾਰ, ਮੰਗਲਦੀਪ, ਕੁਲਦੀਪ ਸਿੰਘ, ਮਨੋਹਰ ਸ਼ਰਮਾ, ਸਰਬਜੀਤ ਸਿੰਘ, ਜਗਪ੍ਰੀਤ ਸਿੰਘ, ਬਲਵਿੰਦਰ ਸਿੰਘ, ਜਸਵਿੰਦਰ ਸਿੰਘ, ਰਾਜੇਸ਼ ਕੁਮਾਰ, ਅੰਮ੍ਰਿਤਪਾਲ, ਲਖਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਮਨਪ੍ਰੀਤ ਸਿੰਘ, ਜਗਜੀਤ ਸਿੰਘ, ਹਰਿੰਦਰ ਮਲੀਆ, ਤੀਰਥ ਸਿੰਘ ਤੇ ਨਿਰਮੋਲਕ ਸਿੰਘ ਹੀਰਾ ਆਦਿ ਅਧਿਆਪਕ ਆਗੂ ਸ਼ਾਮਲ ਸਨ। ਇਸੇ ਤਰ੍ਹਾਂ ਡੈਮੋਕ੍ਰੇਟਿਕ ਫਰੰਟ ਦੇ ਸੂਬਾ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ ਤੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਗਿਰ ਨੇ ਕਿਹਾ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਜਿੱਥੇ ਪਿਛਲੇ ਤਿੰਨ ਸਾਲਾਂ ਦੌਰਾਨ ਸਮੱਗਰਾ ਸਿੱਖਿਆ ਦੀਆਂ ਗ੍ਰਾਂਟਾਂ ਨਾਲ ਬਣੀਆਂ ਇਮਾਰਤਾਂ ਦੇ ਉਦਘਾਟਨੀ ਸਮਾਰੋਹ ਕਰਾਉਣ ਲਈ ਸੰਬੰਧਤ ਸਕੂਲਾਂ ਨੂੰ ਹੁਕਮ ਜਾਰੀ ਕੀਤੇ ਗਏ ਹਨ, ਜਦੋਂਕਿ ਇਨ੍ਹਾਂ ਦਿਨਾਂ ਵਿੱਚ ਅਧਿਆਪਕ ਨਵੇਂ ਦਾਖਲੇ, ਕਿਤਾਬਾਂ ਦੀ ਵੰਡ ਤੇ ਜਮਾਤਾਂ ਦੀ ਸ਼ੁਰੂਆਤ ਆਦਿ ਦੇ ਨਾਲ ਨਾਲ ਹੋਰ ਪ੍ਰਬੰਧਕੀ ਕੰਮਾਂ ਵਿੱਚ ਰੁਝੇ ਹੁੰਦੇ ਹਨ। ਆਗੂਆਂ ਨੇ ਦੱਸਿਆ ਕਿ ਸਰਕਾਰੀ ਸਕੂਲਾਂ ਨੂੰ ਗ੍ਰਾਂਟਾਂ ਮਿਲਣਾ ਤੇ ਉਸਾਰੀਆਂ ਆਦਿ ਦਾ ਹੋਣਾ ਇੱਕ ਆਮ ਗੱਲ ਹੈ, ਪ੍ਰੰਤੂ ਪਹਿਲੀ ਵਾਰ ਅਜਿਹਾ ਹੋਇਆ ਹੈ ਕਿ ਸੂਬੇ ਦੀ ਆਪ ਸਰਕਾਰ ਵੱਲੋਂ ਇਸ ਨੂੰ ਇਕ ਵੱਡਾ ਈਵੈਂਟ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਆਗੂਆਂ ਨੇ ਕਿਹਾ ਕਿ ਸਿੱਖਿਆ ਕ੍ਰਾਂਤੀ ਦੇ ਨਾਮ 'ਤੇ ਅਧਿਆਪਕਾਂ ਦਾ ਸ਼ੋਸ਼ਣ ਬੰਦ ਕੀਤਾ ਜਾਵੇ ਤੇ ਉਨ੍ਹਾਂ ਨੂੰ ਅਧਿਆਪਕ ਤੋਂ ਈਵੈਂਟ ਮੈਨੇਜਰ ਨਾ ਬਣਾਇਆ ਜਾਵੇ।

## ਡਾ. ਅੰਬੇਡਕਰ ਦੇ ਜਨਮ ਦਿਹਾੜੇ ਨੂੰ ਸਮਰਪਤ ਸਲੇਮਪੁਰਾ 'ਚ ਸਮਾਗਮ

### ਬਾਬਾ ਸਾਹਿਬ ਨੇ ਭਾਰਤੀ ਸੰਵਿਧਾਨ ਦਾ ਨਿਰਮਾਣ ਕਰਕੇ ਦੇਸ਼ ਨੂੰ ਇੱਕ ਸੂਤਰ 'ਚ ਪਰੋਇਆ : ਜਸਵੀਰ ਸਿੰਘ ਗੜ੍ਹੀ



**ਲੁਧਿਆਣਾ (ਰੈਕਟਰ ਕਥੂਰੀਆ)**-ਭਾਰਤੀ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਤ ਪਿੰਡ ਸਲੇਮਪੁਰਾ 'ਚ ਸਮਾਗਮ ਕਰਵਾਇਆ ਗਿਆ।ਇਸ ਮੌਕੇ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਤੇ ਉਨ੍ਹਾਂ ਨਾਲ 'ਆਪ' ਹਲਕਾ ਇੰਚਾਰਜ ਕੇ.ਐੱਨ.ਐੱਸ. ਕੰਗ, ਪਿੰਡ ਦੇ ਸਰਪੰਚ ਦਵਿੰਦਰ ਸਿੰਘ ਸਲੇਮਪੁਰੀ ਤੋਂ ਇਲਾਵਾ ਹੋਰ ਉੱਘੀਆਂ ਸ਼ਖ਼ਸੀਅਤਾਂ ਵੀ ਮੌਜੂਦ ਸਨ।

ਇਸ ਮੌਕੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਡਾ. ਭੀਮ ਰਾਓ ਅੰਬੇਡਕਰ ਤੇ ਸਾਥੀਆਂ ਨੇ ਭਾਰਤੀ ਸੰਵਿਧਾਨ ਦਾ ਨਿਰਮਾਣ ਕਰਕੇ ਸਾਰੇ ਦੇਸ਼ ਨੂੰ ਇਕ ਸੂਤਰ ਵਿੱਚ ਪਰੋਇਆ ਹੈ ਤੇ ਉਨ੍ਹਾਂ ਭਾਰਤ ਦੇ ਹਰੇਕ ਨਾਗਰਿਕ ਨੂੰ ਸੰਵਿਧਾਨ ਰਾਹੀਂ ਬਰਾਬਰਤਾ ਦੇ ਹੱਕ ਪ੍ਰਦਾਨ ਕਰਵਾਏ।ਉਨ੍ਹਾਂ ਸੰਵਿਧਾਨ ਦੀ ਰਚਨਾ ਕਰ ਕੇ ਦੇਸ਼ ਦੀ ਤਰੱਕੀ ਵਿੱਚ ਵੱਡਾ ਯੋਗਦਾਨ ਪਾਇਆ ਹੈ ,ਸਿੱਟੇ ਵਜੋਂ ਸਮਾਜ ਦੇ ਵੱਖ-ਵੱਖ ਵਰਗਾਂ ਨੂੰ ਅੱਗੇ ਵਧਣ ਦਾ ਮੌਕਾ ਮਿਲਿਆ ਹੈ।ਸਾਡੇ ਸਿਰ 'ਤੇ ਪੱਗ, ਧੀਆਂ-ਭੈਣਾਂ ਦੇ ਸਿਰ 'ਤੇ ਚੁੰਨੀਆਂ, ਸਾਡਾ ਮਾਣ ਸਤਿਕਾਰ ਬਾਬਾ ਸਾਹਿਬ ਦੀ ਦੇਣ ਹਨ, ਹਰ ਤਰ੍ਹਾਂ ਦੇ ਵਿਤਕਰੇ ਤੋਂ ਰਹਿਤ ਸਿੱਖਿਆ ਤੇ ਰੋਜ਼ਗਾਰ ਦਾ ਅਧਿਕਾਰ ਦਿੱਤਾ ਅਤੇ ਉਨ੍ਹਾਂ ਦੇ ਯੋਗਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।ਉਨ੍ਹਾ ਕਿਹਾ ਕਿ ਜਿੱਥੇ ਸਾਡਾ ਸੰਵਿਧਾਨ ਸਾਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਦਾ ਹੈ, ਉੱਥੇ ਸਾਨੂੰ ਆਪਣੇ ਸੰਵਿਧਾਨਕ ਫਰਜ਼ਾਂ ਪ੍ਰਤੀ ਸੁਚੇਤ ਹੋਣ ਦੀ ਵੀ ਲੋੜ ਹੈ।ਉਨ੍ਹਾ ਦੱਸਿਆ ਕਿ ਚੋਣਾਂ ਮੌਕੇ ਪੰਜਾਬ ਦਾ ਹਰੇਕ ਯੋਗ ਨਾਗਰਿਕ ਬਿਨਾਂ ਕਿਸੇ ਲਾਲਚ ਤੇ ਡਰ-ਭੈਅ ਤੋਂ ਆਪਣੇ ਵੋਟ ਦੇ ਸੰਵਿਧਾਨਕ ਹੱਕ ਦਾ ਇਸਤੇਮਾਲ ਕਰੇ, ਇਹ ਹੀ ਬਾਬਾ ਸਾਹਿਬ ਜੀ ਲਈ ਸੱਚੀ ਸ਼ਰਧਾਂਜਲੀ ਹੋਵੇਗੀ।ਉਨ੍ਹਾ ਪਿੰਡ ਸਲੇਮਪੁਰਾ ਦੇ ਸਟੱਡੀ ਸੈਂਟਰ ਤੇ ਡਾਕਟਰ ਅੰਬੇਡਕਰ ਫੋਰਸ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਵੀ ਸ਼ਲਾਘਾ ਕੀਤੀ।ਇਸ ਮੌਕੇ ਬੱਚਿਆਂ ਵੱਲੋਂ ਸਮਾਜਿਕ ਚੇਤਨਾ ਵਾਲੇ ਨਾਟਕ ਤੇ ਕੋਰੀਓਗ੍ਰਾਫੀ ਦੀ ਪੇਸ਼ਕਾਰੀ ਵੀ ਦਿੱਤੀ ਗਈ।

## ਮੈਡੀਕਲ ਖੋਜਾਂ ਲਈ 19 ਸਰੀਰ ਦਾਨ ਕਰਨ ਵਾਲਾ ਜ਼ਿਲ੍ਹੇ ਦਾ ਪਹਿਲਾ ਪਿੰਡ ਹਿੰਮਤਪੁਰਾ

### ਚੰਦ ਸਿੰਘ ਦਾ ਸਰੀਰ ਮੈਡੀਕਲ ਖੋਜਾਂ ਲਈ ਕੀਤਾ ਦਾਨ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਪਿੰਡ ਹਿੰਮਤਪੁਰਾ ਵਿਖੇ ਚੰਦ ਸਿੰਘ ਦਾ ਸਰੀਰ ਮੈਡੀਕਲ ਖੋਜਾਂ ਲਈ ਦਾਨ ਕੀਤਾ ਗਿਆ। ਅਵਤਾਰ ਸਿੰਘ ਨੰਬਰਦਾਰ ਤੇ ਵੈਦ ਪ੍ਰਗਟ ਸਿੰਘ ਨੇ ਦੱਸਿਆ ਕਿ ਚੰਦ ਸਿੰਘ ਦੀ ਮੌਤ ਤੋਂ ਬਾਅਦ ਪਰਵਾਰਕ ਮੈਂਬਰਾਂ ਨੇ ਡੇਰਾ ਸੱਚਾ ਸੌਦਾ ਵੱਲੋਂ ਚਲਾਈ ਮੁਹਿੰਮ ਸਰੀਰਦਾਨ ਮਹਾਂਦਾਨ ਤਹਿਤ ਸਰੀਰ ਜਲਾਉਣ ਦੀ ਥਾਂ ਮੈਡੀਕਲ ਖੋਜਾਂ ਲਈ ਦਾਨ ਕੀਤਾ ਗਿਆ। ਇਸ ਮੌਕੇ ਚੰਦ ਸਿੰਘ ਦੀ ਨੂੰਹ ਪਰਮਜੀਤ ਕੌਰ ਤੇ ਪੁੱਤਰ ਰਣਯੋਧ ਸਿੰਘ ਜੋਧਾ ਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਵੱਲੋਂ ਚੰਦ ਸਿੰਘ ਦੀ ਮ੍ਰਿਤਕ ਦੇਹ ਨੂੰ ਨੈਸ਼ਨਲ ਕੈਪੀਟਲ ਰੀਜਨਲ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸ ਹਸਪਤਾਲ ਨਾਲਾਪੁਰ ਮੇਰਠ (ਯੂ.ਪੀ) ਨੂੰ ਦਾਨ ਦਿੱਤਾ ਗਿਆ। ਉਨ੍ਹਾਂ ਦੀ ਨੂੰਹ ਅਤੇ ਪੁੱਤਰ ਤੋਂ ਇਲਾਵਾ ਰਿਸ਼ਤੇਦਾਰਾਂ ਵੱਲੋਂ ਅਰਥੀ ਨੂੰ ਮੋਢਾ ਦੇ ਕੇ ਰਵਾਨਾ ਕੀਤਾ ਗਿਆ। ਜਾਣਕਾਰੀ ਅਨੁਸਾਰ 91 ਸਾਲਾਂ ਦੀ ਉਮਰ ਭੋਗ ਕੇ ਮਰਨ ਉਪਰੰਤ ਆਪਣਾ ਸਰੀਰ ਮਾਨਵਤਾ ਭਲਾਈ ਦੇ ਲੇਖੇ ਲਾਇਆ ਤਾਂ ਕਿ ਮੈਡੀਕਲ ਦੀ ਪੜ੍ਹਾਈ ਕਰ ਰਹੇ ਬੱਚਿਆਂ ਨੂੰ ਜਾਂ ਡਾਕਟਰਾਂ ਨੂੰ ਸਰੀਰਕ ਖੋਜਾਂ ਕਰਨ ਲਈ ਕੋਈ ਮੁਸ਼ਕਲ ਨਾ ਆਵੇ। ਸਰਪੰਚ ਬਾਦਲ ਸਿੰਘ ਤੇ 85 ਮੈਂਬਰ ਪਰਮਜੀਤ ਕੁਮਾਰ ਪੰਮਾ, 85 ਮੈਂਬਰ ਗੁਰਮੇਲ ਸਿੰਘ ਬਿਲਾਸਪੁਰ ਤੇ ਰਮੇਸ਼ ਕੁਮਾਰ ਮਾਣੂੰਕੇ ਨੇ ਹਰੀ ਝੰਡੀ ਦਿਖਾ ਕੇ ਮ੍ਰਿਤਕ ਦੇਹ ਵਾਲੀ ਗੱਡੀ ਨੂੰ ਰਵਾਨਾ ਕੀਤਾ। ਪੱਤਰਕਾਰ ਮਿੰਟੂ ਖੁਰਮੀ ਹਿੰਮਤਪੁਰਾ ਨੇ ਪਿਛਲੇ ਦਿਨੀਂ 25 ਮਾਰਚ ਨੂੰ ਆਪਣੇ ਜਨਮ ਦਿਨ 'ਤੇ ਸਰੀਰਦਾਨ ਦੀ ਮੁਹਿੰਮ ਤੋਂ ਪ੍ਰੇਰਣਾ ਲੈਂਦੇ ਹੋਏ ਜਿਊਂਦੇ ਜੀਅ ਸਰੀਰਦਾਨ ਕਰਨ ਦਾ ਐਲਾਨ ਕਰਕੇ ਹਲਫੀਆ ਬਿਆਨ ਲਿਖ ਕੇ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੈਂ ਨਹੀਂ ਚਾਹੁੰਦਾ ਕਿ ਮੇਰਾ ਸਰੀਰ ਜਲਾਇਆ ਨਾ ਜਾਵੇ, ਸਗੋਂ ਮੈਂ ਮਰਨ ਉਪਰੰਤ ਕਿਸੇ ਦੇ ਕੰਮ ਆ ਸਕਾਂ, ਇਹ ਮੇਰੇ ਲਈ ਮਾਣ ਵਾਲੀ ਗੱਲ ਹੋਵੇਗੀ।

## ਪੰਜਾਬ ਸਰਕਾਰ ਸ਼ਹਿਰ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ : ਕੋਹਲੀ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਛੁੱਟੀ ਵਾਲੇ ਦਿਨ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ, ਏ.ਡੀ.ਸੀ ਈਸ਼ਾ ਸਿੰਗਲ ਤੇ ਹੋਰ ਅਧਿਕਾਰੀਆਂ ਨੂੰ ਨਾਲ ਲੈ ਕੇ ਸ਼ਹਿਰ ਵਿੱਚ ਵੱਖ-ਵੱਖ ਵਾਰਡਾਂ ਦਾ ਦੌਰਾ ਕਰਕੇ ਵਿਕਾਸ ਕਾਰਜਾਂ ਤੇ ਨਵੇਂ ਹੋਣ ਵਾਲੇ ਕੰਮਾਂ ਦਾ ਜਾਇਜ਼ਾ ਲਿਆ। ਅਜੀਤਪਾਲ ਸਿੰਘ ਕੋਹਲੀ ਨੇ ਸਭ ਤੋਂ ਪਹਿਲਾਂ ਲੱਕੜ ਮੰਡੀ ਤੋਂ ਸਨੌਰੀ ਅੱਡੇ ਨੂੰ ਜਾਣ ਵਾਲੀ ਸੜਕ ਦਾ ਜਾਇਜ਼ਾ ਲਿਆ, ਜਿਹੜੀ ਕਿ ਨਜਾਇਜ਼ ਕਬਜ਼ਿਆਂ ਕਰਕੇ 100 ਫੁੱਟ ਤੋਂ 40 ਫੁੱਟ ਦੀ ਰਹਿ ਜਾਣ ਕਰਕੇ ਰਾਹਗੀਰਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਸੜਕ ਨੂੰ ਚੌੜਾ ਕਰਕੇ ਲੋਕਾਂ ਨੂੰ ਰਾਹਤ ਦਿਵਾਈ ਜਾਵੇਗੀ। ਇਸ ਉਪਰੰਤ ਉਨ੍ਹਾਂ ਨੇ ਪੁਰਾਤਨ ਸ੍ਰੀ ਵਾਮਨ ਅਵਤਾਰ ਮੰਦਰ ਦਾ ਜਾਇਜ਼ਾ ਲਿਆ, ਜਿਸ ਦੀ ਇਮਾਰਤ ਤੇ ਸਰੋਵਰ ਦੀ ਮੁਰੰਮਤ ਤੇ ਉਸਾਰੀ ਲਈ 4.5 ਕਰੋੜ ਰੁਪਏ ਦੀ ਤਜਵੀਜ਼ ਬਣਾ ਕੇ ਵਿੱਤ ਕਮਿਸ਼ਨਰ ਮਾਲ ਨੂੰ ਭੇਜੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਪੁਰਾਤਨ ਮੰਦਰ ਦੀ ਕਾਇਆਂ ਕਲਪ ਕੀਤੀ ਜਾਵੇਗਾ। ਵਿਧਾਇਕ ਕੋਹਲੀ ਨੇ ਕਿਹਾ ਕਿ ਉਹ ਲੋਕਾਂ ਦੇ ਨੁਮਾਇੰਦੇ ਹਨ ਤੇ ਸਦਾ ਲੋਕ ਹਿਤ ਲਈ ਕੰਮ ਕਰਦੇ ਰਹਿਣਗੇ ਅਤੇ ਸ਼ਹਿਰ ਵਾਸੀਆਂ ਦੀ ਸਹੂਲਤ ਲਈ ਵਿਕਾਸ ਕਾਰਜਾਂ ਦੇ ਨਵੇਂ ਮੀਲ ਪੱਥਰ ਸਥਾਪਤ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਲੋਕ ਆਪਣੇ ਨੁਮਾਇੰਦੇ ਨੂੰ ਇਸ ਤਰ੍ਹਾਂ ਮਿਲ ਕੇ ਆਪਣੀਆਂ ਸਮੱਸਿਆਵਾਂ ਦੱਸ ਰਹੇ ਹੋਣ ਤੇ ਆਮ ਆਦਮੀ ਪਾਰਟੀ ਦੀ ਸਰਕਾਰ ਤੁਰੰਤ ਇਸ ਦੇ ਹੱਲ ਲਈ ਯਤਨ ਕਰ ਰਹੀ ਹੈ।

## ...ਸ.ਫ਼ਾ 1 ਦੇ ਬਾਕੀ

### ਚਾਰ ਸਾਬਕਾ ਪੁਲਸ ...

ਵਿਖੇ ਉਸ ਦੇ ਪਤੀ ਸਮੇਤ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਹ 'ਨਵਾਂ ਜ਼ਮਾਨਾ' ਹੀ ਸੀ, ਜਿਸ ਦੇ ਨਾਮਾਨਿਗਾਰ ਬਖਤੌਰ ਢਿੱਲੋਂ ਨੇ ਇਸ ਸੈਕਸ ਸਕੈਂਡਲ ਦੀ ਪੈੜ ਦੱਬ ਕੇ ਮੀਡੀਆ ਤੇ ਪ੍ਰਸ਼ਾਸਨਿਕ ਹਲਕਿਆਂ 'ਚ ਉਦੋਂ ਤਰਥੱਲੀ ਮਚਾ ਦਿੱਤੀ ਸੀ। ਇਸ ਮਾਮਲੇ ਦਾ ਪਿਛੋਕੜ ਇਹ ਹੈ ਕਿ ਜਗਰਾਉਂ ਪੁਲਸ ਜ਼ਿਲ੍ਹੇ ਦੇ ਥਾਣਾ ਸਿੱਧਵਾਂ ਬੇਟ ਦੇ ਪਿੰਡ ਬਰਸਾਲ ਨਾਲ ਸੰਬੰਧਤ 18-19 ਵਰ੍ਹਿਆਂ ਦੀ ਇੱਕ ਕੁੜੀ, ਜਿਸ ਦੀ ਮਾਂ ਦੀ ਮੌਤ ਹੋ ਚੁੱਕੀ ਸੀ ਅਤੇ ਬਾਪ ਅਮਲੀ ਸੀ, ਰੁਜ਼ਗਾਰ ਦੀ ਭਾਲ ਵਿੱਚ ਮੋਗਾ ਵਿਖੇ ਪਹੁੰਚਦੀ ਹੈ, ਜਿੱਥੇ ਉਸ ਦਾ ਵਾਹ ਇੱਕ ਪਤੀ-ਪਤਨੀ ਅਜਿਹੇ ਜੋੜੇ ਨਾਲ ਪੈਂਦਾ, ਜੋ ਸਿਲਾਈ-ਕਢਾਈ ਸਿਖਾ ਕੇ ਵਿਦੇਸ਼ ਭੇਜਣ ਦੇ ਬਹਾਨੇ ਉਸ ਨੂੰ ਆਪਣੀ ਚੁੰਗਲ ਵਿੱਚ ਫਸਾ ਕੇ ਦੇਹ ਵਪਾਰ ਦੇ ਧੰਦੇ ਵਿੱਚ ਪਾ ਲੈਂਦੇ ਹਨ ।ਗੈਰ-ਇਖਲਾਕੀ ਧੰਦੇ ਦਾ ਸੰਚਾਲਕ ਇਹ ਜੋੜਾ ਗਾਹਕਾਂ ਤੋਂ ਪ੍ਰਤੀ ਰਾਤ ਚਾਰ ਤੋਂ ਪੰਜ ਹਜ਼ਾਰ ਰੁਪਏ ਪ੍ਰਾਪਤ ਕਰਕੇ ਇਸ ਕੁੜੀ ਨੂੰ ਸਿਰਫ ਚਾਰ-ਪੰਜ ਸੌ ਰੁਪਈਆ ਹੀ ਦਿਆ ਕਰਦਾ ਸੀ। ਇੱਥੇ ਹੀ ਬੱਸ ਨਹੀਂ, ਬਲਕਿ ਉਹ ਉਸ ਨੂੰ ਹੋਰ ਦਲਾਲਾਂ ਦੇ ਸਪੁਰਦ ਵੀ ਕਰ ਦਿੰਦਾ ਸੀ। ਇਸ ਸਭ ਕੁਝ ਦੇ ਚੱਲਦਿਆਂ ਕੁੜੀ ਦਾ ਸੰਪਰਕ ਮੋਗਾ ਦੀ ਹੀ ਸੂਰਜ ਨਗਰੀ ਦੀ ਵਸਨੀਕ ਔਰਤ ਨਾਲ ਹੋ ਗਿਆ। ਦੇਹ ਵਪਾਰ ਦੇ ਧੰਦੇ 'ਚ ਗਲਤਾਨ ਹੋਣ ਸਦਕਾ ਉਸ ਦੀ ਉਕਤ ਜੋੜੇ ਨਾਲ ਵਪਾਰਕ ਸ਼ਰੀਕੇਬਾਜ਼ੀ ਚੱਲਦੀ ਸੀ। ਆਪਣੀ ਰੰਜਿਸ਼ ਦਾ ਬਦਲਾ ਲੈਣ ਲਈ ਉਕਤ ਔਰਤ ਨੇ ਕੁੜੀ ਤੋਂ ਥਾਣਾ ਸਿਟੀ ਮੋਗਾ ਵਿਖੇ ਉਕਤ ਜੋੜੇ ਖਿਲਾਫ ਸ਼ਿਕਾਇਤ ਕਰਵਾ ਕੇ ਬਲਾਤਕਾਰ, ਧੋਖਾਦੇਹੀ ਆਦਿ ਧਾਰਾਵਾਂ ਹੇਠ ਮੁਕੱਦਮਾ ਦਰਜ ਕਰਵਾਉਣ ਵਿੱਚ ਸਫਲਤਾ ਹਾਸਲ ਕਰ ਲਈ । ਇਸ ਤੋਂ ਬਾਅਦ ਸੌਖੀ ਕਮਾਈ ਕਰਨ ਦਾ ਅਜਿਹਾ ਸਿਲਸਿਲਾ ਸ਼ੁਰੂ ਹੋਇਆ ਕਿ ਉਸ ਵੇਲੇ ਦੇ ਐੱਸ ਐੱਚ ਓ ਰਮਨ ਕੁਮਾਰ ਨੇ ਕੁੜੀ ਦੇ ਬਿਆਨਾਂ ਦੇ ਆਧਾਰ 'ਤੇ ਵਪਾਰੀਆਂ, ਕਾਰੋਬਾਰੀਆਂ, ਗੈਰਨਿਵਾਸੀ ਭਾਰਤੀਆਂ ਵਿਰੋਧੀ ਧਿਰ ਨਾਲ ਸੰਬੰਧਤ ਕੌਂਸਲਰਾਂ ਅਤੇ ਸਿਸਟਮ ਲਈ ਸਿਰ ਦਰਦ ਬਣੇ ਰਹਿਣ ਵਾਲੇ ਪੱਤਰਕਾਰਾਂ ਨੂੰ ਵੀ ਝੂਠੇ ਮੁਕੱਦਮੇ 'ਚ ਨਾਮਜ਼ਦ ਕਰਨ ਉਪਰੰਤ ਮੋਟੀਆਂ ਰਕਮਾਂ ਲੈ ਕੇ ਬੇਗੁਨਾਹ ਕਰਨ ਦਾ ਰਾਹ ਅਪਨਾ ਲਿਆ। ਪੁਲਸ ਤੋਂ ਪੀੜਤ ਵਿਅਕਤੀਆਂ ਦੀ ਗਿਣਤੀ 100 ਦੇ ਕਰੀਬ ਹੈ। ਐੱਸ ਐੱਚ ਓ ਵੱਲੋਂ ਮਚਾਈ ਅੰਨ੍ਹੀ ਲੁੱਟ ਦੇ ਚੱਲਦਿਆਂ ਸਾਰੇ ਇਲਾਕੇ 'ਚ ਜਦ ਪੁਲਸ ਦੀ ਥੂਹ-ਥੂਹ ਹੋਣ ਲੱਗ ਪਈ ਤਾਂ ਐੱਸ ਐੱਸ ਪੀ ਦਵਿੰਦਰ ਸਿੰਘ ਗਰਚਾ ਨੇ ਰਮਨ ਕੁਮਾਰ ਨੂੰ ਬਦਲ ਕੇ ਉਸ ਦੀ ਥਾਂ ਅਮਰਜੀਤ ਸਿੰਘ ਨੂੰ ਥਾਣਾ ਸਿਟੀ ਮੋਗਾ ਦਾ ਇੰਚਾਰਜ ਲਾ ਦਿੱਤਾ। ਅਮਰਜੀਤ ਵੀ ਰਮਨ ਕੁਮਾਰ ਵਾਲੇ ਰਾਹ 'ਤੇ ਹੀ ਤੁਰ ਪਿਆ ਅਤੇ ਪਿੰਡ ਭਾਗੀਕੇ ਦੇ ਵਸਨੀਕ ਰਣਜੀਤ ਸਿੰਘ ਜੋ ਉਸ ਵੇਲੇ ਦੀ ਮੋਗਾ ਨਾਲ ਸੰਬੰਧਤ ਹਾਕਮ ਅਕਾਲੀ ਲੀਡਰਸ਼ਿਪ ਦੀਆਂ ਅੱਖਾਂ ਵਿੱਚ ਰੜਕ ਰਿਹਾ ਸੀ, ਨੂੰ ਉਲਝਾਉਣ ਦੀ ਵਿਉਂਤਬੰਦੀ ਸ਼ੁਰੂ ਕਰ ਦਿੱਤੀ ।ਇਸੇ ਦੌਰਾਨ ਕੁੜੀ ਇੱਕ ਹਾਦਸੇ ਦਾ ਸ਼ਿਕਾਰ ਹੋ ਗਈ। ਐੱਸ.ਐੱਚ. ਓ ਅਮਰਜੀਤ ਸਿੰਘ ਨੇ ਇਸ ਮਾਮਲੇ ਨੂੰ ਰਣਜੀਤ ਸਿੰਘ ਭਾਗੀਕੇ ਦੇ ਖਿਲਾਫ ਇਸਤੇਮਾਲ ਕਰਨ ਦਾ ਹਥਿਆਰ ਬਣਾਉਂਦਿਆਂ ਉਸ ਤੋਂ 50 ਹਜ਼ਾਰ ਰੁਪਏ ਦੀ ਰਿਸ਼ਵਤ ਮੰਗ ਲਈ । ਪਹਿਲਾਂ ਤੋਂ ਹੀ ਸੁਚੇਤ ਰਣਜੀਤ ਨੇ ਉਸ ਦੀ ਫੋਨ ਕਾਲ ਰਿਕਾਰਡ ਕਰ ਲਈ। ਆਪਣੇ ਖਿਲਾਫ ਕੇਸ ਦਰਜ ਹੋਣ 'ਤੇ ਉਸ ਨੇ ਕਾਲ ਰਿਕਾਰਡਿੰਗ ਸਮੇਤ ਵੇਲੇ ਦੇ ਏ.ਡੀ.ਜੀ.ਪੀ. ਲਾਅ ਐਂਡ ਆਰਡਰ ਨੂੰ ਲਿਖਤੀ ਸ਼ਿਕਾਇਤ ਦੇ ਦਿੱਤੀ, ਜਿਨ੍ਹਾਂ ਨੇ ਡੀ.ਜੀ.ਪੀ. ਐੱਨ.ਪੀ.ਐੱਸ. ਔਲਖ ਦੀ ਪ੍ਰਵਾਨਗੀ ਲੈਣ ਉਪਰੰਤ ਡੀ.ਆਈ.ਜੀ. ਫਿਰੋਜ਼ਪੁਰ ਰੇਂਜ ਈਸ਼ਵਰ ਚੰਦਰ ਦੀ ਅਗਵਾਈ ਹੇਠ ਇਕ ਐੱਸ.ਆਈ.ਟੀ. ਦਾ ਗਠਨ ਕਰ ਦਿੱਤਾ, ਜਿਸ ਵਿੱਚ ਉਸ ਵੇਲੇ ਦੇ ਐੱਸ ਐੱਸ ਪੀ ਫਰੀਦਕੋਟ ਐੱਲ ਕੇ ਯਾਦਵ ਜੋ ਅੱਜਕੱਲ੍ਹ ਏ ਡੀ ਜੀ ਪੀ ਬਿਊਰੋ ਆਫ ਇਨਵੈਸਟੀਗੇਸ਼ਨ ਹਨ ਅਤੇ ਬਾਘਾ ਪੁਰਾਣਾ ਦੇ ਡੀ ਐੱਸ ਪੀ ਭੁਪਿੰਦਰ ਸਿੰਘ ਸਿੱਧੂ ਨੂੰ ਮੈਂਬਰਾਨ ਵਜੋਂ ਸ਼ਾਮਲ ਕਰ ਦਿੱਤਾ। ਇਸ ਐੱਸ ਆਈ ਟੀ ਨੇ ਜਦ ਦੁੱਧ ਤੇ ਪਾਣੀ ਦਾ ਕਰੀਬ-ਕਰੀਬ ਨਿਤਾਰਾ ਕਰ ਦਿੱਤਾ ਤਾਂ ਮੋਗਾ ਦੀ ਸਥਾਨਕ ਅਕਾਲੀ ਲੀਡਰਸ਼ਿਪ ਵੱਲੋਂ ਕੀਤੀ ਪਹੁੰਚ ਦੀ ਬਦੌਲਤ ਮੁੱਖ ਮੰਤਰੀ ਦਫਤਰ ਨੇ ਐੱਸ.ਆਈ.ਟੀ. ਨੂੰ ਮਾਮਲੇ ਨੂੰ ਰਫਾ-ਦਫਾ ਕਰਨ ਦੀ ਜ਼ੁਬਾਨੀ ਹਦਾਇਤ ਕਰ ਦਿੱਤੀ।

### ਮੁੱਖ ਮੰਤਰੀ ਵੱਲੋਂ 2000...

ਐਮੀਨੈਂਸ' ਦਾ ਨਵਾਂ ਬਲਾਕ ਲੋਕਾਂ ਨੂੰ ਸਮਰਪਿਤ ਕਰਨ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਸਿਹਤ ਅਤੇ ਸਿੱਖਿਆ ਪ੍ਰਣਾਲੀ ਨੂੰ ਸੁਰਜੀਤ ਕਰਨ ਲਈ ਠੋਸ ਯਤਨ ਕਰ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਹੁਣ ਤੱਕ ਆਪਣੇ ਬੱਚੇ ਨੂੰ ਸਰਕਾਰੀ ਸਕੂਲ ਭੇਜਣਾ ਆਮ ਆਦਮੀ ਦੀ ਮਜਬੂਰੀ ਸੀ, ਪਰ ਹੁਣ ਸਿੱਖਿਆ ਪ੍ਰਣਾਲੀ ਨੂੰ ਨਵਾਂ ਰੂਪ ਦੇਣ ਨਾਲ ਹੁਣ ਮਾਪਿਆਂ ਦੀ ਇੱਛਾ ਹੋਵੇਗੀ ਕਿ ਉਨ੍ਹਾਂ ਦਾ ਬੱਚਾ ਸਰਕਾਰੀ ਸਕੂਲ ਵਿੱਚੋਂ ਤਾਲੀਮ ਹਾਸਲ ਕਰੇ। ਉਹਨਾ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਤੋਂ ਵਾਂਝਾ ਰੱਖਿਆ ਅਤੇ ਜਿਨ੍ਹਾਂ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਹੈ, ਉਨ੍ਹਾਂ ਨੂੰ ਆਪਣੇ ਪਾਪਾਂ ਦੀ ਸਜ਼ਾ ਮਿਲ ਰਹੀ ਹੈ। ਲੋਕਾਂ ਨੇ ਅਜਿਹੇ ਆਗੂਆਂ ਨੂੰ ਪਹਿਲਾਂ ਹੀ ਸੱਤਾ ਤੋਂ ਲਾਂਭੇ ਕਰ ਦਿੱਤਾ ਹੈ ਅਤੇ ਹੁਣ ਉਹ ਸਿਆਸੀ ਗੁੰਮਨਾਮੀ ਵਿੱਚ ਹਨ।ਮਾਨ ਨੇ ਕਿਹਾ ਕਿ ਪੰਜਾਬੀ ਇਨ੍ਹਾਂ ਦੋਸ਼ੀਆਂ ਨੂੰ ਉਨ੍ਹਾਂ ਦੇ ਪਾਪਾਂ ਲਈ ਕਦੇ ਮੁਆਫ਼ ਨਹੀਂ ਕਰਨਗੇ ਅਤੇ ਉਨ੍ਹਾਂ ਨੂੰ ਸਬਕ ਸਿਖਾਉਣਗੇ।ਇਸ ਦੌਰਾਨ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਕਿਹਾ ਕਿ ਬੀਤੇ ਤਿੰਨ ਸਾਲਾਂ ਵਿੱਚ ਸੂਬੇ ਦੇ 12000 ਤੋਂ ਵੱਧ ਸਕੂਲਾਂ ਦੀ ਦਿਸ਼ਾ ਤੇ ਦਸ਼ਾ ਪੂਰੀ ਤਰ੍ਹਾਂ ਬਦਲ ਚੁੱਕੀ ਹੈ। ਉਨ੍ਹਾ ਕਿਹਾ ਕਿ ਤਿੰਨ ਸਾਲਾਂ ਪਹਿਲਾਂ ਸਰਕਾਰੀ ਸਕੂਲਾਂ ਦੀ ਤਸਵੀਰ ਬਦਹਾਲ ਹੁੰਦੀ ਸੀ, ਪਰ ਇਸ ਵੇਲੇ ਸੂਬਾ ਭਰ ਦੇ ਸਰਕਾਰੀ ਸਕੂਲਾਂ ਵਿੱਚ 29 ਲੱਖ ਵਿਦਿਆਰਥੀਆਂ ਨੂੰ ਆਹਲਾ ਦਰਜੇ ਦੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਇਸ ਮੌਕੇ ਸੰਸਦ ਮੈਂਬਰ ਮਾਲਵਿੰਦਰ ਸਿੰਘ ਕੰਗ, ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ, ਨਛੱਤਰ ਪਾਲ, ਸਕੱਤਰ ਸਿੱਖਿਆ ਅਨੰਦਿਤਾ ਮਿੱਤਰਾ ਤੇ ਹੋਰ ਸ਼ਖ਼ਸੀਅਤਾਂ ਵੀ ਮੌਜੂਦ ਸਨ।

### ਮੋਦੀ ਸਰਕਾਰ ਘੱਟਗਿਣਤੀਆਂ...

ਕੁਚਲਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਪੰਜਾਬ ਨੂੰ ਪੁਲਸ ਰਾਜ ਵਿਚ ਬਦਲ ਦਿੱਤਾ ਗਿਆ ਹੈ। ਪੰਜਾਬ ਦੇ ਸਨਅਤਕਾਰਾਂ ਨਾਲ ਕੇਜਰੀਵਾਲ ਨੇ ਮੀਟਿੰਗ ਕਰਕੇ ਘੱਟੋ-ਘੱਟ ਉਜਰਤਾਂ ਵਿਚ 12 ਸਾਲਾਂ ਤੋਂ ਜਿਹੜਾ ਵਾਧਾ ਨਹੀਂ ਕੀਤਾ ਗਿਆ, ਉਸ ਬਾਰੇ ਵੀ ਦੜ ਵੱਟ ਲਈ ਹੈ। ਸੀ ਪੀ ਆਈ ਦੀ ਕੌਮੀ ਸਕੱਤਰ ਬੀਬੀ ਅਮਰਜੀਤ ਕੌਰ ਨੇ ਮੋਦੀ ਸਰਕਾਰ ਦੀਆਂ ਫਾਸ਼ਿਸਟ ਮਨੂਵਾਦੀ ਨੀਤੀਆਂ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਚੰਡੀਗੜ੍ਹ ਵਿਖੇ ਸੀ ਪੀ ਆਈ ਦੀ 25ਵੀਂ ਪਾਰਟੀ ਕਾਂਗਰਸ, ਜਿਹੜੀ 21 ਸਤੰਬਰ ਤੋਂ 25 ਸਤੰਬਰ ਤੱਕ ਹੋ ਰਹੀ ਹੈ, ਵਿਚ ਸਿਆਸੀ, ਆਰਥਿਕ ਅਤੇ ਕੌਮਾਂਤਰੀ ਨੀਤੀਆਂ ਬਾਰੇ ਵਿਚਾਰ-ਚਰਚਾ ਕੀਤੀ ਜਾਵੇਗੀ ਅਤੇ ਦੇਸ਼ ਅੰਦਰ ਭਾਜਪਾ ਦੇ ਫਿਰਕੂ ਕਾਰਪੋਰੇਟ ਗਠਜੋੜ ਵਾਲੀ ਸਰਕਾਰ ਨੂੰ ਸੱਤਾ ਤੋਂ ਲਾਹੁਣ ਲਈ ਵਿਸ਼ੇਸ਼ ਜਮਹੂਰੀ ਏਕਤਾ ਉਸਾਰਨ ਲਈ ਯੁੱਧ ਨੀਤੀ ਤਿਆਰ ਕੀਤੀ ਜਾਵੇਗੀ। ਪੰਜਾਬ ਸੀ ਪੀ ਆਈ ਦੇ ਸਕੱਤਰ ਬੰਤ ਸਿੰਘ ਬਰਾੜ ਨੇ ਦੱਸਿਆ ਕਿ ਪੰਜਾਬ ਸੀ ਪੀ ਆਈ ਵਿਚ 25ਵੀਂ ਪਾਰਟੀ ਕਾਂਗਰਸ ਨੂੰ ਸਫਲ ਬਣਾਉਣ ਲਈ ਪੂਰਾ ਉਤਸ਼ਾਹ ਪਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ 21 ਸਤੰਬਰ ਨੂੰ ਚੰਡੀਗੜ੍ਹ ਵਿਖੇ ਹਜ਼ਾਰਾਂ ਲੋਕਾਂ ਦੀ ਰੈਲੀ ਨਾਲ ਕਾਂਗਰਸ ਦਾ ਆਰੰਭ ਕੀਤਾ ਜਾਵੇਗਾ। ਉਹਨਾ ਕਿਹਾ ਕਿ ਦੇਸ਼ ਭਰ ਵਿਚੋਂ ਲਗਭਗ ਇਕ ਹਜ਼ਾਰ ਦੇ ਕਰੀਬ ਡੈਲੀਗੇਟ ਹਿੱਸਾ ਲੈਣਗੇ। ਪੰਜਾਬ ਸੀ ਪੀ ਆਈ ਨੇ ਡੇਢ ਕਰੋੜ ਰੁਪਏ ਫੰਡ ਇਕੱਠਾ ਕਰਨ ਦੀ ਯੋਜਨਾ ਵੀ ਬਣਾਈ ਹੈ।

### ...

ਮੁਤੱਲਕ ਦੋ ਹਫਤਿਆਂ ਦੇ ਅੰਦਰ ਹਲਫਨਾਮਾ ਦਾਖਲ ਕਰਨ ਲਈ ਕਿਹਾ ਹੈ। ਆਪਣੇ ਫੈਸਲਿਆਂ ਦਾ ਹਵਾਲਾ ਦਿੰਦਿਆਂ ਬੈਂਚ ਨੇ ਕਿਹਾ ਕਿ ਸਿਵਲ ਝਗੜਿਆਂ ਵਿੱਚ ਐੱਫ ਆਈ ਆਰ ਦਰਜ ਨਹੀਂ ਕੀਤੀ ਜਾ ਸਕਦੀ। ਬੈਂਚ ਨੇ ਸਟੇਸ਼ਨ ਹੈੱਡ ਅਫਸਰ (ਐੱਸ ਐੱਚ ਓ) ਜਾਂ ਗੌਤਮ ਬੁੱਧ ਨਗਰ ਜ਼ਿਲ੍ਹੇ ਦੇ ਇੱਕ ਪੁਲਸ ਸਟੇਸ਼ਨ ਦੇ ਜਾਂਚ ਅਧਿਕਾਰੀ ਨੂੰ ਇੱਕ ਹਲਫਨਾਮਾ ਦਾਇਰ ਕਰਨ ਲਈ ਕਿਹਾ ਹੈ ਕਿ ਦੀਵਾਨੀ ਮਾਮਲਿਆਂ ਵਿਚ ਫੌਜਦਾਰੀ ਕਾਨੂੰਨ ਨੂੰ ਕਿਉਂ ਲਾਗੂ ਕੀਤਾ ਗਿਆ ਸੀ। ਚੀਫ ਜਸਟਿਸ ਨੇ ਕਿਹਾ, "ਯੂ ਪੀ ਵਿੱਚ ਦਿਨੋ-ਦਿਨ ਕੁਝ ਅਜੀਬ ਅਤੇ ਹੈਰਾਨ ਕਰਨ ਵਾਲਾ ਹੋ ਰਿਹਾ ਹੈ। ਹਰ ਰੋਜ਼ ਸਿਵਲ ਮੁਕੱਦਮਿਆਂ ਨੂੰ ਅਪਰਾਧਕ ਮਾਮਲਿਆਂ ਵਿੱਚ ਬਦਲਿਆ ਜਾ ਰਿਹਾ ਹੈ। ਇਹ ਬੇਤੁਕਾ ਹੈ। ਸਿਰਫ ਪੈਸੇ ਨਾ ਦੇਣ ਨੂੰ ਅਪਰਾਧ ਵਿੱਚ ਨਹੀਂ ਬਦਲਿਆ ਜਾ ਸਕਦਾ। ਅਸੀਂ ਜਾਂਚ ਅਧਿਕਾਰੀ ਨੂੰ ਕਟਹਿਰੇ ਵਿੱਚ ਪੇਸ਼ ਹੋਣ ਦਾ ਹੁਕਮ ਦੇਵਾਂਗੇ। ਅਜਿਹਾ ਲੱਗਦਾ ਹੈ ਕਿ ਸੂਬੇ ਦੇ ਵਕੀਲ ਭੁੱਲ ਗਏ ਹਨ ਕਿ ਕਾਨੂੰਨੀ ਪ੍ਰਬੰਧ ਵਿੱਚ ਅਜਿਹਾ ਕੁਝ ਵੀ ਹੁੰਦਾ ਹੈ, ਜਿਸ ਨੂੰ 'ਦੀਵਾਨੀ ਦਾਇਰਾ ਅਖਤਿਆਰ' ਕਿਹਾ ਜਾਂਦਾ ਹੈ।"

ਇੱਕ ਵਕੀਲ ਦੇ ਇਹ ਕਹਿਣ 'ਤੇ ਸੁਪਰੀਮ ਕੋਰਟ ਨਾਖ਼ੁਸ਼ ਹੋ ਗਈ ਕਿ ਐੱਫ ਆਈ ਆਰਜ਼ ਇਸ ਕਾਰਨ ਦਰਜ ਕੀਤੀਆਂ ਜਾਂਦੀਆਂ ਹਨ, ਕਿਉਂਕਿ ਸਿਵਲ ਝਗੜਿਆਂ ਦੇ ਨਿਬੇੜੇ ਵਿਚ ਲੰਮਾ ਸਮਾਂ ਲੱਗਦਾ ਹੈ। ਬੈਂਚ ਨੇ ਪੁੱਛਿਆ, 'ਕਿਉਂਕਿ ਸਿਵਲ ਕੇਸਾਂ ਵਿੱਚ ਲੰਮਾ ਸਮਾਂ ਲੱਗਦਾ ਹੈ, ਤੁਸੀਂ ਐੱਫ ਆਈ ਆਰ ਦਰਜ ਕਰੋਗੇ ਅਤੇ ਅਪਰਾਧਕ ਕਾਨੂੰਨ ਨੂੰ ਲਾਗੂ ਕਰੋਗੇ?' ਸੁਪਰੀਮ ਕੋਰਟ ਨੇ ਨੋਇਡਾ ਦੇ ਸੈਕਟਰ-39 ਦੇ ਸੰਬੰਧਤ ਥਾਣੇ ਦੇ ਐੱਸ ਐੱਚ ਓ ਨੂੰ ਹੇਠਲੀ ਅਦਾਲਤ ਵਿੱਚ ਕਟਹਿਰੇ ਵਿੱਚ ਪੇਸ਼ ਹੋਣ ਅਤੇ ਕੇਸ ਵਿੱਚ ਐੱਫ ਆਈ ਆਰ ਦਰਜ ਕਰਨ ਦੀ ਕਾਰਵਾਈ ਨੂੰ ਜਾਇਜ਼ ਠਹਿਰਾਉਣ ਦਾ ਨਿਰਦੇਸ਼ ਦਿੱਤਾ। ਬੈਂਚ ਮੁਲਜ਼ਮਾਂ ਦੇਬੂ ਸਿੰਘ ਅਤੇ ਦੀਪਕ ਸਿੰਘ ਵੱਲੋਂ ਵਕੀਲ ਚਾਂਦ ਕੁਰੈਸ਼ੀ ਰਾਹੀਂ ਦਾਇਰ ਉਸ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ, ਜਿਸ ਵਿਚ ਅਲਾਹਾਬਾਦ ਹਾਈ ਕੋਰਟ ਨੇ ਇੱਕ ਕਾਰੋਬਾਰੀ ਦੀਪਕ ਬਹਿਲ ਨਾਲ ਪੈਸਿਆਂ ਦੇ ਝਗੜੇ ਵਿੱਚ ਉਨ੍ਹਾਂ ਵਿਰੁੱਧ ਦਰਜ ਫੌਜਦਾਰੀ ਕੇਸ ਨੂੰ ਰੱਦ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

ਸੁਪਰੀਮ ਕੋਰਟ ਨੇ ਨੋਇਡਾ ਦੀ ਹੇਠਲੀ ਅਦਾਲਤ ਵਿੱਚ ਪਟੀਸ਼ਨਰਾਂ ਖਿਲਾਫ ਅਪਰਾਧਕ ਕਾਰਵਾਈ 'ਤੇ ਰੋਕ ਲਗਾ ਦਿੱਤੀ, ਪਰ ਕਿਹਾ ਕਿ ਉਨ੍ਹਾਂ ਖਿਲਾਫ ਚੈੱਕ ਬਾਊਂਸ ਦਾ ਮਾਮਲਾ ਜਾਰੀ ਰਹੇਗਾ। ਉਨ੍ਹਾਂ ਵਿਰੁੱਧ ਆਈ ਪੀ ਸੀ ਦੀ ਧਾਰਾ 406 (ਭਰੋਸੇ ਦੀ ਅਪਰਾਧਕ ਉਲੰਘਣਾ), 506 (ਅਪਰਾਧਕ ਧਮਕੀ) ਤੇ 120ਬੀ (ਅਪਰਾਧਕ ਸਾਜ਼ਿਸ਼) ਦੇ ਤਹਿਤ ਨੋਇਡਾ ਵਿੱਚ ਐੱਫ ਆਈ ਆਰ ਦਰਜ ਕੀਤੀ ਗਈ ਸੀ।

## ਜੀ ਬੀ ਇੰਟਰਨੈਸ਼ਨਲ ਸਕੂਲ ਨੇ ਮਨਾਇਆ 17ਵਾਂ ਸਥਾਪਨਾ ਦਿਵਸ



**ਨਾਭਾ (ਵਰਿੰਦਰ ਵਰਮਾ)**-ਜੀ ਬੀ ਇੰਟਰਨੈਸ਼ਨਲ ਸਕੂਲ ਵਿਖੇ ਸਥਾਪਨਾ ਦਿਵਸ ਤੇ ਇਨਾਮ ਵੰਡ ਸਮਾਰੋਹ ਬੜੇ ਹੀ ਉਤਸ਼ਾਹ ਨਾਲ ਕਰਾਇਆ ਗਿਆ। ਸਮਾਗਮ ਦੀ ਸ਼ੁਰੂਆਤ ਸਕੂਲ ਦੇ ਚੇਅਰਮੈਨ ਸੰਦੀਪ ਬਾਂਸਲ ਤੇ ਸਕੂਲ ਡਾਇਰੈਕਟਰ ਅੰਸ਼ੂ ਬਾਂਸਲ ਜੀ ਵੱਲੋਂ ਦੀਪ ਜਗਾ ਕੇ ਕੀਤੀ ਗਈ। ਸਮਾਗਮ ਦਾ ਮੁੱਖ ਉਦੇਸ਼ ਸਕੂਲ ਦੇ ਇਤਿਹਾਸ ਨੂੰ ਯਾਦ ਕਰਨਾ ਤੇ ਵਿਦਿਆਰਥੀਆਂ ਦੀਆਂ ਪਿਛਲੇ ਸਾਲ ਦੀਆਂ ਪ੍ਰਾਪਤੀਆਂ ਦਾ ਸਨਮਾਨ ਕਰਨਾ ਤੇ ਉਨ੍ਹਾਂ ਨੂੰ ਅੱਗੇ ਵਧਣ ਲਈ ਪ੍ਰੇਰਿਤ ਕਰਨਾ ਸੀ। ਇਸ ਦੌਰਾਨ ਵਿਦਿਆਰਥੀਆਂ ਨੇ ਵੱਖ-ਵੱਖ ਸੱਭਿਆਚਾਰਕ ਪ੍ਰੋਗਰਾਮਾਂ ਜਿਵੇਂ ਸੰਗੀਤ, ਭਾਸ਼ਣ, ਨਾਟਕ ਆਦਿ ਦੁਆਰਾ ਸਕੂਲ ਦੇ ਮਾਹੌਲ ਨੂੰ ਵਿਸ਼ੇਸ਼ ਬਣਾ ਦਿੱਤਾ। ਭਾਸ਼ਣ ਰਾਹੀਂ ਵਿਦਿਆਰਥੀਆਂ ਨੇ ਭਵਿੱਖ ਪ੍ਰਤੀ ਜੀ ਬੀ ਇੰਟਰਨੈਸ਼ਨਲ ਸਕੂਲ ਦੀ ਵਚਨਬੱਧਤਾ ਦਾ ਨਿਚੋੜ ਪੇਸ਼ ਕੀਤਾ। ਇਸ ਤੋਂ ਇਲਾਵਾ ਵਿਦਿਆਰਥੀਆਂ ਵੱਲੋਂ ਪੇਸ਼ ਆਕਰਸ਼ਕ ਪੰਜਾਬੀ ਨਾਟਕ 'ਪਵਣੁ ਗੁਰੂ ਪਾਨੀ ਪਿਤਾ ਮਾਤਾ ਧਰਤਿ ਮਹਤੁ' ਰਾਹੀਂ ਵਾਤਾਵਰਣ ਦੀ ਸੰਭਾਲ ਦਾ ਸੁਨੇਹਾ ਦਿੱਤਾ ਗਿਆ। ਇਸ ਤੋਂ ਬਾਅਦ ਹਾਲ ਹੀ ਵਿੱਚ ਹੋਈ ਸਾਲਾਨਾ ਪ੍ਰੀਖਿਆ ਵਿੱਚ ਚੰਗੇ ਅੰਕ ਲੈ ਕੇ ਪਾਸ ਹੋਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਸਕੂਲ ਦੇ ਚੇਅਰਮੈਨ ਸੰਦੀਪ ਬਾਂਸਲ ਨੇ ਸਨਮਾਨਤ ਵਿਦਿਆਰਥੀਆਂ ਨੂੰ ਕਦਰਾਂ-ਕੀਮਤਾਂ ਬਾਰੇ ਆਪਣੇ ਸੁਚੱਜੇ ਸਬਦਾਂ ਨਾਲ ਸੰਬੋਧਨ ਕਰਦੇ ਹੋਏ ਕਿਹਾ ਕਿ ਇਹ ਉਹ ਅਧਾਰ ਹਨ, ਜਿਨ੍ਹਾਂ 'ਤੇ ਜੀਵਨ ਦਾ ਨਿਰਮਾਣ ਹੁੰਦਾ ਹੈ, ਚਰਿੱਤਰ ਨੂੰ ਆਕਾਰ ਮਿਲਦਾ ਹੈ ਤੇ ਕਿਸਮਤ ਵੀ ਤੈਅ ਹੁੰਦੀ ਹੈ। ਇਸ ਲਈ ਪੜ੍ਹਾਈ ਦੇ ਨਾਲ-ਨਾਲ ਆਪਣੇ ਜੀਵਨ ਵਿੱਚ ਕਦਰਾਂ-ਕੀਮਤਾਂ ਨੂੰ ਅਪਨਾਉਣਾ ਜ਼ਰੂਰੀ ਹੈ। ਸਕੂਲ ਦੀ ਵਾਈਸ ਪ੍ਰਿੰਸੀਪਲ ਦਿਵਿਆ ਸ਼ਰਮਾ ਜੀ ਨੇ ਇਨਾਮ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਵੀ ਸਖਤ ਮਿਹਨਤ ਕਰਨ ਦਾ ਦ੍ਰਿੜ ਸੰਕਲਪ ਲੈਣ ਲਈ ਪ੍ਰੇਰਿਤ ਕੀਤਾ।

## ਸਰਕਾਰੀ ਸਕੂਲਾਂ ਦੀ ਬਦਲੀ ਨੁਹਾਰ ਲਈ ਸਰਕਾਰ ਵਚਨਬੱਧ : ਖੁੱਡੀਆਂ



**ਲੰਬੀ/ਮਲੋਟ, (ਗੁਰਮੀਤ ਸਿੰਘ ਮੱਕੜ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਸਹਿਯੋਗ ਨਾਲ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਕ੍ਰਾਂਤੀ ਲਿਆਉਣ ਲਈ ਕਰੋੜਾਂ ਫੰਡ ਜਾਰੀ ਹੋਏ ਹਨ, ਜਿਸ ਨਾਲ ਜਿੱਥੇ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਹੈ ਉੱਥੇ ਬਣੇ ਸਮਾਰਟ ਕਮਰੇ ਸਕੂਲਾਂ ਨੂੰ ਚਾਰ ਚੰਨ ਲਾਉਂਦੇ ਹਨ। ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਫੰਡਾਂ ਨਾਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੰਡੀ ਕਿੱਲਿਆਂਵਾਲੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਕਿਲਿਆਂਵਾਲੀ, ਸਰਕਾਰੀ ਪ੍ਰਾਇਮਰੀ ਸਕੂਲ ਸਿੱਖਾਂਵਾਲਾ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿੱਖਵਾਲਾ ਵਿਖੇ ਬਣੇ ਸਮਾਰਟ ਕਮਰਿਆਂ ਦਾ ਉਦਘਾਟਨ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਰਕਾਰੀ ਸਕੂਲਾਂ ਵਿੱਚ ਗੁਣਾਤਮਕ ਸਿੱਖਿਆ ਲਈ ਵਚਨਬੱਧ ਹੈ। ਇਸ ਦੇ ਨਾਲ-ਨਾਲ ਸਰਕਾਰ ਵੱਲੋਂ ਵਿਦਿਆਰਥੀਆਂ ਦੀ ਪੜ੍ਹਾਈ ਲਈ ਕਰੋੜਾਂ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਜਿਸ ਨਾਲ ਸਮਾਰਟ ਕਮਰਿਆਂ ਦੀ ਉਸਾਰੀ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਤੇ ਸਿਹਤ ਸਹੂਲਤਾਂ ਦੇਣ ਲਈ ਵਚਨਬੱਧ ਹੈ ਅਤੇ ਇਸ ਤੇ ਸੁਹਿਰਦਤਾ ਨਾਲ ਕੰਮ ਕਰ ਰਹੀ ਹੈ। ਇਸੇ ਲੜੀ ਤਹਿਤ ਸਰਕਾਰੀ ਸਕੂਲਾਂ ਵਿੱਚ ਨਵੇਂ ਬਣੇ ਕਮਰਿਆਂ ਦਾ ਉਦਘਾਟਨ ਕੀਤਾ ਗਿਆ ਹੈ, ਜੋ ਪ੍ਰੋਜੈਕਟਰ, ਉੱਚ ਕੋਟੀ ਦੇ ਮਜਬੂਤ ਡੈਸਕ ਤੇ ਹੋਰ ਆਧੁਨਿਕ ਸਹੂਲਤਾਂ ਨਾਲ ਲੈਸ ਹਨ, ਜਿਸ ਨਾਲ ਵਿਦਿਆਰਥੀਆਂ ਵਧੀਆ ਢੰਗ ਨਾਲ ਸਿੱਖਿਆ ਹਾਸਲ ਕਰ ਸਕਣਗੇ। ਉਨ੍ਹਾਂ ਸਮੂਹ ਮਾਤਾ-ਪਿਤਾ ਤੇ ਸਮਾਜਿਕ ਭਾਈਚਾਰੇ ਨੂੰ ਅਪੀਲ ਕੀਤੀ ਕਿ ਸਰਕਾਰੀ ਸਹੂਲਤਾਂ ਦਾ ਲਾਭ ਪ੍ਰਾਪਤ ਕਰਨ ਲਈ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਓ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਜਸਪਾਲ ਮੋਂਗਾ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਸ੍ਰੀ ਰਾਜਿੰਦਰ ਕੁਮਾਰ ਸੋਨੀ ਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀ. ਸਿੱਖਿਆ ਸ੍ਰੀ ਅਜੇ ਕੁਮਾਰ ਸ਼ਰਮਾ, ਜਸਵਿੰਦਰ ਪਾਲ ਸ਼ਰਮਾ, ਬੀਐਨਓ ਲੰਬੀ ਓਮਨਦੀਪ ਸਿੰਘ ਹਾਜ਼ਰ ਸਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134
Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri
ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਨਸ਼ਿਆਂ ਵਿਰੁੱਧ ਯੁੱਧ ਮੁਹਿੰਮ ਤਹਿਤ ਰਾਜਪਾਲ ਵੱਲੋਂ 5ਵੇਂ ਦਿਨ ਪੈਦਲ ਯਾਤਰਾ

## * ਕੱਲ੍ਹ ਜਲ੍ਹਿਆਂਵਾਲਾ ਬਾਗ ਵਿਖੇ ਹੋਵੇਗੀ ਮਾਰਚ ਦੀ ਸਮਾਪਤੀ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਰਾਜਪਾਲ ਪੰਜਾਬ ਗੁਲਾਬ ਚੰਦ ਕਟਾਰੀਆ ਵੱਲੋਂ ਪੰਜਾਬ ਸਰਕਾਰ ਦੀ ਨਸ਼ਿਆਂ ਵਿਰੁੱਧ ਯੁੱਧ ਮੁਹਿੰਮ ਤਹਿਤ ਲੋਕਾਂ ਨੂੰ ਜਾਗਰੂਕ ਕਰਨ ਵਾਸਤੇ ਡੇਰਾ ਬਾਬਾ ਨਾਨਕ ਦੀ ਪਵਿੱਤਰ ਧਰਤੀ ਤੋਂ ਸ਼ੁਰੂ ਕੀਤਾ ਗਿਆ ਪੈਦਲ ਮਾਰਚ ਅੱਜ ਪੰਜਵੇਂ ਦਿਨ ਅੰਮ੍ਰਿਤਸਰ ਵਿੱਚ ਦਾਖਲ ਹੋਇਆ। ਮਾਰਚ ਦੀ ਅਗਵਾਈ ਕਰ ਰਹੇ ਰਾਜਪਾਲ ਪੰਜਾਬ ਨੇ ਰਾਜ ਵਿੱਚੋਂ ਨਸ਼ੇ ਦੇ ਖਾਤਮੇ ਲਈ ਲੋਕਾਂ ਦਾ ਸਹਿਯੋਗ ਮੰਗਦਿਆਂ ਕਿਹਾ ਕਿ ਪੰਜਾਬ ਗੁਰੂਆਂ, ਪੀਰਾਂ, ਯੋਧਿਆਂ, ਪੈਗੰਬਰਾਂ, ਖਿਡਾਰੀਆਂ, ਦੇਸ਼ ਭਗਤਾਂ ਦੀ ਧਰਤੀ ਕਰਕੇ ਜਾਣਿਆ ਜਾਂਦਾ ਹੈ ਅਤੇ ਇਸ ਦੀ ਇਹੀ ਪਹਿਚਾਣ ਬਣੀ ਰਹਿਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਜਦੋਂ ਵੀ ਦੇਸ਼ ਉੱਤੇ ਕੋਈ ਸੰਕਟ ਪਿਆ ਹੈ ਤਾਂ ਪੰਜਾਬ ਵਾਸੀਆਂ ਨੇ ਅੱਗੇ ਹੋ ਕੇ ਇਸ ਦਾ ਸਾਹਮਣਾ ਕੀਤਾ ਹੈ, ਚਾਹੇ ਉਹ ਦੁਸ਼ਮਣ ਵੱਲੋਂ ਕੀਤਾ ਗਿਆ ਵਾਰ ਹੋਵੇ, ਦੇਸ਼ ਨੂੰ ਭਾਰੀ ਅਨਾਜ ਦੀ ਲੋੜ ਹੋਵੇ ਜਾਂ ਦੇਸ਼ ਨੂੰ ਪਏ ਹਥਿਆਰਾਂ ਦੀ ਲੋੜ ਹੋਵੇ, ਪੰਜਾਬ ਹਮੇਸ਼ਾ ਅੱਗੇ ਹੋ ਕੇ ਦੇਸ਼ ਲਈ ਖੜ੍ਹਿਆ ਹੈ। ਦੇਸ਼ ਦੀ ਆਜ਼ਾਦੀ ਲਹਿਰ ਵਿੱਚ ਵੀ ਪੰਜਾਬ ਦੇ ਸੂਰਬੀਰਾਂ ਨੇ ਸਭ ਤੋਂ ਵੱਧ ਕੁਰਬਾਨੀਆਂ ਕੀਤੀਆਂ ਹਨ। ਉਹਨਾਂ ਕਿਹਾ ਕਿ ਬੀਤੇ ਸਮੇਂ ਵਿੱਚ ਨਸ਼ੇ ਦਾ ਘੁਣ ਪੰਜਾਬ ਨੂੰ ਲੱਗਾ ਹੈ ਜਿਸ ਨੂੰ ਖੁਰਚ ਦੇਣ ਦੀ ਲੋੜ ਹੈ। ਉਹਨਾਂ ਕਿਹਾ ਕਿ ਨਸ਼ੇ ਦੇ ਖਾਤਮੇ ਲਈ ਰਾਜਪਾਲ ਪੰਜਾਬ ਜਾਂ ਪੰਜਾਬ ਸਰਕਾਰ ਇਕੱਲੀ ਕੁਝ ਨਹੀਂ ਕਰ ਸਕਦੀ। ਜਿੰਨਾ ਚਿਰ ਤੁਹਾਡਾ ਸਾਥ ਨਹੀਂ ਮਿਲਦਾ ਨਸ਼ਿਆਂ ਵਿਰੁੱਧ ਯੁੱਧ ਵਿੱਚ ਜਿੱਤ ਅਸੰਭਵ ਹੈ। ਉਹਨਾਂ ਕਿਹਾ ਕਿ ਯੂਨੀਵਰਸਿਟੀਆਂ ਅਤੇ ਕਾਲਜਾਂ ਨੂੰ ਖੇਡਾਂ ਦੇ ਵਿਸ਼ਵ ਪੱਧਰੀ ਮੈਦਾਨ ਤਿਆਰ ਕਰਨੇ ਚਾਹੀਦੇ ਹਨ ਤਾਂ ਕਿ ਬੱਚੇ ਖੇਡਾਂ ਲਈ ਉਤਸ਼ਾਹਤ ਹੋਣ। ਉਹਨਾਂ ਕਿਹਾ ਕਿ ਨਸ਼ਾ ਕੇਵਲ ਪੰਜਾਬ ਦੀ ਸਮੱਸਿਆ ਨਹੀਂ, ਇਹ ਸਾਰੇ ਦੇਸ਼ ਵਿੱਚ ਹੀ ਹੈ ਪਰ ਪੰਜਾਬ ਵਿੱਚ ਇਹ ਸਮੱਸਿਆ ਥੋੜ੍ਹਾ ਜ਼ਿਆਦਾ ਹੈ। ਸਰਹੱਦੀ ਸੂਬਾ ਹੋਣ ਕਰਕੇ ਇੱਥੇ ਨਸ਼ੇ ਦੀ ਮੌਜੂਦਗੀ ਵੱਧ ਹੈ, ਸੋ ਇਸ ਕਰਕੇ ਸਾਨੂੰ ਧਿਆਨ ਦੇਣ ਦੀ ਲੋੜ ਹੈ।ਅੱਜ ਇਸ ਮਾਰਚ ਵਿੱਚ ਅੰਤਰਰਾਸ਼ਟਰੀ ਹਾਕੀ ਖਿਡਾਰੀ ਤੇਜ ਵੀਰ ਸਿੰਘ ਹੁੰਦਲ ਅਤੇ ਜੁਗਰਾਜ ਸਿੰਘ ਨੇ ਵੀ ਹਿੱਸਾ ਲਿਆ। ਇਸ ਤੋਂ ਇਲਾਵਾ ਸੰਸਦ ਮੈਂਬਰ ਵਿਕਰਮਜੀਤ ਸਾਹਨੀ, ਅਵਿਨਾਸ਼ ਰਾਏ ਖੰਨਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪਕੁਲਪਤੀ ਡਾ. ਕਰਮਜੀਤ ਸਿੰਘ, ਲਕਸ਼ਮੀ ਕਾਂਤਾ ਚਾਵਲਾ, ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ, ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ, ਵਰਲਡ ਪੰਜਾਬੀ ਆਰਗਨਾਈਜੇਸ਼ਨ ਦੇ ਵਾਈਸ ਪ੍ਰਧਾਨ ਕਰਨ ਗਲਹੋਤਰਾ ਅਤੇ ਹੋਰ ਪ੍ਰਮੁੱਖ ਸ਼ਖਸੀਅਤਾਂ ਵੀ ਪੈਦਲ ਮਾਰਚ ਵਿੱਚ ਸ਼ਾਮਿਲ ਹੋਈਆਂ। ਰਸਤੇ ਵਿੱਚ ਸ਼ਹਿਰ ਦੀਆਂ ਟਰੇਡ, ਸਨਅਤ ਅਤੇ ਕਾਰੋਬਾਰ ਨਾਲ ਹੋਰ ਜੁੜੀਆਂ ਐਸੋਸੀਏਸ਼ਨ ਵੱਲੋਂ ਰਾਜਪਾਲ ਪੰਜਾਬ ਦਾ ਸਨਮਾਨ ਕੀਤਾ ਗਿਆ।




ਇਸ ਉਪਰੰਤ ਰਾਜਪਾਲ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਪੇਂਡੂ ਸੁਰੱਖਿਆ ਕਮੇਟੀਆਂ ਦੇ ਨਾਲ ਮੀਟਿੰਗ ਕੀਤੀ। ਉਹਨਾਂ ਨਾਲ ਹੀ ਪ੍ਰਸ਼ਾਸਨ ਨੂੰ ਵੀ ਕਿਹਾ ਕਿ ਸੁਰੱਖਿਆ ਕਮੇਟੀਆਂ ਨੂੰ ਮਜ਼ਬੂਤ ਕੀਤਾ ਜਾਵੇ।

# ਵਾਰਿਸ ਸ਼ਾਹ ਫ਼ਾਊਂਡੇਸ਼ਨ ਵੱਲੋਂ ਡਾ. ਅਟਵਾਲ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਵਾਰਿਸ ਸ਼ਾਹ ਫ਼ਾਊਂਡੇਸ਼ਨ ਵੱਲੋਂ ਪੰਜਾਬੀ ਦੇ ਹਰਮਨ ਪਿਆਰੇ ਅਧਿਆਪਕ, ਕਵੀ, ਆਲੋਚਕ ਤੇ ਸਮਾਜਸੇਵੀ ਡਾ. ਹਰਜਿੰਦਰ ਸਿੰਘ ਅਟਵਾਲ ਦੀ ਬੇਵਕਤੀ ਮੌਤੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਫ਼ਾਊਂਡੇਸ਼ਨ ਦੇ ਪ੍ਰਧਾਨ ਡਾ. ਬਿਕਰਮ ਸਿੰਘ ਘੁੰਮਣ, ਜਨਰਲ ਸਕੱਤਰ ਡਾ. ਚਰਨਜੀਤ ਸਿੰਘ ਗੁਮਟਾਲਾ, ਪ੍ਰੈਸ ਸਕੱਤਰ ਅੰਮ੍ਰਿਤ ਲਾਲ ਮੰਨਣ, ਡਾ. ਬ੍ਰਿਜਪਾਲ ਸਿੰਘ, ਡਾ. ਇਕਬਾਲ ਕੌਰ ਸੌਂਦ, ਇਕਬਾਲ ਸਿੰਘ ਬਮਰਾਅ ਤੇ ਸਮੂਹ ਮੈਂਬਰਾਨ ਵਲੋਂ ਜਾਰੀ ਇੱਕ ਸਾਂਝੇ ਬਿਆਨ ਵਿਚ ਕਿਹਾ ਗਿਆ ਹੈ ਕਿ ਉਨ੍ਹਾਂ ਦੇ ਅਕਾਲ ਚਲਾਣੇ ਨਾਲ ਕਦੇ ਵੀ ਨਾ ਪੂਰਾ ਕੀਤਾ ਜਾਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਨੇ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਜਲੰਧਰ ਵਾਲੇ ਰਿਜਨਲ ਸੈਂਟਰ ਵਿਚ ਬਤੌਰ ਪੰਜਾਬੀ ਲੈਕਚਰਾਰ ਸੇਵਾ ਕੀਤੀ। ਉਨ੍ਹਾਂ ਨੇ ਨਵਾਂ ਜ਼ਮਾਨਾ ਵਿਚ ਵੀ ਬਤੌਰ ਸਾਹਿਤਕ ਸੰਪਾਦਕ ਕੰਮ ਕੀਤਾ।ਉਹ ਬਹੁਤ ਸਾਰੀਆਂ ਸਾਹਿਤਕ ਸੰਸਥਾਵਾਂ ਵਿਚ ਕਈ ਆਹੁਦਿਆਂ 'ਤੇ ਰਹੇ।ਉਹ ਕੇਂਦਰੀ ਸਾਹਿਤ ਸਭਾ ਦੀਆਂ 2023 ਵਿਚ ਹੋਈਆਂ ਚੋਣਾਂ ਵਿਚ ਸੀਨੀਅਰ ਮੀਤ ਪ੍ਰਧਾਨ ਚੁਣੇ ਗਏ। ਉਹ ਪੰਜਾਬੀ ਰਾਈਟਰਜ਼ ਕੋ-ਆਪਰੇਟਿਵ ਸੁਸਾਇਟੀ ਲਿਮਟਿਡ ਲੁਧਿਆਣਾ ਦੇ ਸਕੱਤਰ ਸਨ।ਉਨ੍ਹਾਂ ਨੇ ਬਹਤ ਸਾਰੀਆਂ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ। ਉਹ ਅੱਜ ਭਾਵੇਂ ਸਾਡੇ ਵਿੱਚ ਨਹੀਂ ਰਹਿ ਪਰ ਉਨ੍ਹਾਂ ਵੱਲੋਂ ਪੰਜਾਬੀ ਸਾਹਿਤ ਲਈ ਪਾਏ ਵਡਮੁੱਲੇ ਯੋਗਦਾਨ ਲਈ ਉਨ੍ਹਾਂ ਨੂੰ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ।

# 10 ਸਾਲਾਂ ਦੌਰਾਨ ਜਾਰੀ ਹੋਈਆਂ ਗਰਾਂਟਾਂ ਦੀ ਹੋਵੇਗੀ ਵਿਜੀਲੈਂਸ ਜਾਂਚ : ਵਿਧਾਇਕ ਲਾਲਪੁਰਾ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਬੀਤੇ 10 ਸਾਲਾਂ ਦੌਰਾਨ ਵਿਧਾਨ ਸਭਾ ਹਲਕਾ ਖਡੂਰ ਸਾਹਿਬ ਦੇ ਵੱਖ-ਵੱਖ ਪਿੰਡਾਂ ਨੂੰ ਸਰਕਾਰ ਵੱਲੋਂ ਵਿਕਾਸ ਕਾਰਜਾਂ ਲਈ ਜਾਰੀ ਹੋਈਆਂ ਗਰਾਂਟਾਂ ਦੀ ਗਲਤ ਵਰਤੋਂ ਕਰਨ ਵਾਲਿਆਂ ਦੀ ਹੁਣ ਖੈਰ ਨਹੀਂ ਹੋਵੇਗੀ, ਕਿਉਂਕਿ ਘਪਲੇ ਕਰਨ ਵਾਲਿਆਂ ਦੀ ਹੁਣ ਵਿਜੀਲੈਂਸ ਜਾਂਚ ਕਰਨ ਉਪਰੰਤ ਬਣਦੀ ਕਾਰਵਾਈ ਅਮਲ 'ਚ ਜਲਦੀ ਲਿਆਉਂਦੇ ਹੋਏ ਪੁਲਸ ਕੇਸ ਦਰਜ ਕਰਵਾਉਣ ਸਬੰਧੀ ਕੋਈ ਦੇਰੀ ਨਹੀਂ ਕੀਤੀ ਜਾਵੇਗੀ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਖਡੂਰ ਸਾਹਿਬ ਤੋਂ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੇ ਆਪਣੇ ਦਫਤਰ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਪੱਤਰਕਾਰਾਂ ਨਾਲ ਕੀਤਾ। ਵਿਧਾਇਕ ਲਾਲਪੁਰਾ ਨੇ ਦੱਸਿਆ ਕਿ ਗੁਰੂਆਂ ਦੀ ਧਰਤੀ ਵਿਧਾਨ ਸਭਾ ਹਲਕਾ ਖਡੂਰ ਸਾਹਿਬ 'ਚ ਬੀਤੇ ਕਰੀਬ 10 ਸਾਲਾਂ ਦੇ ਸਮੇਂ ਦੌਰਾਨ ਜਾਰੀ ਹੋਈਆਂ ਵਿਕਾਸ ਕਾਰਜਾਂ ਸਬੰਧੀ ਗਰਾਂਟਾਂ ਦੀ ਜਾਂਚ ਕਰਨ ਦਾ ਉਨ੍ਹਾਂ ਨੇ ਬੀੜਾ ਚੁੱਕ ਲਿਆ ਹੈ।ਉਨ੍ਹਾਂ ਦੱਸਿਆ ਕਿ ਜਨਤਾ ਅਤੇ ਇੱਕ ਇੱਕ ਪੈਸੇ ਦਾ ਹਿਸਾਬ ਕਰਨ ਸਬੰਧੀ ਉਹਨਾਂ ਵਿਜੀਲੈਂਸ ਵਿਭਾਗ ਤੋਂ ਇਲਾਵਾ ਪੰਚਾਇਤੀ ਰਾਜ ਵਿਭਾਗ ਦੇ ਐਸ ਡੀ ਓ ਨੂੰ ਲਿਖਤੀ ਪੱਤਰ ਭੇਜਦੇ ਹੋਏ ਹਲਕੇ ਅਧੀਨ ਆਉਂਦੇ ਪਿੰਡ ਅਲਾਦੀਨਪੁਰ ਅਤੇ ਪਿੰਡ ਖਡੂਰ ਸਾਹਿਬ ਦੀ ਜਾਂਚ ਕਰਾਉਣ ਸਬੰਧੀ ਮੰਗ ਕੀਤੀ ਹੈ। ਉਹਨਾਂ ਦੱਸਿਆ ਕਿ ਪਿੰਡ ਅਲਾਦੀਨਪੁਰ ਨੂੰ ਬੀਤੇ 10 ਸਾਲ ਦੌਰਾਨ ਚਾਰ ਕਰੋੜ ਰੁਪਏ ਦੀ ਗਰਾਂਟ ਜਾਰੀ ਕੀਤੀ ਗਈ ਸੀ, ਜਿਸ ਚੋਂ ਵੱਡੇ ਪੱਧਰ 'ਤੇ ਘਪਲੇ ਹੋਣ ਦੀ ਸ਼ੰਕਾ ਜਤਾਈ ਜਾ ਰਹੀ ਹੈ। ਇਸੇ ਤਰ੍ਹਾਂ ਹਲਕੇ ਅਧੀਨ ਆਉਂਦੇ ਪਿੰਡ ਖਡੂਰ ਸਾਹਿਬ ਦੀ ਨਗਰੀ ਲਈ 8 ਕਰੋੜ ਰੁਪਏ ਦੀ ਗਰਾਂਟ ਜਾਰੀ ਕੀਤੀ ਗਈ ਸੀ। ਜਿਸ ਦੇ ਵੇਰਵਿਆਂ ਸਬੰਧੀ ਕਰਵਾਏ ਗਏ ਵਿਕਾਸ ਕਾਰਜਾਂ ਦੀ ਜਾਂਚ ਕਰਵਾਉਣ ਦੀ ਮੰਗ ਕੀਤੀ ਗਈ ਹੈ।ਲਾਲਪੁਰਾ ਨੇ ਦੱਸਿਆ ਕਿ ਇਸ 10 ਸਾਲਾਂ ਦੇ ਕਾਰਜ ਕਾਲ ਦੌਰਾਨ ਵੱਖ-ਵੱਖ ਸਿਆਸੀ ਪਾਰਟੀਆਂ ਸਮੇਤ ਆਮ ਆਦਮੀ ਪਾਰਟੀ ਦੇ ਸਰਪੰਚਾਂ ਵੱਲੋਂ ਕੀਤੇ ਗਏ ਵਿਕਾਸ ਕਾਰਜਾਂ ਦੀ ਜਾਂਚ ਨਿਰਪੱਖ ਢੰਗ ਨਾਲ ਕਰਾਉਣ ਦੀ ਮੰਗ ਕੀਤੀ ਗਈ ਹੈ।ਉਹਨਾਂ ਦੱਸਿਆ ਕਿ ਇਨ੍ਹਾਂ ਦੋਵਾਂ ਪਿੰਡਾਂ ਲਈ ਸਰਕਾਰ ਵੱਲੋਂ 12 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਸੀ ਪਰ ਇਸ ਰਾਸ਼ੀ ਨਾਲ ਕਰਵਾਏ ਗਏ ਵਿਕਾਸ ਕਾਰਜ ਪਿੰਡ ਵਾਸੀਆਂ ਨੂੰ ਜ਼ਿਆਦਾਤਰ ਨਜ਼ਰ ਨਹੀਂ ਆ ਰਹੇ।

ਲਾਲਪੁਰਾ ਨੇ ਇਹ ਵੀ ਦੱਸਿਆ ਕਿ ਹਰ ਦਸ ਦਿਨਾਂ ਬਾਅਦ ਉਹ ਹਲਕੇ ਦੇ ਇੱਕ ਪਿੰਡ ਦਾ ਚਿੱਠਾ ਖੋਲ੍ਹ ਕੇ ਮੀਡੀਆ ਸਾਹਮਣੇ ਰੱਖਣਗੇ ਤੇ ਲੋੜ ਪੈਣ 'ਤੇ ਵਿਜੀਲੈਂਸ ਜਾਂਚ ਪਹਿਲ ਦੇ ਅਧਾਰ 'ਤੇ ਕਰਵਾਈ ਜਾਵੇਗੀ। ਲਾਲਪੁਰਾ ਨੇ ਖਦਸ਼ਾ ਜਤਾਉਂਦੇ ਹੋਏ ਕਿਹਾ ਕਿ ਪਿੰਡ ਅਲਾਦੀਨਪੁਰ ਵਿਖੇ ਕਰੀਬ ਇਕ ਕਰੋੜ ਰੁਪਏ ਦੀ ਹੇਰਾਫੇਰੀ ਹੋਣ ਦਾ ਮਾਮਲਾ ਸਾਹਮਣੇ ਆ ਰਿਹਾ ਹੈ ਅਤੇ ਪਿੰਡ ਖਡੂਰ ਸਾਹਿਬ ਵਿੱਚ ਵੱਡੀ ਗਿਣਤੀ ਦੌਰਾਨ ਘਪਲੇਬਾਜ਼ੀ ਸਾਹਮਣੇ ਆ ਰਹੀ ਹੈ ਜਿਸ ਦੀ ਵਿਜੀਲੈਂਸ ਵੱਲੋਂ ਜਾਂਚ ਕਰਵਾਈ ਜਾ ਰਹੀ ਹੈ ਜਿਸ ਵਿੱਚ ਦੋਸ਼ੀ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ ਭਾਵੇਂ ਉਹ ਸਰਕਾਰੀ ਅਧਿਕਾਰੀ ਅਤੇ ਕਰਮਚਾਰੀ ਹੀ ਕਿਉਂ ਨਾ ਹੋਵੇ।

# ਸਿੱਖਿਆ ਕ੍ਰਾਂਤੀ ਅਧੀਨ ਵੱਖ-ਵੱਖ ਸਕੂਲਾਂ 'ਚ ਪ੍ਰੋਜੈਕਟਾਂ ਦੇ ਕੀਤੇ ਉਦਘਾਟਨ

ਪਠਾਨਕੋਟ (ਦਵਿੰਦਰ ਸਿੰਘ)- ਭਗਵੰਤ ਸਿੰਘ ਮਾਨ ਮੁੱਖ ਮੰਤਰੀ ਦੀ ਯੋਗ ਅਗਵਾਈ ਅਤੇ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੀ ਯੋਗ ਅਗਵਾਈ ਅੰਦਰ ਸੂਬੇ 'ਚ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਸਿੱਖਿਆ ਪ੍ਰਦਾਨ ਕਰਨ ਦੇ ਉਦੇਸ਼ ਨਾਲ ਸਿੱਖਿਆ ਕ੍ਰਾਂਤੀ ਅਧੀਨ ਪੂਰੇ ਪੰਜਾਬ ਅੰਦਰ ਸਮਾਰੋਹ ਆਯੋਜਿਤ ਕੀਤੇ ਗਏ ਅਤੇ ਵੱਖ ਵੱਖ ਪ੍ਰੋਜੈਕਟਾਂ ਦੇ ਉਦਘਾਟਨ ਕੀਤੇ ਗਏ। 7 ਅਪ੍ਰੈਲ ਨੂੰ ਜ਼ਿਲ੍ਹਾ ਪਠਾਨਕੋਟ ਦੇ ਵੀ ਵੱਖ ਵੱਖ ਸਕੂਲਾਂ ਅੰਦਰ ਉਦਘਾਟਨ ਸਮਾਰੋਹ ਆਯੋਜਿਤ ਕੀਤੇ ਗਏ। ਇਨ੍ਹਾਂ ਵੱਖ ਵੱਖ ਸਕੂਲਾਂ ਅੰਦਰ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ, ਵਿਭੂਤੀ ਸ਼ਰਮਾ ਚੇਅਰਮੈਨ ਨਗਰ ਸੁਧਾਰ ਟਰੱਸਟ ਅਤੇ ਅੰਮਿਤ ਮੰਟੂ ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਸਿੱਖਿਆ ਕ੍ਰਾਂਤੀ ਅਧੀਨ ਕੀਤੇ ਜਾ ਰਹੇ ਵੱਖ ਵੱਖ ਸਮਾਰੋਹਾਂ ਅੰਦਰ ਪਹੁੰਚੇ ਅਤੇ ਲੱਖਾਂ ਰੁਪਏ ਦੇ ਪ੍ਰੋਜੈਕਟਾਂ ਦਾ ਉਦਘਾਟਨ ਕਰਕੇ ਲੋਕਾਂ ਨੂੰ ਸਮਰਪਿਤ ਕੀਤੇ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਜੇਸ ਕੁਮਾਰ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਪਠਾਨਕੋਟ, ਕਮਲਜੀਤ ਕੌਰ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਪਠਾਨਕੋਟ, ਅਮਨਦੀਪ ਕੁਮਾਰ ਡਿਪਟੀ ਡੀ.ਈ.ਓ. ਸੈਕੰਡਰੀ, ਡੀ.ਜੀ. ਸਿੰਘ ਡਿਪਟੀ ਡੀ.ਈ.ਓ. ਐਲੀਮੈਂਟਰੀ, ਨਰੇਸ਼ ਸੈਣੀ ਜ਼ਿਲ੍ਹਾ ਪ੍ਰਧਾਨ ਬੀ.ਸੀ. ਵਿੰਗ ਪਠਾਨਕੋਟ, ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ, ਵਿਜੈ ਕਟਾਰੂਚੱਕ, ਖੁਸ਼ਬੀਰ ਕਾਟਲ, ਕੁਲਦੀਪ ਭਟਵਾਂ ਬਲਾਕ ਪ੍ਰਧਾਨ, ਜੰਗ ਬਹਾਦੁਰ ਬਲਾਕ ਪ੍ਰਧਾਨ ਅਤੇ ਹੋਰ ਪਾਰਟੀ ਅਹੁਦੇਦਾਰ ਹਾਜ਼ਰ ਸਨ। ਅੱਜ ਜ਼ਿਲ੍ਹਾ ਪਠਾਨਕੋਟ ਵਿਖੇ ਵਿਧਾਨ ਸਭਾ ਹਲਕਾ ਭੋਆ ਅੰਦਰ ਸਰਕਾਰੀ ਪ੍ਰਾਇਮਰੀ ਸਕੂਲ ਸਾਲੋਵਾਲ ਵਿਖੇ 4.16 ਲੱਖ, ਸਰਕਾਰੀ ਪ੍ਰਾਇਮਰੀ ਸਕੂਲ ਤੰਗੋਸਾਹ ਵਿਖੇ 3.20 ਲੱਖ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤੰਗੋਸਾਹ ਵਿਖੇ 13.65 ਲੱਖ ਰੁਪਏ ਦੀਆਂ ਗ੍ਰਾਂਟਾਂ ਨਾਲ ਕੀਤੇ ਗਏ ਪ੍ਰੋਜੈਕਟਾਂ ਦਾ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਬਤੌਰ ਮੁੱਖ ਮਹਿਮਾਨ ਵਜੋਂ ਹਾਜ਼ਰ ਹੋ ਕੇ ਉਦਘਾਟਨ ਕੀਤੇ।ਇਸੇ ਹੀ ਤਰ੍ਹਾਂ ਵਿਧਾਨ ਸਭਾ ਹਲਕਾ ਸੁਜਾਨਪੁਰ ਦੇ ਵੱਖ ਵੱਖ ਸਕੂਲਾਂ ਅੰਦਰ ਅਮਿਤ ਮੰਟੂ ਹਲਕਾ ਇੰਚਾਰਜ-ਕਮ-ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਬਤੌਰ ਮੁੱਖ ਮਹਿਮਾਨ ਹਾਜ਼ਰ ਹੋਏ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਕਰੋਲੀ ਵਿਖੇ 9.99 ਲੱਖ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਨਵਾਲ ਵਿਖੇ 30 ਲੱਖ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਰੋਲੀ ਵਿਖੇ 18.09 ਲੱਖ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਝਿਕਲੀ ਕਰੋਲੀ ਵਿਖੇ 12.5 ਲੱਖ ਨਾਲ ਤਿਆਰ ਕੀਤੇ ਪ੍ਰੋਜੈਕਟਾਂ ਦੇ ਉਦਘਾਟਨ ਕੀਤੇ ਗਏ।ਇਸੇ ਹੀ ਤਰ੍ਹਾਂ ਵਿਧਾਨ ਸਭਾ ਹਲਕਾ ਪਠਾਨਕੋਟ ਵਿਖੇ ਵਿਭੂਤੀ ਸ਼ਰਮਾ ਹਲਕਾ ਇੰਚਾਰਜ ਪਠਾਨਕੋਟ-ਕਮ-ਚੇਅਰਮੈਨ ਨਗਰ ਸੁਧਾਰ ਟਰੱਸਟ ਪਠਾਨਕੋਟ ਬਤੌਰ ਮੁੱਖ ਮਹਿਮਾਨ ਹਾਜ਼ਰ ਹੋਏ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਢਾਂਗੂ ਰੋਡ ਪਠਾਨਕੋਟ ਵਿਖੇ 2 ਲੱਖ, ਸਰਕਾਰੀ ਪ੍ਰਾਇਮਰੀ ਸਕੂਲ ਮਾਡਲ ਟਾਊਨ (ਗਰਲਜ਼) ਪਠਾਨਕੋਟ ਵਿਖੇ 10.85 ਲੱਖ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੇ.ਐਫ.ਸੀ. ਪਠਾਨਕੋਟ ਵਿਖੇ 22.2 ਲੱਖ ਰੁਪਏਦੇ ਪ੍ਰੋਜੈਕਟਾਂ ਦੇ ਉਦਘਾਟਨ ਕੀਤੇ ਗਏ।ਇਸ ਮੌਕੇ ਕਟਾਰੂਚੱਕ ਨੇ ਕਿਹਾ ਕਿ ਅੱਜ ਪਹਿਲਾਂ ਨਾਲੋਂ ਸਰਕਾਰੀ ਸਕੂਲਾਂ ਵਿੱਚ ਬਹੁਤ ਬਦਲਾਅ ਆਏ ਹਨ।ਉਨ੍ਹਾਂ ਕਿਹਾ ਕਿ ਇਹ ਬਦਲਾਅ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਲੈ ਕੇ ਆਈ ਹੈ। ਸਕੂਲਾਂ ਅੰਦਰ ਭਾਰੀ ਬਦਲਾਅ ਤੋਂ ਬਾਅਦ ਲੋਕਾਂ ਦੀ ਸੋਚ ਬਦਲੀ ਹੈ ਅਤੇ ਅੱਜ ਸਕੂਲਾਂ ਅੰਦਰ ਬੱਚਿਆਂ ਦੀ ਸੰਖਿਆ ਵਿੱਚ ਵੀ ਭਾਰੀ ਵਾਧਾ ਹੋਇਆ ਹੈ।




# ਰਾਜਪਾਲ ਦਾ ਗੁਰੂ ਰਾਮਦਾਸ ਕਾਲਜ ਪੁੱਜਣ 'ਤੇ ਭਰਵਾਂ ਸਵਾਗਤ



ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਸ੍ਰੀ ਗੁਰੂ ਰਾਮਦਾਸ ਗਰੁੱਪ ਆਫ ਇੰਸਟੀਚਿਊਸ਼ਨਜ਼ ਪੰਧੇਰ ਵਿਖੇ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਵੱਲੋਂ ਪੁੱਜਣ 'ਤੇ ਭਰਵਾਂ ਸਵਾਗਤ ਕੀਤਾ ਗਿਆ। ਉਹ "ਯੁੱਧ ਨਸ਼ਿਆਂ ਵਿਰੁੱਧ" ਸ਼ੁਰੂ ਕੀਤੀ ਗਈ ਪੈਦਲ ਯਾਤਰਾ ਦੌਰਾਨ ਇਥੇ ਪਹੁੰਚੇ ਸਨ। ਉਨ੍ਹਾਂ ਦੇ ਇੱਥੇ ਪਹੁੰਚਣ 'ਤੇ ਕਾਲਜ ਮੈਨੇਜਮੈਂਟ ਵਲੋਂ ਡਾ. ਗੁਲਵਤਨ ਸਿੰਘ ਕੰਗ ਅਤੇ ਪ੍ਰੈਜ਼ੀਡੈਂਟ ਹਰਜਿੰਦਰਪਾਲ ਕੌਰ ਵਲੋਂ ਉਹਨਾਂ ਨੂੰ ਫੁੱਲਾਂ ਦੇ ਬੁੱਕੇ ਦੇ ਕੇ ਜੀ ਆਇਆਂ ਕਿਹਾ ਗਿਆ। ਉਪਰੰਤ ਉਹਨਾਂ ਵਲੋਂ ਗੁਬਾਰੇ ਛੱਡੇ ਗਏ ਅਤੇ ਐਨ.ਸੀ.ਸੀ. ਦੇ ਕੈਡਿਟ ਦੀ ਪਰੇਡ ਤੋਂ ਸਲਾਮੀ ਲਈ ਗਈ। ਬੱਚਿਆਂ ਵਲੋਂ ਰਾਸ਼ਟਰੀ ਗੀਤ ਪੇਸ਼ ਕੀਤਾ ਗਿਆ, ਜਿਸ ਉਪਰੰਤ ਕਟਾਰੀਆ ਨੇ ਵਿਦਿਆਰਥੀਆਂ ਅਤੇ ਇਲਾਕੇ ਦੇ ਹਾਜ਼ਰ ਮੋਹਤਬਰ ਵਿਅਕਤੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਨਸ਼ੇ ਹੀ ਦੇਸ਼ ਅਤੇ ਮਨੁੱਖ ਦੇ ਅਸਲ ਦੁਸ਼ਮਣ ਹਨ। ਉਹਨਾਂ ਕਿਹਾ ਕਿ ਨਸ਼ਿਆਂ ਦੇ ਖਾਤਮੇ ਵਾਸਤੇ ਸਾਨੂੰ ਸਾਰਿਆਂ ਨੂੰ ਇਕਜੁਟ ਹੋ ਕੇ ਇਸ ਦਾ ਮੁਕਾਬਲਾ ਕਰਨਾ ਚਾਹੀਦਾ ਹੈ। ਉਹਨਾਂ ਸਾਰਿਆਂ ਨੂੰ ਨਸ਼ੇ ਨਾ ਕਰਨ ਅਤੇ ਨਾ ਕਰਨ ਦੇਣ ਦੀ ਕਸਮ ਚੁਕਵਾਈ। ਕਾਲਜ ਦੇ ਪ੍ਰੈਜ਼ੀਡੈਂਟ ਹਰਜਿੰਦਰਪਾਲ ਕੌਰ, ਐੱਮ. ਡੀ. ਸ੍ਰੀ ਅਵਤਾਰ ਸਿੰਘ ਕੰਗ, ਡਾ. ਗੁਲਵਤਨ ਸਿੰਘ ਕੰਗ ਅਤੇ ਡਾ. ਆਨੰਦਜੀਤ ਕੌਰ ਵਲੋਂ ਰਾਜਪਾਲ ਕਟਾਰੀਆ ਨੂੰ ਸਨਮਾਨਿਤ ਕੀਤਾ ਗਿਆ। ਕਟਾਰੀਆ ਵਲੋਂ ਕਾਲਜ ਕੈਂਪਸ ਵਿੱਚ ਇੱਕ ਪੌਦਾ ਵੀ ਲਗਾਇਆ ਗਿਆ। ਕਾਲਜ ਦੀ ਚੇਅਰਪਰਸਨ ਹਰਜਿੰਦਰਪਾਲ ਕੌਰ ਨੇ ਇਸ ਮੌਕੇ ਗਵਰਨਰ ਨੂੰ ਨਸ਼ਿਆਂ ਸਬੰਧੀ ਲਿਖੀਆਂ ਆਪਣੀਆਂ ਦੋ ਕਿਤਾਬਾਂ ਭੇਟ ਕੀਤੀਆਂ।


ਇਸ ਮੌਕੇ ਵਿਵੇਕ ਪ੍ਰਤਾਪ ਸਿੰਘ ਪ੍ਰਿੰਸੀਪਲ ਸਕੱਤਰ ਗਵਰਨਰ ਪੰਜਾਬ, ਸ਼ਿਵਦੁਲਾਰ ਸਿੰਘ ਸਕੱਤਰ ਭਾਰਤੀ ਰੈੱਡ ਕਰਾਸ ਸੋਸਾਇਟੀ ਅਤੇ ਲਲਿਤ ਮੋਹਨ ਨੂੰ ਕਾਲਜ ਪ੍ਰਬੰਧਕਾਂ ਵਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਅੰਮ੍ਰਿਤਸਰ, ਡੀ.ਆਈ.ਜੀ. ਸਤਿੰਦਰ ਸਿੰਘ, ਐੱਸ. ਐੱਸ. ਪੀ. ਮਨਿੰਦਰ ਸਿੰਘ, ਐਡਵੋਕੇਟ ਮਨਦੀਪ ਸਿੰਘ ਬੋਪਾਰਾਏ, ਡੀ.ਐੱਸ.ਪੀ. ਗੁਰਬਿੰਦਰ ਸਿੰਘ ਔਲਖ, ਥਾਣਾ ਮੁਖੀ ਕਰਮਪਾਲ ਸਿੰਘ, ਪ੍ਰਿੰਸੀਪਲ ਡਾ. ਮੀਨੂੰ ਚੌਧਰੀ, ਪ੍ਰਿੰਸੀਪਲ ਡਾ. ਅਨਮੋਲਦੀਪ ਕੌਰ, ਪ੍ਰਿੰਸੀਪਲ ਸੁਪਨਦੀਪ ਕੌਰ, ਪ੍ਰਿੰਸੀਪਲ ਮਿਨਾਕਸ਼ੀ, ਪ੍ਰਿੰਸੀਪਲ ਸ਼ਿਫਾਲੀ ਸਮੇਤ ਸਮੂਹ ਸਟਾਫ਼, ਵਿਦਿਆਰਥੀ, ਮਾਪੇ ਅਤੇ ਪੰਚ ਸਰਪੰਚ ਹਾਜ਼ਰ ਸਨ।

# ਕਹਾਣੀਕਾਰ ਪ੍ਰੇਮ ਪ੍ਰਕਾਸ਼ ਤੇ ਡਾ. ਅਟਵਾਲ ਦੀ ਯਾਦ 'ਚ ਸਾਹਿਤਕ ਸਮਾਗਮ



ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)-ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਪੰਜਾਬੀ ਜ਼ੁਬਾਨ ਦੇ ਮਰਹੂਮ ਕਹਾਣੀਕਾਰ ਪ੍ਰੇਮ ਪ੍ਰਕਾਸ਼ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਡਾ. ਹਰਜਿੰਦਰ ਸਿੰਘ ਅਟਵਾਲ ਦੀ ਯਾਦ ਨੂੰ ਸਮਰਪਿਤ ਇਕ ਸਾਹਿਤਕ ਸਮਾਗਮ ਮੀਟਿੰਗ ਹਾਲ ਬਾਬਾ ਮੱਖਣ ਸ਼ਾਹ ਲੁਬਾਣਾ ਸਰਾਂ, ਬਾਬਾ ਬਕਾਲਾ ਸਾਹਿਬ ਵਿਖੇ ਕਰਵਾਇਆ ਗਿਆ। ਇਸ ਮੌਕੇ ਹਰਬੰਸ ਸਿੰਘ ਸਿੱਧੂ (ਅਮਰੀਕਾ) ਮੁੱਖ ਮਹਿਮਾਨ ਵਜੋਂ ਪੁੱਜੇ, ਜਦਕਿ ਪ੍ਰਧਾਨਗੀ ਮੰਡਲ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ਼ੇਲਿੰਦਰਜੀਤ ਸਿੰਘ ਰਾਜਨ, ਕਾਰਜਕਾਰਨੀ ਮੈਂਬਰ ਮਾ: ਮਨਜੀਤ ਸਿੰਘ ਵੱਸੀ, ਭਾਈ ਸ਼ੇਰ ਸਿੰਘ ਮੀਤ ਮੈਨੇਜਰ ਗੁ: ਨੌਵੀਂ ਪਾਤਸ਼ਾਹੀ, ਸੁਖਦੇਵ ਸਿੰਘ ਭੁੱਲਰ ਸਾ: ਸੀਨੀਅਰ ਮੈਂਬਰ ਪੰਜਾਬ ਸਕੂਲ ਸਿੱਖਿਆ ਬੋਰਡ, ਪ੍ਰਿੰਸੀਪਲ ਨਿਰਮਲ ਸਿੰਘ ਸਿੱਧੂ (ਸੇਂਟ ਸੋਲਜਰ ਸਕੂਲ), ਗਿਆਨੀ ਗੁਲਜ਼ਾਰ ਸਿੰਘ ਖੇੜਾ (ਪ੍ਰਧਾਨ ਸ਼੍ਰੋਮਣੀ ਪੰਜਾਬੀ ਸਾਹਿਤ ਸਭਾ ਜੰਡਿਆਲਾ ਗੁਰੂ), ਸ਼ਾਇਰ ਅਸ਼ੋਕ ਟਾਂਡੀ, ਸਭਾ ਦੇ ਸਰਪ੍ਰਸਤ ਪ੍ਰਿੰ: ਰਘਬੀਰ ਸਿੰਘ ਸੋਹਲ, ਪਧਾਨ ਸੰਤੋਖ ਸਿੰਘ ਗੁਰਾਇਆ ਆਦਿ ਸੁਸ਼ੋਭਿਤ ਹੋਏ। ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਜਿੱਥੇ ਉਕਤ ਦੋਵੇਂ ਮਹਾਨ ਸਾਹਿਤਕਾਰਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਉਨ੍ਹਾਂ ਦੀਆਂ ਸਾਹਿਤਕ ਸੇਵਾਵਾਂ ਨੂੰ ਯਾਦ ਕੀਤਾ, ਉਥੇ ਦੋ ਮਿੰਟ ਦਾ ਮੋਨ ਧਾਰਨ ਕਰਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਨਾਮਵਰ ਗਾਇਕ ਮੱਖਣ ਭੈਣੀਵਾਲਾ ਦੇ ਨਵੇਂ ਸੱਭਿਆਚਾਰਕ ਅਤੇ ਸਾਹਿਤਕ ਗੀਤ ਦਾ ਪੋਸਟਰ 'ਨੀਤਾਂ ਰੱਖੀਏ ਸਾਫ' ਨੂੰ ਸਮੁੱਚੇ ਪ੍ਰਧਾਨਗੀ ਮੰਡਲ ਵੱਲੋਂ ਰਲੀਜ਼ ਕੀਤਾ ਗਿਆ। ਇਸ ਮੌਕੇ ਹੋਏ ਕਵੀ ਦਰਬਾਰ ਵਿੱਚ ਪੰਜਾਬੀ ਸਾਹਿਤ ਸਭਾ (ਮਹਿਲਾ ਵਿੰਗ) ਦੀ ਪ੍ਰਧਾਨ ਮੈਡਮ ਸੁਖਵੰਤ ਕੌਰ ਵੱਸੀ, ਰਾਜਵਿੰਦਰ ਕੌਰ ਰਾਜ, ਸੁਰਿੰਦਰ ਖਿਲਚੀਆਂ, ਰਾਜਿੰਦਰ ਕੌਰ ਟਕਾਪੁਰ, ਗੁਰਨਾਮ ਕੌਰ ਬੱਲ, ਅਵਤਾਰ ਸਿੰਘ ਗੋਇੰਦਵਾਲੀਆ, ਨਵਦੀਪ ਸਿੰਘ ਬਦੇਸ਼ਾ, ਜਗਦੀਸ਼ ਸਿੰਘ ਬਮਰਾਹ, ਦਵਿੰਦਰ ਸਿੰਘ ਕਾਲੇ ਸ਼ਾਹ ਟਾਂਗਰਾ, ਲਸ਼ਮਣ ਸਿੰਘ, ਸਕੱਤਰ ਸਿੰਘ ਪੁਰੇਵਾਲ, ਬਲਵਿੰਦਰ ਸਿੰਘ ਅਠੌਲਾ, ਬਲਬੀਰ ਸਿੰਘ ਬੀਰ ਬੋਲੇਵਾਲੀਆ, ਅਜੀਤ ਸਿੰਘ ਸਠਿਆਲਵੀ, ਲਖਵਿੰਦਰ ਸਿੰਘ ਨੌਰੰਗਪੁਰੀ, ਸਰਬਜੀਤ ਸਿੰਘ ਪੱਡਾ ਆਦਿ ਨੇ ਕਾਵਿ ਰਚਨਾਵਾਂ ਪੇਸ਼ ਕੀਤੀਆਂ।


# ਕੈਬਨਿਟ ਮੰਤਰੀ ਵੱਲੋਂ ਗੁਰੂ ਅਰਜਨ ਦੇਵ ਮਾਰਗ ਤੋਂ ਸ਼ਰਾਬ ਦਾ ਠੇਕਾ ਬੰਦ ਕਰਵਾਉਣਾ ਸ਼ਲਾਘਾਯੋਗ ਕਦਮ : ਅਮਨ ਵਿਰਕ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)- ਪੰਜਾਬ ਦੇ ਬਿਜਲੀ ਅਤੇ ਲੋਕ ਨਿਰਮਾਣ ਵਿਭਾਗ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਹਾਲ ਹੀ ਵਿੱਚ ਤਰਨ ਤਾਰਨ ਬਾਈਪਾਸ, ਜੀ.ਟੀ. ਰੋਡ ਜੰਡਿਆਲਾ ਗੁਰੂ 'ਤੇ ਸ੍ਰੀ ਗੁਰੂ ਅਰਜਨ ਦੇਵ ਮਾਰਗ ਦੇ ਨਾਂਅ 'ਤੇ ਇੱਕ ਬਹੁਤ ਹੀ ਸੁੰਦਰ ਗੇਟ ਬਣਾਇਆ ਸੀ। ਇਸ ਸੁੰਦਰ ਗੇਟ ਦੇ ਨੇੜੇ ਇੱਕ ਸ਼ਰਾਬ ਦਾ ਠੇਕਾ ਅਤੇ ਮੀਟ ਦੀ ਦੁਕਾਨ ਚੱਲ ਰਹੀ ਸੀ, ਜਿਸ ਨੂੰ ਕੈਬਨਿਟ ਮੰਤਰੀ ਦੇ ਆਦੇਸ਼ਾਂ 'ਤੇ ਬੰਦ ਕਰ ਦਿੱਤਾ ਗਿਆ ਹੈ। ਕੈਬਨਿਟ ਮੰਤਰੀ ਦੇ ਇਸ ਫੈਸਲੇ ਕਾਰਨ ਪੂਰੇ ਇਲਾਕੇ ਦੀ ਸੰਗਤ ਵਿੱਚ ਖੁਸ਼ੀ ਦੀ ਲਹਿਰ ਹੈ। ਪੱਤਰਕਾਰ ਨਾਲ ਗੱਲਬਾਤ ਕਰਦਿਆਂ ਅਮਨ ਵਿਰਕ ਯੂਥ ਆਗੂ ਆਮ ਆਦਮੀ ਪਾਰਟੀ ਨੇ ਕਿਹਾ ਕਿ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਹਮੇਸ਼ਾ ਇਲਾਕਾ ਵਾਸੀਆਂ ਦੀ ਆਵਾਜ਼ ਸੁਣਦੇ ਹਨ। ਜਿਵੇਂ ਹੀ ਉਨ੍ਹਾਂ ਦੇ ਧਿਆਨ ਵਿੱਚ ਆਇਆ ਕਿ ਵਿਰਾਸਤੀ ਗੇਟ ਦੇ ਹੇਠਾਂ ਮੀਟ ਅਤੇ ਸ਼ਰਾਬ ਵੇਚੀ ਜਾ ਰਹੀ ਹੈ, ਉਨ੍ਹਾਂ ਤੁਰੰਤ ਇਸ ਨੂੰ ਬੰਦ ਕਰਵਾ ਦਿੱਤਾ। ਅਮਨ ਵਿਰਕ ਨੇ ਕੈਬਨਿਟ ਮੰਤਰੀ ਦਾ ਧੰਨਵਾਦ ਕੀਤਾ। ਇਸ ਮੌਕੇ ਅਮਨ ਵਿਰਕ ਦੇ ਨਾਲ ਹੋਰਨਾਂ ਤੋਂ ਇਲਾਵਾ ਜਸਬੀਰ ਸਿੰਘ ਪ੍ਰਿੰਸੀਪਲ, ਪ੍ਰਭਜੋਤ ਵਿਰਕ, ਗੁਰਪਾਲ ਵਿਰਕ, ਸਿਮਰਨ ਵਿਰਕ, ਦਿਲਪ੍ਰੀਤ ਵਿਰਕ, ਗੁਰਪ੍ਰੀਤ ਵਿਰਕ, ਪਰਮਿੰਦਰ ਵਿਰਕ, ਨਿਰਵੈਲ ਹੁੰਦਲ, ਜਗਦੀਪ ਵਿਰਕ, ਨਰਿੰਦਰ ਔਲਖ, ਅੰਮ੍ਰਿਤਪਾਲ ਸਿੰਘ, ਗੋਗਾ ਵਿਰਕ, ਮਨਜੀਤ ਵਿਰਕ, ਨਿਸ਼ਾਨ ਵਿਰਕ , ਓਂਕਾਰ ਹੁੰਦਲ, ਹਰਮਨ ਵਿਰਕ ਆਦਿ ਮੌਜੂਦ ਸਨ


# ਜ਼ਿਲ੍ਹੇ ਦੇ ਵੱਖ ਵੱਖ ਸਕੂਲਾਂ 'ਚ 3 ਕਰੋੜ 64 ਲੱਖ 49 ਰੁਪਏ ਦੀ ਲਾਗਤ ਨਾਲ ਵਿਕਾਸ ਕਾਰਜਾਂ ਦੇ ਹੋਏ ਉਦਘਾਟਨ : ਸ਼ੈਰੀ ਕਲਸੀ

ਬਟਾਲਾ (ਤਰਲੋਕ ਬੱਗਾ)-ਪੰਜਾਬ ਸਿੱਖਿਆ ਕ੍ਰਾਂਤੀ ਨਾਲ ਤਹਿਤ ਬਟਾਲਾ ਸਮੇਤ ਜ਼ਿਲ੍ਹੇ ਦੇ ਵੱਖ ਵੱਖ ਸਕੂਲਾਂ ਵਿੱਚ 3 ਕਰੋੜ 64 ਲੱਖ 49 ਰੁਪਏ ਦੀ ਲਾਗਤ ਨਾਲ ਕਰਵਾਏ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਗਏ ਹਨ। ਇਹ ਪ੍ਰਗਟਾਵਾ ਬਟਾਲਾ ਦੇ ਨੌਜਵਾਨ ਵਿਧਾਇਕ ਅਤੇ ਕਾਰਜਕਾਰੀ ਪ੍ਰਧਾਨ ਪੰਜਾਬ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਨੇ ਬਟਾਲਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਕੁਤਬੀਨੰਗਲ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਿਲਾ ਟੇਕ ਸਿੰਘ ਵਿਖੇ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਮੌਕੇ ਕੀਤਾ। ਇਨ੍ਹਾਂ ਸਕੂਲਾਂ ਵਿੱਚ ਨਵੇਂ ਕਲਾਸ ਰੂਮ, ਚਾਰਦੀਵਾਰੀ ਅਤੇ ਵਾਸ਼ਰੂਮ ਬਣਾਉਣ ਆਦਿ ਦੇ ਵਿਕਾਸ ਕੰਮ ਕੀਤੇ ਗਏ ਹਨ। ਇਸ ਮੌਕੇ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਪ੍ਰਸਤੀ ਹੇਠ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ 'ਚ ਇਹ ਸੰਭਵ ਹੋਇਆ ਹੈ। ਸੂਬੇ ਅੰਦਰ ਕਰੀਬ 12,000 ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਗਈ ਹੈ ਅਤੇ 1000 ਕਿਲੋਮੀਟਰ ਚਾਰਦਿਵਾਰੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸਕੂਲ 'ਚ ਸਾਫ ਸਫਾਈ ਵਾਲੇ ਵਾਸ਼ਰੂਮ ਬਣਾਏ ਗਏ ਹਨ ਅਤੇ ਹੁਣ ਕੋਈ ਵੀ ਬੱਚਾ ਜ਼ਮੀਨ 'ਤੇ ਨਹੀਂ ਬੈਠਦਾ। ਵਿਧਾਇਕ ਨੇ ਦੱਸਿਆ ਕਿ 17,000 ਸਕੂਲਾਂ 'ਚ ਹਾਈ-ਸਪੀਡ ਵਾਈ ਫਾਈ ਕੁਨੈਕਟੀਵਿਟੀ ਦਿੱਤੀ ਗਈ ਹੈ।189 ਸਰਕਾਰੀ ਸਕੂਲਾਂ ਦੇ ਬੱਚਿਆਂ ਨੇ ਜੇ ਈ ਈ ਮੇਨਜ਼ ਕਲੀਅਰ ਕੀਤਾ ਹੈ। ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਅੱਜ ਜ਼ਿਲ੍ਹੇ ਦੇ 23 ਸਕੂਲਾਂ 'ਚ 12 ਪ੍ਰਾਇਮਰੀ ਅਤੇ 11 ਸੀਨੀਅਰ ਸੈਕੰਡਰੀ ਸਕੂਲ ਹਨ, ਵਿਖੇ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਗਏ ਹਨ। ਜਿਨ੍ਹਾਂ ਉੱਪਰ 3 ਕਰੋੜ 64 ਲੱਖ 49 ਹਜ਼ਾਰ 319 ਰੁਪਏ ਦੀ ਲਾਗਤ ਨਾਲ ਵਿਕਾਸ ਕਾਰਜ ਕਰਵਾਏ ਗਏ ਹਨ। ਉਨ੍ਹਾਂ ਦੱਸਿਆ ਕਿ 12 ਪ੍ਰਾਇਮਰੀ ਸਕੂਲਾਂ ਵਿੱਚ 1 ਕਰੋੜ 11 ਲੱਖ 64 ਹਜ਼ਾਰ 319 ਰੁਪਏ ਅਤੇ 11 ਸੀਨੀਅਰ ਸਕੂਲਾਂ ਵਿੱਚ 2 ਕਰੋੜ 52 ਲੱਖ 85 ਹਜ਼ਾਰ ਰੁਪਏ ਦੇ ਵਿਕਾਸ ਕੰਮ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਅੱਜ ਸਰਕਾਰੀ ਪ੍ਰਾਇਮਰੀ ਸਕੂਲ ਕੁਤਬੀਨੰਗਲ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਕੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਿਲਾ ਟੇਕ ਸਿੰਘ ਵਿਖੇ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਗਏ। ਇਸੇ ਤਰ੍ਹਾਂ ਅੱਜ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਕੋਟਲੀ, ਦਕੋਹਾ, ਪੱਡੇ ਅਤੇ ਸਰਕਾਰੀ ਮਿਡਲ ਸਕੂਲ ਦੜੇਵਾਲੀ ਵਿਖੇ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਕੋਹਾ ਤੇ ਵੀਲਾ ਬੱਜੂ ਵਿਖੇ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਗਏ। ਚੇਅਰਮੈਨ ਬਲਬੀਰ ਸਿੰਘ ਪੰਨੂੰ ਦੀ ਅਗਵਾਈ ਹੇਠ ਫਤਿਹਗੜ੍ਹ ਚੂੜੀਆਂ ਹਲਕੇ ਦੇ ਸਰਕਾਰੀ ਪ੍ਰਾਇਮਰੀ ਸਕੂਲ ਘੋਗਾ ਵਿਖੇ ਅਤੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਵਲੋਂ ਕਾਦੀਆਂ ਹਲਕੇ ਦੇ ਸਰਕਾਰੀ ਪ੍ਰਾਇਮਰੀ ਸਕੂਲ ਜਾਗੋਵਾਲ ਬਾਂਗਰ, ਭਿਖਾਰੀ ਹਾਰਨੀ ਅਤੇ ਲਖਨਪੁਰ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੈਨੈਕੋਟ ਵਿਖੇ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਗਏ। ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ 9 ਅਤੇ 11 ਅਪ੍ਰੈਲ ਨੂੰ ਜ਼ਿਲ੍ਹੇ ਦੇ ਵੱਖ ਵੱਖ ਸਕੂਲਾਂ ਵਿੱਚ ਕਰਵਾਏ ਗਏ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਜਾਣਗੇ ਅਤੇ ਇਹ ਸਿਲਸਿਲਾ 31 ਮਈ 2025 ਤੱਕ ਜਾਰੀ ਰਹੇਗਾ।



ਇਸ ਮੌਕੇ ਰਾਜੇਸ਼ ਸ਼ਰਮਾ ਜ਼ਿਲ੍ਹਾ ਸਿੱਖਿਆ ਅਫਸਰ (ਸ) ਗੁਰਦਾਸਪੁਰ, ਪਰਮਜੀਤ ਕੌਰ, ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ) ਗੁਰਦਾਸਪੁਰ, ਡਿਪਟੀ ਡੀਈਓ ਅਨਿਲ ਸ਼ਰਮਾ, ਪ੍ਰਿੰਸੀਪਲ ਜਤਿੰਦਰ ਮਹਾਜਨ, ਜਸਵਿੰਦਰ ਸਿੰਘ ਬੀ ਪੀ ਈ ਓ, ਬਲਬੀਰ ਸਿੰਘ ਬਿੱਟੂ, ਮਿੰਟੂ ਤੱਤਲਾ ਸਮੇਤ ਸਕੂਲਾਂ ਦਾ ਸਟਾਫ ਮੌਜੂਦ ਸੀ।

# ਸਿੱਖਿਆ ਕ੍ਰਾਂਤੀ ਨਾਲ ਪੰਜਾਬ ਦੇ 12 ਹਜ਼ਾਰ ਸਰਕਾਰੀ ਸਕੂਲਾਂ ਚ ਸ਼ੁਰੂ ਹੋਇਆ ਇਤਿਹਾਸਕ ਇਨਕਲਾਬ : ਰੰਧਾਵਾ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)** - ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸ਼ੁਰੂ ਹੋਈ ਸਿੱਖਿਆ ਕ੍ਰਾਂਤੀ ਨਾਲ ਸੂਬੇ ਦੇ 12 ਹਜ਼ਾਰ ਸਰਕਾਰੀ ਸਕੂਲਾਂ ਵਿੱਚ ਅੱਜ ਤੋਂ ਇਤਿਹਾਸਕ ਇਨਕਲਾਬ ਦੀ ਸ਼ੁਰੂਆਤ ਹੋਈ ਅਤੇ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਨੇ ਸੂਬੇ ਦੇ ਇਤਿਹਾਸ ਵਿੱਚ ਪਹਿਲੀ ਵਾਰ ਸਿੱਖਿਆ ਦੇ ਖੇਤਰ ਵਿੱਚ 12 ਫ਼ੀਸਦੀ ਬਜਟ ਦਾ ਵਾਧਾ ਕਰਕੇ ਇਤਿਹਾਸ ਸਿਰਜਿਆ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਹਲਕੇ ਦੇ ਬਲਾਕ ਡੇਰਾ ਬਾਬਾ ਨਾਨਕ 1 ਦੇ ਸਰਕਾਰੀ ਪ੍ਰਾਇਮਰੀ ਸਕੂਲ ਹਰਦੋਵਾਲ ਖ਼ੁਰਦ, ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਹਰਦੋਵਾਲ ਕਲਾਂ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਟਰਪਾਲਾ ਵਿਖੇ ਹੋਏ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਮੌਕੇ ਗੱਲਬਾਤ ਕਰਦਿਆਂ ਕੀਤਾ। ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਜਦੋਂ ਤੋਂ ਭਗਵੰਤ ਮਾਨ ਸਰਕਾਰ ਨੇ ਕਾਰਜਭਾਰ ਸੰਭਾਲਿਆ ਹੈ ਉਦੋਂ ਤੋਂ ਹੀ ਸਿੱਖਿਆ ਤੇ ਸਿਹਤ ਦੇ ਖੇਤਰ ਨੂੰ ਤਰਜੀਹੀ ਖੇਤਰ ਮੰਨਦੇ ਹੋਏ ਸਰਵਪੱਖੀ ਵਿਕਾਸ ਕਰਵਾਇਆ ਜਾ ਰਿਹਾ ਹੈ, ਜਿਸ ਸਦਕਾ ਅੱਜ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਦਾਖ਼ਲੇ ਵਿੱਚ ਵੱਡਾ ਵਾਧਾ ਹੋਇਆ ਹੈ ਅਤੇ ਮਾਪੇ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚੋਂ ਕੱਢ ਕੇ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾ ਰਹੇ ਹਨ।ਇਸ ਮੌਕੇ ਉਨ੍ਹਾਂ ਨਾਲ ਸਾਬਕਾ ਚੇਅਰਮੈਨ ਬਲਵਿੰਦਰ ਸਿੰਘ ਹਰੂਵਾਲ, ਬੀ ਪੀ ਈ ਓ ਭਾਰਤ ਰਤਨ, ਪੀ ਏ ਲਵਪ੍ਰੀਤ ਸਿੰਘ, ਸੈਂਟਰ ਮੁੱਖ ਅਧਿਆਪਕ ਅੰਮ੍ਰਿਤਪਾਲ ਸਿੰਘ ਰੰਧਾਵਾ, ਸੁਖਦੀਪ ਸਿੰਘ ਮੱਲ੍ਹੀ, ਰਾਜਵਿੰਦਰ ਸਿੰਘ ਹਰਦਰਵਾਲ, ਕੁਲਦੀਪ ਸਿੰਘ ਭੁੱਲਰ, ਮੇਜਰ ਸਿੰਘ ਠੇਠਰਕੇ, ਦਿਲਰਾਜ ਬੀਰ ਸਿੰਘ ਕਲਰਕ ਤੋਂ ਇਲਾਵਾ ਸਿੱਖਿਆ ਵਿਭਾਗ ਦੇ ਅਧਿਕਾਰੀ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਦੇ ਮਾਪੇ ਅਤੇ ਇਲਾਕੇ ਦੇ ਮੁਹਤਬਰ ਹਾਜ਼ਰ ਸਨ।

# ਵਿਧਾਇਕ ਡਾ. ਸੋਹਲ ਨੇ ਸਰਕਾਰੀ ਹਾਈ ਸਕੂਲ 'ਚ ਨਵੇਂ ਬਣੇ ਕਮਰਿਆਂ ਦਾ ਕੀਤਾ ਉਦਘਾਟਨ



ਝਬਾਲ ( ਮੱਖਣ ਮਨੋਜ )- ਤਰਨ ਤਾਰਨ ਹਲਕੇ ਦੇ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਨੇ ਅੱਜ ਕਸਬਾ ਝਬਾਲ ਵਿਖੇ ਸਰਕਾਰੀ ਹਾਈ ਸਕੂਲ ਲੜਕੇ ਵਿਖੇ 45 ਲੱਖ ਰੁਪਏ ਦੀ ਗ੍ਰਾਂਟ ਨਾਲ ਨਵੇਂ ਬਣੇ ਸਮਾਰਟ ਕਮਰਿਆਂ ਦਾ ਉਦਘਾਟਨ ਕਰਨ ਉਪਰੰਤ ਸਕੂਲ ਵਿਖੇ ਵੱਡੀ ਗਿਣਤੀ ਵਿੱਚ ਇਕੱਤਰ ਹੋਏ ਲੋਕਾਂ ਦੇ ਇਕੱਠ, ਸਕੂਲ ਬੱਚਿਆਂ ਤੇ ਸਟਾਫ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਰਾਜ ਵਿੱਚ ਲੋਕਾਂ ਨੂੰ ਬਿਹਤਰ ਸਿਹਤ ਤੇ ਵਿਦਿਅਕ ਸਹੂਲਤਾਂ ਦੇਣ ਲਈ ਵਚਨਬੱਧ ਹੈ। ਇਸ ਸਮੇਂ ਪਹੁੰਚੇ ਡਿਪਟੀ ਡੀ ਓ ਸੁਰਿੰਦਰ ਕੁਮਾਰ ਨੇ ਵੀ ਵਿਧਾਇਕ ਡਾਕਟਰ ਕਸ਼ਮੀਰ ਸਿੰਘ ਸੋਹਲ ਅਤੇ ਹੋਰ ਪਤਵੰਤੇ ਵਿਅਕਤੀਆਂ ਨੂੰ ਜੀ ਆਇਆਂ ਕਹਿੰਦਿਆਂ ਸਿੱਖਿਆ ਸਬੰਧੀ ਸਰਕਾਰ ਦੀਆਂ ਪ੍ਰਾਪਤੀਆਂ ਬਾਰੇ ਦੱਸਿਆ।ਇਸ ਸਮੇਂ ਸਕੂਲ ਹੈਡ ਟੀਚਰ ਸੁਰਿੰਦਰਪਾਲ ਸਿੰਘ ਅਤੇ ਮਾ. ਦਿਲਬਾਗ ਸਿੰਘ ਸਵਰਗਾਪੁਰੀ ਤੇ ਸਟਾਫ ਨੇ ਵਿਧਾਇਕ ਡਾ. ਸੋਹਲ ਅਤੇ ਡਿਪਟੀ ਡੀ ਓ ਨੂੰ ਸਨਮਾਨਤ ਕੀਤਾ।ਇਸ ਸਮੇਂ ਸਮਾਗਮ ਵਿੱਚ ਕੁਲਦੀਪ ਸਿੰਘ ਢਿੱਲੋਂ, ਚੇਅਰਮੈਨ ਨੀਲਮ ਕੌਰ, ਸੋਸ਼ਲ ਮੀਡੀਆ ਇੰਚਾਰਜ ਮਾਣਕ ਸਿੰਘ ਝਬਾਲ, ਸਰਪੰਚ ਜਤਿੰਦਰ ਸਿੰਘ ਬਘੇਲ ਸਿੰਘ ਵਾਲਾ, ਡਾ. ਸਤਬੀਰ ਕੌਰ, ਮੈਂਬਰ ਪੰਚਾਇਤ ਅਮਰਜੀਤ ਕੌਰ, ਸਰਪੰਚ ਰਾਜ ਕੌਰ, ਸੀਨੀਅਰ ਕਾਂਗਰਸੀ ਆਗੂ ਵਿਕਰਮ ਸਿੰਘ ਢਿੱਲੋਂ, ਸਾਬਕਾ ਸਰਪੰਚ ਬਲਵਿੰਦਰ ਸਿੰਘ ਬਾਬਾ ਲੰਗਾਹ, ਪ੍ਰਧਾਨ ਕੋਅ ਸੋਸਾਇਟੀ ਸੁਖਦੇਵ ਸਿੰਘ ਬਾਬਾ ਲੰਗਾਹ, ਗੁਰਜੀਤ ਸਿੰਘ ਸੋਨੀ ਬਾਬਾ ਝਬਾਲ, ਰਣਜੀਤ ਸਿੰਘ ਰਾਣਾ ਝਬਾਲ, ਹਰਭਿੰਦਰ ਸਿੰਘ, ਸੁਖਵਿੰਦਰ ਸਿੰਘ ਬਿੱਟੂ,ਇੰਦਰਪ੍ਰੀਤ ਸਿੰਘ, ਭਾਈ ਪਰਮਜੀਤ ਸਿੰਘ, ਮਾ. ਜਸਪਾਲ ਸਿੰਘ, ਬੰਟੀ ਦੋਬਲੀਆ ਆਦਿ ਹਾਜ਼ਰ ਸਨ।ਇਸ ਤੋਂ ਇਲਾਵਾ ਡਾ. ਕਸ਼ਮੀਰ ਸਿੰਘ ਸੋਹਲ ਨੇ ਐਲੀਮੈਂਟਰੀ ਸਕੂਲ ਲੜਕੇ ਤੇ ਲੜਕੀਆਂ ਵਿਖੇ ਵੀ ਨਵੇਂ ਬਣੇ ਕਮਰਿਆਂ ਦਾ ਉਦਘਾਟਨ ਕੀਤਾ।


# ਵਿਧਾਇਕਾ ਚੌਧਰੀ ਨੇ ਵਾਰਡਾਂ 'ਚ ਗਲੀਆਂ ਬਣਾਉਣ ਦੇ ਕੰਮ ਦਾ ਕੀਤਾ ਉਦਘਾਟਨ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)- ਵਿਧਾਇਕਾ ਅਰੁਣਾ ਚੌਧਰੀ ਵੱਲੋਂ ਅੱਜ ਵੱਖ-ਵੱਖ ਵਾਰਡਾਂ ਵਿੱਚ ਨਵੀਆਂ ਗਲੀਆਂ ਬਣਾਉਣ ਦੇ ਕੰਮ ਦਾ ਉਦਘਾਟਨ ਕਰਕੇ ਇਸ ਨੂੰ ਰਸਮੀ ਤੌਰ 'ਤੇ ਸ਼ੁਰੂ ਕਰਵਾਇਆ ਗਿਆ। ਇਸ ਮੌਕੇ ਉਨ੍ਹਾਂ ਨਾਲ ਸੀਨੀਅਰ ਨੇਤਾ ਅਸ਼ੋਕ ਚੌਧਰੀ ਅਤੇ ਨਗਰ ਕੌਂਸਲ ਪ੍ਰਧਾਨ ਪਰਮਿੰਦਰ ਸਿੰਘ ਨੀਟੂ ਚੌਹਾਨ ਵੀ ਮੌਜੂਦ ਸਨ। ਵਿਧਾਇਕਾ ਚੌਧਰੀ ਵੱਲੋਂ ਸਭ ਤੋਂ ਪਹਿਲਾਂ ਵਾਰਡ ਨੰਬਰ ਇੱਕ ਵਿਖੇ ਸਾਢੇ 12 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਦੋ ਗਲੀਆਂ ਦਾ ਕੰਮ ਸ਼ੁਰੂ ਕਰਵਾਇਆ ਗਿਆ। ਇਨ੍ਹਾਂ ਵਿੱਚੋਂ ਇੱਕ ਮਾਤਾ ਭੱਦਰ ਕਾਲੀ ਮੰਦਰ ਵਾਲੀ ਗਲੀ ਅਤੇ ਦੂਜੀ ਏ ਐਸ ਆਈ ਜਗੀਰ ਸਿੰਘ ਵਾਲੀ ਗਲੀ ਹੈ। ਦੂਜਾ ਉਦਘਾਟਨ ਰੁਪਾਂਤਰ ਨਗਰ ਵਾਰਡ ਨੰਬਰ ਤਿੰਨ ਵਿਖੇ ਕੀਤਾ ਗਿਆ। ਇਹ ਗਲੀ ਨਿਕਾਸੀ ਰੋਡ ਤੋਂ ਲੈ ਕੇ ਅਮਰਜੀਤ ਅੰਬੀ ਦੇ ਘਰ ਵੱਲ ਨੂੰ ਜਾਣ ਵਾਲਾ ਮੁੱਖ ਰਸਤਾ ਹੈ। ਇਸੇ ਤਰ੍ਹਾਂ ਵਾਰਡ ਨੰਬਰ 5 ਵਿਖੇ ਪ੍ਰੇਮ ਬੀ ਐਲ ਓ ਦੇ ਘਰ ਨੂੰ ਜਾਂਦੀ ਗਲੀ ਦਾ ਕੰਮ ਵੀ ਰਸਮੀ ਤੌਰ 'ਤੇ ਸ਼ੁਰੂ ਕਰਵਾ ਦਿੱਤਾ ਗਿਆ ਹੈ। ਜਿਸ 'ਤੇ 5.30 ਲੱਖ ਰੁਪਏ ਦੀ ਲਾਗਤ ਆਵੇਗੀ। ਇਸ ਤੋਂ ਇਲਾਵਾ ਚੌਹਾਨ ਹਸਪਤਾਲ ਦੇ ਸਾਹਮਣੇ ਵਾਲੀ ਗਲੀ ਦਾ ਕੰਮ ਵੀ ਚਾਲੂ ਕਰਵਾਇਆ ਗਿਆ ਹੈ। ਇਸ ਦੌਰਾਨ ਵਿਧਾਇਕਾ ਅਰੁਣਾ ਚੌਧਰੀ ਨੇ ਕਿਹਾ ਕਿ ਭਾਵੇਂ ਪੰਜਾਬ ਅੰਦਰ ਕਾਂਗਰਸ ਪਾਰਟੀ ਦੀ ਸਰਕਾਰ ਨਹੀਂ ਹੈ ਪਰ ਫਿਰ ਵੀ ਉਹ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਰਹਿੰਦੇ ਹਨ ਅਤੇ ਹਲਕਾ ਵਾਸੀਆਂ ਦੀਆਂ ਮੁਸ਼ਕਲਾਂ ਦਾ ਹੱਲ ਕਰਨਾ ਉਹ ਆਪਣਾ ਨੈਤਿਕ ਫ਼ਰਜ਼ ਸਮਝਦੇ ਹਨ। ਉਨ੍ਹਾਂ ਕਿਹਾ ਕਿ ਨਗਰ ਕੌਂਸਲ 'ਤੇ ਕਾਬਜ਼ ਕਾਂਗਰਸ ਦੀ ਕਮੇਟੀ ਸ਼ਹਿਰ ਅੰਦਰ ਹੁਣ ਤੱਕ ਅਨੇਕਾਂ ਕੰਮ ਕਰਵਾ ਚੁੱਕੀ ਹੈ ਅਤੇ ਅਗਾਂਹ ਵੀ ਵਿਕਾਸ ਦੇ ਕੰਮ ਜਾਰੀ ਰਹਿਣਗੇ। ਸੀਨੀਅਰ ਨੇਤਾ ਅਸ਼ੋਕ ਚੌਧਰੀ ਨੇ ਕਿਹਾ ਕਿ ਨਵੀਆਂ ਗਲੀਆਂ ਬਣਨ ਨਾਲ ਵਾਰਡ ਨਿਵਾਸੀਆਂ ਲਈ ਆਵਾਜਾਈ ਸੁਖ਼ਾਲੀ ਹੋਵੇਗੀ। ਉਨ੍ਹਾਂ ਕਿਹਾ ਕਿ ਫ਼ਿਲਹਾਲ ਕਮੇਟੀ ਦੇ ਕੋਲ ਜੋ ਆਪਣੇ ਫ਼ੰਡ ਹਨ, ਉਸ ਵਿੱਚੋਂ ਹੀ ਵੱਖ-ਵੱਖ ਵਾਰਡਾਂ 'ਚ ਵਿਕਾਸ ਦੇ ਕੰਮ ਕਰਵਾਏ ਜਾ ਰਹੇ ਹਨ ਅਤੇ ਪੰਜਾਬ ਸਰਕਾਰ ਵੱਲੋਂ ਕਾਂਗਰਸ ਪੱਖੀ ਕਮੇਟੀਆਂ ਨੂੰ ਗਰਾਂਟ ਪੱਖੋਂ ਪੂਰੀ ਤਰ੍ਹਾਂ ਨਾਲ ਅੱਖੋਂ ਪਰੋਖੇ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਕਾਂਗਰਸ ਦੀ ਸਰਕਾਰ ਬਣਨ 'ਤੇ ਸਾਰੇ ਪੈਂਡਿੰਗ ਕੰਮ ਕਰਵਾ ਦਿੱਤੇ ਜਾਣਗੇ। ਇਸ ਮੌਕੇ ਕੌਂਸਲਰ ਰਜਨੀ ਬਾਲਾ, ਕੌਂਸਲਰ ਕੁਲਵੰਤ ਸਿੰਘ, ਕੌਂਸਲਰ ਪਰਮਜੀਤ ਕੌਰ, ਬਾਬਾ ਮੌਜ ਨਾਥ, ਅਮਰਜੀਤ ਅੰਬੀ, ਅਮਿਤ ਬਾਲੀ, ਅਮਨ ਸ਼ਾਲਾ ਅਤੇ ਚਿੰਟੂ ਓਮ ਤੋਂ ਇਲਾਵਾ ਵੱਖ ਵੱਖ ਵਾਰਡਾਂ ਦੇ ਮੋਹਤਬਰ ਹਾਜ਼ਰ ਸਨ।

# ਸ਼ਮਸ਼ੇਰ ਸਿੰਘ ਵੱਲੋਂ ਘੁੱਲਾ ਤੇ ਬਰਿਆਰ ਦੇ ਸਰਕਾਰੀ ਸਕੂਲਾਂ ਦੇ ਵਿਕਾਸ ਕੰਮਾਂ ਦਾ ਉਦਘਾਟਨ

**ਦੀਨਾਨਗਰ (ਬਲਵਿੰਦਰ ਸਿੰਘ)**- ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਤੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਅੱਜ ਵਿਧਾਨ ਸਭਾ ਹਲਕਾ ਦੀਨਾਨਗਰ ਦੇ ਬਲਾਕ ਦੀਨਾਨਗਰ 2 ਅਧੀਨ ਪੈਂਦੇ ਸਰਕਾਰੀ ਮਿਡਲ ਸਕੂਲ ਘੁੱਲਾ, ਸਰਕਾਰੀ ਪ੍ਰਾਇਮਰੀ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਰਿਆਰ ਵਿਖੇ 84.96 ਲੱਖ ਰੁਪਏ ਦੀ ਲਾਗਤ ਨਾਲ ਕਰਵਾਏ ਗਏ ਵੱਖ ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ।ਵਿਕਾਸ ਕਾਰਜਾਂ ਦੇ ਉਦਘਾਟਨ ਮਗਰੋਂ ਬਰਿਆਰ ਦੇ ਸੀਨੀਅਰ ਸੈਕੰਡਰੀ ਸਕੂਲ ਵਿਖੇ ਪ੍ਰਿੰਸੀਪਲ ਰਮਨਪ੍ਰੀਤ ਕੌਰ ਦੀ ਅਗਵਾਈ ਹੇਠ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਜਿਸ ਸਥਾਨ 'ਤੇ ਅੱਜ ਅਸੀਂ ਖੜ੍ਹੇ ਹਾਂ ਇਹ ਸਿਰਫ ਇਕ ਬਿਲਡਿੰਗ ਨਹੀਂ ਸਗੋਂ ਇਹ ਇੱਥੇ ਪੜ੍ਹਨ ਵਾਲੇ ਬੱਚਿਆਂ ਦੇ ਸੁਪਨੇ ਸਾਕਾਰ ਕਰਨ ਵਾਲਾ ਪਵਿੱਤਰ ਸਥਾਨ ਹੈ। ਜਿੱਥੇ ਸਥਾਪਿਤ ਕੀਤੇ ਗਏ ਨਵੇਂ ਕਲਾਸਰੂਮ, ਲੈਬਾਂ, ਲਾਇਬ੍ਰੇਰੀਆਂ ਦਾ ਨਵੀਨੀਕਰਨ, ਬਾਥਰੂਮ, ਪੀਣ ਵਾਲਾ ਸਾਫ ਪਾਣੀ, ਚਾਰਦੀਵਾਰੀ ਅਤੇ ਆਧੁਨਿਕ ਫਰਨੀਚਰ ਪੰਜਾਬ ਦੇ ਸਰਕਾਰੀ ਸਕੂਲਾਂ ਨੂੰ 21ਵੀਂ ਸਦੀ ਦੇ ਹਾਣ ਦਾ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਕੀਤੇ ਜਾ ਰਹੇ ਯਤਨਾਂ ਦਾ ਹਿੱਸਾ ਹੈ।ਸ਼ਮਸ਼ੇਰ ਸਿੰਘ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ 92 ਸੀਟਾਂ ਦੇ ਕੇ ਜੋ ਵਿਸ਼ਵਾਸ ਪ੍ਰਗਟ ਕੀਤਾ ਸੀ, ਉਸ ਤੋਂ ਤੁਰੰਤ ਬਾਅਦ ਮੁੱਖ ਮੰਤਰੀ ਮਾਨ ਦੀ ਅਗਵਾਈ ਹੇਠ ਪੰਜਾਬ ਦੀ ਸਿੱਖਿਆ ਪ੍ਰਣਾਲੀ ਨੂੰ ਸੁਧਾਰਨਾ ਸ਼ੁਰੂ ਕਰ ਦਿੱਤਾ ਹੈ। ਤਿੰਨ ਸਾਲਾਂ ਦੇ ਥੋੜ੍ਹੇ ਜਿਹੇ ਸਮੇਂ ਹੀ ਪੰਜਾਬ ਦੇ ਖਸਤਾਹਾਲ ਸਿੱਖਿਆ ਸਿਸਟਮ ਨੂੰ ਸੁਧਾਰ ਕੇ ਹਰ ਗਲੀ ਮੁਹੱਲੇ ਤੱਕ ਸਿੱਖਿਆ ਕ੍ਰਾਂਤੀ ਦੀ ਲਹਿਰ ਚਲਾ ਦਿੱਤੀ। ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਸੂਬੇ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਬਨਣ ਤੋਂ ਪਹਿਲਾਂ ਬਹੁਤ ਸਾਰੇ ਸਕੂਲਾਂ ਦੀ ਚਾਰਦੀਵਾਰੀ ਨਹੀਂ ਸੀ, ਟੁਆਇਲਟ ਤੇ ਪੀਣ ਵਾਲੇ ਪਾਣੀ ਦੀ ਸੁਵਿਧਾ ਨਹੀਂ ਸੀ, ਬੱਚੇ ਜ਼ਮੀਨ 'ਤੇ ਤੱਪੜਾਂ ਉੱਤੇ ਬੈਠਦੇ ਸਨ। ਕੁੱਲ ਮਿਲਾ ਕੇ ਪੜ੍ਹਾਈ ਲਈ ਢੁਕਵਾਂ ਵਾਤਾਵਰਨ ਨਹੀਂ ਸੀ। ਪਰ ਹੁਣ ਮਹਿਜ਼ ਤਿੰਨ ਸਾਲਾਂ ਦੇ ਥੋੜੇ ਜਿਹੇ ਸਮੇਂ ਦੌਰਾਨ ਹੀ ਹਲਾਤ ਬਦਲ ਚੁੱਕੇ ਹਨ। ਵਿਦਿਆਰਥੀਆਂ ਕੋਲ ਹਜ਼ਾਰਾਂ ਨਵੇਂ ਕਲਾਸਰੂਮ, ਬੈਠਣ ਲਈ ਡੈਸਕ, ਵਾਈਫਾਈ ਦੀ ਸਹੂਲਤ, ਕਲਾਸਰੂਮਾਂ ਚ ਗਰੀਨ ਬੋਰਡ, ਅਧੁਨਿਕ ਲੈਬਾਂ, ਪੀਣ ਵਾਲਾ ਸ਼ੁੱਧ ਪਾਣੀ ਅਤੇ ਬਾਥਰੂਮਾਂ ਦੀ ਸਹੂਲਤ ਦੇ ਨਾਲ ਨਾਲ ਪੜ੍ਹਨ ਲਈ ਢੁਕਵੇਂ ਵਾਤਾਵਰਣ ਵਾਲੇ ਸਰਕਾਰੀ ਸਕੂਲ ਹਨ। ਇਸ ਮੌਕੇ ਉਚੇਚੇ ਤੌਰ ਤੇ ਹਾਜ਼ਰ ਹੋਏ ਬਲਾਕ ਨੋਡਲ ਅਫ਼ਸਰ ਪ੍ਰਕਾਸ਼ ਜੋਸ਼ੀ, ਵਿਧਾਨ ਸਭਾ ਹਲਕਾ ਦੀਨਾਨਗਰ ਦੀ ਸਿੱਖਿਆ ਕਮੇਟੀ ਦੇ ਕੋਆਰਡੀਨੇਟਰ ਪ੍ਰਿੰਸੀਪਲ ਸੁਖਦੇਵ ਰਾਜ, ਵਾਈਸ ਕੋਆਰਡੀਨੇਟਰ ਰਿਟਾ. ਬੀਪੀਈਓ ਮਹਿੰਦਰ ਪਾਲ, ਕਮੇਟੀ ਮੈਂਬਰ ਕਾਜਲ ਪੱਖੋਵਾਲ, ਪ੍ਰਿੰਸੀਪਲ ਸੰਸਾਰ ਸਿੰਘ ਝਬਕਰਾ, ਰਾਜੀਵ ਸੈਣੀ ਚੱਕ, ਜਗਜੀਤ ਸਿੰਘ ਪਿੰਟਾ, ਬਲਜੀਤ ਸਿੰਘ ਪੁਰਾਣਾ ਸ਼ਾਹਲਾ ਅਤੇ ਸਰਪੰਚ ਪ੍ਰਭਜੀਤ ਸਿੰਘ ਦੇ ਇਲਾਵਾ ਜ਼ੈਲ ਸਿੰਘ, ਆਪ ਆਗੂ ਲਖਬੀਰ ਸਿੰਘ, ਬਲਾਕ ਪ੍ਰਧਾਨ ਅਨੂਪ ਠਾਕੁਰ, ਸਰਪੰਚ ਗੌਰਵ ਸ਼ਰਮਾ ਘੁੱਲਾ, ਉੱਤਮ ਸਿੰਘ ਨਾਰਦਾਂ, ਸਰਪੰਚ ਲਖਵਿੰਦਰ ਸਿੰਘ ਕੌਂਟਾ, ਸਰਪੰਚ ਵਰਿੰਦਰ ਸਿੰਘ ਪਨਿਆੜ ਅਤੇ ਰਕੇਸ਼ ਕੁਮਾਰ ਚੱਕ ਵੀ ਮੌਜੂਦ ਸਨ।



# ਅੱਖਰ ਸਾਹਿਤ ਅਕਾਦਮੀ ਨੇ ਕਰਵਾਇਆ ਸਾਲਾਨਾ ਸਨਮਾਨ ਸਮਾਰੋਹ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**-ਅੱਖਰ ਸਾਹਿਤ ਅਕਾਦਮੀ ਅੰਮ੍ਰਿਤਸਰ ਵੱਲੋਂ ਸਥਾਨਕ ਪੰਜਾਬ ਨਾਟ ਸਾਲਾ ਵਿਖੇ ਸਾਲਾਨਾ ਸਨਮਾਨ ਸਮਾਰੋਹ ਕਰਵਾਇਆ ਗਿਆ। ਮੁੱਖ ਮਹਿਮਾਨ ਦੇ ਤੌਰ 'ਤੇ ਖ਼ਾਲਸਾ ਯੂਨੀਵਰਸਿਟੀ ਅੰਮ੍ਰਿਤਸਰ ਦੇ ਵਾਈਸ ਚਾਂਸਲਰ ਡਾ: ਮਹਿਲ ਸਿੰਘ ਨੇ ਸ਼ਿਰਕਤ ਕੀਤੀ। ਸਮਾਰੋਹ ਦੀ ਪ੍ਰਧਾਨਗੀ 'ਹੁਣ' ਮੈਗਜ਼ੀਨ ਦੇ ਸੰਪਾਦਕ ਸੁਸ਼ੀਲ ਦੁਸਾਂਝ ਵੱਲੋਂ ਕੀਤੀ ਗਈ। ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ ਪੰਜਾਬੀ ਦੇ ਪ੍ਰਮੁੱਖ ਵਿਦਵਾਨ ਡਾ. ਮਨਮੋਹਨ, ਦਰਸ਼ਨ ਸਿੰਘ ਬੁੱਟਰ, ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ, ਜੰਮੂ ਤੋਂ ਪ੍ਰਮੁੱਖ ਕਹਾਣੀਕਾਰ ਖਾਲਿਦ ਹੁਸੈਨ, ਅਕਾਦਮੀ ਦੇ ਪ੍ਰਧਾਨ ਡਾ. ਕਰਨੈਲ ਸ਼ੇਰਗਿੱਲ, ਸਰਪ੍ਰਸਤ ਡਾ. ਵਿਕਰਮਜੀਤ ਅਤੇ ਡਾ. ਆਂਚਲ ਅਰੋੜਾ ਨੇ ਸਾਂਝੇ ਤੌਰ 'ਤੇ ਸਮਾਰੋਹ ਦੀ ਪ੍ਰਧਾਨਗੀ ਕੀਤੀ। ਡਾ. ਵਿਕਰਮਜੀਤ ਨੇ ਆਏ ਹੋਏ ਮਹਿਮਾਨ ਲੇਖਕਾਂ ਨੂੰ ਸਵਾਗਤੀ ਸ਼ਬਦਾਂ ਨਾਲ ਸੰਬੋਧਨ ਕੀਤਾ। ਮੰਚ ਸੰਚਾਲਕ ਦੇ ਫਰਜ਼ ਨਿਭਾਉਂਦਿਆਂ ਅਕਾਦਮੀ ਦੇ ਪ੍ਰੈੱਸ ਸਕੱਤਰ ਧਰਵਿੰਦਰ ਸਿੰਘ ਔਲਖ ਅਤੇ ਜਨਰਲ ਸਕੱਤਰ ਹਰਮੀਤ ਆਰਟਿਸਟ ਨੇ ਪੂਰੇ ਸਮਾਰੋਹ ਨੂੰ ਇੱਕ ਲੜੀ ਵਿੱਚ ਪਰੋ ਕੇ ਪੇਸ਼ ਕੀਤਾ। ਸਮੁੱਚੇ ਪ੍ਰਧਾਨਗੀ ਮੰਡਲ ਵੱਲੋਂ ਡਾ. ਕਰਨੈਲ ਸ਼ੇਰਗਿੱਲ ਦਾ ਨਾਵਲ 'ਲਾਕਡਾਊਨ ਇਨਫਿਨਿਟੀ' ਲੋਕ ਅਰਪਣ ਕੀਤਾ ਗਿਆ। ਉਪਰੰਤ ਜਸਵੀਰ ਰਾਣਾ ਵੱਲੋਂ ਲਿਖੇ ਪਰਚੇ ਨੂੰ ਸਤਨਾਮ ਕੌਰ ਵੱਲੋਂ ਪੜ੍ਹਿਆ ਗਿਆ। ਅਕਾਦਮੀ ਵੱਲੋਂ 'ਡਾ. ਕੁਲਵੰਤ ਯਾਦਗਾਰੀ ਪੁਰਸਕਾਰ' ਮਰਹੂਮ ਕਹਾਣੀਕਾਰ ਪ੍ਰੇਮ ਗੋਰਖੀ ਦੀ ਧਰਮ ਪਤਨੀ ਨੂੰ ਅਤੇ 'ਪਰਮਿੰਦਰਜੀਤ ਯਾਦਗਾਰੀ ਪੁਰਸਕਾਰ' ਨਾਮਵਰ ਗਜ਼ਲਗੋ ਰਮਨ ਸੰਧੂ ਨੂੰ ਪ੍ਰਦਾਨ ਕੀਤੇ ਗਏ। ਪ੍ਰਮੁੱਖ ਕਹਾਣੀਕਾਰ ਮੁਖਤਾਰ ਗਿੱਲ ਨੇ ਪ੍ਰੇਮ ਗੋਰਖੀ ਨਾਲ ਆਪਣੀਆਂ ਸਾਂਝਾਂ ਬਿਆਨ ਕੀਤੀਆਂ। ਅਵਤਾਰਜੀਤ ਨੇ ਸ਼ਾਇਰ ਰਮਨ ਸੰਧੂ ਦੇ ਸਾਹਿਤਕ ਸਫਰ ਬਾਰੇ ਜਾਣਕਾਰੀ ਸਾਂਝੀ ਕੀਤੀ। ਉਪਰੰਤ ਕਵੀ ਦਰਬਾਰ ਵਿੱਚ ਸੁਸ਼ੀਲ ਦੁਸਾਂਝ, ਦਰਸ਼ਨ ਸਿੰਘ ਬੁੱਟਰ, ਬਲਵਿੰਦਰ ਸੰਧੂ, ਹਰਮੀਤ ਆਰਟਿਸਟ, ਡਾ. ਆਂਚਲ ਅਰੋੜਾ, ਸਵੰਸ ਨਰੂਲਾ, ਰਿੰਕੂ ਸਿੰਘ, ਜੱਸਾ, ਅਮਰੀਕ ਡੋਗਰਾ, ਡਾ. ਨਿਰੰਜਨ, ਪੰਮੀ ਦਿਵੇਦੀ, ਨਿਰਮਲ ਅਰਪਣ, ਰੋਜ਼ੀ ਸਿੰਘ, ਸੀਮਾ ਗਰੇਵਾਲ, ਰੋਸ਼ਨਦੀਪ ਕੌਰ, ਅੱਕਪ੍ਰੀਤ ਕੌਰ ਆਦਿ ਸ਼ਾਇਰਾਂ ਨੇ ਕਾਵਿ ਮਹਿਫਿਲ ਵਿੱਚ ਰੰਗ ਭਰੇ। ਅਖੀਰ ਵਿੱਚ ਮੁੱਖ ਮਹਿਮਾਨ ਡਾ. ਮਹਿਲ ਸਿੰਘ ਨੇ ਕਿਹਾ ਕਿ ਸਾਹਿਤ ਅਤੇ ਕਿਤਾਬਾਂ ਦਾ ਮਨੁੱਖ ਦੀ ਜ਼ਿੰਦਗੀ 'ਚ ਬਹੁਤ ਵੱਡਾ ਮਹੱਤਵ ਹੈ। ਪ੍ਰਧਾਨਗੀ ਮੰਡਲ ਦੇ ਨਾਲ- ਨਾਲ ਮੁੰਬਈ ਤੋਂ ਵਿਸ਼ੇਸ਼ ਤੌਰ 'ਤੇ ਆਏ ਫਿਲਮ ਡਾਇਰੈਕਟਰ ਇਕਬਾਲ ਸਿੰਘ ਚਾਨਾ ਨੂੰ ਵੀ ਸਨਮਾਨਤ ਕੀਤਾ ਗਿਆ। ਸਾਹਿਤਕ ਸਮਾਰੋਹ ਸਮੇਂ ਹਾਜ਼ਰੀ ਭਰਨ ਵਾਲੇ ਸੂਫੀ ਸ਼ਾਇਰ ਬਖਤਾਵਰ ਸਿੰਘ, ਡਾ. ਪ੍ਰਭਜੋਤ ਕੌਰ ਸੰਧੂ, ਜਗਤਾਰ ਗਿੱਲ, ਕਰਨਲ ਕੰਵਲਜੀਤ ਸੰਧਾ, ਮੈਡਮ ਬਲਵਿੰਦਰ ਸੰਘਾ, 'ਏਕਮ' ਦੇ ਸੰਪਾਦਕ ਅਰਤਿੰਦਰ ਸੰਧੂ, ਆਰ.ਜੀਤ, ਬਰਕਤ ਵੋਹਰਾ, ਸਰਬਜੀਤ ਸਿੰਘ ਸੰਧੂ, ਹਰਜੀਤ ਸਿੰਘ ਸੰਧੂ, ਡਾ. ਅੰਬਰੀਸ਼, ਹਰਪਾਲ ਸਿੰਘ ਨਾਗਰਾ, ਸੁਰਿੰਦਰ ਸਾਗਰ, ਮਨਜਿੰਦਰਪ੍ਰੀਤ ਸਿੰਘ ਗੋਲਡੀ ਫੁੱਲ, ਡਾ. ਹੀਰਾ ਸਿੰਘ, ਦੀਪ ਦਵਿੰਦਰ ਸਿੰਘ, ਮਨਮੋਹਨ ਸਿੰਘ ਢਿੱਲੋਂ, ਭੁਪਿੰਦਰ ਪ੍ਰੀਤ, ਡਾ. ਪਰਮਜੀਤ ਸਿੰਘ ਕਲਸੀ, ਅਜੀਤ ਸਿੰਘ ਨਬੀਪੁਰੀ, ਡਾ. ਬਲਜੀਤ ਢਿੱਲੋਂ, ਦਲਜੀਤ ਸਿੰਘ ਅਰੋੜਾ ਸੰਪਾਦਕ 'ਪੰਜਾਬੀ ਸਕਰੀਨ', ਸੁਖਬੀਰ ਸਿੰਘ ਭੁੱਲਰ, ਡਾ. ਕਸ਼ਮੀਰ ਸਿੰਘ, ਕੰਵਲਜੀਤ ਸਿੰਘ ਫਰੀਡਮ, ਨਾਟਕਕਾਰ ਜਗਦੀਸ਼ ਸਿੰਘ ਸਚਦੇਵਾ, ਅਦਾਕਾਰਾ ਸੀਮਾ ਸ਼ਰਮਾ, ਅਸ਼ਵਨੀ ਪਰਾਸ਼ਰ, ਪੂਰਨ ਪਿਆਸਾ, ਪ੍ਰਿੰ. ਡਾ. ਗਿਆਨ ਸਿੰਘ ਘਈ, ਗੁਰਪਾਲ ਸਿੰਘ ਆਈ.ਜੀ. ਬੀ.ਐਸ.ਐਫ., ਡਾ. ਬੇਅੰਤ ਸਿੰਘ, ਦਵਿੰਦਰ ਕੌਰ, ਡਾ. ਮੀਨਾਕਸ਼ੀ, ਜਸਵਿੰਦਰ ਕੌਰ, ਨਵਜੋਤ ਕੌਰ ਨਵ ਭੁੱਲਰ, ਹਰਦੀਪ ਕੌਰ ਦੀਪ ਆਦਿ ਸ਼ਖਸੀਅਤਾਂ ਨੇ ਸਮਾਰੋਹ ਨੂੰ ਭਰਪੂਰਤਾ ਬਖਸ਼ੀ।



8-April-PAGE-4.qxd 4/7/2025 9:04 PM Page 1

ਨਵਾਂ ਜ਼ਮਾਨਾ
ਮੰਗਲਵਾਰ, 8 ਅਪ੍ਰੈਲ 2025

# ਜਦੋਂ ਇਤਿਹਾਸ ਪੁੱਛੇਗਾ ?

*ਇਤਿਹਾਸ ਕਦੇ ਵੀ ਸਿਰਫ ਤਰੀਕਾਂ ਤੇ ਘਟਨਾਵਾਂ ਦੀ ਲੜੀ ਨਹੀਂ ਹੁੰਦਾ, ਉਹ ਇਨਸਾਨੀ ਜ਼ਮੀਰ ਦਾ ਸ਼ੀਸ਼ਾ ਵੀ ਹੁੰਦਾ ਹੈ। ਉਹ ਸਵਾਲ ਪੁੱਛਦਾ ਹੈ, ਟਟੋਲਦਾ ਹੈ ਤੇ ਲਲਕਾਰਦਾ ਹੈ। ਆਉਣ ਵਾਲੇ ਜ਼ਮਾਨੇ ਵਿੱਚ ਜਦੋਂ ਫਲਸਤੀਨ ਦੀ ਧੂੜ ਤੇ ਰਾਖ਼ ਵਿੱਚੋਂ ਕੋਈ ਬੱਚਾ ਉੱਠੇਗਾ, ਜਦ ਕਿਸੇ ਮਾਂ ਦੀਆਂ ਅੱਖਾਂ ਆਪਣੇ ਸ਼ਹੀਦ ਬੇਟੇ/ ਬੇਟੀ ਦੀ ਤਸਵੀਰ 'ਤੇ ਟਿਕਣਗੀਆਂ, ਤਦ ਇਤਿਹਾਸ ਵੀ ਚੀਖ ਕੇ ਪੁੱਛੇਗਾ : ਜਦੋਂ ਫਲਸਤੀਨ ਦੀ ਧਰਤੀ 'ਤੇ ਮੌਤ ਨੱਚ ਰਹੀ ਸੀ, ਤਦ ਦੁਨੀਆ ਦੀਆਂ ਤਮਾਮ ਹਕੂਮਤਾਂ ਚੁੱਪ ਕਿਉਂ ਸਨ ?*

*ਫਲਸਤੀਨ 'ਤੇ ਕਬਜ਼ਾ ਕੋਈ ਅਚਾਨਕ ਹੋਈ ਘਟਨਾ ਨਹੀਂ, ਸਗੋਂ ਇਹ ਯੋਜਨਾਬੱਧ ਬਸਤੀਵਾਦ ਦਾ ਨਤੀਜਾ ਹੈ। 1917 ਦੇ ਬੈਲਫੌਰ ਐਲਾਨਨਾਮੇ ਤੋਂ ਲੈ ਕੇ 1948 ਵਿੱਚ ਇਜ਼ਰਾਈਲ ਦੇ ਗਠਨ ਤੇ ਉਸ ਤੋਂ ਬਾਅਦ ਦੀਆਂ ਸੈਂਕੜੇ ਕੂਟਨੀਤਕ ਨਾਕਾਮੀਆਂ ਨੇ ਇਹ ਸਾਬਤ ਕੀਤਾ ਹੈ ਕਿ ਇਹ ਪੂਰੀ ਯੋਜਨਾ ਇੱਕ ਲੰਮੇ ਤੋਂ ਚੱਲ ਰਹੀ ਬਸਤੀਵਾਦੀ ਰਣਨੀਤੀ ਦਾ ਹਿੱਸਾ ਸੀ। ਉਦੋਂ ਤੋਂ ਹੁਣ ਤੱਕ ਫਲਸਤੀਨੀ ਧਰਤੀ 'ਤੇ ਲਗਾਤਾਰ ਬੰਬ ਸੁੱਟੇ ਜਾ ਰਹੇ ਹਨ, ਕਬਜ਼ੇ ਕੀਤੇ ਜਾ ਰਹੇ ਹਨ ਤੇ ਬਸਤੀਆਂ ਵਸਾਈਆਂ ਜਾ ਰਹੀਆਂ ਹਨ। ਲੱਖਾਂ ਲੋਕ ਬੇਘਰ ਕਰ ਦਿੱਤੇ ਗਏ, ਸੈਂਕੜੇ ਪਿੰਡ ਮਿਟਾ ਦਿੱਤੇ ਗਏ। ਇਹ ਸਿਰਫ ਇੱਕ ਭੂਗੋਲਿਕ ਲੜਾਈ ਨਹੀਂ, ਸਗੋਂ ਇਹ ਇੱਕ ਸੱਭਿਆਗਤ ਬੇਇਨਸਾਫੀ ਦੀ ਗਵਾਹੀ ਹੈ। ਫਲਸਤੀਨ ਨੂੰ ਤਬਾਹ ਕਰਨ 'ਤੇ ਤੁਲੇ ਇਜ਼ਰਾਈਲ ਨੂੰ ਅਮਰੀਕਾ ਨੇ ਹਰ ਕੌਮਾਂਤਰੀ ਮੰਚ 'ਤੇ ਢਾਲ ਬਣ ਕੇ ਬਚਾਇਆ ਹੈ। ਇਜ਼ਰਾਈਲ ਤੇ ਉਸ ਦੇ ਹਮਾਇਤੀ ਦੇਸ਼ ਹੀ ਨਹੀਂ, ਸਗੋਂ ਉਹ ਤਮਾਮ ਦੇਸ਼ ਵੀ ਫਲਸਤੀਨ ਦੇ ਕਤਲ ਵਿੱਚ ਸ਼ਾਮਲ ਹਨ, ਜਿਹੜੇ ਜਾਂ ਤਾਂ ਖਾਮੋਸ਼ ਤਮਾਸ਼ਾਈ ਹਨ ਜਾਂ ਇਸ ਜੰਗ ਵਿੱਚ ਆਪਣੀ ਤਰੱਕੀ ਦੇ ਰਾਹ ਲੱਭ ਰਹੇ ਹਨ। ਕੁਝ ਨੇ ਤਾਂ ਖਾਮੋਸ਼ੀ ਤਾਣ ਲਈ ਤਾਂ ਕੁਝ ਨੇ ਇਜ਼ਰਾਈਲ ਵੱਲ ਦੋਸਤੀ ਦੇ ਹੱਥ ਵਧਾ ਦਿੱਤੇ। ਸਿਆਸੀ ਸੁਆਰਥ ਨੇ ਇਨਸਾਨੀ ਹਮਦਰਦੀ ਨੂੰ ਨਿਗਲ ਲਿਆ ਹੈ। ਇਸਲਾਮੀ ਭਰਾਤਰੀਭਾਵ ਵਜੋਂ ਮੁਸਲਮ ਦੇਸ਼ਾਂ ਤੋਂ ਫਲਸਤੀਨ ਦੀ ਮਦਦ ਦੀਆਂ ਉਮੀਦਾਂ ਵੱਧ ਕੀਤੀਆਂ ਜਾਂਦੀਆਂ ਸਨ, ਪਰ ਜਾਰਡਨ, ਤੁਰਕੀ, ਸਾਊਦੀ ਅਰਬ ਤੇ ਹੋਰਨਾਂ ਅਰਬ ਦੇਸ਼ਾਂ ਨੇ ਸਾਬਤ ਕਰ ਦਿੱਤਾ ਹੈ ਕਿ ਸੱਤਾ ਤੇ ਦੌਲਤ ਹੀ ਦੋਸਤੀ ਤੇ ਦੁਸ਼ਮਣੀ ਦੀ ਬੁਨਿਆਦ ਹੈ, ਅਕੀਦਾ ਜਾਂ ਮਜ਼ਹਬ ਨਹੀਂ। ਸੰਯੁਕਤ ਰਾਸ਼ਟਰ, ਮਨੁੱਖੀ ਅਧਿਕਾਰ ਤੇ ਕੌਮਾਂਤਰੀ ਅਦਾਲਤ ਵਰਗੀਆਂ ਤਮਾਮ ਸੰਸਥਾਵਾਂ ਨੇ ਸਿਰਫ ਬਿਆਨਬਾਜ਼ੀ ਨਾਲ ਡੰਗ ਸਾਰਿਆ ਹੈ। ਇਜ਼ਰਾਈਲ ਖਿਲਾਫ ਇਨ੍ਹਾਂ ਕੁਝ ਨਹੀਂ ਕੀਤਾ। ਇਨ੍ਹਾਂ ਦੀ ਨਾਕਾਮੀ ਨੇ ਇਹ ਸਵਾਲ ਉਠਾਇਆ ਹੈ ਕਿ ਕੀ ਇਹ ਸੰਸਥਾਵਾਂ ਸਿਰਫ ਤਾਕਤਵਰ ਦੇਸ਼ਾਂ ਦੇ ਹਿੱਤਾਂ ਦੀ ਰਾਖੀ ਲਈ ਹਨ।*

*ਜਦੋਂ ਇਤਿਹਾਸ ਦੀ ਅਦਾਲਤ ਲੱਗੇਗੀ ਤੇ ਗਵਾਹੀ ਵਿੱਚ ਫਲਸਤੀਨ ਦੇ ਟੁੱਟੇ ਘਰ, ਵਹਿੰਦਾ ਲਹੂ ਤੇ ਗੂੰਗੀਆਂ ਲਾਸ਼ਾਂ ਪੇਸ਼ ਹੋਣਗੀਆਂ, ਤਦ ਇੱਕ ਸਵਾਲ ਗੂੰਜੇਗਾ—ਕੀ ਤੁਸੀਂ ਵੀ ਉਨ੍ਹਾਂ ਵਿੱਚੋਂ ਹੋ, ਜਿਹੜੇ ਇਸ ਜ਼ੁਲਮ 'ਤੇ ਖਾਮੋਸ਼ ਰਹੇ ? ਹੁਣ ਵੀ ਵਕਤ ਹੈ ਸੱਚ ਦਾ ਸਾਥ ਦੇਣ ਦਾ, ਜ਼ੁਲਮ ਖਿਲਾਫ ਬੋਲਣ ਦਾ ਅਤੇ ਫਲਸਤੀਨ ਦੀ ਆਵਾਜ਼ ਬਣਨ ਦਾ। ਲੋਕ ਇਜ਼ਰਾਈਲ ਵਿਰੁੱਧ ਆਵਾਜ਼ ਤਾਂ ਉਠਾ ਰਹੇ ਹਨ, ਪਰ ਫਲਸਤੀਨ ਨੂੰ ਬਚਾਉਣ ਲਈ ਕੋਈ ਵੱਡੀ ਤਾਕਤ ਸਾਹਮਣੇ ਨਹੀਂ ਆ ਰਹੀ। ਕਿਸੇ ਵੇਲੇ ਭਾਰਤ ਸਰਕਾਰ ਫਲਸਤੀਨੀਆਂ ਨਾਲ ਡਟ ਕੇ ਖੜ੍ਹਦੀ ਸੀ, ਪਰ ਹੁਣ ਤਾਂ ਇਜ਼ਰਾਈਲ ਨਾਲ ਹਥਿਆਰਾਂ ਦੇ ਸਮਝੌਤੇ ਕਰ ਰਹੀ ਹੈ। ਫਿਰ ਵੀ ਫਲਸਤੀਨੀਆਂ ਦੀ ਦਾਦ ਦੇਣੀ ਪਏਗੀ, ਜਿਹੜੇ ਡਟਵਾਂ ਮੁਕਾਬਲਾ ਕਰ ਰਹੇ ਹਨ ਤੇ ਸ਼ਹੀਦੀ ਦਾ ਜਾਮ ਪੀ ਰਹੇ ਹਨ। ਇਤਿਹਾਸ ਜਦੋਂ ਦੁਨੀਆ ਭਰ ਦੇ ਬੁਜ਼ਦਿਲ ਹੁਕਮਰਾਨਾਂ ਨੂੰ ਲਾਹਨਤਾਂ ਪਾਵੇਗਾ, ਤਦ ਇਨ੍ਹਾਂ ਜਾਂਬਾਜ਼ ਫਲਸਤੀਨੀਆਂ ਦਾ ਨਾਂਅ ਬੜੀ ਇੱਜ਼ਤ ਨਾਲ ਲਿਆ ਜਾਵੇਗਾ।*

# ਹਦਬੰਦੀ : ਮੁੱਦੇ ਅਤੇ ਪ੍ਰਭਾਵ

ਡੀ ਰਾਜਾ ਜਨਰਲ ਸਕੱਤਰ ਸੀ ਪੀ ਆਈ
ਅਨੁ. : ਐਮ ਐੱਸ ਭਾਟੀਆ

28 ਮਈ 2023 ਨੂੰ ਸੰਸਦ ਦੀ ਨਵੀਂ ਇਮਾਰਤ ਰਾਸ਼ਟਰ ਨੂੰ ਸਮਰਪਿਤ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਜ਼ੋਰ ਦੇ ਕੇ ਕਿਹਾ ਕਿ ਦੇਸ਼ ਨੂੰ ਸੰਸਦ ਲਈ ਇੱਕ ਨਵੀਂ ਇਮਾਰਤ ਦੀ ਲੋੜ ਕਿਉਂ ਹੈ, "ਸਾਨੂੰ ਇਹ ਵੀ ਵਿਚਾਰ ਕਰਨ ਦੀ ਜ਼ਰੂਰਤ ਹੈ ਕਿ ਜਦੋਂ ਸੀਟਾਂ ਦੀ ਗਿਣਤੀ ਵਧੇਗੀ ਅਤੇ ਨੇੜ-ਭਵਿੱਖ ਵਿੱਚ ਸੰਸਦ ਮੈਂਬਰਾਂ ਦੀ ਗਿਣਤੀ ਵਧੇਗੀ ਤਾਂ ਲੋਕ ਕਿੱਥੇ ਬੈਠਣਗੇ?" ਪ੍ਰਧਾਨ ਮੰਤਰੀ ਦੇ ਇਸ ਦਾਅਵੇ ਨਾਲ 2026 ਵਿੱਚ ਹੱਦਬੰਦੀ 'ਤੇ ਲੱਗੀ ਰੋਕ ਨੇ ਹਲਕਿਆਂ ਦੀ ਹੱਦਬੰਦੀ ਬਾਰੇ ਬਹਿਸ ਨੂੰ ਛੇੜ ਦਿੱਤਾ ਹੈ, ਜਦੋਂ ਕਿ ਇਸ ਪ੍ਰਕਿਰਿਆ ਦਾ ਉਦੇਸ਼ ਜਨਸੰਖਿਆ ਤਬਦੀਲੀਆਂ ਅਨੁਸਾਰ ਚੋਣ ਹਲਕਿਆਂ ਦੀਆਂ ਸੀਮਾਵਾਂ ਨੂੰ ਮੁੜ ਨਿਰਧਾਰਤ ਕਰਕੇ ਸੰਤੁਲਿਤ ਪ੍ਰਤੀਨਿਧਤਾ ਨੂੰ ਯਕੀਨੀ ਬਣਾਉਣਾ ਹੈ, ਇਸ ਪ੍ਰਕਿਰਿਆ ਨੇ ਖਾਸ ਤੌਰ 'ਤੇ ਦੱਖਣੀ ਭਾਰਤ ਦੇ ਰਾਜਾਂ ਵਿੱਚ ਸ਼ੰਕੇ ਪੈਦਾ ਕੀਤੇ ਹਨ। ਜਿਸ ਫਾਰਮੂਲੇ ਨੂੰ ਲਾਗੂ ਕੀਤਾ ਜਾ ਰਿਹਾ ਹੈ, ਉਸ ਵਿਚ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਫੈਡਰਲਿਜ਼ਮ ਬਾਰੇ ਵਿਵਾਦਤ ਰਵੱਈਏ ਅਤੇ ਉੱਤਰੀ ਅਤੇ ਦੱਖਣੀ ਰਾਜਾਂ ਵਿਚਕਾਰ ਗੈਰਅਨੁਪਾਤਕ ਆਬਾਦੀ ਵਾਧੇ ਨੇ ਇਸ ਅਮਲ ਵਿੱਚ ਨਿਰਪੱਖਤਾ ਅਤੇ ਸਮਾਨਤਾ ਬਾਰੇ ਚਿੰਤਾਵਾਂ ਨੂੰ ਤੇਜ਼ ਕਰ ਦਿੱਤਾ ਹੈ।

ਇਸ ਸੰਦਰਭ ਵਿੱਚ ਤਾਮਿਲਨਾਡੂ ਦੇ ਮੁੱਖ ਮੰਤਰੀ ਐੱਮ.ਕੇ ਸਟਾਲਿਨ ਨੇ ਤਾਮਿਲਨਾਡੂ, ਕੇਰਲ, ਕਰਨਾਟਕ, ਆਂਧਰਾ ਪ੍ਰਦੇਸ਼, ਤੇਲੰਗਾਨਾ, ਓਡੀਸਾ ਅਤੇ ਪੰਜਾਬ ਦੀਆਂ ਪ੍ਰਮੁੱਖ ਰਾਜਨੀਤਕ ਪਾਰਟੀਆਂ ਦੀ ਇੱਕ ਮੀਟਿੰਗ ਬੁਲਾਈ, ਕਿਉਂਕਿ ਮੌਜੂਦਾ ਫਾਰਮੂਲੇ ਦੀ ਪਾਲਣਾ ਕਰਕੇ ਹੱਦਬੰਦੀ ਕਰਨ 'ਤੇ ਇਨ੍ਹਾਂ ਰਾਜਾਂ 'ਤੇ ਪ੍ਰਭਾਵ ਪਵੇਗਾ। ਮੀਟਿੰਗ ਵਿੱਚ ਪ੍ਰਮੁੱਖ ਰਾਜਨੀਤਿਕ ਤਾਕਤਾਂ ਭਾਜਪਾ ਦੁਆਰਾ ਪ੍ਰਤੀਨਿਧਤਾ ਦੇ ਉਨ੍ਹਾਂ ਦੇ ਅਧਿਕਾਰ ਦੀ ਕਟੌਤੀ ਨੂੰ ਖਤਰੇ ਦੇ ਵਿਰੁੱਧ ਇਕੱਠੀਆਂ ਹੋਈਆਂ ਹਨ। ਫਾਰਮੂਲਾ ਲਾਗੂ ਹੋਣ ਨਾਲ ਇਹਨਾਂ ਰਾਜਾਂ 'ਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਠੋਸ ਜਾਣਕਾਰੀ ਨਾਲ ਭਰਪੂਰ ਬਹਿਸ ਦੀ ਲੋੜ ਹੈ।

ਭਾਰਤ ਦੇ ਸੰਵਿਧਾਨ ਵਿਚ ਹੱਦਬੰਦੀ ਪ੍ਰਕਿਰਿਆ ਲਈ ਸਪੱਸ਼ਟ ਦਿਸ਼ਾ-ਨਿਰਦੇਸ਼ ਮੌਜੂਦ ਹਨ। ਧਾਰਾ 82 ਸੰਸਦ ਨੂੰ ਹਰ ਜਨਗਣਨਾ ਤੋਂ ਬਾਅਦ ਆਬਾਦੀ ਵਿੱਚ ਤਬਦੀਲੀਆਂ ਨੂੰ ਦਰਸਾਉਣ ਲਈ ਇੱਕ ਹੱਦਬੰਦੀ ਐਕਟ ਬਣਾਉਣ ਦਾ ਆਦੇਸ਼ ਦਿੰਦੀ ਹੈ। ਧਾਰਾ 170 ਆਬਾਦੀ ਦੇ ਅੰਕੜਿਆਂ ਦੇ ਆਧਾਰ ਤੇ ਰਾਜ ਵਿਧਾਨ ਸਭਾਵਾਂ ਦੀ ਬਣਤਰ ਨਿਰਧਾਰਤ ਕਰਦੀ ਹੈ। ਧਾਰਾ 55 ਰਾਸ਼ਟਰਪਤੀ ਚੋਣ ਵਿੱਚ ਰਾਜਾਂ ਦੀ ਅਨੁਪਾਤਕ ਪ੍ਰਤੀਨਿਧਤਾ ਨੂੰ ਯਕੀਨੀ ਬਣਾਉਂਦੀ ਹੈ। ਧਾਰਾ 81 ਲੋਕ ਸਭਾ ਵਿੱਚ ਸੀਟਾਂ ਦੀ ਵੱਧ ਤੋਂ ਵੱਧ ਗਿਣਤੀ (ਮੌਜੂਦਾ 552) ਨਿਰਧਾਰਤ ਕਰਦੀ ਹੈ ਅਤੇ ਆਬਾਦੀ ਦੇ ਆਧਾਰ 'ਤੇ ਰਾਜਾਂ ਵਿੱਚ ਉਨ੍ਹਾਂ ਦੀ ਵੰਡ ਦੀ ਵਿਵਸਥਾ ਕਰਦੀ ਹੈ। 1976 ਵਿੱਚ 42ਵੇਂ ਸੋਧ ਤੋਂ ਬਾਅਦ, ਪਰਵਾਰ ਨਿਯੋਜਨ ਉਪਾਵਾਂ ਨੂੰ ਸਫਲਤਾਪੂਰਵਕ ਲਾਗੂ ਕਰਨ ਬਦਲੇ ਰਾਜਾਂ ਨੂੰ ਸਜ਼ਾ ਦੇਣ ਤੋਂ ਰੋਕਣ ਲਈ ਸੰਸਦੀ ਸੀਟਾਂ ਵਧਾਉਣ ਦੀ ਪ੍ਰਕਿਰਿਆ ਨੂੰ ਰੋਕ ਦਿੱਤਾ ਗਿਆ ਸੀ। ਇਸ ਰੋਕ ਨੂੰ ਵਾਜਪਾਈ ਸਰਕਾਰ ਨੇ 2001 ਵਿੱਚ 84ਵੀਂ ਸੋਧ ਰਾਹੀਂ 2026 ਦੀ ਜਨਗਣਨਾ ਤੋਂ ਬਾਅਦ ਤੱਕ ਵਧਾ ਦਿੱਤਾ ਸੀ।

2026 ਦੀ ਜਨਗਣਨਾ ਦੇ ਆਧਾਰ 'ਤੇ ਆਉਣ ਵਾਲੀ ਹੱਦਬੰਦੀ, ਉਲਟ ਜਨਸੰਖਿਆ ਰੁਝਾਨਾਂ ਨੂੰ ਦੇਖਦੇ ਹੋਏ ਦੱਖਣੀ ਭਾਰਤ ਦੇ ਰਾਜਾਂ ਦੀ ਪ੍ਰਤੀਨਿਧਤਾ ਨੂੰ ਬੁਰੀ ਤਰ੍ਹਾਂ ਘਟਾ ਸਕਦੀ ਹੈ, ਜਦੋਂ ਕਿ ਉੱਤਰ ਭਾਰਤੀ ਰਾਜਾਂ ਦੀ ਪ੍ਰਤੀਨਿਧਤਾ ਨੂੰ ਕਾਫੀ ਵਧਾ ਸਕਦੀ ਹੈ। ਵਰਤਮਾਨ ਵਿੱਚ ਉੱਤਰ ਪ੍ਰਦੇਸ਼, ਬਿਹਾਰ, ਰਾਜਸਥਾਨ ਅਤੇ ਮੱਧ ਪ੍ਰਦੇਸ਼ ਦੇ ਪ੍ਰਮੁੱਖ ਉੱਤਰੀ ਰਾਜਾਂ ਕੋਲ ਲੋਕ ਸਭਾ ਵਿੱਚ 543 ਵਿੱਚੋਂ 174 ਸੀਟਾਂ ਹਨ, ਜੋ ਕੁੱਲ ਸੀਟਾਂ ਦਾ 32 ਫੀਸਦੀ ਬਣਦੀਆਂ ਹਨ।

ਤਾਮਿਲਨਾਡੂ, ਕੇਰਲਾ, ਆਂਧਰਾ ਪ੍ਰਦੇਸ਼, ਤੇਲੰਗਾਨਾ ਅਤੇ ਕਰਨਾਟਕ ਕੋਲ ਸਮੂਹਿਕ ਤੌਰ 'ਤੇ 129 ਸੀਟਾਂ ਹਨ, ਜੋ ਕੁੱਲ ਸੀਟਾਂ ਦਾ 24 ਫੀਸਦੀ ਹਨ। ਜੇਕਰ ਹੱਦਬੰਦੀ ਕਰਦੇ ਸਮੇਂ ਕੁੱਲ ਸੀਟਾਂ ਦੀ ਗਿਣਤੀ 543 ਹੀ ਰਹਿੰਦੀ ਹੈ ਤਾਂ ਇਹ ਅਸਮਾਨਤਾ ਵਧਾਏਗੀ। ਅਨੁਮਾਨਾਂ ਤੋਂ ਪਤਾ ਚੱਲਦਾ ਹੈ ਕਿ ਉੱਤਰੀ ਭਾਰਤ ਦੇ ਰਾਜਾਂ ਨੂੰ ਕਾਫੀ ਫਾਇਦਾ ਹੋਵੇਗਾ, 205 ਸੀਟਾਂ ਜਾਂ ਕੁੱਲ ਸੀਟਾਂ ਦਾ 38 ਫੀਸਦੀ, ਜਦੋਂ ਕਿ ਦੱਖਣੀ ਭਾਰਤ ਦੇ ਰਾਜਾਂ ਦੀ ਪ੍ਰਤੀਨਿਧਤਾ ਸੁੰਗੜ ਕੇ 103 ਸੀਟਾਂ ਜਾਂ 19 ਫੀਸਦੀ ਰਹਿ ਜਾਵੇਗੀ। ਜੇਕਰ ਸੀਟਾਂ ਦੀ ਗਿਣਤੀ ਵਧਾ ਕੇ 848 ਕਰ ਦਿੱਤੀ ਜਾਂਦੀ ਹੈ, ਜਿਵੇਂ ਕਿ ਨਵੀਂ ਸੰਸਦ ਇਮਾਰਤ ਦੇ ਲੋਕ ਸਭਾ ਚੈਂਬਰ ਵਿੱਚ ਬੈਠਣ ਦੀ ਸਮਰੱਥਾ ਦੇ ਅਨੁਸਾਰ ਪ੍ਰਸਤਾਵਿਤ ਹੈ, ਤਾਂ ਉੱਤਰੀ ਭਾਰਤ ਦੇ ਰਾਜਾਂ ਨੂੰ 324 ਸੀਟਾਂ ਜਾਂ ਕੁੱਲ ਸੀਟਾਂ ਦਾ 39 ਫੀਸਦੀ ਮਿਲਣ ਦੀ ਉਮੀਦ ਹੈ, ਜਦੋਂ ਕਿ ਦੱਖਣੀ ਭਾਰਤ ਦੇ ਰਾਜਾਂ ਨੂੰ 164 ਸੀਟਾਂ ਮਿਲਣ ਦਾ ਅਨੁਮਾਨ ਹੈ, ਜਿਸ ਨਾਲ ਹਿੱਸਾ ਘਟ ਕੇ 19 ਫੀਸਦੀ ਰਹਿ ਜਾਵੇਗਾ।

ਜਨਸੰਖਿਆ ਵਿਚ ਅੰਤਰ ਬਹੁਤ ਸਪੱਸ਼ਟ ਹਨ। 1971 ਵਿੱਚ ਬਿਹਾਰ ਅਤੇ ਤਾਮਿਲਨਾਡੂ ਦੀ ਆਬਾਦੀ ਤਕਰੀਬਨ ਬਰਾਬਰ ਸੀ ਅਤੇ ਲੋਕ ਸਭਾ ਵਿੱਚ ਵੀ ਇਸ ਮੁਤਾਬਕ ਪ੍ਰਤੀਨਿਧਤਾ ਸੀ। ਬਾਅਦ ਦੇ ਦਹਾਕਿਆਂ ਵਿੱਚ ਬਿਹਾਰ ਦੀ ਆਬਾਦੀ ਬਹੁਤ ਤੇਜ਼ੀ ਨਾਲ ਵਧੀ, ਜਿਸ ਦੇ ਨਤੀਜੇ ਵਜੋਂ ਇੱਕ ਅਜਿਹੀ ਸਥਿਤੀ ਬਣ ਗਈ, ਜਿੱਥੇ ਅੱਜ ਇਸ ਦੇ ਹਲਕੇ ਤਾਮਿਲਨਾਡੂ ਦੇ ਮੁਕਾਬਲੇ ਪ੍ਰਤੀ ਸੰਸਦ ਮੈਂਬਰ ਕਾਫੀ ਜ਼ਿਆਦਾ ਲੋਕਾਂ ਦੀ ਪ੍ਰਤੀਨਿਧਤਾ ਕਰਦੇ ਹਨ। ਨਤੀਜੇ ਵਜੋਂ ਉੱਤਰੀ ਰਾਜਾਂ ਦੇ ਸੰਸਦ ਮੈਂਬਰ ਹੁਣ ਆਪਣੇ ਦੱਖਣੀ ਹਮਰੁਤਬਾ ਨਾਲੋਂ ਕਾਫੀ ਵੱਡੇ ਹਲਕਿਆਂ ਦੀ ਪ੍ਰਤੀਨਿਧਤਾ ਕਰਦੇ ਹਨ। ਇਹ ਅਸਮਾਨਤਾ ਉਸ ਚੁਣੌਤੀ ਨੂੰ ਉਜਾਗਰ ਕਰਦੀ ਹੈ, ਜਿਸ ਦਾ ਸਾਹਮਣਾ ਦੱਖਣੀ ਰਾਜਾਂ ਨੂੰ ਆਉਣ ਵਾਲੀ ਹੱਦਬੰਦੀ ਪ੍ਰਕਿਰਿਆ ਦੌਰਾਨ ਕਰਨਾ ਪਵੇਗਾ। ਇਹ ਹਕੀਕਤ ਕਿ ਉੱਤਰੀ ਰਾਜ ਹੁਣ ਭਾਰਤ ਦੀ ਆਬਾਦੀ ਦਾ 50% ਫੀਸਦੀ ਹਿੱਸਾ ਰੱਖਦੇ ਹਨ, ਜੋ ਕਿ 1971 ਦੀ ਮਰਦਮਸ਼ੁਮਾਰੀ ਦੇ ਅਨੁਸਾਰ 43 ਫੀਸਦੀ ਸੀ, ਜਦੋਂ ਕਿ ਦੱਖਣੀ ਰਾਜਾਂ ਦਾ ਹਿੱਸਾ 25 ਫੀਸਦੀ ਤੋਂ ਘਟ ਕੇ 20 ਫੀਸਦੀ ਰਹਿ ਗਿਆ ਹੈ। ਇਹ ਮੌਜੂਦਾ ਫਾਰਮੂਲੇ ਦੀ ਪਾਲਣਾ ਕਰਨ ਵਾਲੀ ਪ੍ਰਕਿਰਿਆ ਦੀ ਨਿਰਪੱਖਤਾ ਬਾਰੇ ਚਿੰਤਾਵਾਂ ਨੂੰ ਹੋਰ ਵੀ ਡੂੰਘਾ ਕਰਦੀ ਹੈ।

ਦੱਖਣੀ ਰਾਜਾਂ ਨੇ ਕਈ ਕਾਰਨਾਂ ਕਰਕੇ 2026 ਤੋਂ ਬਾਅਦ ਦੀ ਹੱਦਬੰਦੀ ਪ੍ਰਕਿਰਿਆ 'ਤੇ ਲਗਾਤਾਰ ਸਖਤ ਚਿੰਤਾਵਾਂ ਜ਼ਾਹਰ ਕੀਤੀਆਂ ਹਨ। ਆਬਾਦੀ ਵਿੱਚ ਗੈਰਅਨੁਪਾਤਕ ਵਾਧਾ ਇੱਕ ਮੁੱਖ ਕਾਰਕ ਹੈ। ਦੱਖਣੀ ਰਾਜਾਂ ਨੇ ਪਰਿਵਾਰ ਨਿਯੋਜਨ ਦੇ ਉਪਾਵਾਂ ਨੂੰ ਸਰਵਉੱਚ ਤਰੀਕੇ ਨਾਲ ਲਾਗੂ ਕਰਕੇ ਆਪਣੀ ਆਬਾਦੀ ਨੂੰ ਸਫਲਤਾਪੂਰਵਕ ਸਥਿਰ ਕੀਤਾ ਹੈ। ਉਸੇ ਸਮੇਂ ਉੱਤਰੀ ਰਾਜਾਂ ਵਿਚ ਆਬਾਦੀ ਵਾਧਾ ਉੱਚ ਦਰ 'ਤੇ ਹੋਇਆ ਹੈ। ਸਿਰਫ ਆਬਾਦੀ ਦੇ ਆਧਾਰ 'ਤੇ ਹੱਦਬੰਦੀ ਉਨ੍ਹਾਂ ਰਾਜਾਂ ਨੂੰ ਸਜ਼ਾ ਦੇਣਾ ਹੈ, ਜਿਨ੍ਹਾਂ ਨੇ ਆਬਾਦੀ ਨਿਯੰਤਰਣ ਲਈ ਰਾਸ਼ਟਰੀ ਉਦੇਸ਼ਾਂ ਦੀ ਪਾਲਣਾ ਕੀਤੀ ਸੀ। ਰਾਜਨੀਤਕ ਤੌਰ 'ਤੇ ਕਰਨਾਟਕ ਨੂੰ ਛੱਡ ਕੇ ਭਾਜਪਾ ਹੁਣ ਤੱਕ ਦੱਖਣੀ ਭਾਰਤ ਵਿੱਚ ਕਾਫੀ ਹੱਦ ਤੱਕ ਆਪਣਾ ਆਧਾਰ ਵਧਾਉਣ ਵਿੱਚ ਅਸਫਲ ਰਹੀ ਹੈ। ਇਨ੍ਹਾਂ ਰਾਜਾਂ ਵਿੱਚ ਪ੍ਰਤੀਨਿਧਤਾ ਘਟਾਉਣ ਦਾ ਮਤਲਬ ਭਾਜਪਾ ਵੱਲੋਂ ਉਨ੍ਹਾਂ ਰਾਜਾਂ ਨੂੰ ਸਜ਼ਾ ਦੇਣ ਦਾ ਇਕ ਤਰੀਕਾ ਹੋ ਸਕਦਾ ਹੈ, ਕਿਉਂਕਿ ਉਹਨਾਂ ਰਾਜਾਂ ਦੇ ਲੋਕਾਂ ਨੇ ਚੋਣਾਂ ਵਿੱਚ ਭਾਜਪਾ ਨੂੰ ਰੱਦ ਕਰ ਦਿੱਤਾ ਹੈ ।

ਫੈਡਰਲਿਜ਼ਮ ਲਈ ਖਤਰਾ ਇੱਕ ਹੋਰ ਮੁੱਖ ਚਿੰਤਾ ਦਾ ਵਿਸ਼ਾ ਹੈ। ਭਾਜਪਾ ਸ਼ਕਤੀ ਦੇ ਕੇਂਦਰੀਕਰਨ ਦਾ ਇੱਕ ਮਾਡਲ ਪੇਸ਼ ਕਰ ਰਹੀ ਹੈ ਜਿਸ ਦੇ ਅਧੀਨ ਦੇਸ਼ ਦੇ ਸੰਘੀ ਢਾਂਚੇ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ। ਉਦਾਹਰਣ ਦੇ ਤੌਰ 'ਤੇ ਗੈਰ-ਹਿੰਦੀ ਭਾਸ਼ੀ ਰਾਜਾਂ 'ਤੇ ਹਿੰਦੀ ਥੋਪਣਾ, ਕੇਰਲਾ ਵਰਗੇ ਰਾਜਾਂ ਵਿਰੁੱਧ ਵਿੱਤੀ ਵਿਤਕਰਾ, ਕੌਮੀ ਸਿੱਖਿਆ ਨੀਤੀ ਥੋਪਣਾ ਅਤੇ ਰਾਜਾਂ ਦੀਆਂ ਵਿਸ਼ੇਸ਼ ਭਲਾਈ ਸਕੀਮਾਂ ਦੀਆਂ ਨੀਤੀਆਂ ਵਿੱਚ ਦਖਲਅੰਦਾਜ਼ੀ ਸ਼ਾਮਲ ਹਨ। ਇਨ੍ਹਾਂ ਕਾਰਵਾਈਆਂ ਨੇ ਹੀ ਚਿੰਤਾਵਾਂ ਨੂੰ ਹੋਰ ਵਧਾਇਆ ਹੈ ਕਿ ਹੱਦਬੰਦੀ ਪ੍ਰਕਿਰਿਆ ਫੈਡਰਲਿਜ਼ਮ ਨੂੰ ਹੋਰ ਕਮਜ਼ੋਰ ਕਰ ਸਕਦੀ ਹੈ ਅਤੇ ਰਾਜਨੀਤਕ ਸ਼ਕਤੀ ਦਾ ਸੰਤੁਲਨ ਵਿਗਾੜ ਕੇ ਕੇਂਦਰ ਦੇ ਪੱਖ ਵਿੱਚ ਕਰ ਸਕਦੀ ਹੈ।

ਪ੍ਰਾਂਤਾਂ ਦਾ ਆਰਥਿਕ ਯੋਗਦਾਨ ਬਨਾਮ ਰਾਜਨੀਤਿਕ ਪ੍ਰਤੀਨਿਧਤਾ ਵਿਵਾਦ ਦਾ ਇੱਕ ਹੋਰ ਪਹਿਲੂ ਹੈ। ਦੱਖਣੀ ਰਾਜ ਭਾਰਤ ਦੀ ਆਰਥਿਕਤਾ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਤਾਮਿਲਨਾਡੂ, ਕੇਰਲ, ਤੇਲੰਗਾਨਾ ਅਤੇ ਕਰਨਾਟਕ, ਹੋਰਨਾਂ ਸਮੇਤ ਆਪਣੇ ਉੱਤਰੀ ਹਮਰੁਤਬਾ ਦੇ ਮੁਕਾਬਲੇ ਭਾਰਤ ਦੇ ਜੀ ਡੀ ਪੀ ਅਤੇ ਟੈਕਸ ਮਾਲੀਏ ਵਿੱਚ ਮੁਕਾਬਲਤਨ ਵੱਧ ਹਿੱਸਾ ਪਾਉਂਦੇ ਹਨ। ਇਸ ਦੇ ਬਾਵਜੂਦ ਨਵੇਂ ਹੱਦਬੰਦੀ ਢਾਂਚੇ ਦੇ ਤਹਿਤ ਉਨ੍ਹਾਂ ਦੀ ਰਾਜਨੀਤਕ ਪ੍ਰਤੀਨਿਧਤਾ ਘਟਣ ਦਾ ਖਤਰਾ ਹੈ। ਘਟੀ ਹੋਈ ਪ੍ਰਤੀਨਿਧਤਾ ਦੀ ਸੰਭਾਵਨਾ ਆਰਥਿਕ ਬੇਇਨਸਾਫੀ ਬਾਰੇ ਵੀ ਚਿੰਤਾਵਾਂ ਪੈਦਾ ਕਰਦੀ ਹੈ। ਜਿਨ੍ਹਾਂ ਰਾਜਾਂ ਨੇ ਸਿਹਤ ਸੰਭਾਲ, ਸਿੱਖਿਆ ਅਤੇ ਸਮਾਜਿਕ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਵਿੱਚ ਭਾਰੀ ਉਤਸ਼ਾਹ ਦਿਖਾਇਆ ਹੈ, ਉਨ੍ਹਾਂ ਨੂੰ ਉਨ੍ਹਾਂ ਦੇ ਸੁਯੋਗ ਸ਼ਾਸਨ ਲਈ ਸਜ਼ਾ ਮਿਲਣ ਦਾ ਖਤਰਾ ਹੈ।

ਸਮਾਜਿਕ ਵਿਕਾਸ ਨੂੰ ਤਰਜੀਹ ਦੇਣ ਵਾਲੇ ਰਾਜ ਆਪਣੀਆਂ ਪ੍ਰਗਤੀਸ਼ੀਲ ਪ੍ਰਾਪਤੀਆਂ ਦੇ ਬਾਵਜੂਦ ਰਾਜਨੀਤਿਕ ਲਾਭ ਤੋਂ ਵਾਂਝੇ ਰਹਿ ਸਕਦੇ ਹਨ। 2026 ਤੱਕ ਹੱਦਬੰਦੀ ਪ੍ਰਕਿਰਿਆ ਰੋਕਣ ਦਾ ਪ੍ਰਸਤਾਵ ਦਿੰਦੇ ਹੋਏ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ ਮੰਤਰੀ ਮੰਡਲ ਵਿੱਚ ਤਤਕਾਲੀ ਕਾਨੂੰਨ ਮੰਤਰੀ ਅਰੁਣ ਜੇਤਲੀ ਨੇ ਲੋਕ ਸਭਾ ਵਿੱਚ ਇਹੀ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਸੀ ਕਿ "ਕੁਝ ਰਾਜਾਂ ਨੇ ਪਰਵਾਰ ਨਿਯੋਜਨ ਪ੍ਰੋਗਰਾਮ ਨੂੰ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਹੈ ਅਤੇ ਕੁਝ ਰਾਜ ਅਜਿਹੇ ਹਨ, ਜਿੱਥੇ ਇਸ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਨਹੀਂ ਕੀਤਾ ਗਿਆ ਹੈ।" ਭਾਜਪਾ ਦੱਸੇ ਕਿ ਇਨ੍ਹਾਂ ਸਾਲਾਂ ਵਿੱਚ ਇਸ ਕਹਿਣੀ ਦੇ ਸੰਬੰਧ ਵਿੱਚ ਕੀ ਬਦਲਿਆ ਹੈ। ਇਸ ਤੋਂ ਇਲਾਵਾ ਦੱਖਣੀ ਰਾਜਾਂ ਦੀ ਘਟੀ ਹੋਈ ਪ੍ਰਤੀਨਿਧਤਾ ਇਸ ਗੱਲ ਦਾ ਖਦਸ਼ਾ ਪ੍ਰਗਟ ਕਰਦੀ ਹੈ ਕਿ ਉਹਨਾਂ ਦੇ ਮੁਕਾਬਲੇ ਉੱਤਰੀ ਰਾਜਾਂ ਨੂੰ ਤਰਜੀਹ ਦਿੱਤੀ ਜਾਵੇਗੀ । ਇਹ ਤਬਦੀਲੀ ਉੱਤਰ-ਦੱਖਣ ਰਾਜਨੀਤਕ ਪਾੜੇ ਨੂੰ ਡੂੰਘਾ ਕਰ ਸਕਦੀ ਹੈ, ਸਰੋਤ ਵੰਡ, ਭਾਸ਼ਾ ਲਾਗੂ ਕਰਨ ਅਤੇ ਵਿਚਾਰਧਾਰਕ ਵਖਰੇਵਿਆਂ ਦੀਆਂ ਸ਼ਿਕਾਇਤਾਂ ਦੇ ਪਾੜੇ ਨੂੰ ਹੋਰ ਡੂੰਘਾ ਕਰ ਸਕਦੀ ਹੈ।

ਆਉਣ ਵਾਲੀ ਹੱਦਬੰਦੀ ਸਹਿਕਾਰੀ ਫੈਡਰਲਿਜ਼ਮ ਨੂੰ ਕਮਜ਼ੋਰ ਕਰਨ ਦਾ ਖਤਰਾ ਵੀ ਪੇਸ਼ ਕਰਦੀ ਹੈ, ਜੋ ਕਿ ਭਾਰਤ ਦੇ ਰਾਜਨੀਤਿਕ ਢਾਂਚੇ ਦਾ ਇੱਕ ਕੇਂਦਰ ਬਿੰਦੂ ਹੈ। ਭਾਰਤ ਵਿੱਚ ਫੈਡਰਲਿਜ਼ਮ ਇਹ ਯਕੀਨੀ ਬਣਾਉਣ ਲਈ ਤਿਆਰ ਕੀਤਾ ਗਿਆ ਹੈ ਕਿ ਰਾਜਾਂ ਦੀ ਆਪਣੇ ਮਾਮਲਿਆਂ 'ਤੇ ਤਕੜੀ ਪਕੜ ਰਹੇ, ਜਦੋਂ ਕਿ ਭਾਜਪਾ ਸਰਕਾਰ ਦੇ ਵਧ ਰਹੇ ਕੇਂਦਰੀਕਰਨ ਦੀਆਂ ਕੋਸ਼ਿਸ਼ਾਂ, ਹੱਦਬੰਦੀ ਦੇ ਸੰਭਾਵੀ ਨਤੀਜਿਆਂ ਦੇ ਨਾਲ ਇਸ ਸੰਤੁਲਨ ਨੂੰ ਕਮਜ਼ੋਰ ਕਰ ਸਕਦੀਆਂ ਹਨ। ਕੇਰਲਾ ਅਤੇ ਤਾਮਿਲਨਾਡੂ ਵਰਗੇ ਰਾਜ, ਜਿਨ੍ਹਾਂ ਨੇ ਸਮਾਜਿਕ ਭਲਾਈ ਅਤੇ ਆਰਥਿਕ ਵਿਕਾਸ ਵਿੱਚ ਲਗਾਤਾਰ ਵੱਧ ਧਿਆਨ ਦਿੱਤਾ ਹੈ, ਰਾਸ਼ਟਰੀ ਅਰਥਵਿਵਸਥਾ ਵਿੱਚ ਆਪਣੇ ਮਹੱਤਵਪੂਰਨ ਯੋਗਦਾਨ ਦੇ ਬਾਵਜੂਦ ਰਾਜਨੀਤਿਕ ਤੌਰ 'ਤੇ ਕਮਜ਼ੋਰ ਹੋਣ ਦਾ ਖਤਰਾ ਮਹਿਸੂਸ ਕਰਦੇ ਹਨ। ਗਿਣਤੀ ਪੱਖੋਂ ਦਬਦਬੇ ਕਰਕੇ ਫੈਡਰਲਿਜ਼ਮ ਨੂੰ ਖੋਰਾ ਭਾਰਤ ਦੇ ਰਾਜਨੀਤਕ ਸੰਤੁਲਨ ਨੂੰ ਵਿਗਾੜ ਸਕਦਾ ਹੈ।

ਇਹਨਾਂ ਚਿੰਤਾਵਾਂ ਨੂੰ ਘਟਾਉਣ ਲਈ ਕਈ ਤਰ੍ਹਾਂ ਦੇ ਸੰਵਿਧਾਨਕ ਸੁਰੱਖਿਆ ਉਪਾਅ ਜ਼ਰੂਰੀ ਹਨ। ਆਬਾਦੀ ਨਿਯੰਤਰਣ ਦੇ ਲਾਭ ਨੂੰ ਹੱਦਬੰਦੀ ਪ੍ਰਕਿਰਿਆ ਵਿੱਚ ਵਿਸ਼ੇਸ਼ ਪ੍ਰੋਤਸਾਹਨ ਵਜੋਂ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਜਿਨ੍ਹਾਂ ਰਾਜਾਂ ਨੇ ਆਪਣੀ ਆਬਾਦੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸਥਿਰ ਕੀਤਾ ਹੈ, ਉਨ੍ਹਾਂ ਨੂੰ ਅਣਉਚਿਤ ਤੌਰ 'ਤੇ ਸਜ਼ਾ ਨਾ ਦਿੱਤੀ ਜਾਵੇ। ਸੰਤੁਲਿਤ ਪ੍ਰਤੀਨਿਧਤਾ ਵੀ ਓਨੀ ਹੀ ਮਹੱਤਵਪੂਰਨ ਹੈ; ਆਰਥਿਕ ਯੋਗਦਾਨ, ਵਿਕਾਸ ਪ੍ਰਾਪਤੀਆਂ ਅਤੇ ਸ਼ਾਸਕੀ ਪ੍ਰਸ਼ਾਸਨ ਸਫਲਤਾ ਨੂੰ ਪ੍ਰਤੀਨਿਧਤਾ ਫਾਰਮੂਲੇ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਅਤੇ ਸੰਸਦੀ ਸੀਟਾਂ ਦੀ ਵੰਡ ਵਿੱਚ ਇਨਸਾਫ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਫੈਡਰਲਿਜ਼ਮ ਨੂੰ ਮਜ਼ਬੂਤ ਕਰਨਾ ਵੀ ਮਹੱਤਵਪੂਰਨ ਹੈ। ਜਿਨ੍ਹਾਂ ਰਾਜਾਂ ਨੇ ਆਬਾਦੀ ਵਾਧੇ ਨੂੰ ਕੰਟਰੋਲ ਕੀਤਾ ਹੈ ਅਤੇ ਅਰਥ ਵਿਵਸਥਾ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ, ਉਨ੍ਹਾਂ ਨੂੰ ਬਰਾਬਰ ਵਿੱਤੀ ਵੰਡ ਯਕੀਨੀ ਬਣਾਉਣ ਲਈ ਵਿੱਤੀ ਨੀਤੀਆਂ 'ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ ਤਾਂ ਕਿ ਉਹਨਾਂ ਨੂੰ ਆਰਥਿਕ ਹਾਸ਼ੀਏ 'ਤੇ ਜਾਣ ਤੋਂ ਰੋਕਿਆ ਜਾ ਸਕੇ।

ਪ੍ਰਸਤਾਵਿਤ ਹੱਦਬੰਦੀ ਪ੍ਰਕਿਰਿਆ ਭਾਰਤ ਦੇ ਲੋਕਤੰਤਰ ਅਤੇ ਸੰਘੀ ਢਾਂਚੇ ਲਈ ਇੱਕ ਮਹੱਤਵਪੂਰਨ ਚੁਣੌਤੀ ਪੇਸ਼ ਕਰਦੀ ਹੈ, ਜਦੋਂ ਕਿ ਇਸ ਪ੍ਰਕਿਰਿਆ ਦਾ ਉਦੇਸ਼ ਆਬਾਦੀ ਦੇ ਰੁਝਾਨਾਂ ਦੇ ਆਧਾਰ 'ਤੇ ਪ੍ਰਤੀਨਿਧਤਾ ਨੂੰ ਸੰਤੁਲਿਤ ਕਰਨਾ ਹੈ, ਪਰ ਇਹ ਦੱਖਣੀ ਰਾਜਾਂ ਨੂੰ ਅਨੁਪਾਤਕ ਤੌਰ 'ਤੇ ਸਜ਼ਾ ਦੇਣ ਦੇ ਬਰਾਬਰ ਦਾ ਖਤਰਾ ਪੇਸ਼ ਕਰਦਾ ਹੈ, ਜਿਨ੍ਹਾਂ ਨੇ ਸ਼ਾਸਨ ਉੱਤਮਤਾ ਅਤੇ ਆਰਥਿਕ ਦੂਰਦਰਸ਼ਿਤਾ ਦਾ ਪ੍ਰਦਰਸ਼ਨ ਕੀਤਾ ਹੈ। ਢੁਕਵੇਂ ਸੁਰੱਖਿਆ ਉਪਾਵਾਂ ਤੋਂ ਬਿਨਾਂ ਭਾਜਪਾ ਦੇ ਕੇਂਦਰੀਕ੍ਰਿਤ ਉਪਾਅ ਸਹਿਕਾਰੀ ਸੰਘਵਾਦ ਨੂੰ ਹੋਰ ਕਮਜ਼ੋਰ ਕਰ ਸਕਦੇ ਹਨ ਅਤੇ ਰਾਜਨੀਤਿਕ ਪ੍ਰਭਾਵ ਵਿੱਚ ਖੇਤਰੀ ਅਸਮਾਨਤਾਵਾਂ ਨੂੰ ਡੂੰਘਾ ਕਰ ਸਕਦੇ ਹਨ। 2026 ਦੀ ਹੱਦਬੰਦੀ ਨੂੰ ਸਾਰੇ ਖੇਤਰਾਂ ਦੇ ਯੋਗਦਾਨ ਲਈ ਬਰਾਬਰੀ, ਨਿਰਪੱਖਤਾ ਅਤੇ ਸਤਿਕਾਰ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ। ਇੱਕ ਢਾਂਚਾ ਜੋ ਸਾਰੇ ਰਾਜਾਂ ਦੇ ਹਿੱਤਾਂ ਦੀ ਰੱਖਿਆ ਕਰਦਾ ਹੈ, ਬਰਾਬਰ ਪ੍ਰਤੀਨਿਧਤਾ ਨੂੰ ਯਕੀਨੀ ਬਣਾਉਂਦਾ ਹੋਵੇ, ਨਿਆਂ ਅਤੇ ਲੋਕਤੰਤਰ ਦੇ ਸਿਧਾਂਤਾਂ ਨੂੰ ਬਰਕਰਾਰ ਰੱਖਦਾ ਹੋਵੇ । ਭਾਰਤ ਦੀ ਤਾਕਤ ਇਸ ਦੀ ਵਿਭਿੰਨਤਾ ਵਿੱਚ ਹੈ ਅਤੇ ਕੋਈ ਵੀ ਹੱਦਬੰਦੀ ਪ੍ਰਕਿਰਿਆ, ਜੋ ਤਾਕਤਾਂ ਦੇ ਸੰਤੁਲਨ ਨੂੰ ਵਿਗਾੜਦੀ ਹੈ, ਉਹਨਾਂ ਖੇਤਰਾਂ ਨੂੰ ਮੁੱਖ ਧਾਰਾ ਤੋਂ ਪਰੇ ਕਰਨ ਦਾ ਖਤਰਾ ਸਹੇੜਦੀ ਹੈ, ਜੋ ਦੇਸ਼ ਦੀ ਤਰੱਕੀ ਨੂੰ ਅੱਗੇ ਵਧਾਉਣ ਵਿੱਚ ਮਹੱਤਵਪੂਰਨ ਯੋਗਦਾਨ ਦੇ ਰਹੇ ਹਨ, ਦੇਸ਼ ਦੇ ਹਿੱਤ ਵਿੱਚ ਨਹੀਂ ਹੋ ਸਕਦੀ । ਜਿਵੇਂ-ਜਿਵੇਂ ਭਾਰਤ ਇਸ ਬਦਲਾਵ ਦੇ ਨੇੜੇ ਆ ਰਿਹਾ ਹੈ, ਸਾਰੇ ਖੇਤਰਾਂ ਦੇ ਯੋਗਦਾਨ ਲਈ ਬਰਾਬਰੀ, ਨਿਰਪੱਖਤਾ ਅਤੇ ਸਤਿਕਾਰ ਨੂੰ ਯਕੀਨੀ ਬਣਾਉਣਾ ਹੱਦਬੰਦੀ ਦਾ ਮਾਰਗਦਰਸ਼ਕ ਸਿਧਾਂਤ ਹੋਣਾ ਚਾਹੀਦਾ ਹੈ।

**# ਸੰਪਰਕ : 99884-91002**

# ਜ਼ੰਕ ਫੂਡ ਨਾਲ ਬੱਚਿਆਂ 'ਤੇ ਪੈ ਰਿਹਾ ਮਾੜਾ ਪ੍ਰਭਾਵ

ਮੁਹੰਮਦ ਅੱਬਾਸ ਧਾਲੀਵਾਲ

ਅਜੋਕੇ ਯੁੱਗ 'ਚ ਮਨੁੱਖ ਦੀ ਜ਼ਿੰਦਗੀ ਬਹੁਤ ਤੇਜ਼ੀ ਨਾਲ ਲੰਘ ਰਹੀ ਹੈ। ਜੇਕਰ ਇਹ ਕਿਹਾ ਜਾਵੇ ਕਿ ਇਸ ਮਸ਼ੀਨੀ ਯੁੱਗ ਵਿੱਚ ਘਿਰਿਆ ਮਨੁੱਖ ਖੁਦ ਵੀ ਇੱਕ ਮਸ਼ੀਨ ਬਣ ਕੇ ਰਹਿ ਗਿਆ ਹੈ ਤਾਂ ਮੇਰੇ ਖਿਆਲ 'ਚ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ। ਜੀਵਨ ਦੀ ਤੇਜ਼ ਰਫਤਾਰ ਨੇ ਅੱਜ ਮਨੁੱਖੀ ਜ਼ਿੰਦਗੀ ਦੇ ਹਰ ਖੇਤਰ 'ਤੇ ਆਪਣਾ ਡੂੰਘਾ ਪ੍ਰਭਾਵ ਪਾਇਆ ਹੈ।

ਅੱਜ ਅਸੀਂ ਜਿਸ ਵਿਸ਼ੇ 'ਤੇ ਗੱਲ ਕਰਨ ਜਾ ਰਹੇ ਹਾਂ, ਉਹ ਸਾਡੇ ਰੋਜ਼ਾਨਾ ਭੋਜਨ ਵਿਚ ਵਰਤੋਂ ਵਿੱਚ ਆ ਰਹੇ ਜ਼ੰਕ ਫੂਡ ਦੀ ਹੈ। ਉਂਝ ਤਾਂ ਜ਼ੰਕ ਫੂਡ ਦਾ ਕਰੇਜ਼ ਅੱਜ ਹਰ ਉਮਰ ਦੇ ਲੋਕਾਂ ਵਿੱਚ ਪਾਇਆ ਜਾ ਰਿਹਾ ਹੈ, ਪਰ ਜਿਸ ਤੀਬਰਤਾ ਨਾਲ ਇਹ ਅੱਜ ਬੱਚਿਆਂ ਤੇ ਨੌਜਵਾਨਾਂ ਵਿਚ ਪਾਇਆ ਜਾ ਰਿਹਾ ਹੈ, ਉਸ ਦੀ ਉਦਾਹਰਣ ਦੇ ਪਾਉਣਾ ਮੁਸ਼ਕਲ ਹੈ। ਅੱਜ ਅਸੀ ਵੇਖਾਂਗੇ ਕਿ ਕਿਸ ਤਰ੍ਹਾਂ ਨਾਲ ਜ਼ੰਕ ਸਾਡੀ ਸਿਹਤ 'ਤੇ ਮਾੜੇ ਪ੍ਰਭਾਵ ਪਾ ਰਿਹਾ ਹੈ।

ਦਰਅਸਲ ਜ਼ੰਕ ਫੂਡ ਖਾਣ ਦੀ ਲਾਲਸਾ ਸਾਡੇ ਬੱਚਿਆਂ ਨੂੰ ਇਸ ਨੂੰ ਖਾਣ ਲਈ ਮਜਬੂਰ ਕਰਦੀ ਹੈ, ਇਹ ਜਾਣਦੇ ਹੋਏ ਕਿ ਜ਼ੰਕ ਫੂਡ ਸਾਡੀ ਸਿਹਤ ਲਈ ਹਾਨੀਕਾਰਕ ਹੈ।

ਵੇਖਣ 'ਚ ਆਇਆ ਹੈ ਕਿ ਅੱਜਕੱਲ੍ਹ ਲੋਕਾਂ ਦੀਆਂ ਖਾਣ-ਪੀਣ ਦੀਆਂ ਆਦਤਾਂ ਬਹੁਤ ਬਦਲ ਗਈਆਂ ਹਨ। ਆਪਣੀ ਮਸ਼ਰੂਫੀਅਤ ਦੇ ਚਲਦਿਆਂ ਅਕਸਰ ਲੋਕ ਕਾਹਲੀ ਵਿੱਚ ਹੁੰਦੇ ਹਨ। ਸਥਿਤੀ ਇਹ ਹੈ ਕਿ ਭੀੜ-ਭੜੱਕੇ ਦੇ ਵਿਚਕਾਰ, ਲੋਕਾਂ ਕੋਲ ਆਰਾਮ ਨਾਲ ਖਾਣਾ ਖਾਣ ਦਾ ਸਮਾਂ ਵੀ ਨਹੀਂ। ਅਜਿਹੇ ਹਾਲਾਤ ਵਿੱਚ ਉਹ ਜ਼ੰਕ ਫੂਡ ਵੱਲ ਰੁਖ ਕਰਦੇ ਹਨ। ਇਸ ਨੂੰ ਮਜਬੂਰੀ ਕਹੋ ਜਾਂ ਆਦਤ ਲੋਕ ਇਸ ਦੇ ਆਦੀ ਹੋ ਚੁੱਕੇ ਹਨ ਅਤੇ ਇਸ ਨਸ਼ੇ ਕਾਰਨ ਉਨ੍ਹਾਂ ਨੂੰ ਅਕਸਰ ਨਮਕੀਨ, ਮਿੱਠਾ ਜਾਂ ਦੋਵਾਂ ਦੀ ਲਾਲਸਾ ਹੋਣ ਲੱਗਦੀ ਹੈ

ਅੱਜ ਬੱਚਿਆਂ ਦੀ ਸਿਹਤ 'ਤੇ ਜ਼ੰਕ ਫੂਡ (ਫਾਸਟ ਫੂਡ, ਪ੍ਰੋਸੈਸਡ ਫੂਡ) ਦੇ ਬਹੁਤ ਮਾੜੇ ਪ੍ਰਭਾਵ ਪੈ ਰਹੇ ਹਨ। ਇਹਨਾਂ ਜ਼ੰਕ ਫੂਡ ਦੇ ਵੱਖ-ਵੱਖ ਖਾਣਿਆਂ ਵਿੱਚ ਵਧੇਰੇ ਚੀਨੀ, ਨਮਕ, ਅਸੰਤੁਲਿਤ ਵਸਾ, ਅਤੇ ਕੈਮੀਕਲ ਪਦਾਰਥ ਆਦਿ ਹੁੰਦੇ ਹਨ, ਜੋ ਬੱਚਿਆਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਨੂੰ ਅਕਸਰ ਨੁਕਸਾਨ ਪਹੁੰਚਾਉਣ ਦਾ ਮੁੱਖ ਕਾਰਨ ਬਣਦੇ ਹਨ।

ਵੱਖ-ਵੱਖ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਜ਼ੰਕ ਫੂਡ ਦੀ ਵਰਤੋਂ ਦੇ ਬੱਚਿਆਂ ਦੀ ਸਿਹਤ 'ਤੇ ਜੋ ਨਕਾਰਾਤਮਕ ਪ੍ਰਭਾਵ ਪੈਂਦੇ ਹਨ, ਉਨ੍ਹਾਂ ਵਿਚੋਂ ਮੋਟਾਪਾ ਤੇ ਵਜ਼ਨ ਵਧਣਾ ਹੈ। ਜ਼ੰਕ ਫੂਡ ਵਿੱਚ ਕੈਲੋਰੀਆਂ ਤਾਂ ਵਧੇਰੇ ਹੁੰਦੀਆਂ ਹਨ, ਪਰ ਪੋਸ਼ਣ ਘੱਟ ਹੁੰਦਾ ਹੈ।

ਜਿਸ ਦੇ ਚਲਦਿਆਂ ਬੱਚਿਆਂ ਵਿੱਚ ਮੋਟਾਪੇ ਦੀ ਸਮੱਸਿਆ ਤੇਜ਼ੀ ਨਾਲ ਵਧ ਰਹੀ ਹੈ, ਜੋ ਡਾਇਬੀਟੀਜ਼, ਦਿਲ ਦੀਆਂ ਬਿਮਾਰੀਆਂ ਅਤੇ ਜੋੜਾਂ ਦੇ ਦਰਦ ਦਾ ਕਾਰਨ ਬਣ ਸਕਦਾ ਹੈ।

ਇਸ ਤੋਂ ਇਲਾਵਾ ਜ਼ੰਕ ਫੂਡ ਖਾਣ ਨਾਲ ਬੱਚੇ ਫਲ, ਸਬਜ਼ੀਆਂ, ਅਤੇ ਸੰਪੂਰਨ ਅਨਾਜ ਵਰਗੇ ਪੌਸ਼ਟਿਕ ਖਾਦਾਂ ਤੋਂ ਵਾਂਝੇ ਰਹਿ ਰਹੇ ਹਨ ਜਾਂ ਇੰਝ ਕਹਿ ਲਵੋ ਕੁਦਰਤੀ ਖਾਦਾਂ ਤੋਂ ਦੂਰ ਜਾ ਰਹੇ ਹਨ।

ਜ਼ੰਕ ਫੂਡ ਦੇ ਚਲਦਿਆਂ ਬੱਚਿਆਂ ਦੀ ਮਾਨਸਿਕ ਸਿਹਤ 'ਤੇ ਗੰਭੀਰ ਤੇ ਮਾੜੇ ਪ੍ਰਭਾਵ ਵੇਖਣ ਨੂੰ ਮਿਲ ਰਹੇ ਹਨ। ਵੱਖ-ਵੱਖ ਅਧਿਐਨਾਂ ਅਨੁਸਾਰ ਜ਼ੰਕ ਫੂਡ ਦਾ ਵਧੇਰੇ ਸੇਵਨ ਬੱਚਿਆਂ ਵਿੱਚ ਚਿੰਤਾ, ਡਿਪਰੈਸ਼ਨ ਅਤੇ ਇੱਛਾ-ਸ਼ਕਤੀ ਦੀ ਕਮੀ ਨਾਲ ਜੁੜਿਆ ਹੋਇਆ ਹੈ। ਇਸ ਤੋਂ ਇਲਾਵਾ ਕੁਝ ਪ੍ਰੋਸੈਸਡ ਫੂਡਾਂ ਵਿੱਚ ਮੌਜੂਦ ਕੈਮੀਕਲਾਂ ਦਾ ਦਿਮਾਗੀ ਵਿਕਾਸ 'ਤੇ ਮਾੜਾ ਅਸਰ ਪੈਂਦਾ ਹੈ। ਇੱਕ ਹੋਰ ਗੰਭੀਰ ਚਿੰਤਾ ਦਾ ਜੋ ਵਿਸ਼ਾ ਹੈ, ਉਹ ਡਾਇਬਟੀਜ਼ ਅਤੇ ਦਿਲ ਦੀਆਂ ਬਿਮਾਰੀਆਂ ਦੇ ਖਤਰੇ ਦਾ ਵਧਣਾ ਹੈ। ਜ਼ਿਆਦਾ ਚੀਨੀ ਅਤੇ ਅਨਹੈਲਥਜ਼ ਫੈਟਸ ਨਾਲ ਬੱਚਿਆਂ ਵਿੱਚ ਟਾਈਪ-2 ਡਾਇਬਟੀਜ਼ ਹਾਈ ਕੋਲੈਸਟ੍ਰੋਲ ਅਤੇ ਹਾਈ ਬਲੱਡ ਪ੍ਰੈਸ਼ਰ ਦੀ ਸਮੱਸਿਆ ਵਧ ਰਹੀ ਹੈ, ਜੋ ਪਹਿਲਾਂ ਕੇਵਲ ਵੱਡੀ ਉਮਰ ਵਿੱਚ ਹੀ ਦੇਖੀਆਂ ਜਾਂਦੀਆਂ ਸਨ ।

ਜ਼ੰਕ ਫੂਡ ਵਿੱਚ ਮੌਜੂਦ ਚੀਨੀ, ਨਮਕ ਅਤੇ ਫੈਟਸ ਦੀ ਵਰਤੋਂ ਦਿਮਾਗ ਨੂੰ ਖੁਸ਼ੀ ਦੇ ਸਿਗਨਲ ਦਿੰਦੀ ਹੈ, ਜਿਸ ਨਾਲ ਬੱਚੇ ਇਸ ਦੇ ਆਦੀ ਹੋ ਜਾਂਦੇ ਹਨ ਜਾਂ ਇੰਝ ਕਹਿ ਲਵੋ ਕਿ ਉਨ੍ਹਾਂ ਨੂੰ ਨਸ਼ੇ ਦੀ ਲਤ ਵਾਂਗ ਇਸ ਦੀ ਆਦਤ ਪੈ ਜਾਂਦੀ ਹੈ ਅਤੇ ਸਿਹਤਮੰਦ ਖਾਣਾ ਛੱਡ ਦਿੰਦੇ ਹਨ।

ਬੱਚਿਆਂ ਨੂੰ ਆਪਣੇ ਆਪ ਨੂੰ ਸਿਹਤਮੰਦ ਤੇ ਚੁਸਤ-ਦਰੁਸਤ ਰੱਖਣ ਲਈ ਤਾਜੇ ਫਲ, ਸਬਜ਼ੀਆਂ, ਸਾਰੇ ਅਨਾਜ, ਦਾਲਾਂ ਅਤੇ ਦੁੱਧ ਵਰਗੇ ਪੌਸ਼ਟਿਕ ਖਾਣੇ ਖਾਣ-ਪੀਣ ਦੀ ਆਦਤ ਪਾਉਣੀ ਚਾਹੀਦੀ ਹੈ । ਇਸ ਤੋਂ ਇਲਾਵਾ ਘਰੇਲੂ, ਸੰਤੁਲਿਤ ਭੋਜਨ ਨੂੰ ਦਿਲਚਸਪ ਬਣਾਉਣ ਲਈ ਕਰੀਏਟਿਵ ਤਰੀਕੇ ਅਪਣਾਓ।

ਜ਼ੰਕ ਫੂਡ ਨੂੰ ਪੂਰੀ ਤਰ੍ਹਾਂ ਨਾ ਰੋਕੋ, ਪਰ ਮਾਤਰਾ ਸੀਮਤ ਰੱਖੋ। ਇਸ ਦੇ ਨਾਲ ਨਾਲ ਬੱਚਿਆਂ ਨੂੰ ਸਮਝਾਓ ਕਿ ਜ਼ੰਕ ਫੂਡ ਦੇ ਨੁਕਸਾਨ ਕੀ ਹਨ ਅਤੇ ਉਹਨਾਂ ਨੂੰ ਸਿਹਤਮੰਦ ਰਹਿਣ ਲਈ ਲਈ ਉਤਸ਼ਾਹਿਤ ਕਰੋ।

**ਸੰਪਰਕ : 98552-59650**

# ਭਾਜਪਾ ਨੂੰ ਅਤੀਤ ਤੇ ਭਵਿੱਖ ਹੀ ਪਿਆਰੇ ਹਨ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ

ਅਜੋਕੇ ਸਮੇਂ ਵਿਚ ਭਾਰਤੀ ਜਨਤਾ ਪਾਰਟੀ ਅਤੇ ਐੱਨ ਡੀ ਏ ਭਾਵ ਕੌਮੀ ਜਨਤੰਤਰਿਕ ਗਠਜੋੜ ਵਿਚ ਸ਼ਾਮਿਲ ਉਸ ਦੇ ਸਾਥੀ ਦਲਾਂ ਦੀਆਂ ਸਰਕਾਰਾਂ ਭਾਰਤ ਦੇ ਅਧਿਕਤਰ ਰਾਜਾਂ ਵਿਚ ਮੌਜੂਦ ਹਨ ਤੇ ਬੀਤੇ ਦਸ ਵਰ੍ਹਿਆਂ ਤੋਂ ਕੇਂਦਰ ਦੀ ਸੱਤਾ 'ਤੇ ਵੀ ਭਾਜਪਾ ਦੀ ਅਗਵਾਈ ਵਾਲੀ ਮੋਦੀ ਸਰਕਾਰ ਕਾਬਜ਼ ਹੈ। ਕਈ ਰਾਜਾਂ ਵਿਚ ਤਾਂ ਭਾਜਪਾ ਨੇ ਆਪਣੀਆਂ ਸਰਕਾਰਾਂ ਦੁਹਰਾਈਆਂ ਹਨ ਤੇ ਦਿੱਲੀ ਸਮੇਤ ਕੁਝ ਰਾਜਾਂ ਵਿਚ ਉਸ ਨੂੰ ਕਈ ਸਾਲਾਂ ਬਾਅਦ ਸੱਤਾ ਦੀ ਕੁਰਸੀ ਹਾਸਿਲ ਹੋਈ ਹੈ। ਕੇਂਦਰੀ ਅਤੇ ਸੂਬਾਈ ਪੱਧਰ 'ਤੇ ਐਨੀ ਭਾਰੀ ਮਾਤਰਾ ਵਿਚ ਸੱਤਾ ਉੱਤੇ ਬਿਰਾਜਮਾਨ ਹੋਣ ਦੇ ਬਾਵਜੂਦ ਜਿਹੜੀ ਗੱਲ ਪੱਤਰਕਾਰਾਂ, ਸਿਆਸੀ ਵਿਸ਼ਲੇਸ਼ਕਾਂ ਅਤੇ ਮੁਲਕ ਪ੍ਰਤੀ ਚਿੰਤਤ ਨਾਗਰਿਕਾਂ ਨੂੰ ਸਭ ਤੋਂ ਵੱਧ ਹੈਰਾਨ ਤੇ ਪ੍ਰੇਸ਼ਾਨ ਕਰਨ ਵਾਲੀ ਹੈ,ਉਹ ਇਹ ਹੈ ਕਿ ਭਾਜਪਾ ਨੂੰ 'ਅਤੀਤ' ਅਤੇ 'ਭਵਿੱਖ' ਹੀ ਕਿਉਂ ਪਿਆਰੇ ਹਨ ਤੇ ਇਹ 'ਵਰਤਮਾਨ' ਦੀ ਗੱਲ ਹਿੱਕ ਠੋਕ ਕੇ ਕਿਉਂ ਨਹੀਂ ਕਰਦੀ ?

ਇਹ ਅਕਸਰ ਹੀ ਵੇਖਿਆ, ਸੁਣਿਆ ਤੇ ਪੜ੍ਹਿਆ ਗਿਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਭਾਜਪਾ ਦੀ ਪਹਿਲੀ ਅਤੇ ਦੂਜੀ ਕਤਾਰ ਦੇ ਸਮੂਹ ਨੇਤਾ ਅਕਸਰ ਹੀ ਪੰਡਤ ਜਵਾਹਰ ਲਾਲ ਨਹਿਰੂ, ਸ੍ਰੀਮਤੀ ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਦੀਆਂ ਉਨ੍ਹਾਂ ਸਰਕਾਰਾਂ ਨੂੰ ਭੰਡਦੇ ਰਹਿੰਦੇ ਹਨ, ਜੋ ਸਰਕਾਰਾਂ ਅੱਜ ਤੋਂ ਕ੍ਰਮਵਾਰ 75 ਜਾਂ 50 ਸਾਲ ਪਹਿਲਾਂ ਹੋਂਦ ਵਿਚ ਆਈਆਂ ਸਨ। ਭਾਜਪਾ ਦੀ ਸਮੁੱਚੀ ਕੇਂਦਰੀ ਲੀਡਰਸ਼ਿਪ ਸਾਰੇ ਦੇਸ਼ ਵਿਚ ਇਹ ਆਖ਼ਦੀ ਫਿਰਦੀ ਹੈ ਕਿ ਕਾਂਗਰਸ ਨੇ ਜਾਂ ਕਾਂਗਰਸ ਦੇ ਉਕਤ ਤਿੰਨਾਂ ਪ੍ਰਧਾਨ ਮੰਤਰੀਆਂ ਦੇ ਕਾਰਜਕਾਲ ਵਿਚ ਅਤੇ ਸ੍ਰ. ਮਨਮੋਹਨ ਸਿੰਘ ਦੇ ਦਸ ਸਾਲ ਦੇ ਕਾਰਜਕਾਲ ਵਿਚ ਦੇਸ਼ ਦਾ 'ਕੱਖ' ਵੀ ਵਿਕਾਸ ਨਹੀਂ ਹੋਇਆ ਤੇ ਭਾਜਪਾ ਪੱਖੀ ਹੋਣ ਦਾ ਇਲਜ਼ਾਮ ਹੰਢਾਅ ਰਿਹਾ 'ਗੋਦੀ ਮੀਡੀਆ' ਵੀ ਖ਼ਬਰਾਂ ਅਤੇ ਸੂਚਨਾਵਾਂ ਨੂੰ ਕੁਝ ਇਸ ਢੰਗ ਨਾਲ ਪ੍ਰਸਾਰਤ ਅਤੇ ਪ੍ਰਕਾਸ਼ਤ ਕਰਦਾ ਹੈ, ਜਿਵੇਂ ਇਹ ਦੇਸ਼ ਕੇਵਲ ਦਸ ਸਾਲ ਪਹਿਲਾਂ ਹੀ 'ਵਿਕਾਸ' ਦੇ ਮਾਰਗ 'ਤੇ ਤੁਰਨਾ ਸ਼ੁਰੂ ਹੋਇਆ ਹੋਵੇ, ਇਸ ਤੋਂ ਪਹਿਲਾਂ ਇਥੇ ਵਿਕਾਸ ਨਾਂਅ ਦੀ ਚਿੜੀ ਰਹਿੰਦੀ ਹੀ ਨਹੀਂ ਸੀ।

ਭਾਜਪਾ 'ਵਰਤਮਾਨ' ਵਿਚ ਨਾ ਤਾਂ ਖ਼ੁਦ ਜਿਊਣਾ ਚਾਹੁੰਦੀ ਹੈ ਤੇ ਨਾ ਹੀ ਦੇਸ਼ ਵਾਸੀਆਂ ਨੂੰ ਵਰਤਮਾਨ ਦੀ ਹਕੀਕਤ ਦੇ ਰੂਬਰੂ ਹੋਣ ਦੇਣਾ ਚਾਹੁੰਦੀ ਹੈ। ਇਸ ਕਰਕੇ ਉਹ ਵਾਰ-ਵਾਰ ਅਤੀਤ ਨਾਲ ਜੁੜੇ ਉਕਤ ਨਹਿਰੂ ਅਤੇ ਗਾਂਧੀ ਜਿਹੇ ਰਾਜ ਨੇਤਾਵਾਂ ਅਤੇ 'ਔਰੰਗਜ਼ੇਬ', 'ਬਾਬਰ' ਅਤੇ 'ਸ਼ਾਹਜਹਾਂ' ਜਿਹੇ ਸ਼ਾਸਕਾਂ ਨਾਲ ਜੁੜੇ ਮੁੱਦੇ ਉਛਾਲਦੀ ਰਹਿੰਦੀ ਹੈ ਤੇ ਸਮੁੱਚੇ ਦੇਸ਼ ਵਿਚ ਉਨ੍ਹਾਂ ਮਹੱਤਵਪੂਰਨ ਮੁੱਦਿਆਂ 'ਤੇ ਚਰਚਾ ਨਹੀਂ ਹੋਣ ਦਿੰਦੀ ਹੈ, ਜੋ ਦੇਸ਼ ਵਾਸੀਆਂ ਦੇ ਵਰਤਮਾਨ, ਭਵਿੱਖ ਅਤੇ ਭਲੇ ਨਾਲ ਜੁੜੇ ਹੋਏ ਹਨ। ਭਾਰਤ ਦੇ 'ਮਹਾਂਮਾਨਵ' ਅਤੇ 'ਯਸ਼ਸਵੀ' ਪ੍ਰਧਾਨ ਮੰਤਰੀ ਵਜੋਂ ਮੀਡੀਆ ਵੱਲੋਂ ਪ੍ਰਚਾਰੇ ਗਏ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੇ ਕਾਰਜਕਾਲ ਦੌਰਾਨ ਵਿਸ਼ਵ ਦੇ 'ਭੁੱਖਮਰੀ', 'ਬੇਰੁਜ਼ਗਾਰੀ', 'ਭ੍ਰਿਸ਼ਟਾਚਾਰ' ਅਤੇ 'ਮੀਡੀਆ ਦੀ ਭਰੋਸੇਯੋਗਤਾ' ਦੇ ਇੰਡੈਕਸ ਵਿਚ ਭਾਰਤ ਕਿੰਨਾ ਹੇਠਾਂ ਡਿੱਗ ਪਿਆ ਹੈ, ਇਸ ਗੱਲ ਦੀ ਕੋਈ ਚਰਚਾ ਨਹੀਂ ਕਰਦਾ ਹੈ।

ਭਵਿੱਖਮੁਖੀ ਮੋਦੀ ਜੀ ਨੇ ਸਾਲ 2019 ਵਿਚ ਇਹ ਵਾਅਦਾ ਕੀਤਾ ਸੀ ਕਿ ਸਾਲ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਹੋ ਜਾਵੇਗੀ, ਪਰ ਇਹ ਵਾਅਦਾ ਅੱਜ ਤੱਕ ਵੀ ਪੂਰਾ ਨਹੀਂ ਹੋ ਸਕਿਆ ਹੈ। ਉਨ੍ਹਾ ਆਪਣੀ ਸਰਕਾਰ ਬਣਨ ਦੇ ਚੰਦ ਮਹੀਨਿਆਂ ਵਿਚ ਹੀ ਵਿਦੇਸ਼ਾਂ ਤੋਂ ਕਾਲਾ ਧਨ ਲਿਆ ਕੇ ਦੇਸ਼ ਵਾਸੀਆਂ ਵਿਚ ਵੰਡਣ ਦੀ ਗੱਲ ਵੀ ਕੀਤੀ ਸੀ, ਪਰ ਦਸ ਸਾਲ ਬੀਤ ਜਾਣ 'ਤੇ ਵੀ ਕਾਲੇ ਧਨ ਦਾ ਇਕ ਵੀ ਰੁਪਿਆ ਦੇਸ਼ ਅੰਦਰ ਨਹੀਂ ਆਇਆ ਹੈ, ਸਗੋਂ ਉਲਟਾ ਆਪਣਾ ਕਾਲਾ ਧਨ ਲੈ ਕੇ ਵਿਜੇ ਮਾਲਿਆ, ਮੇਹੁਲ ਚੌਕਸੀ ਅਤੇ ਨੀਰਵ ਮੋਦੀ ਜਿਹੇ ਠੱਗ ਦੇਸ਼ ਤੋਂ ਬਾਹਰ ਭੱਜਣ ਵਿਚ ਜ਼ਰੂਰ ਸਫ਼ਲ ਹੋ ਚੁੱਕੇ ਹਨ। ਸੱਤਾ ਪ੍ਰਾਪਤੀ ਤੋਂ ਪਹਿਲਾਂ ਭਾਜਪਾ ਆਗੂਆਂ ਨੇ ਭਵਿੱਖ ਵਿਚ ਪੈਟਰੋਲ 40 ਰੁਪਏ ਪ੍ਰਤੀ ਲੀਟਰ ਅਤੇ ਰਸੋਈ ਗੈਸ ਸਿਲੰਡਰ ਚਾਰ ਸੌ ਰੁਪਏ ਦੇ ਹਿਸਾਬ ਨਾਲ ਉਪਲੱਬਧ ਕਰਵਾਉਣ ਦੀ ਗੱਲ ਆਖੀ ਸੀ, ਪਰ ਉਹ 'ਭਵਿੱਖ' ਅਜੇ ਤੱਕ ਕਿਸੇ ਨੂੰ ਨਜ਼ਰ ਨਹੀਂ ਆਇਆ ਹੈ। ਇਸੇ ਲੋਰ ਵਿਚ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਹੁਣ ਸਾਲ 2026 ਤੱਕ ਦੇਸ਼ ਵਿੱਚੋਂ 'ਨਕਸਲਵਾਦ' ਪੂਰੀ ਤਰ੍ਹਾਂ ਖ਼ਤਮ ਕਰਨ ਦਾ ਵਾਅਦਾ ਵੀ ਕਰ ਦਿੱਤਾ ਹੈ।

ਦੇਸ਼ ਵਾਸੀਆਂ ਨੂੰ ਕਦੇ 'ਅਤੀਤ' ਅਤੇ ਕਦੇ 'ਵਰਤਮਾਨ' ਦੀ ਪੀਂਘ 'ਤੇ ਝੂਟੇ ਦਿੰਦਿਆਂ-ਦਿੰਦਿਆਂ ਭਾਜਪਾ ਆਗੂਆਂ ਨੂੰ ਇਹ ਹਰਗ਼ਿਜ਼ ਵੀ ਵਿਖ਼ਾਈ ਨਹੀਂ ਦਿੰਦਾ ਕਿ ਵਰਤਮਾਨ ਸਮੇਂ ਵਿਚ ਮਹਿੰਗਾਈ ਅਸਮਾਨ ਨੂੰ ਛੂਹ ਰਹੀ ਹੈ, ਕਿਸਾਨਾਂ ਅਤੇ ਵਿਦਿਆਰਥੀਆਂ ਵਿਚ ਆਤਮਹੱਤਿਆ ਦੀ ਦਰ ਹਰ ਸਾਲ ਵਧ ਰਹੀ ਹੈ। ਇਥੇ ਹੀ ਬਸ ਨਹੀਂ, ਬੁਲੰਦ ਹੌਸਲੇ ਵਾਲੇ ਅਪਰਾਧੀਆਂ ਵੱਲੋਂ ਬੱਚੀਆਂ ਅਤੇ ਔਰਤਾਂ ਕੋਲੋਂ ਲੁੱਟ-ਖੋਹ ਕਰਨ ਅਤੇ ਉਨ੍ਹਾਂ ਨਾਲ ਜਬਰ-ਜਨਾਹ ਕਰਕੇ ਕਤਲ ਕੀਤੇ ਜਾਣ ਦੀਆਂ ਘਟਨਾਵਾਂ ਵਿਚ ਵੀ ਭਾਰੀ ਵਾਧਾ ਹੋਇਆ ਹੈ। ਦੇਸ਼ ਵਿਚ ਭੂ-ਮਾਫ਼ੀਆ, ਰੇਤ ਮਾਫ਼ੀਆ ਅਤੇ ਡਰੱਗ ਮਾਫ਼ੀਆ ਦਾ ਕਾਰੋਬਾਰ ਸੈਂਕੜੇ ਗੁਣਾ ਵਧ ਗਿਆ ਹੈ। ਨਰਿੰਦਰ ਮੋਦੀ ਵੱਲੋਂ ਆਪਣੇ ਵੱਖ-ਵੱਖ ਸੰਬੋਧਨਾਂ ਦੌਰਾਨ ਦੇਸ਼ ਦੇ 'ਮਹਾਂਭ੍ਰਿਸ਼ਟਾਚਾਰੀ' ਆਖੇ ਜਾਂਦੇ ਨਰਾਇਣ ਰਾਣੇ, ਛਗਨ ਭੁਜਬਲ, ਅਜੀਤ ਪਵਾਰ, ਮੁਕਲ ਰਾਏ ਅਤੇ ਹੋਰ ਰਾਜ ਨੇਤਾਵਾਂ ਨਾਲ ਰਲ ਕੇ ਮਹਾਂਰਾਸ਼ਟਰ ਵਿਚ ਸਰਕਾਰ ਬਣਾਉਣ ਵਾਲੀ ਤੇ ਉੱਚ ਅਦਾਲਤਾਂ ਨੂੰ 'ਪੀ.ਐੱਮ.ਕੇਅਰ ਫ਼ੰਡ' ਦਾ ਹਿਸਾਬ ਦੇਣ ਤੋਂ ਇਨਕਾਰ ਕਰਨ ਦੇ ਨਾਲ-ਨਾਲ ਉੱਤਰ ਪ੍ਰਦੇਸ਼ ਵਿਚ ਕਰਵਾਏ ਗਏ 'ਮਹਾਂਕੁੰਭ' ਦੌਰਾਨ ਹੋਈਆਂ ਮੌਤਾਂ ਦਾ ਹਿਸਾਬ ਦੇਣ ਤੋਂ ਟਾਲਾ ਵੱਟਣ ਵਾਲੀ ਭਾਜਪਾ ਜਦੋਂ ਵੀ ਕਿਸੇ ਕਾਰਨ ਵਿਵਾਦਾਂ ਵਿਚ ਘਿਰ ਜਾਂਦੀ ਹੈ ਤਾਂ ਉਹ ਦੇਸ਼ ਵਿਚ ਧਰਮ, ਜਾਤ ਜਾਂ ਰੰਗ ਦੇ ਆਧਾਰ 'ਤੇ ਨਫ਼ਰਤੀ ਭਾਸ਼ਣ ਦੇ ਕੇ ਫ਼ਿਰਕੂ ਉਲਾਰ ਪੈਦਾ ਕਰ ਦਿੰਦੀ ਹੈ। ਮੌਜੂਦਾ ਸਮੇਂ ਅੰਦਰ ਮਹਿੰਗਾਈ, ਭ੍ਰਿਸ਼ਟਾਚਾਰ ਅਤੇ ਬੇਰੁਜ਼ਗਾਰੀ ਆਪਣੇ ਸਿਖਰ 'ਤੇ ਹਨ, ਪਰ ਭਾਜਪਾ ਆਗੂਆਂ ਨੇ ਚਾਰ ਸੌ ਸਾਲ ਪਹਿਲਾਂ ਹੋਏ 'ਔਰੰਗਜ਼ੇਬ' ਦਾ ਮੁੱਦਾ ਗਰਮ ਕਰਕੇ ਪੂਰੇ ਮੁਲਕ ਨੂੰ ਹੋਰ ਹੀ ਗੱਲਾਂ ਵਿਚ ਉਲਝਾ ਦਿੱਤਾ ਹੈ। ਭਾਜਪਾ ਆਗੂਆਂ ਨੇ 'ਹੋਲੀ' ਅਤੇ 'ਈਦ' ਜਿਹੇ ਸਦਭਾਵਨਾ ਅਤੇ ਭਾਈਚਾਰੇ ਭਰੇ ਤਿਉਹਾਰਾਂ ਨੂੰ ਫ਼ਿਰਕੂ ਰੰਗਤ ਦੇ ਕੇ ਐਸੀ ਬਿਆਨਬਾਜ਼ੀ ਸ਼ੁਰੂ ਕੀਤੀ ਕਿ ਮਸਜਿਦਾਂ ਨੂੰ ਤਰਪਾਲਾਂ ਨਾਲ ਢੱਕਣ ਤੱਕ ਦੀ ਨੌਬਤ ਆ ਗਈ ਤੇ ਮੁੱਖ ਮੰਤਰੀ ਯੋਗੀ ਨੇ ਆਪਣੇ ਸੰਵਿਧਾਨਕ ਅਹੁਦੇ ਦੀ ਮਰਿਆਦਾ ਨੂੰ ਤਾਰ-ਤਾਰ ਕਰਦਿਆਂ ਇਥੋਂ ਤੱਕ ਵੀ ਆਖ਼ ਦਿੱਤਾ, 'ਜੇਕਰ ਮੁਸਲਮਾਨਾਂ ਨੂੰ ਰੰਗਾਂ ਤੋਂ ਕੋਈ ਪ੍ਰੇਸ਼ਾਨੀ ਹੈ ਤਾਂ ਉਹ ਹੋਲੀ ਦੇ ਦਿਨ ਘਰੋਂ ਹੀ ਨਾ ਨਿਕਲਣ"

ਔਰੰਗਜ਼ੇਬ ਦੀ ਕਬਰ ਪੁੱਟਣ ਵਰਗੇ 'ਦੱਬੇ ਮੁਰਦੇ ਉਖਾੜ ਕੇ' ਭਾਜਪਾ ਸਾਡੇ ਦੇਸ਼ ਦੀ ਉਸ ਸਦੀਆਂ ਪੁਰਾਣੀ ਰੀਤ ਦਾ ਵੀ ਘਾਣ ਕਰ ਰਹੀ ਹੈ, ਜੋ ਇਹ ਆਖ਼ਦੀ ਹੈ ਕਿ ਮ੍ਰਿਤਕਾਂ ਨਾਲ ਵੈਰ ਨਹੀਂ ਕੱਢੇ ਜਾਂਦੇ ਤੇ ਮ੍ਰਿਤਕ ਚਾਹੇ ਦੁਸ਼ਮਣ ਹੋਵੇ ਤੇ ਚਾਹੇ ਦੋਸਤ, ਉਸ ਦੇ ਮ੍ਰਿਤਕ ਸਰੀਰ ਦੀ ਬੇਹੁਰਮਤੀ ਨਹੀਂ ਕੀਤੀ ਜਾਣੀ ਚਾਹੀਦੀ। ਪਰਮ ਪੂਜਨੀਕ ਭਗਵਾਨ ਰਾਮ ਨੇ ਆਪਣੇ ਵਿਰੋਧੀ ਰਾਜਾ ਰਾਵਣ ਦਾ ਵਧ ਕਰਨ ਉਪਰੰਤ ਉਸ ਦੀ ਮ੍ਰਿਤਕ ਦੇਹ ਦੇ ਪੈਰ ਛੂਹ ਦੇ ਕੇ ਮ੍ਰਿਤਕਾਂ ਨੂੰ ਸਨਮਾਨ ਦੇਣ ਦੀ ਜੋ ਸਤਿਕਾਰਤ ਪ੍ਰੰਪਰਾ ਸ਼ੁਰੂ ਕੀਤੀ ਸੀ, ਭਾਜਪਾ ਦੀ ਅਜੋਕੀ ਲੀਡਰਸ਼ਿਪ ਉਸ ਚੰਗੇਰੀ ਪ੍ਰੰਪਰਾ ਦਾ ਵੀ ਘਾਣ ਹੀ ਕਰ ਰਹੀ ਹੈ। ਲੋੜ ਅੱਜ ਇਸ ਗੱਲ ਦੀ ਹੈ ਕਿ ਦਸ ਸਾਲ ਤੋਂ ਸੱਤਾ 'ਤੇ ਬਿਰਾਜਮਾਨ ਭਾਜਪਾ ਸਰਕਾਰ 'ਵਰਤਮਾਨ' ਵਿਚ ਆਪਣੀਆਂ ਪ੍ਰਾਪਤੀਆਂ ਅਤੇ ਸਫ਼ਲਤਾਵਾਂ ਦਾ ਗੱਜ-ਵੱਜ ਕੇ ਪ੍ਰਚਾਰ ਕਰੇ ਤੇ 'ਅਤੀਤ' ਅਤੇ 'ਭਵਿੱਖ' ਦੀਆਂ ਗੱਲਾਂ ਕਰਕੇ ਆਪਣਾ ਡੰਗ ਨਾ ਟਪਾਏ।

**# ਸੰਪਰਕ : 97816-46008**

CMYK

8-APR-PAGE-5.qxd 4/7/2025 8:47 PM Page 1



# ਸਰਕਾਰੀ ਸਕੂਲਾਂ ਦੀ ਕਾਇਆ-ਕਲਪ ਕਰਨ ਲਈ ਮਾਨ ਸਰਕਾਰ ਨੇ ਕੀਤੀ 'ਪੰਜਾਬ ਸਿੱਖਿਆ ਕ੍ਰਾਂਤੀ' ਦੀ ਸ਼ੁਰੂਆਤ : ਹਰਪਾਲ ਚੀਮਾ



**ਦਿੜ੍ਹਬਾ/ਸੰਗਰੂਰ (ਜਸਵੀਰ ਲਾਡੀ/ਪ੍ਰਵੀਨ ਸਿੰਘ)**
ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਸਕੂਲ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਸੁਧਾਰ ਲਿਆਉਣ ਦੇ ਮਕਸਦ ਨਾਲ ਸ਼ੁਰੂ ਕੀਤੀ ਗਈ 'ਪੰਜਾਬ ਸਿੱਖਿਆ ਕ੍ਰਾਂਤੀ' ਤਹਿਤ ਵਿੱਤ ਮੰਤਰੀ ਸ. ਹਰਪਾਲ ਸਿੰਘ ਚੀਮਾ ਵੱਲੋਂ ਅੱਜ ਦਿੜ੍ਹਬਾ ਹਲਕੇ ਦੇ ਪਿੰਡ ਕਮਾਲਪੁਰ ਤੇ ਮੌੜਾਂ ਦੇ ਸਰਕਾਰੀ ਸਕੂਲਾਂ ਦੇ ਨਾਲ-ਨਾਲ ਦਿੜ੍ਹਬਾ ਦੇ ਸਕੂਲ ਆਫ ਐਮੀਨੈਂਸ 'ਚ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ।ਮੰਤਰੀ ਚੀਮਾ ਵੱਲੋਂ ਪਿੰਡ ਕਮਾਲਪੁਰ ਦੇ ਹਾਈ ਸਕੂਲ ਵਿੱਚ 41.19 ਲੱਖ ਰੁਪਏ, ਪਿੰਡ ਮੌੜਾਂ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿੱਚ 13.65 ਲੱਖ ਤੇ ਕਾਮਰੇਡ ਭੀਮ ਸਿੰਘ ਸਕੂਲ ਆਫ ਐਮੀਨੈਂਸ ਦਿੜ੍ਹਬਾ ਵਿੱਚ 53.77 ਲੱਖ ਰੁਪਏ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ।

ਇਸ ਮੌਕੇ ਬੋਲਦਿਆਂ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਸੂਬੇ ਵਿੱਚ 20,000 ਦੇ ਕਰੀਬ ਸਰਕਾਰੀ ਸਕੂਲ ਹਨ ਤੇ ਇਕੱਲੇ-ਇਕੱਲੇ ਸਰਕਾਰੀ ਸਕੂਲ ਦੀ ਕਾਇਆ ਕਲਪ ਕਰਨ ਲਈ ਮਾਨ ਸਰਕਾਰ ਨੇ 'ਪੰਜਾਬ ਸਿੱਖਿਆ ਕ੍ਰਾਂਤੀ' ਦੀ ਸ਼ੁਰੂਆਤ ਕੀਤੀ ਹੈ।ਉਨ੍ਹਾਂ ਕਿਹਾ ਇਸ ਮੁਹਿੰਮ ਤਹਿਤ ਲਗਭਗ 12,000 ਸਕੂਲਾਂ ਦੀ ਨੁਹਾਰ ਬਦਲਣ ਦਾ ਕੰਮ ਹੁਣ ਤੱਕ ਕਰ ਦਿੱਤਾ ਗਿਆ ਹੈ।ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਸਿੱਖਿਆ ਦੇ ਖੇਤਰ ਨੂੰ ਪੂਰੀ ਤਰ੍ਹਾਂ ਅਣਗੌਲਿਆਂ ਕੀਤਾ ਗਿਆ ਪਰ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਆਪਣੇ ਪਹਿਲੇ ਬਜਟ ਵਿੱਚ ਹੀ ਸਿੱਖਿਆ ਦੇ ਖੇਤਰ ਦਾ ਬਜਟ ਕਰੀਬ 57 ਫੀਸਦ ਵਧਾਇਆ ਗਿਆ ਸੀ।ਉਨ੍ਹਾਂ ਕਿਹਾ ਕਿ ਇੱਥੇ ਹੀ ਨਹੀਂ ਉਨ੍ਹਾਂ ਦੀ ਸਰਕਾਰ ਵੱਲੋਂ ਆਮ ਘਰਾਂ ਦੇ ਬੱਚਿਆਂ ਨੂੰ ਸਰਕਾਰੀ ਨੌਕਰੀਆਂ ਮੁਹੱਈਆ ਕਰਵਾਈਆਂ ਹਨ, ਜਿਨ੍ਹਾਂ ਵਿੱਚ ਲਗਭਗ 20,000 ਅਧਿਆਪਕ ਭਰਤੀ ਕੀਤੇ ਗਏ ਹਨ।

ਸ. ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਸੇ ਤਰ੍ਹਾਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ਿਆਂ ਖਿਲਾਫ ਫੈਸਲਾਕੁਨ ਜੰਗ ਛੇੜੀ ਗਈ ਹੈ, ਜਿਸ ਤਹਿਤ ਨਸ਼ਾ ਤਸਕਰਾਂ ਨਾਲ ਪੂਰੀ ਸਖ਼ਤੀ ਨਾਲ ਨਜਿੱਠਿਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਨਸ਼ਾ ਤਸਕਰੀ ਦੇ ਮੁਕੰਮਲ ਖਾਤਮੇ ਦੇ ਨਾਲ ਨਾਲ ਨਸ਼ਿਆਂ ਤੋਂ ਪੀੜਤ ਵਿਅਕਤੀਆਂ ਦਾ ਸਹੀ ਇਲਾਜ ਕਰਵਾਉਣਾ ਵੀ ਯਕੀਨੀ ਬਣਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਪਾਕਿਸਤਾਨ ਦੀ ਸਰਹੱਦ ਨਾਲ ਨਸ਼ੇ ਦੀ ਤਸਕਰੀ ਦੀ ਸਮੱਸਿਆ ਨੂੰ ਰੋਕਣ ਲਈ ਐਂਟੀ ਡਰੋਨ ਸਿਸਟਮ ਤੇ ਪੰਜਾਬ ਹੋਮ ਗਾਰਡ ਵਿੱਚ ਨਵੀਂ ਭਰਤੀ ਵੀ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਇਸ ਮੁਹਿੰਮ ਤਹਿਤ ਨਸ਼ਿਆਂ ਦਾ ਮੁਕੰਮਲ ਖ਼ਾਤਮਾ ਕਰਕੇ ਸੂਬੇ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਵਿੱਚ ਮਦਦ ਮਿਲੇਗੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਐੱਸ.ਡੀ.ਐੱਮ. ਦਿੜ੍ਹਬਾ ਰਾਜੇਸ਼ ਸ਼ਰਮਾ, ਕੈਬਨਿਟ ਮੰਤਰੀ ਦੇ ਓ.ਐੱਸ.ਡੀ. ਤਪਿੰਦਰ ਸਿੰਘ ਸੋਹੀ, ਡੀ.ਐੱਸ.ਪੀ. ਰੁਪਿੰਦਰ ਕੌਰ ਬਾਜਵਾ, ਡੀ.ਐੱਸ.ਪੀ. ਹਰਪ੍ਰੀਤ ਸਿੰਘ, ਚੇਅਰਮੈਨ ਨਗਰ ਸੁਧਾਰ ਟਰੱਸਟ ਸੰਗਰੂਰ ਪ੍ਰੀਤਮ ਸਿੰਘ ਪੀਤੂ, ਚੇਅਰਮੈਨ ਮਾਰਕਿਟ ਕਮੇਟੀ ਜਸਵੀਰ ਕੌਰ ਸ਼ੇਰਗਿੱਲ, ਜ਼ਿਲ੍ਹਾ ਸਿੱਖਿਆ ਅਫ਼ਸਰ ਤੇ ਹੋਰ ਪਤਵੰਤੇ ਹਾਜ਼ਰ ਸਨ।

# ਸਰਬ ਭਾਰਤ ਨੌਜਵਾਨ ਸਭਾ ਤੇ ਏ ਆਈ ਐੱਸ ਐੱਫ ਪੰਜਾਬ ਵੱਲੋਂ ਹੈਦਰਾਬਾਦ ਜੰਗਲ ਦੇ ਉਜਾੜੇ ਖਿਲਾਫ 10 ਨੂੰ ਰੋਸ ਪ੍ਰਦਰਸ਼ਨ



**ਮੋਗਾ (ਇਕਬਾਲ ਸਿੰਘ ਖਹਿਰਾ)**-ਸਰਬ ਭਾਰਤ ਨੌਜਵਾਨ ਸਭਾ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਪੰਜਾਬ ਇਕਾਈਆਂ ਵੱਲੋਂ ਹੈਦਰਾਬਾਦ ਕੇਂਦਰੀ ਯੂਨੀਵਰਸਿਟੀ ਦੇ 400 ਏਕੜ ਜੰਗਲ ਦੇ ਕੀਤਾ ਜਾ ਰਹੇ ਨਜਾਇਜ਼ ਉਜਾੜੇ ਖਿਲਾਫ 10 ਅਪ੍ਰੈਲ ਨੂੰ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਗਿਆ ਹੈ।ਇਸ ਸੰਬੰਧੀ ਇਥੋਂ ਸੂਬਾ ਹੈੱਡ ਕੁਆਰਟਰ ਤੋਂ ਜਾਰੀ ਇੱਕ ਸਾਂਝੇ ਪ੍ਰੈੱਸ ਬਿਆਨ ਵਿੱਚ ਜਾਣਕਾਰੀ ਦਿੰਦਿਆਂ ਦੋਨਾਂ ਜਥੇਬੰਦੀਆਂ ਦੇ ਸੂਬਾ ਸਕੱਤਰਾਂ ਚਰਨਜੀਤ ਸਿੰਘ ਛਾਂਗਾ ਰਾਏ ਤੇ ਸੁਖਵਿੰਦਰ ਕੁਮਾਰ ਮਲੋਟ ਨੇ ਕਿਹਾ ਕਿ ਤੇਲੰਗਾਨਾ ਸਰਕਾਰ ਵੱਲੋਂ ਹੈਦਰਾਬਾਦ ਕੇਂਦਰੀ ਯੂਨੀਵਰਸਿਟੀ ਦੇ ਕਾਂਚਾ ਗਾਚੀਬੋਲੀ ਜੰਗਲ ਦੀ ਜਗ੍ਹਾ ਕਿਸੇ ਪ੍ਰਾਈਵੇਟ ਕੰਪਨੀ ਨੂੰ ਆਈ. ਟੀ. ਪਾਰਕ ਬਣਾਉਣ ਲਈ ਵੇਚ ਦਿੱਤੀ ਗਈ ਹੈ ਅਤੇ ਸਰਕਾਰ ਵੱਲੋਂ ਜਗ੍ਹਾ ਖਾਲੀ ਕਰਨ ਲਈ 30 ਤੋਂ 50 ਬੁਲਡੋਜ਼ਰਾਂ ਨਾਲ ਜੰਗਲ ਨੂੰ ਰਾਤ ਦੇ ਹਨੇਰੇ ਵਿੱਚ ਚੋਰਾਂ ਦੀ ਤਰ੍ਹਾਂ ਉਜਾੜਨ ਦੀ ਘਟਨਾ ਨਿਹਾਇਤ ਨਿੰਦਣਯੋਗ ਹੈ ਅਤੇ ਜਿਸ ਤਰ੍ਹਾਂ ਦੀਆਂ ਜੰਗਲ ਨੂੰ ਉਜਾੜਨ ਸਮੇਂ ਜੰਗਲੀ ਜੀਵਾਂ ਦੇ ਕਤਲੇਆਮ ਕਰਨ ਅਤੇ ਉਨ੍ਹਾਂ ਦੇ ਚੀਕ ਚਿਹਾੜੇ ਦੀਆਂ ਵੀਡੀਓ ਦੇਖਣ ਨੂੰ ਮਿਲੀਆਂ ਹਨ, ਇਹ ਸਰਮਾਏਦਾਰੀ ਪ੍ਰਬੰਧ ਦੇ ਮਨੁੱਖਾ ਤੇ ਕੁਦਰਤ ਪ੍ਰਤੀ ਵਹਿਸ਼ੀਆਨਾ ਰਵਈਏ ਦਾ ਪੁਖਤਾ ਸਬੂਤ ਹੈ।ਉਨ੍ਹਾਂ ਇਹ ਵੀ ਕਿਹਾ ਕਿ ਸਰਮਾਏਦਾਰੀ ਪ੍ਰਬੰਧ ਦੀ ਮੁਨਾਫ਼ੇ ਦੀ ਭੁੱਖ ਅੱਗੇ ਕੋਈ ਵੀ ਸਾਰੇ ਕਾਇਦੇ ਕਾਨੂੰਨ ਤੇ ਕੁਦਰਤੀ ਕਾਨੂੰਨ ਅਤੇ ਦਯਾ ਭਾਵਨਾ ਵਿਅਰਥ ਹਨ।

ਆਗੂਆਂ ਨੇ ਕਿਹਾ ਕਿ ਤੇਲੰਗਾਨਾ ਸਰਕਾਰ ਵੱਲੋਂ ਆਪਣੇ ਸਰਮਾਏਦਾਰ ਅਕਾਵਾਂ ਨੂੰ ਖੁਸ਼ ਕਰਨ ਲਈ ਅਜਿਹੇ ਤਬਾਹ ਕੁੱਲ ਕਦਮ ਚੁੱਕੇ ਜਾ ਰਹੇ ਹਨ, ਜਿਸ ਨੂੰ ਇਨਸਾਫ ਪਸੰਦ ਲੋਕ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰਨਗੇ। ਆਗੂਆਂ ਨੇ ਕਿਹਾ ਕਿ ਸਰਬ ਭਾਰਤ ਨੌਜਵਾਨ ਸਭਾ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਤੇਲੰਗਾਨਾ ਸਰਕਾਰ ਦੇ ਇਸ ਜੰਗਲ ਵਿਰੋਧੀ ਰਵੱਈਏ ਖਿਲਾਫ 10 ਅਪ੍ਰੈਲ ਨੂੰ ਪੂਰੇ ਪੰਜਾਬ ਵਿੱਚ ਰੋਸ ਪ੍ਰਦਰਸ਼ਨ ਕੀਤੇ ਜਾਣਗੇ, ਜਿਸ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਆਗੂਆਂ ਨੇ ਮਾਨਯੋਗ ਸੁਪਰੀਮ ਕੋਰਟ ਵੱਲੋਂ ਉਕਤ ਹੈਦਰਾਬਾਦ ਦੀ ਯੂਨੀਵਰਸਿਟੀ ਦੀ ਜੰਗਲਾਂ ਦੀ ਕਟਾਈ 'ਤੇ ਲਗਾਈ ਗਈ ਆਰਜ਼ੀ ਰੋਕ ਦਾ ਸਵਾਗਤ ਕਰਦੇ ਹਾਂ ਤੇ ਮੰਗ ਕੀਤੀ ਕਿ ਸੁਪਰੀਮ ਕੋਰਟ ਨੂੰ ਤੇਲੰਗਾਨਾ ਸਰਕਾਰ ਦੇ ਇਸ ਫੈਸਲੇ 'ਤੇ ਸਥਾਈ ਰੋਕ ਲਗਾਈ ਜਾਵੇ ਤਾਂ ਕਿ ਵਾਤਾਵਰਨ ਤੇ ਜੰਗਲੀ ਜੀਵਨ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਉਨ੍ਹਾਂ ਨਾਲ ਕਰਮਵੀਰ ਕੌਰ ਬਧਨੀ, ਸੂਬਾ ਪ੍ਰਧਾਨ ਸਰਬ ਭਾਰਤ ਨੌਜਵਾਨ ਸਭਾ, ਰਮਨ ਕੁਮਾਰ ਧਰਮੂ ਵਾਲਾ, ਸੂਬਾ ਪ੍ਰਧਾਨ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ, ਹਰਭਜਨ ਛਪੜੀ ਵਾਲਾ, ਹਰਮੇਲ ਉੱਭਾ, ਗੁਰਜੀਤ ਕੌਰ ਸਰਦੂਲ, ਨਵਜੀਤ ਸੰਗਰੂਰ, ਜਗਵਿੰਦਰ ਕਾਕਾ, ਵਿਸ਼ਾਲ ਵਲਟੋਹਾ, ਰਾਹੁਲ ਪੰਜਾਬੀ ਯੂਨੀਵਰਸਿਟੀ ਗੁਰਜੰਟ ਪਟਿਆਲਾ, ਰਮਨਦੀਪ ਕੌਰ ਮੁਕਤਸਰ ਹਾਜ਼ਰ ਸਨ।

# ਵਿਧਾਇਕ ਨੇ ਹਲਕੇ ਦੇ ਸਰਕਾਰੀ ਸਕੂਲਾਂ 'ਚ ਪ੍ਰੋਜੈਕਟਾਂ ਦੇ ਕੀਤੇ ਉਦਘਾਟਨ

## ਪੰਜਾਬ ਸਰਕਾਰ ਸਕੂਲਾਂ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਯਤਨਸ਼ੀਲ : ਭੁੱਲਰ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਵਿੱਚ ਰਾਜ 'ਚ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਸਿੱਖਿਆ ਪ੍ਰਦਾਨ ਕਰਨ ਦੇ ਮੰਤਵ ਵੱਲ ਇਕ ਠੋਸ ਕਦਮ ਪੁੱਟਦਿਆਂ ਪੰਜਾਬ ਸਰਕਾਰ ਵੱਲੋਂ 'ਪੰਜਾਬ ਸਿੱਖਿਆ ਕ੍ਰਾਂਤੀ' ਪ੍ਰੋਗਰਾਮ ਤਹਿਤ ਪੂਰੇ ਫ਼ਿਰੋਜ਼ਪੁਰ ਜ਼ਿਲ੍ਹੇ ਵਿੱਚ ਉਲੀਕੇ ਗਏ ਵਿਕਾਸ ਪ੍ਰੋਜੈਕਟਾਂ ਦੇ ਉਦਘਾਟਨਾਂ ਦੀ ਲੜੀ 'ਚ ਅੱਜ ਹਲਕਾ ਫ਼ਿਰੋਜ਼ਪੁਰ ਸ਼ਹਿਰੀ ਦੇ ਵਿਧਾਇਕ ਰਣਬੀਰ ਸਿੰਘ ਭੁੱਲਰ ਵੱਲੋਂ ਹਲਕਾ ਫ਼ਿਰੋਜ਼ਪੁਰ ਸ਼ਹਿਰੀ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖਾਈ ਫੇਮੇ ਕੀ, ਸਰਕਾਰੀ ਪ੍ਰਾਇਮਰੀ ਸਕੂਲ ਖਾਈ, ਸਰਕਾਰੀ ਪ੍ਰਾਇਮਰੀ ਸਕੂਲ ਲੂਥੜ ਤੇ ਸਰਕਾਰੀ ਪ੍ਰਾਇਮਰੀ ਸਕੂਲ ਮੀਰਾ ਸ਼ਾਹ ਨੂਰ ਵਾਲਾ ਵਿਖੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਗਿਆ।ਇਸ ਸਮਾਗਮ ਦੀ ਸ਼ੁਰੂਆਤ ਵਿੱਚ ਸਕੂਲ ਦੇ ਬੱਚਿਆਂ ਵੱਲੋਂ ਸਵਾਗਤੀ ਗੀਤ ਤੇ ਸੱਭਿਆਚਾਰਕ ਗਤੀਵਿਧੀਆਂ ਪੇਸ਼ ਕੀਤੀਆਂ ਗਈਆਂ।ਸਕੂਲ ਵਿੱਚ ਸਕੂਲ ਦੇ ਵਿਕਾਸ ਨੂੰ ਦਰਸਾਉਂਦੀਆਂ ਪ੍ਰਦਰਸ਼ਨੀਆਂ ਲਗਾਈਆਂ ਗਈਆਂ।ਇਸ ਮੌਕੇ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਰਾਜ ਵਿੱਚ ਸਿੱਖਿਆ ਨੂੰ ਅੰਤਰ ਰਾਸ਼ਟਰੀ ਵਿੱਦਿਅਕ ਸੰਸਥਾਵਾਂ ਦੇ ਹਾਣੀ ਬਣਾਉਣ ਲਈ ਕਲਾਸਰੂਮ, ਬੁਨਿਆਦੀ ਢਾਂਚਾ ਤੇ ਡਿਜੀਟਲ ਸਿਖਲਾਈ ਸਹੂਲਤਾਂ ਦਾ ਆਧੁਨਿਕੀਕਰਨ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਤੇ ਸਿੱਖਿਆ ਮੰਤਰੀ ਦੀ ਅਗਵਾਈ ਵਿੱਚ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਕੀਤੇ ਜਾ ਰਹੇ ਇਹ ਸੁਧਾਰ ਰਾਜ ਦੇ ਸਾਰੇ ਬੱਚਿਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਪ੍ਰਤੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਕੀਤੇ ਗਏ ਇਹ ਵਿਕਾਸ ਕਾਰਜ ਤੇ ਸੁਧਾਰ ਨੇ ਵਿਦਿਆਰਥੀਆਂ ਨੂੰ ਸਿੱਖਣ ਦਾ ਬਿਹਤਰ ਮਾਹੌਲ ਪ੍ਰਦਾਨ ਕੀਤਾ ਹੈ, ਜਿਸ ਨਾਲ ਹੁਣ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਵੀ ਸਿੱਖਿਆ ਸਮੇਤ ਹੋਰਨਾਂ ਖੇਤਰਾਂ ਵਿੱਚ ਵੀ ਮੱਲਾਂ ਮਾਰ ਰਹੇ ਹਨ।ਉਨ੍ਹਾਂ ਕਿਹਾ ਕਿ ਇਹ ਸੁਧਾਰ ਅੱਗੇ ਵੀ ਇਸੇ ਤਰ੍ਹਾਂ ਜਾਰੀ ਰਹਿਣਗੇ।ਇਸ ਮੌਕੇ ਸਕੂਲਾਂ ਦੇ ਅਧਿਆਪਕ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਸਤਿੰਦਰ ਸਿੰਘ, ਰਾਜ ਬਹਾਦਰ ਸਿੰਘ ਗਿੱਲ ਸਿੱਖਿਆ ਕੋਆਰਡੀਨੇਟਰ ਹਲਕਾ ਫ਼ਿਰੋਜ਼ਪੁਰ ਸ਼ਹਿਰੀ, ਬੀਪੀਈਓ ਰਣਜੀਤ ਸਿੰਘ, ਬੀਪੀਈਓ ਸੁਮਨਦੀਪ ਕੌਰ, ਪ੍ਰਿੰਸੀਪਲ ਸ਼੍ਰੀਮਤੀ ਸਤਿੰਦਰਜੀਤ ਕੌਰ, ਚੇਅਰਮੈਨ ਬਲਰਾਜ ਸਿੰਘ ਕਟੋਰਾ, ਹਰਮੀਤ ਸਿੰਘ ਖਾਈ, ਸੁਰਿੰਦਰ ਸਿੰਘ ਗਿੱਲ, ਨੇਕ ਪ੍ਰਤਾਪ ਸਿੰਘ, ਹਿਮਾਂਸ਼ੂ ਠੱਕਰ, ਗੁਰਜੀਤ ਸਿੰਘ ਚੀਮਾ ਅਤੇ ਸਕੂਲ ਪ੍ਰਿੰਸੀਪਲ, ਸਕੂਲ ਮੁਖੀ, ਬੱਚਿਆਂ ਦੇ ਮਾਤਾ-ਪਿਤਾ, ਪਿੰਡ ਦੇ ਸਰਪੰਚ ਤੇ ਮੈਂਬਰ ਪੰਚਾਇਤ ਸਾਹਿਬਾਨ, ਸਕੂਲ ਮੈਨੇਜਮੈਂਟ ਕਮੇਟੀ ਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

## ਕਾਤਰਾਂ

### ਚੋਰੀ ਦੇ ਮੋਟਰਸਾਈਕਲ ਸਮੇਤ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਮਮਦੋਟ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇਕ ਵਿਅਕਤੀ ਨੂੰ ਚੋਰੀ ਦੇ ਇਕ ਮੋਟਰਸਾਈਕਲ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਬਲਰਾਜ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਦੌਰਾਨ ਬੀਐੱਸਐੱਫ ਚੌਕ ਮਮਦੋਟ ਪੁੱਜੀ ਤਾਂ ਖਾਸ ਮੁਖ਼ਬਰ ਨੇ ਇਤਲਾਹ ਦਿੱਤੀ ਕਿ ਅਜੈ ਕੁਮਾਰ ਪੁੱਤਰ ਟਹਿਲ ਸਿੰਘ ਵਾਸੀ ਮੱਤੜ ਹਿਠਾੜ ਜੋ ਚੋਰੀ ਕਰਕੇ ਮੋਟਰਸਾਈਕਲ ਅੱਗੇ ਵੇਚਣ ਦਾ ਆਦੀ ਹੈ, ਅੱਜ ਵੀ ਅਜੈ ਕੁਮਾਰ ਇਕ ਮੋਟਰਸਾਈਕਲ ਵੇਚਣ ਲਈ ਗਾਹਕਾਂ ਦੀ ਉਡੀਕ ਕਰ ਰਿਹਾ ਹੈ। ਉਪਰੰਤ ਪੁਲਸ ਨੇ ਉਕਤ ਜਗ੍ਹਾ 'ਤੇ ਛਾਪੇਮਾਰੀ ਕੀਤੀ ਤਾਂ ਅਜੈ ਕੁਮਾਰ ਨੂੰ ਕਾਬੂ ਕਰਕੇ ਉਸ ਕੋਲੋਂ ਚੋਰੀ ਦਾ ਇਕ ਮੋਟਰਸਾਈਕਲ ਬਰਾਮਦ ਕੀਤਾ। ਪੁਲਸ ਨੇ ਦੱਸਿਆ ਕਿ ਉਕਤ ਮੁਲਜ਼ਮ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### ਆਦਰਸ਼ ਪਬਲਿਕ ਸਕੂਲ ਬਾਜੀਦਪੁਰ ਦਾ ਸ਼ਾਨਦਾਰ ਨਤੀਜਾ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਸਕੂਲ ਸਿੱਖਿਆ ਬੋਰਡ ਦੀ ਅੱਠਵੀਂ ਕਲਾਸ ਦੇ 20 ਵਿਦਿਆਰਥੀਆਂ ਵਿੱਚੋਂ 10 ਵਿਦਿਆਰਥੀਆਂ ਨੇ 90 ਪ੍ਰਤੀਸ਼ਤ ਤੋਂ ਅੰਕ, 8 ਵਿਦਿਆਰਥੀਆਂ ਨੇ 85 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕੀਤੇ। ਮਹਿਕਪ੍ਰੀਤ ਕੌਰ ਪੁੱਤਰੀ ਜਜਬੀਰ ਸਿੰਘ ਨੇ 600 'ਚੋਂ 587 ਅੰਕ 98 ਪ੍ਰਤੀਸ਼ਤ ਹਾਸਲ ਕਰਕੇ ਸਕੂਲ ਵਿੱਚੋਂ ਪਹਿਲਾ ਸਥਾਨ ਤੇ ਜ਼ਿਲ੍ਹਾ ਵਿੱਚ ਤੇਰਵਾਂ ਸਥਾਨ ਹਾਸਲ ਕੀਤਾ। ਅਮਰਪ੍ਰੀਤ ਕੌਰ ਨੇ 600 'ਚੋਂ 583 ਅੰਕ 97.2 ਪ੍ਰਤੀਸ਼ਤ ਹਾਸਲ ਕਰਕੇ ਦੂਜਾ ਤੇ ਯਾਸ਼ਿਤਾ ਸ਼ਰਮਾ ਨੇ 600 'ਚੋਂ 580 ਅੰਕ 96.6 ਪ੍ਰਤੀਸ਼ਤ ਹਾਸਲ ਕਰਕੇ ਤੀਜਾ ਸਥਾਨ ਹਾਸਲ ਕੀਤਾ। ਸਕੂਲ ਪ੍ਰਿੰਸੀਪਲ ਦਰਸ਼ਨ ਲਾਲ ਵੱਲੋਂ ਸਵੇਰ ਦੀ ਸਭਾ ਵਿੱਚ ਇਨ੍ਹਾਂ ਵਿਦਿਆਰਥਣਾਂ ਦਾ ਸਨਮਾਨ ਕੀਤਾ ਗਿਆ ਤੇ ਦੂਜੇ ਵਿਦਿਆਰਥੀਆਂ ਨੂੰ ਇਨ੍ਹਾਂ ਤੋਂ ਪ੍ਰੇਰਣਾ ਲੈਣ ਲਈ ਕਿਹਾ।

### ਦੜੇ ਸੱਟੇ ਦੀ ਰਾਸ਼ੀ ਸਮੇਤ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਮਮਦੋਟ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇਕ ਵਿਅਕਤੀ ਨੂੰ 740 ਰੁਪਏ ਭਾਰਤੀ ਕਰੰਸੀ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਜੂਆ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਨਿਰਮਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਪਿੰਡ ਬੱਸ ਅੱਡਾ ਮਮਦੋਟ ਪੁੱਜੀ ਤਾਂ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦਵਿੰਦਰ ਸਿੰਘ ਪੁੱਤਰ ਮੱਖਣ ਸਿੰਘ ਵਾਸੀ ਪਿੰਡ ਹਜ਼ਾਰਾ ਸਿੰਘ ਵਾਲਾ ਜੋ ਕਿ ਦੜਾ ਸੱਟਾ ਲਿਖਣ ਦਾ ਆਦੀ ਹੈ, ਅੱਜ ਵੀ ਦਾਣਾ ਮੰਡੀ ਮਮਦੋਟ ਵਿੱਚ ਬਣੇ ਸ਼ੈੱਡ ਹੇਠਾਂ ਬੈਠ ਕੇ ਦੜਾ ਸੱਟਾ ਲਗਾ ਰਿਹਾ ਹੈ, ਜਿਸ 'ਤੇ ਪੁਲਸ ਨੇ ਛਾਪੇਮਾਰੀ ਕਰਕੇ ਉਕਤ ਮੁਲਜ਼ਮ ਨੂੰ ਕਾਬੂ ਕਰਕੇ ਉਸ ਦੇ ਕਬਜ਼ੇ ਵਿੱਚੋਂ 740 ਰੁਪਏ ਭਾਰਤੀ ਕਰੰਸੀ ਬਰਾਮਦ ਕੀਤੀ। ਪੁਲਸ ਨੇ ਦੱਸਿਆ ਕਿ ਉਕਤ ਮੁਲਜ਼ਮ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਰੌਕ ਐਂਡ ਸਟੋਰਮ ਡਿਸਟਿਲਰੀਜ਼ ਵਰਕਰਜ਼ ਯੂਨੀਅਨ ਵੱਲੋਂ ਰੈਲੀ

**ਦਿੜ੍ਹਬਾ (ਜਸਵੀਰ ਲਾਡੀ)**-ਛਾਜਲੀ ਦੀ ਦਾਣਾ ਮੰਡੀ ਵਿੱਚ ਰੌਕ ਐਂਡ ਸਟੋਰਮ ਡਿਸਟਿਲਰੀਜ਼ ਵਰਕਰਜ਼ ਯੂਨੀਅਨ ਏਟਕ ਛਾਜਲੀ ਵੱਲੋਂ ਵਿਸ਼ਾਲ ਰੈਲੀ ਕੀਤੀ ਗਈ। ਇਸ ਮੌਕੇ ਏਟਕ ਦੇ ਪ੍ਰਮੁੱਖ ਆਗੂ ਸੁਖਦੇਵ ਸ਼ਰਮਾ, ਜਰਨਲ ਸਕੱਤਰ ਸਾਥੀ ਭਰਪੂਰ ਸਿੰਘ ਬੁੱਲਾਂਪੁਰ, ਸਾਥੀ ਪ੍ਰਦੀਪ ਚੀਮਾ ਨੇ ਬੋਲਦਿਆਂ ਕਿਹਾ ਕਿ ਰੌਕ ਐਂਡ ਸਟੋਰਮ ਡਿਸਟਿਲਰੀ ਲਿਮਿਟਡ ਦੀ ਮੈਨੇਜਮੈਂਟ ਵੱਲੋਂ ਯੂਨੀਅਨ ਦੇ ਛੇ ਸਾਥੀਆਂ ਦੀ ਬਦਲੀ ਝਾਰਖੰਡ ਕਰ ਦਿੱਤੀ ਹੈ। ਅਜਿਹੀਆਂ ਛੋਟੀਆਂ ਤਨਖਾਹਾਂ ਕਾਰਨ ਵਰਕਰ ਕਿਵੇਂ ਬਾਹਰ ਜਾ ਸਕਦੇ ਹਨ, ਹੁਣ ਜਦੋਂ ਮੈਨੇਜਮੈਂਟ ਨਾਲ ਮੰਗਾਂ ਦਾ ਨਿਬੇੜਾ ਹੋ ਚੁੱਕਿਆ ਸੀ, ਪਰ ਮੈਨੇਜਮੈਂਟ ਜਾਣ ਬੁੱਝ ਕੇ ਯੂਨੀਅਨ ਨੂੰ ਤੋੜਨ ਲਈ ਬਜ਼ਿੱਦ ਹੈ, ਸੋ 8 ਅਪ੍ਰੈਲ ਨੂੰ 10 ਵਜੇ ਦਾਣਾ ਮੰਡੀ ਛਾਜਲੀ ਤੋਂ ਚੱਲ ਕੇ ਕੰਪਨੀ ਦੇ ਗੇਟ ਅੱਗੇ ਲਗਾਤਾਰ ਧਰਨਾ ਲਾਇਆ ਜਾਵੇਗਾ। ਇਸ ਸਮੇਂ ਹੋਰਨਾਂ ਤੋਂ ਇਲਾਵਾ ਰਾਮ ਸਿੰਘ ਆਗੂ ਭਾਰਤੀ ਕਿਸਾਨ ਯੂਨੀਅਨ ਏਕਤਾ ਦੇ ਜਗਰੂਪ ਸਿੰਘ, ਕਰਮਜੀਤ ਸਿੰਘ, ਕੁਲਦੀਪ ਸਿੰਘ ਆਦਿ ਹਾਜ਼ਰ ਸਨ। ਪੈਪਸੀਕੋ ਵੱਲੋਂ ਪ੍ਰਧਾਨ ਵਿਕਰਮ ਸਿੰਘ ਧੂਰੀ, ਏਟਕ ਦੇ ਆਗੂ ਸਾਥੀ ਗੁਰਜੰਟ ਸਿੰਘ, ਇੰਦਰ ਸਿੰਘ ਤੇ ਨਿਰਮਲ ਸਿੰਘ ਬਟਰੀਆਣਾ ਅਤੇ ਅਮਰੀਕ ਸਿੰਘ ਕੁੱਲ ਹਿੰਦ ਕਿਸਾਨ ਸਭਾ ਜ਼ਿਲ੍ਹਾ ਸੰਗਰੂਰ ਨੇ ਵੀ ਸੰਬੋਧਨ ਕੀਤਾ। ਉਪਰੰਤ ਪਿੰਡ ਛਾਜਲੀ ਵਿੱਚ ਵੀ ਰੋਸ ਰੈਲੀ ਕੀਤੀ ਗਈ ਅਤੇ ਪਿੰਡ ਛਾਜਲੀ ਨੂੰ 10 ਵਜੇ ਮੰਡੀ ਦੇ ਵਿੱਚ ਭਾਰੀ ਇਕੱਠ ਕਰਨ ਲਈ ਸੱਦਾ ਦਿੱਤਾ ਗਿਆ। ਅੰਤ ਵਿੱਚ ਕਰਮਜੀਤ ਸਿੰਘ ਪ੍ਰਧਾਨ ਨੇ ਸਾਰਿਆਂ ਦਾ ਧੰਨਵਾਦ ਕੀਤਾ।



# ਭਾਰਤ ਵਿਕਾਸ ਪ੍ਰੀਸ਼ਦ ਦਾ ਪ੍ਰਧਾਨ ਚੁਣੇ ਜਾਣ 'ਤੇ ਸੁਧੀਰ ਕੋਹਲੀ ਸਨਮਾਨਤ




**ਮੋਗਾ (ਇਕਬਾਲ ਸਿੰਘ ਖਹਿਰਾ)**-ਉੱਘੇ ਸਮਾਜ ਸੇਵੀ ਤੇ ਖੱਤਰੀ ਸਭਾ ਦੇ ਲੰਬੇ ਸਮੇਂ ਤੋਂ ਬੁਲਾਰੇ ਦੀ ਸੇਵਾ ਨਿਭਾਅ ਰਹੇ ਸੁਧੀਰ ਕੋਹਲੀ ਨੂੰ ਇੱਥੇ ਖੱਤਰੀ ਭਵਨ ਵਿੱਚ ਕਰਵਾਏ ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਵਿੱਚ ਖੱਤਰੀ ਸਭਾ ਨੇ ਸਨਮਾਨਤ ਕੀਤਾ।ਇਸ ਮੌਕੇ ਸੁਧੀਰ ਕੋਹਲੀ ਦੀ ਜੀਵਨ ਸਾਥੀ ਉਨ੍ਹਾਂ ਦੀ ਧਰਮ ਪਤਨੀ ਕ੍ਰਿਸ਼ਨਾ ਕੋਹਲੀ ਨੂੰ ਵੀ ਸਨਮਾਨਤ ਕੀਤਾ।ਇਹ ਸਨਮਾਨ ਸਮਾਰੋਹ ਖੱਤਰੀ ਸਭਾ ਚੇਅਰਮੈਨ ਵਿਜੇ ਧੀਰ ਐਡਵੋਕੇਟ ਤੇ ਪ੍ਰਧਾਨ ਡਾਕਟਰ ਐੱਮ ਐੱਲ ਜੈਦਕਾ ਦੀ ਅਗਵਾਈ ਵਿੱਚ ਕੀਤਾ ਗਿਆ।ਇਹ ਸਮਾਰੋਹ ਵਿੱਚ ਖੱਤਰੀ ਮਹਾਂ ਸਭ ਪੰਜਾਬ ਦੇ ਪ੍ਰਦੇਸ਼ ਚੀਫ ਪੈਟਰਨ ਬੋਧਰਾਜ ਮਜੀਠੀਆ ਐਡਵੋਕੇਟ, ਸੀਨੀਅਰ ਮੀਤ ਪ੍ਰਧਾਨ ਦੀਪਕ ਬੇਦੀ, ਮੀਤ ਪ੍ਰਧਾਨ ਸਾਬਕਾ ਤਹਿਸੀਲਦਾਰ ਜਸਵੰਤ ਦਾਨੀ, ਪ੍ਰਦੇਸ਼ ਆਫਿਸ ਸਕੱਤਰ ਬਲਜਿੰਦਰ ਸਿੰਘ ਸਹਿਗਲ ਤੇ ਖਤਰੀ ਮਹਾਸਭਾ ਦੇ ਜ਼ਿਲ੍ਹਾ ਪ੍ਰਧਾਨ ਨਰੋਤਮ ਪੁਰੀ ਤੋਂ ਇਲਾਵਾ ਖੱਤਰੀ ਸਭਾ ਦੀ ਮਹਿਲਾ ਆਗੂ ਪ੍ਰੋਮਿਲਾ ਮਨਰਾਏ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਮੌਕੇ ਖੱਤਰੀ ਸਭਾ ਦੇ ਚੇਅਰਮੈਨ ਵਿਜੇ ਧੀਰ ਐਡਵੋਕੇਟ ਤੇ ਪ੍ਰਧਾਨ ਡਾਕਟਰ ਐੱਮ ਐੱਲ ਜੈਦਕਾ ਨੇ ਕਿਹਾ ਕਿ ਖੱਤਰੀ ਸਭਾ ਨੂੰ ਇਸ ਗੱਲ ਦਾ ਫਖਰ ਹੈ ਕਿ ਖੱਤਰੀ ਸਭਾ ਵਿੱਚ ਲੰਬੇ ਸਮੇਂ ਤੋਂ ਸਭਾ ਦੇ ਬੁਲਾਰੇ ਦੀ ਸਫਲਤਾ ਪੂਰਵਕ ਸੇਵਾ ਨਿਭਾਅ ਰਹੇ ਸੁਧੀਰ ਕੋਹਲੀ ਰਾਸ਼ਟਰ ਪੱਧਰੀ ਐੱਨ ਜੀ ਓ ਭਾਰਤ ਵਿਕਾਸ ਪਰਿਸ਼ਦ ਦੀ ਸਥਾਨਕ ਇਕਾਈ ਦੇ ਸਰਬ ਸੰਮਤੀ ਨਾਲ ਪ੍ਰਧਾਨ ਚੁਣੇ ਗਏ ਹਨ।ਧੀਰ ਤੇ ਜੈਦਕਾ ਨੇ ਕਿਹਾ ਕਿ ਸੁਧੀਰ ਕੋਹਲੀ ਇੱਕ ਮਿਹਨਤੀ ਇਨਸਾਨ ਹਨ, ਉਹ ਭਾਰਤ ਵਿਕਾਸ ਪ੍ਰੀਸ਼ਦ ਮੋਗਾ ਨੂੰ ਅੱਗੇ ਨਾਲੋਂ ਵੱਧ ਬੁਲੰਦੀਆਂ 'ਤੇ ਲੈ ਕੇ ਜਾਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਜੀਵ ਕੌੜਾ, ਅਸ਼ੋਕ ਕਾਲੀਆ, ਅਜੇ ਸੱਚਰ, ਅਮੀਸ਼ ਭੰਡਾਰੀ, ਵਿਜੇ ਪੁਰੀ, ਜਗਜੀਵ ਧੀਰ, ਪ੍ਰਦੀਪ ਭੰਡਾਰੀ, ਬਲਜਿੰਦਰ ਸਿੰਘ ਸਹਿਗਲ, ਰਜੇਸ਼ ਕੋਛੜ, ਡਾਕਟਰ ਜਤਿੰਦਰ ਖੁੱਲਰ, ਰਕੇਸ਼ ਸਿਤਾਰਾ, ਐਮ ਐਲ ਮੋਲੜੀ, ਸੱਤਪਾਲ ਭੋਲੇ ਵਾਲੀਆ, ਅਸ਼ੋਕ ਧਵਨ ਨੈਸਲੇ, ਕਰਤਾਰ ਸਿੰਘ ਸੋਢੀ, ਰਜਿੰਦਰ ਕੋਹਲੀ, ਨਰਿੰਦਰ ਪਾਲ ਉੱਪਲ, ਰਮਨ ਪੁਰੀ, ਡਾਕਟਰ ਵਿਜੇ ਉਪਲ, ਸੁਸ਼ੀਲ ਸਿਆਲ, ਕ੍ਰਿਸ਼ਨ ਸਿੰਘ ਨੈਸਲੇ, ਪਵਨ ਕਪੂਰ, ਨਰੇਸ਼ ਧੀਰ ਨੈਸਲੇ, ਪ੍ਰੋਮਿਲਾ ਮਨਰਾਏ, ਬੋਧਰਾਜ ਮਜੀਠੀਆ ਐਡਵੋਕੇਟ, ਆਦਰਸ਼ ਪੱਬੀ, ਰਕੇਸ਼ ਜੈਸਵਾਲ, ਸੁਭਾਸ਼ ਉਪਲ, ਸੰਦੀਪ ਅਨੰਦ, ਵਿਜੇ ਇੰਦਰ ਪੁਰੀ, ਤਰਸੇਮ ਸਿੰਘ, ਰਜਿੰਦਰ ਜੈਦਕਾ, ਹਰੀਸ਼ ਧੀਰ, ਅੰਜੂ ਵਿਨਾਇਕ, ਬਲਵਿੰਦਰ ਢੱਲ, ਜਸਵਿੰਦਰ ਸਿੰਘ ਸੋਢੀ, ਅਦੇਸ਼ ਇੰਦਰ ਸਿੰਘ ਸਹਿਗਲ, ਜਤਿੰਦਰ ਸਿੰਘ ਸੋਢੀ, ਧਰਮਪਾਲ ਉੱਪਲ, ਮਨਜਿੰਦਰ ਬੇਰੀ, ਮਹੇਸ਼ ਇੰਦਰ ਸਿੰਘ ਸਹਿਗਲ, ਮੋਹਿਤ ਕੋਛੜ, ਐਮ ਐਲ ਮੋਲੜੀ, ਭਜਨ ਪ੍ਰਕਾਸ਼ ਵਰਮਾ, ਸਰਬਜੀਤ ਮੈਂਗੀ, ਡਾਕਟਰ ਮਹਿੰਦਰ ਪਾਲ ਸੱਭਰਵਾਲ, ਸੁਮਨ ਕਾਂਤ ਵਿਜ, ਸੁਧੀਰ ਕੋਹਲੀ, ਪ੍ਰੋਮਿਲਾ ਮਨਰਾਏ, ਸਿਧਾਰਥ ਮਜੀਠੀਆ ਐਡਵੋਕੇਟ, ਸੰਜੀਵ ਕੌੜਾ ਜੀ ਐੱਸ ਟੀ, ਰਜਿੰਦਰ ਜੈਦਕਾ, ਕ੍ਰਿਸ਼ਨ ਪੁਰੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਵਜੀਦਕੇ ਖੁਰਦ ਸਕੂਲ ਦੀ ਵਿਦਿਆਰਥਣ ਨੇ ਸਕਾਲਰਸ਼ਿਪ ਪ੍ਰੀਖਿਆ ਕੀਤੀ ਪਾਸ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸ਼ਹੀਦ ਰਹਿਮਤ ਅਲੀ ਮੈਮੋਰੀਅਲ ਸਰਕਾਰੀ ਹਾਈ ਸਮਾਰਟ ਸਕੂਲ ਵਜੀਦਕੇ ਖੁਰਦ (ਬਰਨਾਲਾ) ਦੀ ਵਿਦਿਆਰਥਣ ਪ੍ਰਭਜੋਤ ਕੌਰ ਪੁੱਤਰੀ ਗੁਰਦੀਪ ਸਿੰਘ ਨੇ ਨੈਸ਼ਨਲ ਮੀਨਸ-ਕਮ-ਮੈਰਿਟ ਸਕਾਲਰਸ਼ਿਪ ਇਮਤਿਹਾਨ ਪਾਸ ਕਰਕੇ ਨਾਂਅ ਰੌਸ਼ਨ ਕੀਤਾ ਹੈ।ਇਸ ਸਬੰਧੀ ਹੈੱਡਮਾਸਟਰ ਜਸਵਿੰਦਰ ਸਿੰਘ, ਸੀਨੀਅਰ ਅਧਿਆਪਕਾ ਮੈਡਮ ਦਲਜੀਤ ਕੌਰ ਸਾਇੰਸ ਮਿਸਟ੍ਰੈੱਸ ਨੇ ਦੱਸਿਆ ਕਿ ਨੈਸ਼ਨਲ ਮੀਨਸ-ਕਮ-ਮੈਰਿਟ ਸਕਾਲਰਸ਼ਿਪ ਇਮਤਿਹਾਨ ਦੇ ਇੰਚਾਰਜ ਅਧਿਆਪਕ ਸ੍ਰੀ ਵਿਜੈ ਕੁਮਾਰ ਸਾਇੰਸ ਮਾਸਟਰ, ਅਧਿਆਪਕ ਮੈਡਮ ਰਵਨੀਤ ਕੌਰ ਤੇ ਮੈਡਮ ਮਨਪ੍ਰੀਤ ਕੌਰ ਦੁਆਰਾ ਇਸ ਵਿਦਿਆਰਥਣ ਦੀ ਤਿਆਰੀ ਕਰਵਾਈ ਗਈ, ਜਿਸ ਤਹਿਤ ਇਸ ਵਿਦਿਆਰਥਣ ਤੇ ਮਾਪਿਆਂ ਦੀ ਸਖਤ ਮਿਹਨਤ ਸਦਕਾ ਪੂਰੇ ਦੇਸ਼ ਵਿੱਚ ਬਣਦੀ ਮੈਰਿਟ ਤਹਿਤ ਪ੍ਰਭਜੋਤ ਕੌਰ ਨੇ ਇਹ ਟੈਸਟ ਕਲੀਅਰ ਕੀਤਾ।ਇਸ ਟੈਸਟ ਪਾਸ ਨਾਲ ਵਿਦਿਆਰਥਣ ਨੂੰ ਨੌਵੀਂ ਤੋਂ ਬਾਰਵੀਂ ਤੱਕ ਦੀ ਪੜ੍ਹਾਈ ਦੌਰਾਨ ਹਰ ਮਹੀਨੇ 1000 ਵਜ਼ੀਫਾ ਮਿਲਣਾ ਹੈ।ਵਿਦਿਆਰਥਣ ਦੇ ਪਿਤਾ ਗੁਰਦੀਪ ਸਿੰਘ, ਮਾਤਾ ਰੁਪਿੰਦਰ ਕੌਰ ਨੇ ਆਪਣੀ ਪੁੱਤਰੀ ਦੀ ਇਸ ਪ੍ਰਾਪਤੀ 'ਤੇ ਮਾਣ ਮਹਿਸੂਸ ਕਰਦਿਆਂ ਕਿਹਾ ਕਿ ਇਸ ਪ੍ਰਾਪਤੀ ਦਾ ਸਿਹਰਾ ਸਕੂਲ ਦੇ ਮਿਹਨਤੀ ਸਟਾਫ ਨੂੰ ਜਾਂਦਾ ਹੈ।ਸਰਪੰਚ ਬਲਵਿੰਦਰ ਕੌਰ ਵਜੀਦਕੇ ਖੁਰਦ ਤੇ ਸਮੂਹ ਨਗਰ ਪੰਚਾਇਤ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਸ ਹੋਣਹਾਰ ਵਿਦਿਆਰਥਣ ਨੇ ਸਕੂਲ, ਇਲਾਕੇ ਤੇ ਮਾਪਿਆਂ ਦਾ ਨਾਂਅ ਦੁਨੀਆ ਪੱਧਰ ਤੱਕ ਚਮਕਾਇਆ ਹੈ, ਜੋ ਸਾਰਿਆਂ ਲਈ ਵੱਡੇ ਮਾਣ ਵਾਲੀ ਗੱਲ ਹੈ।ਇਸ ਮੌਕੇ ਸਕੂਲ ਸਟਾਫ, ਪਤਵੰਤੇ ਸੱਜਣਾਂ ਨੇ ਬੱਚੀ ਪ੍ਰਭਜੋਤ ਕੌਰ ਨੂੰ ਵਿਸ਼ੇਸ਼ ਤੌਰ 'ਤੇ ਵਧਾਈ ਦਿੰਦਿਆਂ ਹੋਰ ਵਧੇਰੇ ਲਗਨ ਮਿਹਨਤ ਨਾਲ ਮੱਲਾਂ ਮਾਰਨ ਲਈ ਉਤਸ਼ਾਹਤ ਕੀਤਾ।

# ਡੰਮੀ ਦਾਖਲਿਆਂ ਨੂੰ ਰੋਕਣ ਲਈ ਹੋਵੇਗੀ ਬਾਇਓਮੈਟ੍ਰਿਕ ਹਾਜ਼ਰੀ : ਡਾ. ਜਗਜੀਤ ਸਿੰਘ

## ਡੰਮੀ ਦਾਖਲਿਆਂ ਵਿਰੁੱਧ ਨਿਗਰਾਨ ਕਮੇਟੀਆਂ ਨਿਯੁਕਤ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**
ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨਜ਼ ਆਫ ਪੰਜਾਬ ਵੱਲੋਂ ਡੰਮ੍ਹੀ ਦਾਖਲਿਆਂ ਵਿਰੁੱਧ ਵਿੱਢੀ ਮੁਹਿੰਮ ਉਪਰੰਤ ਨਿਗਰਾਨ ਕਮੇਟੀਆਂ ਦਾ ਗਠਨ ਕਰ ਦਿੱਤਾ ਗਿਆ ਹੈ।ਹਰ ਜ਼ਿਲ੍ਹੇ ਦੀ ਨਿਗਰਾਨ ਕਮੇਟੀ ਸਕੂਲਾਂ, ਵਿਦਿਆਰਥੀਆਂ ਤੇ ਕੋਚਿੰਗ ਸੈਂਟਰਾਂ ਉੱਪਰ ਨਿਗਾਹ ਰੱਖੇਗੀ।ਸਰਕਾਰ ਦੁਆਰਾ ਕੋਚਿੰਗ ਸੈਂਟਰਾਂ ਲਈ ਬਣਾਏ ਗਏ ਨਿਯਮਾਂ ਮੁਤਾਬਕ ਕੋਈ ਵੀ ਕੋਚਿੰਗ ਸੈਂਟਰ ਵਿੱਚ ਸਕੂਲ ਸਮੇਂ ਰੈਗੂਲਰ ਵਿਦਿਆਰਥੀਆਂ ਨੂੰ ਕੋਚਿੰਗ ਨਹੀਂ ਦੇ ਸਕਦਾ।ਕੋਈ ਵੀ 16 ਸਾਲ ਤੋਂ ਘੱਟ ਉਮਰ ਦਾ ਵਿਦਿਆਰਥੀ ਨਿਯਮਾਂ ਅਨੁਸਾਰ ਕੋਚਿੰਗ ਸੈਂਟਰ ਵਿੱਚ ਨਹੀਂ ਜਾ ਸਕਦਾ।ਜਿਹੜੇ ਸਕੂਲ ਗਿਆਰਵੀਂ ਤੇ ਬਾਰਵੀ ਜਮਾਤ ਨੂੰ ਜਲਦੀ ਛੁੱਟੀ ਕਰਦੇ ਹਨ, ਉਹ ਵੀ ਡੰਮ੍ਹੀ ਦਾਖਲਿਆਂ ਦੇ ਰੁਝਾਨ ਨੂੰ ਵਧਾ ਰਹੇ ਹਨ।ਜਾਣਕਾਰੀ ਦਿੰਦੇ ਹੋਏ ਫੈਡਰੇਸ਼ਨ ਦੇ ਪ੍ਰਧਾਨ ਡਾ. ਜਗਜੀਤ ਸਿੰਘ ਧੂਰੀ ਨੇ ਕਿਹਾ ਕਿ ਨਿਗਰਾਨ ਕਮੇਟੀ ਜਲਦੀ ਛੁੱਟੀ ਹੋਣ ਵਾਲੇ ਵਿਦਿਆਰਥੀਆਂ ਦੀ ਵੀਡੀਓ ਬਣਾਏਗੀ ਤੇ ਕੋਚਿੰਗ ਸੈਂਟਰ, ਜਿੱਥੇ ਵਿਦਿਆਰਥੀ ਸਕੂਲ ਸਮੇਂ ਵਿੱਚ ਦਾਖਲ ਹੋਣਗੇ, ਉਨ੍ਹਾਂ ਦੀ ਵੀ ਵੀਡੀਓ ਬਣਾਈ ਜਾਵੇਗੀ।ਫੈਡਰੇਸ਼ਨ ਨੇ ਇਸ ਕੰਮ ਲਈ ਪੱਕੇ ਤੌਰ 'ਤੇ ਕਰਮਚਾਰੀ ਨਿਯੁਕਤ ਕਰ ਲਏ ਹਨ।ਫੈਡਰੇਸ਼ਨ ਸਾਰੀ ਜਾਣਕਾਰੀ ਸਬੰਧਤ ਬੋਰਡਾਂ ਨਾਲ ਸੰਸਥਾਵਾਂ ਤੇ ਵਿਦਿਆਰਥੀਆਂ ਦੇ ਨਾਂ ਸਹਿਤ ਜਾਣਕਾਰੀ ਸਾਂਝੀ ਕਰਦੀ ਰਹੇਗੀ।ਫੈਡਰੇਸ਼ਨ ਵੱਲੋਂ ਸਾਰੇ ਬੋਰਡਾਂ ਨੂੰ ਗਿਆਰਵੀਂ ਤੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਲਈ ਬਾਇਓਮੈਟ੍ਰਿਕ ਹਾਜ਼ਰੀ ਲਈ ਲਿਖ ਦਿੱਤਾ ਹੈ।ਸੁਣਨ ਵਿੱਚ ਆਇਆ ਹੈ ਕਿ ਸੀ.ਬੀ.ਐੱਸ.ਈ. ਤੇ ਹੋਰ ਬੋਰਡ ਇਸ ਨੂੰ ਜਲਦੀ ਲਾਗੂ ਕਰਨ ਵਾਲੇ ਹਨ।ਉਨ੍ਹਾਂ ਕਿਹਾ ਕਿ ਫੈਡਰੇਸ਼ਨ ਦੇ ਇਸ ਸਖਤ ਕਦਮ ਉਪਰੰਤ ਕੁਝ ਸਕੂਲਾਂ ਨੇ ਡੰਮ੍ਹੀ ਦਾਖਲਿਆਂ ਦੀ ਗਿਣਤੀ ਘਟਾ ਕੇ ਫੀਸਾਂ ਦੀ ਦਰ ਉੱਚੀ ਚੱਕ ਦਿੱਤੀ ਹੈ, ਪ੍ਰੰਤੂ ਫੈਡਰੇਸ਼ਨ ਵਚਨਬੱਧ ਹੈ ਕਿ ਕਿਸੇ ਵੀ ਹਾਲਤਾਂ ਵਿੱਚ ਡੰਮ੍ਹੀ ਦਾਖਲੇ ਨਹੀਂ ਹੋਣ ਦਿੱਤੇ ਜਾਣਗੇ।ਜ਼ਿਕਰਯੋਗ ਹੈ ਕਿ ਜਿਹੜੇ ਵਿਦਿਆਰਥੀ ਗਿਆਰਵੀਂ ਜਮਾਤ ਵਿੱਚੋਂ ਹਟ ਕੇ ਕਿਸੇ ਹੋਰ ਸਕੂਲਾਂ ਵਿੱਚ ਜਾਣਗੇ ਤੇ ਜਿਹੜੇ ਪੰਜਾਬ ਦੇ ਵਿਦਿਆਰਥੀ ਨਾਲ ਦੇ ਸੂਬਿਆਂ ਵਿੱਚ ਦਾਖਲਾ ਲੈਣ ਦੀ ਕੋਸ਼ਿਸ਼ ਕਰਨਗੇ, ਉਹ ਸਿੱਧੇ ਫੈਡਰੇਸ਼ਨ ਦੇ ਨਿਸ਼ਾਨੇ ਉੱਪਰ ਹੋਣਗੇ।ਸੁਣਨ ਵਿੱਚ ਆਇਆ ਹੈ ਕਿ ਸਰਕਾਰ ਇਸ ਨੂੰ ਲੈ ਕੇ ਗੰਭੀਰ ਹੈ ਤੇ ਕੋਚਿੰਗ ਸੈਂਟਰਾਂ ਉੱਪਰ ਛਾਪੇ ਮਾਰ ਕੇ ਵਿਦਿਆਰਥੀਆਂ ਦੇ ਆਧਾਰ ਕਾਰਡ ਤੋਂ ਉਹ ਜਿਹੜੇ ਸਕੂਲਾਂ ਵਿੱਚ ਪੜ੍ਹ ਰਹੇ ਹਨ, ਦਾ ਪਤਾ ਲਗਾਇਆ ਜਾ ਸਕਦਾ ਹੈ ਤੇ ਅਜਿਹੇ ਸਕੂਲਾਂ ਉੱਪਰ ਕਾਰਵਾਈ ਹੋਵੇਗੀ।



# ਸਰਕਾਰੀ ਸਕੂਲ ਬਣੇ ਨਵੋਦਿਆ ਵਿਦਿਆਲਯ ਦੀ ਨਰਸਰੀ, 6 ਪਿੰਡਾਂ ਤੋਂ 25 ਬੱਚਿਆਂ ਦੀ ਚੋਣ

**ਬਠਿੰਡਾ/ਤਲਵੰਡੀ ਸਾਬੋ (ਪਰਵਿੰਦਰ ਜੀਤ ਸਿੰਘ/ਜਗਦੀਪ ਗਿੱਲ)**-ਪੰਜਾਬ ਦੇ ਜ਼ਿਲ੍ਹਾ ਬਠਿੰਡਾ ਦੇ ਬਲਾਕ ਤਲਵੰਡੀ ਸਾਬੋ ਦੇ ਸਰਕਾਰੀ ਪ੍ਰਾਇਮਰੀ ਸਕੂਲ ਹੁਣ ਨਵੋਦਿਆ ਵਿਦਿਆਲਯ ਜਾਣ ਦੀ ਨਰਸਰੀ ਬਣ ਰਹੇ ਹਨ।ਐੱਚ.ਪੀ.ਸੀ.ਐੱਲ.-ਮਿੱਤਲ ਐਨਰਜੀ ਲਿਮਿਟਡ (ਐੱਚ.ਐੱਮ.ਈ.ਐੱਲ.) ਵੱਲੋਂ ਸਕੂਲਾਂ ਵਿੱਚ ਦਿੱਤੇ ਸਮਾਰਟ ਪੈਨਲ ਤੇ ਸਕੂਲ ਸਟਾਫ਼ ਦੀ ਮਿਹਨਤ ਕਰਕੇ ਇਸ ਵਾਰ 6 ਪਿੰਡਾਂ ਤੋਂ 25 ਬੱਚਿਆਂ ਦੀ ਚੋਣ ਨਵੋਦਿਆ ਵਿਦਿਆਲਯ ਲਈ ਹੋਈ ਹੈ।ਵਿਸ਼ੇਸ਼ ਗੱਲ ਇਹ ਹੈ ਕਿ ਪਿੰਡ ਗਿਆਨਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚੋਂ 15 ਬੱਚੇ ਨਵੋਦਿਆ ਵਿਦਿਆਲਯ ਲਈ ਚੁਣੇ ਗਏ ਹਨ, ਜੋ ਕਿ ਇੱਕ ਹੀ ਸਕੂਲ ਲਈ ਇੱਕ ਰਿਕਾਰਡ ਹੈ।ਇਨ੍ਹਾਂ ਬੱਚਿਆਂ ਵਿੱਚੋਂ ਕਈ ਬੱਚੇ ਆਪਣੇ ਨਾਨਕੇ (ਨਨਿਹਾਲ) ਵਿੱਚ ਰਹਿ ਕੇ ਪੜ੍ਹਾਈ ਕਰ ਰਹੇ ਸਨ, ਜਦਕਿ ਕੁਝ ਦੂਜੇ ਪਿੰਡਾਂ ਤੋਂ ਆਪਣੇ ਰਿਸ਼ਤੇਦਾਰਾਂ ਦੇ ਘਰ ਰਹਿ ਕੇ ਨਵੋਦਿਆ ਦੀ ਤਿਆਰੀ ਕਰ ਰਹੇ ਸਨ।ਪਿਛਲੇ ਸਾਲ ਵੀ ਇਸ ਸਕੂਲ ਦੇ 12 ਬੱਚਿਆਂ ਦੀ ਚੋਣ ਨਵੋਦਿਆ ਵਿਦਿਆਲਯ ਲਈ ਹੋਈ ਸੀ।ਗਿਆਨਾ ਸਕੂਲ ਦੇ ਹੈੱਡ ਟੀਚਰ ਗੁਰਦਰਸ਼ਨ ਸਿੰਘ, ਟੀਚਰ ਰਣਜੀਤ ਸਿੰਘ ਤੇ ਅਮਨਦੀਪ ਮਾਨ ਨੇ ਵਿਦਿਆਰਥੀਆਂ ਲਈ ਖਾਸ ਤਿਆਰੀ ਕਲਾਸਾਂ ਚਲਾਈਆਂ।ਕੋਟਬਖ਼ਤੂ ਪਿੰਡ ਦੇ ਹੈੱਡ ਟੀਚਰ ਨਵਤੇਜ ਸਿੰਘ ਦੀ ਮਿਹਨਤ ਨਾਲ ਲਗਾਤਾਰ ਦੂਜੀ ਵਾਰ 6 ਬੱਚਿਆਂ ਦੀ ਚੋਣ ਨਵੋਦਿਆ ਵਿਦਿਆਲਯ ਲਈ ਹੋਈ।ਪਿੰਡ ਗਿਆਨਾ ਦੇ ਸਕੂਲ ਵਿੱਚ ਦਾਖਲੇ ਦੀ ਇੰਨੀ ਮੰਗ ਹੈ ਕਿ ਆਸਪਾਸ ਦੇ ਕਈ ਪਿੰਡਾਂ ਤੇ ਸ਼ਹਿਰਾਂ ਤੋਂ ਬੱਚੇ ਆਪਣੇ ਰਿਸ਼ਤੇਦਾਰਾਂ ਕੋਲ ਰਹਿ ਕੇ ਇੱਥੇ ਪੜ੍ਹ ਰਹੇ ਹਨ।ਰਾਜਵੀਰ ਕੌਰ (ਪਿੰਡ ਜੰਗੀਰਾਣਾ, ਬਠਿੰਡਾ) ਗਿਆਨਾ ਸਕੂਲ ਦੇ ਵਧੀਆ ਇੰਫਰਾਸਟ੍ਰਕਚਰ ਤੇ ਤਿਆਰੀ ਪ੍ਰੋਗਰਾਮ ਦੇ ਕਾਰਨ ਬੂਆ ਦੇ ਘਰ ਰਹਿ ਕੇ ਇੱਥੇ ਪੜ੍ਹੀ।ਗੁਰਕੀਰਤ ਸਿੰਘ (ਪਿੰਡ ਮਹਮਾ ਸਰਜਾ, ਬਠਿੰਡਾ) ਨਨਿਹਾਲ ਗਿਆਨਾ ਹੋਣ ਕਰਕੇ ਇੱਥੇ ਦਾਖਲਾ ਲਿਆ।ਸਹਜਪ੍ਰੀਤ ਕੌਰ (ਪਿੰਡ ਘੁੰਮਣ ਕਲਾ, ਮੌੜ ਮੰਡੀ) ਨਨਿਹਾਲ ਗਿਆਨਾ ਹੋਣ ਕਰਕੇ ਇੱਥੇ ਆਈ।ਅਭਿਜੀਤ ਸਿੰਘ (ਪਿੰਡ ਰਾਮਾ ਮੰਡੀ) ਪਿੰਡ ਰਾਮਸਰਾ ਸਕੂਲ ਛੱਡ ਕੇ ਗਿਆਨਾ ਆਇਆ ਤੇ ਇੱਥੇ ਤਿਆਰੀ ਕੀਤੀ।ਨਵੋਦਿਆ ਵਿਦਿਆਲਯ ਪਹੁੰਚਣ ਵਾਲਾ ਗਿਆਨਾ ਸਕੂਲ ਦਾ ਪਹਿਲਾ ਵਿਦਿਆਰਥੀ ਗੁਰਦਰਸ਼ਨ ਸਿੰਘ (1994) ਵਿੱਚ ਨਵੋਦਿਆ ਪ੍ਰੀਖਿਆ ਪਾਸ ਕਰਕੇ ਦਾਖਲ ਹੋਇਆ।ਸੰਨ 2018 ਵਿੱਚ ਉਹ ਗਿਆਨਾ ਸਕੂਲ ਦਾ ਹੈੱਡ-ਟੀਚਰ ਬਣ ਕੇ ਵਾਪਸ ਆਇਆ ਤੇ ਨਵੋਦਿਆ ਦੀ ਤਿਆਰੀ ਲਈ ਖਾਸ ਉਪਰਾਲੇ ਕੀਤੇ।ਐੱਚ.ਐੱਮ.ਈ.ਐੱਲ. ਦੀ ਮਦਦ ਨਾਲ ਸਕੂਲ ਵਿੱਚ ਚਾਰਦੀਵਾਰੀ, ਨਵੇਂ ਕਲਾਸਰੂਮ, ਮਿਡ-ਡੇ ਮੀਲ ਸ਼ੈੱਡ, ਟਾਇਲਟ ਬਲਾਕ, ਆਰ. ਓ. ਵਾਟਰ ਸਿਸਟਮ, ਸਮਾਰਟ ਪੈਨਲ ਤੇ ਹੋਰ ਸੁਵਿਧਾਵਾਂ ਮੁਹੱਈਆ ਕਰਵਾਈਆਂ।ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਵਧਣ ਲੱਗੀ।ਪਿਛਲੇ 6 ਸਾਲਾਂ ਵਿੱਚ 43 ਵਿਦਿਆਰਥੀ ਨਵੋਦਿਆ ਦੀ ਚੋਣ ਪਾਸ ਕਰ ਚੁੱਕੇ ਹਨ।



# ਸੀ-ਪਾਈਟ ਵਿਖੇ ਪੰਜਾਬ ਪੁਲਸ ਦੀ ਲਿਖਤੀ ਪ੍ਰੀਖਿਆ ਤੇ ਫਿਜੀਕਲ ਟ੍ਰੇਨਿੰਗ ਦੀ ਮੁਫ਼ਤ ਤਿਆਰੀ ਲਈ ਕੈਂਪ ਸ਼ੁਰੂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸੀ-ਪਾਈਟ ਹਕੂਮਤ ਸਿੰਘ ਵਾਲਾ, ਫ਼ਿਰੋਜ਼ਪੁਰ ਦੇ ਕੈਂਪ ਟ੍ਰੇਨਿੰਗ ਅਫ਼ਸਰ ਕੈਪਟਨ ਗੁਰਦਰਸ਼ਨ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਿਨ੍ਹਾਂ ਯੁਵਕਾਂ ਨੇ ਪੰਜਾਬ ਪੁਲਸ ਵਿੱਚ ਭਰਤੀ ਹੋਣ ਲਈ ਆਨ ਲਾਈਨ ਅਪਲਾਈ ਕੀਤਾ ਹੈ ਤੇ ਲਿਖਤੀ ਪੇਪਰ ਦੀ ਤਿਆਰੀ ਕਰਨਾ ਚਾਹੁੰਦੇ ਹਨ।ਉਨ੍ਹਾਂ ਯੁਵਕਾਂ ਦੀ ਲਿਖਤੀ ਪੇਪਰ ਦੀ ਤਿਆਰੀ ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਵਿਖੇ ਚੱਲ ਰਹੀ ਹੈ।ਫ਼ਿਰੋਜ਼ਪੁਰ, ਫ਼ਾਜ਼ਿਲਕਾ, ਮੁਕਤਸਰ, ਫ਼ਰੀਦਕੋਟ ਤੇ ਮੋਗਾ ਜ਼ਿਲ੍ਹੇ ਦੇ ਯੁਵਕ ਜੋ ਪੰਜਾਬ ਪੁਲਸ ਵਿੱਚ ਭਰਤੀ ਹੋਣਾ ਚਾਹੁੰਦੇ ਹਨ, ਉਹ ਯੁਵਕ ਜਲਦੀ ਤੋਂ ਜਲਦੀ ਕੈਂਪ ਵਿੱਚ ਆਪਣੀ ਰਜਿਸਟਰੇਸ਼ਨ ਕਰਵਾ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਕੈਂਪ ਵਿੱਚ ਆਉਣ ਸਮੇਂ ਪ੍ਰਾਰਥੀ ਆਨਲਾਈਨ ਰਜਿਸਟ੍ਰੇਸ਼ਨ ਦੀ ਇੱਕ ਕਾਪੀ, ਦਸਵੀਂ ਦਾ ਅਸਲ ਸਰਟੀਫਿਕੇਟ, 10+2 ਪਾਸ ਅਤੇ ਇਸ ਤੋਂ ਵੱਧ ਪੜ੍ਹਾਈ ਦੇ ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਪੰਜਾਬ ਰੈਜ਼ੀਡੈਂਸ ਦੀ ਫੋਟੋ ਸਟੇਟ ਕਾਪੀ, ਜਾਤੀ ਦੇ ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਆਧਾਰ ਕਾਰਡ ਦੀ ਫੋਟੋ ਸਟੇਟ ਕਾਪੀ, ਬੈਂਕ ਖਾਤੇ ਦੀ ਫੋਟੋ ਸਟੇਟ ਕਾਪੀ ਤੇ ਖਾਤਾ ਚਾਲੂ ਹਾਲਤ ਵਿੱਚ ਹੋਵੇ ਤੇ ਇੱਕ ਪਾਸਪੋਰਟ ਸਾਈਜ਼ ਦੀ ਫੋਟੋ, ਇੱਕ ਕਾਪੀ, ਇੱਕ ਪੈੱਨ, ਖਾਣਾ ਖਾਣ ਲਈ ਬਰਤਨ, ਰਹਿਣ ਲਈ ਬਿਸਤਰਾ ਆਦਿ ਨਾਲ ਲੈ ਕੇ ਆਉਣ।ਕੈਂਪ ਵਿੱਚ ਆਉਣ ਦਾ ਸਮਾਂ ਸਵੇਰੇ 9 ਵਜੇ ਹੈ।ਕੈਂਪ ਵਿੱਚ ਰਹਿਣ ਸਮੇਂ ਖਾਣਾ ਤੇ ਰਹਾਇਸ਼ ਬਿਲਕੁੱਲ ਮੁਫ਼ਤ ਦਿੱਤੀ ਜਾਵੇਗੀ ਅਤੇ ਫਿਜ਼ੀਕਲ ਤੇ ਲਿਖਤੀ ਪੇਪਰ ਦੀ ਤਿਆਰੀ ਦੀ ਕੋਈ ਵੀ ਫੀਸ ਨਹੀਂ ਲਈ ਜਾਵੇਗੀ।

# ਪੰਜਾਬੀ ਸਾਹਿਤ ਅਕਾਦਮੀ ਵੱਲੋਂ ਕੇਸਰ ਸਿੰਘ ਨੀਰ ਦੇ ਦੇਹਾਂਤ 'ਤੇ ਅਫ਼ਸੋਸ ਪ੍ਰਗਟ

**ਲੁਧਿਆਣਾ (ਪੱਤਰ ਪ੍ਰੇਰਕ)**
ਪੰਜਾਬੀ ਸਾਹਿਤ ਅਕਾਡਮੀ ਦੇ ਅਹੁਦੇਦਾਰਾਂ, ਪ੍ਰਬੰਧਕੀ ਬੋਰਡ ਦੇ ਮੈਂਬਰਾਂ ਤੇ ਸਮੂਹ ਮੈਂਬਰਾਂ ਵਲੋਂ ਕੇਸਰ ਸਿੰਘ ਨੀਰ ਦੇ ਸਦੀਵੀ ਵਿਛੋੜੇ 'ਤੇ ਡੂੰਘੇ ਦੁੱਖ ਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਗਿਆ।ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਕੇਸਰ ਸਿੰਘ ਨੀਰ ਉੱਘੇ ਪ੍ਰਗਤੀਸ਼ੀਲ ਕਵੀ ਸਨ ਤੇ ਕੈਨੇਡਾ ਵਿੱਚ ਉਹ ਸਾਹਿਤਕਾਰਾਂ ਦੀ ਵੱਡੀ ਠਾਹਰ ਸਨ।ਉਨ੍ਹਾਂ ਦਾ ਜਨਮ ਪ੍ਰਗਤੀਸ਼ੀਲ ਲੇਖਕ ਸੰਘ ਦੇ ਜਨਮ ਵਾਲੇ ਦਿਨ ਹੋਇਆ ਸੀ, ਜਿਸ 'ਤੇ ਉਹ ਬੜਾ ਮਾਣ ਕਰਦੇ ਸਨ।ਕੇਸਰ ਸਿੰਘ ਵਰਗੇ ਨਿੱਘੇ ਸੁਭਾਅ ਵਾਲੇ ਸਾਹਿਤਕਾਰ ਦਾ ਕੈਲਗਰੀ ਵਿਚ ਦੇਹਾਂਤ ਹੋਇਆ ਹੈ। ਅਕਾਡਮੀ ਦੇ ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਕੇਸਰ ਸਿੰਘ ਨੀਰ ਅਰਪਨ ਲਿਖਾਰੀ ਸਭਾ ਕੈਲਗਰੀ ਦੇ ਪ੍ਰਧਾਨ ਰਹੇ ਸਨ।ਉਹ ਉੱਘੇ ਕਵੀ, ਗੀਤਕਾਰ ਤੇ ਗ਼ਜ਼ਲਗੋ ਸਨ।

ਅਕਾਡਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਨੀਰ ਸਾਹਿਬ ਇਕ ਅਧਿਆਪਕ ਵਜੋਂ ਆਪਣੀ ਅਧਿਆਪਕਾਂ ਦੀ ਜਥੇਬੰਦੀ ਵਿੱਚ ਵੀ ਸਰਗਰਮ ਰਹੇ ਅਤੇ ਕਈ ਮਹੀਨਿਆਂ ਦੀ ਜੇਲ੍ਹ ਯਾਤਰਾ ਵੀ ਕੀਤੀ।ਉਹ ਸਾਹਿਤ ਸਭਾ ਦੇ ਮੋਢੀ ਮੈਂਬਰ ਸਨ ਤੇ ਕੇਂਦਰੀ ਪੰਜਾਬੀ ਲੇਖਕ ਸਭਾ ਵਿਚ ਵੀ ਸਰਗਰਮ ਰਹੇ।ਉਨ੍ਹਾਂ ਦੀਆਂ ਪੁਸਤਕਾਂ ਵਿਚੋਂ ਕਾਵਿ ਸੰਗ੍ਰਿਹ 'ਕਸਕਾਂ' 1960, 'ਗ਼ਮ ਨਹੀਂ' 1981, ਗ਼ਜ਼ਲ ਸੰਗ੍ਰਹਿ 'ਕਿਰਨਾਂ ਦੇ ਬੋਲ' 1989, 'ਅਣਵਗੇ ਅੱਥਰੂ' 1996, ਕਾਵਿ ਸੰਗ੍ਰਹਿ 'ਆਰ ਦੀਆਂ ਤੇ ਪਾਰ ਦੀਆਂ' 2010 ਤੇ 'ਮਹਿਕਾਂ ਦੀ ਪੀੜ' ਗ਼ਜ਼ਲ ਸੰਗ੍ਰਹਿ ਪ੍ਰਮੁੱਖ ਹਨ। ਕੇਸਰ ਸਿੰਘ ਨੀਰ ਦੇ ਦੇਹਾਂਤ ਨਾਲ ਪਰਵਾਰ ਤੇ ਪੰਜਾਬੀ ਸਾਹਿਤ ਜਗਤ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ।ਅਫ਼ਸੋਸ ਦਾ ਪ੍ਰਗਟਾਵਾ ਕਰਨ ਵਾਲਿਆਂ ਵਿਚ ਹੋਰਨਾਂ ਤੋਂ ਇਲਾਵਾ ਡਾ. ਸੁਖਦੇਵ ਸਿੰਘ ਸਿਰਸਾ, ਪ੍ਰੋ. ਗੁਰਭਜਨ ਸਿੰਘ ਗਿੱਲ, ਪ੍ਰੋ. ਰਵਿੰਦਰ ਭੱਠਲ, ਡਾ. ਲਖਵਿੰਦਰ ਜੌਹਲ, ਡਾ. ਅਨੂਪ ਸਿੰਘ, ਡਾ. ਜੋਗਿੰਦਰ ਸਿੰਘ ਨਿਰਾਲਾ, ਬਲਬੀਰ ਮਾਧੋਪੁਰੀ, ਡਾ. ਗੁਰਇਕਬਾਲ ਸਿੰਘ, ਸੁਰਿੰਦਰ ਕੈਲੇ, ਜਨਮੇਜਾ ਸਿੰਘ ਜੌਹਲ, ਡਾ. ਅਰਵਿੰਦਰ ਕੌਰ ਕਾਕੜਾ, ਡਾ ਗੁਰਚਰਨ ਕੌਰ ਕੋਚਰ, ਡਾ. ਹਰਵਿੰਦਰ ਸਿੰਘ, ਤ੍ਰੈਲੋਚਨ ਲੋਚੀ, ਜਸਪਾਲ ਮਾਨਖੇੜਾ, ਜਸਵੀਰ ਝੱਜ, ਡਾ. ਹਰੀ ਸਿੰਘ ਜਾਚਕ, ਸਹਿਜਪ੍ਰੀਤ ਸਿੰਘ ਮਾਂਗਟ, ਸ਼ਬਦੀਸ਼, ਸੰਜੀਵਨ ਸਿੰਘ, ਨਰਿੰਦਰਪਾਲ ਕੌਰ, ਵਾਹਿਦ (ਸਤਿਨਾਮ ਸਿੰਘ), ਡਾ. ਸੰਤੋਖ ਸਿੰਘ ਸੁੱਖੀ, ਡਾ. ਹਰਜਿੰਦਰ ਸਿੰਘ, ਕੰਵਰਜੀਤ ਭੱਠਲ, ਵਰਗਿਸ ਸਲਾਮਤ, ਪ੍ਰੋ. ਸਰਘੀ, ਕਰਮਜੀਤ ਸਿੰਘ ਗਰੇਵਾਲ, ਪ੍ਰੋ. ਬਲਵਿੰਦਰ ਸਿੰਘ ਚਹਿਲ, ਪ੍ਰੇਮ ਸਾਹਿਲ ਤੇ ਸਮੂਹ ਮੈਂਬਰ ਸ਼ਾਮਲ ਹਨ।

# ਜਾਗਰੂਕ ਸਿੱਖਿਆ ਸ਼ਾਸਤਰੀਆਂ ਤੇ ਬੁੱਧੀਜੀਵੀਆਂ ਵੱਲੋਂ 'ਪੰਜਾਬੀਆਂ ਦੇ ਅਥਾਹ ਤੇ ਫਜ਼ੂਲ ਖਰਚੇ' ਨਾਮਕ ਕਿਤਾਬ 'ਤੇ ਚਰਚਾ




**ਲੁਧਿਆਣਾ (ਐੱਮ ਐੱਸ ਭਾਟੀਆ)**
ਲੁਧਿਆਣਾ ਬੁੱਕ ਕਲੱਬ ਨੇ ਪਿਛਲੇ ਦਿਨੀਂ ਆਪਣੀ ਮਾਸਿਕ ਮੀਟਿੰਗ ਵਿੱਚ ਗੁਰਪ੍ਰੀਤ ਸਿੰਘ ਤੂਰ ਆਈ ਪੀ ਐੱਸ (ਸੇਵਾਮੁਕਤ) ਦੁਆਰਾ ਸੰਪਾਦਿਤ 'ਪੰਜਾਬੀਆਂ ਦੇ ਅਥਾਹ ਤੇ ਫਜ਼ੂਲ ਖਰਚੇ' ਨਾਮਕ ਕਿਤਾਬ 'ਤੇ ਗੰਭੀਰਤਾ ਨਾਲ ਵਿਚਾਰ ਕੀਤਾ।ਮੁੱਖ ਬੁਲਾਰੇ ਸਾਬਕਾ ਵਾਈਸ ਚਾਂਸਲਰ ਤੇ ਪ੍ਰਸਿੱਧ ਖੇਤੀ ਵਿਗਿਆਨੀ ਅਤੇ ਸਿੱਖਿਆ ਸ਼ਾਸਤਰੀ ਡਾ. ਐੱਮ. ਐੱਸ. ਔਲਖ ਸਨ। ਲੇਖਕ ਨੇ ਖੁਦ ਤੇ ਦਰਜਨਾਂ ਹੋਰ ਵਿਦਵਾਨ ਪ੍ਰੋਫੈਸਰ, ਵਿਗਿਆਨੀ, ਬੈਂਕਰ ਤੇ ਵਾਤਾਵਰਣ ਪ੍ਰੇਮੀਆਂ ਨੇ ਪੰਜਾਬ ਰਾਜ ਨੂੰ ਇਸ ਸਮੇਂ ਦਰਪੇਸ਼ ਮੁਸ਼ਕਲਾਂ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ।ਡਾ. ਔਲਖ ਨੇ ਤੂਰ ਦੀ ਕਿਤਾਬ ਤੇ ਆਪਣੇ ਤਜਰਬਿਆਂ ਦਾ ਵਿਸਥਾਰ ਨਾਲ ਹਵਾਲਾ ਦਿੱਤਾ।ਬਾਅਦ ਵਿੱਚ, ਤੂਰ ਨੇ ਬੁੱਧੀਜੀਵੀਆਂ ਤੋਂ ਲੋਕਾਂ ਨੂੰ ਉਨ੍ਹਾਂ ਦੇ ਆਪਣੇ ਆਪਣੇ ਕੰਮ ਦੇ ਖੇਤਰਾਂ ਵਿੱਚ ਸੰਵੇਦਨਸ਼ੀਲ ਸਹਿਯੋਗ ਦੀ ਮੰਗ ਕੀਤੀ।ਇਸ ਮੌਕੇ ਡਾ. ਐੱਮ ਐੱਸ ਤੂਰ, ਡਾ. ਪੂਰਨ ਸਿੰਘ, ਡਾ. ਐੱਸ ਐੱਸ ਔਲਖ, ਡਾ. ਬੀ ਐੱਸ ਬਰਾੜ, ਪ੍ਰੋ. ਬਹਾਦੁਰ ਸਿੰਘ, ਪ੍ਰੋ. ਲੱਖੀ ਰਾਮ ਆਨੰਦ, ਪ੍ਰੋ. ਰਾਜਿੰਦਰ ਸਿੰਘ, ਡਾ. ਗੁਰਚਰਨ ਸਿੰਘ, ਪ੍ਰੋ. ਜੀ ਐੱਸ ਆਹਲੂਵਾਲੀਆ, ਕਰਮਜੀਤ ਸਿੰਘ ਕੈਂਥ, ਬ੍ਰਿਜ ਭੂਸ਼ਣ ਗੋਇਲ, ਪ੍ਰੋ. ਐੱਸ ਕੇ ਸ਼ੋਰੀ, ਪ੍ਰੋ. ਹਰਚਰਨਜੀਤ ਸਿੰਘ, ਕਰਨਲ ਸੀ ਐੱਲ ਲਖਨਪਾਲ ਤੇ ਮਨਿੰਦਰਜੀਤ ਸਿੰਘ ਬੈਨੀਪਾਲ ਮੌਜੂਦ ਸਨ।

ਸਾਰੇ ਵਿਦਵਾਨਾਂ ਨੇ ਔਲਖ ਤੇ ਤੂਰ ਦੀਆਂ ਭਾਵਨਾਵਾਂ ਨੂੰ ਦੁਹਰਾਇਆ ਕਿ ਅਸੀਂ ਪੰਜਾਬੀ ਆਪਣੇ ਸੱਭਿਆਚਾਰ ਨੂੰ ਭੁੱਲ ਕੇ ਪੱਛਮੀ ਸੱਭਿਆਚਾਰ ਤੇ ਆਪਣੇ ਪੈਸੇ ਨੂੰ ਬੇਵਕੂਫੀ ਨਾਲ ਬਰਬਾਦ ਕਰ ਰਹੇ ਹਾਂ। ਸਾਡੇ ਜਣੇਪੇ, ਵਿਆਹ ਤੇ ਹੋਰ ਪਰਿਵਾਰਕ ਸਮਾਰੋਹਾਂ ਵਰਗੇ ਧਾਰਮਿਕ ਸਮਾਗਮਾਂ ਵਿੱਚ ਵੀ ਖਰਚ ਬਹੁਤ ਜ਼ਿਆਦਾ ਹੁੰਦਾ ਹੈ ਤੇ ਬਹੁਤ ਸਾਰੇ ਗਰੀਬ ਪਰਵਾਰ ਇਸ ਰੁਝਾਨ ਦੀ ਪਾਲਣਾ ਕਰਨ ਲਈ ਕਰਜ਼ੇ ਚੁੱਕ ਰਹੇ ਹਨ, ਜੋ ਉਨ੍ਹਾਂ ਨੂੰ ਅੰਤ ਵਿੱਚ ਬਰਬਾਦ ਕਰ ਰਿਹਾ ਹੈ।ਪੰਜਾਬੀ ਕਿਸਾਨ ਪਾਣੀ ਦੇ ਸਰੋਤਾਂ ਨੂੰ ਵੱਡੇ ਪੱਧਰ 'ਤੇ ਬਰਬਾਦ ਕਰ ਰਹੇ ਹਨ ਕਿਉਂਕਿ ਟਿਊਬਵੈੱਲ ਜ਼ਿਆਦਾ ਹਨ ਤੇ ਫਸਲੀ ਪੈਟਰਨ ਨੂੰ ਨਹੀਂ ਬਦਲਿਆ ਜਾ ਰਿਹਾ ਹੈ।ਛੋਟੇ ਕਿਸਾਨ ਸਹਿਕਾਰੀ ਪ੍ਰਣਾਲੀਆਂ ਦੀ ਪਾਲਣਾ ਨਹੀਂ ਕਰ ਰਹੇ ਹਨ।ਖੇਤੀ ਸੰਦਾਂ ਦਾ ਕੋਈ ਪੂਲਿੰਗ ਨਹੀਂ ਹੈ।ਇਸ ਦੇ ਨਤੀਜੇ ਵਜੋਂ ਕਰਜ਼ੇ ਦਾ ਜਾਲ ਪੈਦਾ ਹੁੰਦਾ ਹੈ।ਵਿਅਕਤੀਗਤ ਖਰਚਿਆਂ ਤੋਂ ਬਚਣ ਲਈ ਪੂਲਿੰਗ ਬਹੁਤ ਜ਼ਰੂਰੀ ਹੈ।ਵਿਦਵਾਨ ਇਕੱਠ ਲੇਖਕ ਗੁਰਪ੍ਰੀਤ ਤੂਰ ਨਾਲ ਸਹਿਮਤ ਹੋਇਆ ਕਿ ਉਪਜਾਊ ਜ਼ਮੀਨਾਂ ਨੂੰ ਵੇਚ ਕੇ ਮਹਿੰਗੇ ਰੁਤਬਾ ਪ੍ਰਤੀਕ ਰਿਹਾਇਸ਼ੀ ਮਹਿਲ ਵਿਲਾ ਬਣਾਉਣਾ ਹੈ, ਜੋ ਕਿ ਬਹੁਤ ਹੀ ਘੱਟ ਪੂਰੀ ਤਰ੍ਹਾਂ ਵਰਤੇ ਜਾਂਦੇ ਹਨ, ਸਾਨੂੰ ਤੁਰੰਤ ਇਸ ਰੁਝਾਨ ਨੂੰ ਰੋਕਣਾ ਚਾਹੀਦਾ ਹੈ। ਲੇਖਕ ਸਾਡੇ ਪਿੰਡਾਂ ਵਿੱਚ ਭੂਮੀ ਵਰਤੋਂ ਵਿੱਚ ਤਬਦੀਲੀ ਦੇ ਦਿਸ਼ਾ-ਨਿਰਦੇਸ਼ਾਂ ਦੀ ਸਪੱਸ਼ਟ ਤੌਰ 'ਤੇ ਦੁਰਵਰਤੋਂ 'ਤੇ ਦੁੱਖ ਪ੍ਰਗਟ ਕਰਦਾ ਹੈ।ਸਾਰੇ ਮੈਂਬਰਾਂ ਨੇ ਇਹ ਵੀ ਮਹਿਸੂਸ ਕੀਤਾ ਕਿ ਅਸੀਂ ਮਹਿੰਗੀਆਂ ਮੋਟਰ ਕਾਰਾਂ 'ਤੇ ਬਹੁਤ ਜ਼ਿਆਦਾ ਖਰਚ ਕਰ ਰਹੇ ਹਾਂ ਜਿੱਥੇ ਅਸੀਂ ਆਪਣੀ ਵਰਤੋਂ ਲਈ ਬਹੁਤ ਹੀ ਆਮ ਕਾਰਾਂ ਰੱਖ ਸਕਦੇ ਹਾਂ।ਵਾਹਨ ਪ੍ਰਦੂਸ਼ਣ ਗੈਸਾਂ ਨੇ ਪਹਿਲਾਂ ਹੀ ਸਾਡੀ ਜ਼ਿੰਦਗੀ 'ਤੇ ਭਾਰੀ ਪ੍ਰਭਾਵ ਪਾਇਆ ਹੈ।ਵਿਦਵਾਨ ਇਕੱਠ ਨੇ ਕਾਰਪੋਰੇਟ ਵਿਕਰੇਤਾਵਾਂ ਦੇ ਚਲਾਕ ਮਾਰਕੀਟਰਾਂ ਤੋਂ ਸਾਵਧਾਨ ਰਹਿਣ ਦੀ ਵੀ ਚੇਤਾਵਨੀ ਦਿੱਤੀ, ਜਿਨ੍ਹਾਂ ਨੇ ਸਾਡੀ ਮਾਨਸਿਕਤਾ ਨੂੰ ਪੂਰੀ ਤਰ੍ਹਾਂ ਕਬਜ਼ ਕਰ ਲਿਆ ਹੈ।

ਇੱਕ ਹੋਰ ਮੁੱਦੇ ਬਾਰੇ ਜੋ ਕਿ ਰਾਜ ਵਿੱਚ ਨਸ਼ਿਆਂ ਦੀ ਲਤ ਦੇ ਸੰਦਰਭ ਵਿੱਚ ਹੈ, ਨਸ਼ਿਆਂ ਵਿਰੁੱਧ ਜੰਗ ਦਾ ਸਮਰਥਨ ਕਰਦੇ ਹੋਏ ਬੁੱਧੀਜੀਵੀਆਂ ਨੇ ਰਾਜ ਸਰਕਾਰ ਨੂੰ ਆਬਕਾਰੀ ਮਾਲੀਏ ਵਿੱਚ ਵਾਧੇ ਲਈ ਆਪਣੇ ਆਪ ਨੂੰ ਥਪਥਪਾ ਕੇ ਸ਼ਰਾਬ ਦੀ ਪ੍ਰਸੰਸਾ ਕਰਨ ਵਿਰੁੱਧ ਤੁਰੰਤ ਚੇਤਾਵਨੀ ਦਿੱਤੀ।ਸ਼ਰਾਬ ਵੇਚ ਕੇ ਹੋਰ ਮਾਲੀਆ ਇਕੱਠਾ ਕਰਨ ਦੇ ਟੀਚਿਆਂ ਨਾਲ ਰਾਜ ਦਾ ਮਾਲੀਆ ਵਧਾਉਣਾ ਬਹੁਤ ਹੀ ਵਿਨਾਸ਼ਕਾਰੀ ਟੀਚਾ ਹੈ, ਕਿਉਂਕਿ ਅਸੀਂ ਸ਼ਰਾਬ ਦੀ ਬੇਲਗਾਮ ਵਿੱਕਰੀ ਕਾਰਨ ਆਪਣੀ ਸਿਹਤ ਤੇ ਤੰਦਰੁਸਤੀ ਨੂੰ ਤਬਾਹ ਕਰ ਰਹੇ ਹਾਂ।ਬੁੱਕ ਕਲੱਬ ਦੇ ਸਾਰੇ ਵਿਦਵਾਨ ਮੈਂਬਰਾਂ ਨੇ ਮਹਿਸੂਸ ਕੀਤਾ ਕਿ ਜਾਗਰੂਕ ਸਿੱਖਿਆ ਸ਼ਾਸਤਰੀਆਂ ਤੇ ਬੁੱਧੀਜੀਵੀਆਂ ਨੂੰ ਹਾਸ਼ੀਏ 'ਤੇ ਮਹਿਸੂਸ ਨਹੀਂ ਕਰਨਾ ਚਾਹੀਦਾ, ਸਗੋਂ ਉਨ੍ਹਾਂ ਨੂੰ ਪੰਜਾਬ ਦੀ ਕਿਸਮਤ ਨੂੰ ਸੇਧ ਦੇਣ ਲਈ ਇੱਕ ਗੰਭੀਰ ਫਰਜ਼ ਵਜੋਂ ਲਗਾਤਾਰ ਬੋਲਣ ਦੀ ਲੋੜ ਹੈ।ਪ੍ਰੋ. ਡਾ. ਮਾਨ ਸਿੰਘ ਤੇ ਬ੍ਰਿਜ ਭੂਸ਼ਣ ਗੋਇਲ ਦੇ ਅਨੁਸਾਰ ਸਾਰਿਆਂ ਨੇ ਤਬਦੀਲੀ ਆਪਣੇ ਪਰਵਾਰਾਂ ਤੋਂ ਸ਼ੁਰੂ ਕਰਨ ਦਾ ਵਾਅਦਾ ਕੀਤਾ।

# ਸਨਮਤੀ ਸਕੂਲ ਦੀ ਵਿਦਿਆਰਥਣ ਇਸਲੀਨ ਸਿੱਧੂ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ



**ਜਗਰਾਉਂ (ਅਮਿਤ ਖੰਨਾ)**
ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਦੀ ਹੋਣਹਾਰ ਵਿਦਿਆਰਥਣ ਇਸਲੀਨ ਸਿੱਧੂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਐਲਾਨੇ ਗਏ ਨਤੀਜਿਆਂ ਵਿੱਚੋਂ 585 ਪ੍ਰਤੀਸ਼ਤ ਅੰਕ ਲੈ ਕਿ ਜਗਰਾਉਂ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਖੁਸ਼ੀ ਜ਼ਾਹਰ ਕਰਦਿਆਂ ਡਾਇਰੈਕਟਰ ਮੈਡਮ ਸ਼ਸ਼ੀ ਜੈਨ ਨੇ ਦੱਸਿਆ ਕਿ ਇਸੇ ਹੀ ਲੜੀ ਨੂੰ ਜਾਰੀ ਰੱਖਦਿਆਂ ਸੁਖਮਨਪ੍ਰੀਤ ਕੌਰ 577/600 ਫੀਸਦੀ ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਦੂਜਾ ਜਗਰਾਓਂ ਵਿੱਚੋ ਪੰਜਵਾਂ, ਤਰਿਸ਼ਾ ਕੁਮਾਰੀ ਤੇ ਪ੍ਰਿੰਸ ਕੁਮਾਰ ਨੇ ਸਾਂਝੇ ਰੂਪ 568/600 ਅੰਕ ਪ੍ਰਾਪਤ ਕਰੜੇ ਸਕੂਲ ਵਿੱਚੋਂ ਤੀਜਾ ਸਥਾਨ ਪ੍ਰਾਪਤ ਕਰਕੇ ਸਕੂਲ ਦੇ ਨਾਂਅ ਨੂੰ ਚਾਰ ਚੰਨ ਲਾ ਦਿੱਤੇ।

ਇਸੇ ਹੀ ਲੜੀ ਨੂੰ ਜਾਰੀ ਰੱਖਦਿਆਂ ਜੀਵਿਕਾ ਵਰਮਾ ਨੇ 93 ਫ਼ੀਸਦੀ ਅੰਕ ਲੈ ਕੇ ਚੌਥਾ ਸਥਾਨ ਰੋਹਿਤ ਕੁਮਾਰ ਨੇ 92.67 ਅੰਕ ਲੈ ਕੇ ਪੰਜਵਾਂ ਯੋਗਤਾ ਸ਼ਰਮਾ ਨੇ 91.6 ਅੰਕ, ਛੇਵਾਂ ਅਨਮੋਲ ਰਤਨ ਸਿੰਘ ਸੰਧੂ ਨੇ 91.5 ਫੀਸਦੀ ਅੰਕ ਲੈ ਕੇ ਸੱਤਵਾਂ, ਪ੍ਰਿਅੰਸ਼ੀ ਯਾਦਵ ਨੇ 91 ਫੀਸਦੀ ਅੰਗ ਕੇ ਕੇ ਅੱਠਵਾਂ, ਭਾਵਨਾ ਮਹਿਤੋ ਨੇ 90.33 ਫ਼ੀਸਦੀ ਅੰਕ ਹੈ ਕੇ ਨੌਵਾਂ, ਖੁਸਮਨ ਸ਼ਰਮਾ ਨੇ 90.17 ਅੰਕ ਲੈ ਕੇ ਦਸਵਾਂ ਅਤੇ ਲਕਸ਼ ਨੇ 90 ਫੀਸਦੀ ਅੰਕ ਤੱ ਕੇ ਗਿਆਰਵਾਂ ਸਥਾਨ ਹਾਸਲ ਕੀਤਾ।ਪ੍ਰੀਖਿਆ ਵਿੱਚ ਅੱਠਵੀਂ ਜਮਾਤ ਦੇ ਕੁੱਲ 126 ਵਿਦਿਆਰਥੀਆਂ ਨੇ ਭਾਗ ਲਿਆ ਜਿਸ ਵਿੱਚੋਂ 12 ਵਿਦਿਆਰਥੀਆਂ ਨੇ 90 ਫੀਸਦੀ ਤੋ ਵੱਧ ਅੰਕ 43 ਵਿਦਿਆਰਥੀਆਂ 80 ਫੀਸਦੀ ਤੋਂ ਵੱਧ ਅੰਕ ਲੈ ਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ।ਸਮੁੱਚਾ ਨਤੀਜਾ 100 ਫੀਸਦੀ ਰਿਹਾ। ਇਸ ਖੁਸ਼ੀ ਦੇ ਮੌਕੇ ਸਕੂਲ ਦੀ ਪ੍ਰਬੰਧਕ ਕਮੇਟੀ ਪ੍ਰਧਾਨ ਰਮੇਸ਼ ਜੈਨ, ਸੈਕਟਰੀ ਮਹਾਂਵੀਰ ਜੈਨ, ਡਾਇਰੈਕਟਰ ਸ਼ਸ਼ੀ ਜੈਨ ਤੇ ਪ੍ਰਿੰਸੀਪਲ ਸੁਪ੍ਰਿਆ ਖੁਰਾਣਾ ਵੱਲੋਂ ਅੱਵਲ ਰਹਿਣ ਵਾਲੇ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਾਇਆ ਅਤੇ ਅੱਗੇ ਤੋਂ ਹੋਰ ਵੀ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

8- April - Page - 6.qxd 4/7/2025 10:48 PM Page 1



# ਕਿਸੇ ਹਾਲਤ 'ਚ ਰੇਤ ਵਾਲੀ ਖੱਡ ਨਹੀਂ ਚੱਲਣ ਦਿਆਂਗੇ : ਕਿਸਾਨ ਆਗੂ



ਪੱਟੀ (ਸ਼ਮਸ਼ੇਰ ਸਿੰਘ ਵੱਟਾ)-ਪੱਟੀ ਹਲਕੇ ਅਧੀਨ ਆਉਂਦੇ ਪਿੰਡ ਸਭਰਾ ਨੇੜੇ ਪੰਜਾਬ ਸਰਕਾਰ ਦੇ ਇਸ਼ਾਰੇ 'ਤੇ ਲੱਗ ਰਹੀ ਰੇਤ ਵਾਲੀ ਖੱਡ ਦਾ ਵਿਰੋਧ ਦਿਨੋ ਦਿਨ ਵਧਦਾ ਨਜ਼ਰ ਆ ਰਿਹਾ ਹੈ ਕਿਉਂਕਿ ਪਿਛਲੇ ਦਿਨੀਂ ਇਲਾਕੇ ਦੇ ਲੋਕਾਂ ਨੇ ਰੇਤ ਵੀ ਖੱਡ ਦਾ ਵਿਰੋਧ ਕੀਤਾ ਸੀ ਅਤੇ ਰੇਤ ਵਾਲੀ ਖੱਡ ਦਾ ਕੰਮ ਰੋਕ ਦਿੱਤਾ ਸੀ ਪਰ ਮਾਇਨਿੰਗ ਵਿਭਾਗ ਵੱਲੋਂ ਫਿਰ ਤੋਂ ਕੰਮ ਸ਼ੁਰੂ ਕਰ ਦਿੱਤਾ ਗਿਆ ਪਰ ਵੱਡੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ, ਭਾਰਤੀ ਕਿਸਾਨ ਯੂਨੀਅਨ ਉਗਰਾਹਾਂ, ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ, ਹੜ੍ਹ ਪੀੜਤ ਕਿਸਾਨ ਸੰਘਰਸ਼ ਕਮੇਟੀ ਪੰਜਾਬ, ਭਾਰਤੀ ਕਿਸਾਨ ਯੂਨੀਅਨ ਮਝੈਲ ਅਤੇ ਹੋਰ ਭਾਈਚਾਰਕ ਜਥੇਬੰਦੀਆਂ ਵੱਲੋਂ ਰੇਤ ਵਾਲੀ ਖੱਡ ਦਾ ਵਿਰੋਧ ਕੀਤਾ ਅਤੇ ਪੂਰੇ ਇਕੱਠ ਦੀ ਅਗਵਾਈ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ, ਸੋਹਣ ਸਿੰਘ ਸਭਰਾ, ਅਜੀਤ ਸਿੰਘ ਸਭਰਾ, ਗੁਰਵਿੰਦਰ ਸਿੰਘ, ਜੱਜਵਿੰਦਰ ਸਿੰਘ, ਸ਼ਮਸ਼ੇਰ ਸਿੰਘ ਰਾਮ ਸਿੰਘ ਵਾਲਾ, ਹਰਜਿੰਦਰ ਸਿੰਘ ਸ਼ਕਰੀ ਨੇ ਕੀਤੀ। ਸਟੇਜ ਤੋਂ ਵੱਖ ਵੱਖ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਰੇਤ ਦੀ ਖੱਡ ਬਿਲਕੁਲ ਨਜਾਇਜ਼ ਤੌਰ 'ਤੇ ਚਾਲੂ ਕੀਤੀ ਗਈ ਹੈ ਕਿਉਂਕਿ ਖੱਡ ਚਾਲੂ ਕਰਵਾਉਣ ਲਈ ਇਲਾਕੇ ਲੋਕਾਂ ਦੀ ਸਹਿਮਤੀ ਜ਼ਰੂਰੀ ਸੀ ਅਤੇ ਗੁਰਦੁਆਰਾ ਸਾਹਿਬ ਤੋਂ ਅਨਾਊਂਸਮੈਂਟ ਕਰਵਾਉਣੀ ਜ਼ਰੂਰੀ ਸੀ ਪਰ ਮਾਇਨਿੰਗ ਵਿਭਾਗ ਵੱਲੋਂ ਕਨੂੰਨ ਦੀ ਉਲੰਘਣਾ ਕੀਤੀ ਗਈ। ਇਸ ਲਈ ਮਾਇਨਿੰਗ ਵਿਭਾਗ ਦੇ ਅਧਿਕਾਰੀਆਂ ਖ਼ਿਲਾਫ਼ ਮੁਕੱਦਮਾ ਦਰਜ ਕੀਤਾ ਜਾਵੇ ਅਤੇ ਭੀੜੀ ਰਾਤ ਨੂੰ ਜੋ ਟਿੱਪਰ ਰੇਡ ਭੇਜੇ ਗਏ ਹਨ ਉਹਨਾਂ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇ ਤੇ ਸਾਧਨ ਜ਼ਬਤ ਕੀਤੇ ਜਾਣ ਕਿਉਂਕਿ ਖੱਡ ਚਾਲੂ ਹੋਣ ਨਾਲ ਇਲਾਕੇ ਦੇ ਲੋਕ ਬਹੁਤ ਵੱਡੇ ਪੱਧਰ 'ਤੇ ਪ੍ਰਭਾਵਿਤ ਹੋਣਗੇ। ਪੰਜਾਬ ਸਰਕਾਰ ਦਰਿਆ ਦਾ ਬੰਨ੍ਹ ਮਜ਼ਬੂਤ ਕਰਨ ਦੀ ਥਾਂ ਰੇਤ ਦੀ ਖੱਡ ਬਣਾ ਕੇ ਅਪਣੇ ਚਹੇਤਿਆਂ ਨੂੰ ਮੁਨਾਫਾ ਦੇਣਾ ਚਾਹੁੰਦੀ ਹੈ।ਆਮ ਆਦਮੀ ਪਾਰਟੀ ਨੇ ਸੱਤਾ ਵਿੱਚ ਆਉਣ ਲਈ ਰੇਤ ਦੀ ਮਾਇਨਿੰਗ ਨੂੰ ਲੈ ਕੇ ਦੂਸਰੀਆਂ ਸਰਕਾਰਾਂ ਤੇ ਨਿਸ਼ਾਨੇ ਸਾਧੇ ਸਨ ਪਰ ਅੱਜ ਆਮ ਆਦਮੀ ਪਾਰਟੀ ਦੀ ਸਰਕਾਰ ਪਹਿਲਿਆਂ ਸਰਕਾਰਾਂ ਦੇ ਰਾਹਾਂ 'ਤੇ ਚੱਲ ਰਹੀ ਅਤੇ ਰੇਤ ਗਰੀਬ ਲੋਕਾਂ ਲਈ ਪਹੁੰਚ ਤੋਂ ਬਾਹਰ ਹੁੰਦੀ ਜਾ ਰਹੀ ਹੈ। ਧਰਨੇ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਦੀ ਲੁੱਟ ਵਿੱਚ ਆਈ ਜ਼ਮੀਨ ਅਤੇ ਰੇਤ ਦਾ ਹੱਕ ਜ਼ਮੀਨ ਦੇ ਮਾਲਕ ਨੂੰ ਦਿੱਤਾ ਜਾਵੇ ਅਤੇ ਇਸ ਖੱਡ ਨੂੰ ਮੁਕੰਮਲ ਤੌਰ 'ਤੇ ਬੰਦ ਕੀਤਾ ਜਾਵੇ। ਇਸ ਮੌਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਤੋਂ ਗੁਰਜੇਜ ਸਿੰਘ ਧਾਰੀਵਾਲ, ਤਰਸੇਮ ਸਿੰਘ ਧਾਰੀਵਾਲ, ਮੇਹਰ ਸਿੰਘ ਤਲਵੰਡੀ, ਨਿਰੰਜਣ ਸਿੰਘ ਬਰਗਾੜੀ, ਸੁੱਚਾ ਸਿੰਘ ਵੀਰਮ, ਸਲਵਿੰਦਰ ਸਿੰਘ ਜੀਉਬਾਲਾ, ਇੰਦਰਜੀਤ ਸਿੰਘ, ਹੜ੍ਹ ਪੀੜਤ ਕਿਸਾਨ ਯੂਨੀਅਨ ਤੋਂ ਸੂਬਾ ਪ੍ਰਧਾਨ ਜਸਬੀਰ ਸਿੰਘ ਆਲੋਵਾਲੀਆਂ, ਗੁਰਪਾਲ ਸਿੰਘ ਧੁੰਦਾ, ਡਾ ਗਿਆਨ ਸਿੰਘ, ਗੁਰਜੀਤ ਸਿੰਘ, ਸੁਖਚੈਨ ਸਿੰਘ ਪੱਟੀ, ਬਲਕਾਰ ਸਿੰਘ ਸਭਰਾ ਆਦਿ ਆਗੂ ਹਾਜ਼ਰ ਸਨ।


## ਈ-ਨਿਲਾਮੀ ਨੋਟਿਸ (ਰੱਦੀ ਕਾਗਜ਼)

ਮੈਸ: ਖੰਨਾ ਪੇਪਰ ਮਿੱਲਜ਼ ਲਿਮਟਿਡ ਨਾਲ ਸੰਬੰਧਤ ਅੰਦਾਜ਼ਨ 21,454.70 ਕਿੱਲੋਗ੍ਰਾਮ ਰੱਦੀ ਕਾਗਜ਼ ਦੇ ਭੰਡਾਰ ਦੇ ਨਿਪਟਾਰੇ ਲਈ ਚਾਹਵਾਨ ਖਰੀਦਦਾਰਾਂ ਤੋਂ "ਜਿਵੇਂ ਹੈ ਜਿੱਥੇ ਹੈ" ਅਧਾਰ 'ਤੇ "ਪ੍ਰਤੀ ਕਿੱਲੋਗ੍ਰਾਮ ਅਧਾਰ" 'ਤੇ ਈ-ਨਿਲਾਮੀ ਫਾਰਮ ਮੰਗੇ ਜਾਂਦੇ ਹਨ। ਉਪਰੋਕਤ ਸਮੱਗਰੀ ਦੇ ਕਬਾੜ ਦਾ ਨਿਰੀਖਣ ਸ੍ਰੀ ਕਪਿਸ਼ ਸ਼ਰਮਾ-9646744645 ਤੋਂ ਪਹਿਲਾਂ ਨਿਯੁਕਤੀ ਲੈ ਕੇ 08/04/25 ਤੋਂ 14/04/25 ਤੱਕ, ਅੰਮ੍ਰਿਤਸਰ, ਪੰਜਾਬ ਵਿਖੇ ਕੀਤਾ ਜਾ ਸਕਦਾ ਹੈ। ਈ-ਨਿਲਾਮੀ 15/04/25 ਨੂੰ ਕੀਤੀ ਜਾਵੇਗੀ। ਈ-ਨਿਲਾਮੀ ਫਾਰਮਾਂ ਲਈ ਸ੍ਰੀ ਨਿਤਿਨ ਕੁਮਾਰ ਨਾਲ ਮੋਬਾਇਲ : 8810331841

ਸਾਲਵਰ ਸੈਟਲਰਜ਼ ਪ੍ਰਾਈਵੇਟ ਲਿਮਟਿਡ (ਨਿਲਾਮੀ ਕਰਤਾ) ਪਤਾ: 203, ਦੂਜੀ ਮੰਜ਼ਲ, ਊਸ਼ਾ ਕਿਰਨ ਬਿਲਡਿੰਗ ਅਜ਼ਾਦਪੁਰ ਕਮਰਸ਼ੀਅਲ ਕੰਪਲੈਕਸ ਦਿੱਲੀ-110033 ਨਾਲ ਸੰਪਰਕ ਕੀਤਾ ਜਾਵੇ।

ਜਾਂ ਵੈੱਬਸਾਈਟ www.salvorsettlers.com ਤੋਂ ਡਾਊਨ ਲੋਡ ਕੀਤਾ ਜਾਵੇ। ਈ-ਨਿਲਾਮੀ ਫਾਰਮ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ 15/04/25 ਦੁਪਹਿਰ 12.30 ਵਜੇ ਤੋਂ ਪਹਿਲਾਂ ਹੈ।


## ਪਬਲਿਕ ਨੋਟਿਸ

ਮੈਂ ਰਮਿੰਦਰਪਾਲ ਸਿੰਘ ਪੁੱਤਰ ਗੁਰਬਚਨ ਸਿੰਘ ਵਾਸੀ 3/883 ਬਿਊਟੀ ਐਵੀਨਿਊ ਫੇਸ- 3, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰੇ ਕੋਲ ਪਲਾਟ ਨੰ. 9 ਰਕਬਾ 227.55 ਵਰਗ ਗਜ ਪੈਮਾਇਸ਼ 33 ਫੁਟ ਲਹਿੰਦੇ , 31 ਫੁੱਟ ਪਹਾੜ, 64 ਫੁੱਟ ਦੱਖਣ ਜਿਸ ਦਾ ਖਸਰਾ ਨੰ 518, 521 ਦੇਵੇ ਮਿੰਨ ਖਾਤਾ ਖਤੋਨੀ ਨੰ. 213/630 ਜਮਾਬੰਦੀ ਸਾਲ 2000-2001 ਵਾਕਿਆ ਰਕਬਾ ਸੁਲਤਾਨਵਿੰਡ ਸਬ ਅਰਬਨ ਤਰਫ ਮਹਾਲ-11 ਅਬਾਦੀ ਬਾਬਾ ਬੁੱਢਾ ਐਵੀਨਿਊ, ਨਜਦੀਕ ਦਬੁਰਜੀ ਜੀ.ਟੀ ਰੋਡ, ਤਹਿਸੀਲ ਤੇ ਜਿਲ੍ਹਾ ਅੰਮ੍ਰਿਤਸਰ ਜਿਸ ਦੀ ਮਾਲਕੀ ਦਮਨਪ੍ਰੀਤ ਸਿੰਘ ਪੁੱਤਰ ਗੁਰਬਚਨ ਸਿੰਘ ਵਾਸੀ 3/883 ਬਿਊਟੀ ਐਵੀਨਿਊ ਫੇਸ- 3 ਅੰਮ੍ਰਿਤਸਰ ਹੈ ਪਾਸੋਂ ਮੁਖਤਾਰਨਾਮਾ ਆਮ ਮਿਤੀ 22-11-2010 ਨੂੰ ਰਜਿਸਟਰਾਰ ਪਛੱਮੀ ਲੁਧਿਆਣਾ ਪਾਸੋਂ ਕਰਵਾਈ ਸੀ। ਮਿਤੀ 1-4-2025 ਨੂੰ ਉਕਤ ਮੁਖਤਾਰਨਾਮਾ ਅੰਮ੍ਰਿਤਸਰ ਕਚਿਹਰੀ ਵਿਚ ਕਿਤੇ ਡਿੱਗ ਗਿਆ ਸੀ। ਜਿਸ ਦੀ ਮੈਂ ਪੁਲਿਸ ਸ਼ਕਾਇਤ ਮਿਤੀ 2-4-2025 ਨੂੰ ਥਾਣਾ ਸਿਵਲ ਲਾਈਨ ਅੰਮ੍ਰਿਤਸਰ ਵਿਚ ਰੋਜਨਾਮਚਾ ਨੰ 022 ਅਧੀਨ ਦਰਜ ਕਰਵਾ ਦਿੱਤੀ ਹੈ। ਜਿਸ ਕਿਸੇ ਨੂੰ ਮਿਲੇ ਤਾਂ ਮੇਰੇ ਉਪੱਰ ਲਿਖੇ ਪਤੇ ਤੇ ਸੂਚਿਤ ਕਰੇ।

ਮੋਬਾਇਲ 98142-20477

## ਦੀ ਅੰਮ੍ਰਿਤਸਰ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਸੀਮਤ ਅੰਮ੍ਰਿਤਸਰ

Ph 0183-2423259

**ਆਮ ਇਜਲਾਸ ਲਈ ਸੂਚਨਾ ਨੋਟਿਸ**

ਦੀ ਅੰਮ੍ਰਿਤਸਰ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਸੀਮਤ ਅੰਮ੍ਰਿਤਸਰ ਦੇ ਸਮੂਹ ਏ ਕਲਾਸ ਮੈਂਬਰਾਂ ਨੂੰ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਬੈਂਕ ਦਾ ਆਮ ਇਜਲਾਸ ਮਿਤੀ 29.04.2025 ਦਿਨ ਮੰਗਲਵਾਰ ਨੂੰ ਸਵੇਰੇ 11:00 ਵਜੇ ਪੀ.ਏ.ਡੀ.ਬੀ ਅੰਮ੍ਰਿਤਸਰ ਦੀ ਬੈਂਕ ਬਿਲਡਿੰਗ ਪਤਾ 60, ਸਰਕੂਲਰ ਰੋਡ, ਅੰਮ੍ਰਿਤਸਰ ਵਿਖੇ ਹੋ ਰਿਹਾ ਹੈ। ਸਮੂਹ ਏ ਕਲਾਸ ਮੈਂਬਰਾਂ ਨੂੰ ਇਸ ਆਮ ਇਜਲਾਸ ਵਿੱਚ ਸਮੇਂ ਸਿਰ ਹਾਜ਼ਰ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।

ਇਸ ਆਮ ਇਜਲਾਸ ਵਿਚ ਹੇਠ ਲਿਖਿਆ ਏਜੰਡਿਆਂ ਨੂੰ ਵਿਚਾਰਿਆ ਜਾਵੇਗਾ :-

1) ਪਿਛਲੇ ਆਮ ਇਜਲਾਸ ਦੀ ਕਾਰਵਾਈ ਦੀ ਪੁਸ਼ਟੀ ਕਰਨ ਤੇ ਵਿਚਾਰ।
2) ਮਾਣਯੋਗ ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ ਜੀ ਵੱਲੋਂ ਬੈਂਕ ਦੇ ਬਾਇਲਾਜ਼ ਵਿੱਚ ਸਮੇਂ-ਸਮੇਂ ਕੀਤੀਆਂ ਸੋਧਾਂ ਦੀ ਪ੍ਰਵਾਨਗੀ ਦੇਣ ਤੇ ਵਿਚਾਰ।
3) ਬੈਂਕ ਦੀ ਵਿੱਤੀ ਸਾਲ 2023-24 ਦੀ ਸਾਲਾਨਾ ਰਿਪੋਰਟ, ਆਡਿਟ ਰਿਪੋਰਟ ਸਮੇਤ ਬੈਲੰਸ ਸ਼ੀਟ ਅਤੇ ਲਾਭ ਹਾਨੀ ਚਿੱਠਾ ਜੋ ਕਿ ਸਟੈਚੂਟਰੀ ਆਡੀਟਰ ਵੱਲੋਂ ਤਸਦੀਕ ਕੀਤਾ ਗਿਆ ਹੈ, ਨੂੰ ਵਾਚਣ ਅਤੇ ਪ੍ਰਵਾਨ ਕਰਨ ਤੇ ਵਿਚਾਰ।
4) ਬੈਂਕ ਦੇ ਮਿਤੀ 01.04.2023 ਤੋਂ 31.03.2024 ਤੱਕ ਦੇ ਲਾਭ-ਹਾਨੀ ਆਦਿ ਐਲੋਕੇਟ ਕਰਨ ਤੇ ਵਿਚਾਰ।
5) ਆਮ ਇਜਲਾਸ ਤੇ ਹੋਏ ਖਰਚੇ ਨੂੰ ਪ੍ਰਵਾਨਗੀ ਦੇਣ ਤੇ ਵਿਚਾਰ ।
6) Sundry Debtors ਵਿੱਚ 2.35 ਲੱਖ ਰੁਪਏ ਦੀ ਫਰਾਡ ਦੀ ਰਕਮ Write Off ਕਰਨ ਤੇ ਵਿਚਾਰ।

ਮੈਨੇਜਰ, ਪੀ.ਏ.ਡੀ.ਬੀ ਅੰਮ੍ਰਿਤਸਰ

## Capital Small Finance Bank

HO:- MIDAS Corporate Park, 3rd Floor, 37, G.T. Road, Jalandhar-144001, Punjab, India

**ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਨੋਟਿਸ**

ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ, 2002 ਦੇ ਸੈਕਸ਼ਨ 13 (2) ਅਧੀਨ ਮਿਤੀ 26.03.2025 ਨੂੰ ਨੋਟਿਸ ਭੇਜਿਆ ਗਿਆ ਸੀ, ਜੋ ਡਾਕ ਵਿਭਾਗ ਵੱਲੋਂ ਵਾਪਸ ਕਰ ਦਿੱਤਾ ਗਿਆ ਸੀ ਅਤੇ ਅਧਿਕਾਰਤ ਅਫਸਰ ਨੂੰ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ/ਗਰੰਟਰ ਨੋਟਿਸ ਦੀ ਤਾਮੀਲ ਤੋਂ ਕੰਨੀ ਕਤਰਾ ਰਹੇ ਹਨ। ਇਸ ਲਈ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾ ਰਹੀ ਹੈ।

| ਕਰਜ਼ਦਾਰਾਂ ਅਤੇ ਗਰੰਟਰਾਂ ਦਾ ਨਾਂਅ | ਅਚੱਲ ਜਾਇਦਾਦ ਦਾ ਵੇਰਵਾ | ਕਰਜ਼ਾ ਨੰ. ਅਤੇ ਬਕਾਇਆ ਰਕਮ |
|---|---|---|
| ਸ੍ਰੀ ਬਲਕਾਰ ਸਿੰਘ ਪੁੱਤਰ ਪਾਲਾ ਸਿੰਘ ਵਾਸੀ ਪਿੰਡ ਭੋਏਪੁਰ, ਭੋਇਆਪੁਰ, ਜਲੰਧਰ, ਪੰਜਾਬ-144701, ਸ੍ਰੀਮਤੀ ਸੰਤੋਸ਼ ਰਾਣੀ ਪਤਨੀ ਬਲਕਾਰ ਸਿੰਘ ਵਾਸੀ ਪਿੰਡ ਭੋਏਪੁਰ, ਭੋਇਆਪੁਰ, ਜਲੰਧਰ, ਪੰਜਾਬ-144701, ਸ੍ਰੀ ਯਾਦਵਿੰਦਰ ਸਿੰਘ ਪੁੱਤਰ ਨਸੀਬ ਚੰਦ ਵਾਸੀ ਪਿੰਡ ਭੋਏਪੁਰ, ਭੋਇਆਪੁਰ, ਜਲੰਧਰ, ਪੰਜਾਬ-144701 | ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ , ਬੈਨਾਮਾ ਦਸਤਾਵੇਜ਼ ਨੰ. 2022-23/177/1/1687 ਮਿਤੀ 06-03-2023 ਅਨੁਸਾਰ ਸ੍ਰੀ ਬਲਕਾਰ ਸਿੰਘ ਪੁੱਤਰ ਪਾਲਾ ਸਿੰਘ ਦੀ ਮਲਕੀਅਤ ਜਾਇਦਾਦ ਰਕਬਾ 8 ਮਰਲੇ, ਭੋਏਪੁਰ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁੱਝ | ਐੱਚ ਐੱਲ/054611000067 ਰੁ: 15,44,535/- 26.03.2025 ਨੂੰ (01.03.2025 ਤੋਂ ਬਿਨਾਂ ਵਿਆਜ) |

ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਦੇ ਸੈਕਸ਼ਨ 13 ਤਹਿਤ ਬੈਂਕ ਇਸ ਜਨਤਕ ਨੋਟਿਸ ਰਾਹੀਂ ਤੁਹਾਨੂੰ ਬੈਂਕ ਦੇ ਵਹੀ ਖਾਤਿਆਂ 'ਚ ਤੁਹਾਡੇ ਵਿਰੁੱਧ ਸਾਰੀਆਂ ਬਕਾਇਆ ਰਕਮਾਂ ਇਸ ਦੀ ਬਰਾਂਚ ਕੰਗਣਾ 'ਚ, ਸਮੇਤ ਇਸ ਉਪਰ ਭਵਿੱਖੀ ਵਿਆਜ, ਸਮੇਂ-ਸਮੇਂ 'ਤੇ ਬੈਂਕ ਵੱਲੋਂ ਕੀਤੇ ਗਏ ਹੋਰ ਖਰਚਿਆਂ ਅਤੇ ਲਾਗਤਾਂ ਨਾਲ ਸਾਰੀਆਂ ਮੁਕੰਮਲ ਦੇਣਦਾਰੀਆਂ, ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਦਾ ਸੱਦਾ ਦਿੰਦਾ ਹੈ, ਅਸਫਲ ਰਹਿਣ 'ਤੇ ਤੁਹਾਡੇ ਜੋਖਮ ਅਤੇ ਲਾਗਤਾਂ 'ਤੇ ਬੈਂਕ ਐਕਟ (ਸੁਪਰਾ) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਸਾਰੇ ਜਾਂ ਕਿਸੇ ਇੱਕ ਢੰਗ ਨਾਲ ਸਕਿਉਰਡ ਕਰਜ਼ਾ ਵਸੂਲਣ ਲਈ ਕਾਰਵਾਈ ਕਰੇਗਾ: -
(ਏ) ਸਕਿਉਰਡ ਐਸੇਟਸ ਦੀ ਵਸੂਲੀ ਲਈ ਵਿਕਰੀ
(ਬੀ) ਸਕਿਉਰਡ ਐਸੇਟਸ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲੈਣ ਸਮੇਤ ਸਕਿਉਰਡ ਐਸੇਟਸ ਦਾ ਕਬਜ਼ਾ ਲੈ ਕੇ ਤਬਦੀਲ ਕਰਨ ਦਾ ਅਧਿਕਾਰ ਸਮੇਤ ਸਕਿਉਰਡ ਐਸੇਟਸ ਦੀ ਵਸੂਲੀ ਲਈ ਵਿਕਰੀ ਰਾਹੀਂ ਤਬਦੀਲ ਕਰਨ ਦਾ ਅਧਿਕਾਰ
(ਸੀ) ਸਕਿਉਰਡ ਐਸੇਟਸ ਦੇ ਪ੍ਰਬੰਧ ਲਈ ਕਿਸੇ ਵਿਅਕਤੀ ਦੀ ਨਿਯੁਕਤੀ
(ਡੀ) ਕਿਸੇ ਸਮੇਂ ਵੀ ਲਿਖਤੀ ਨੋਟਿਸ ਰਾਹੀਂ, ਕਿਸੇ ਵਿਅਕਤੀ ਜਿਸ ਨੇ ਤੁਹਾਡੇ ਕੋਲੋਂ ਕੋਈ ਵੀ ਸਕਿਉਰਡ ਐਸੇਟਸ ਪ੍ਰਾਪਤ ਕੀਤਾ ਹੋਵੇ, ਬੈਂਕ ਨੂੰ ਅਦਾਇਗੀ ਲਈ ਸੱਦਣਾ।
ਅੱਗੇ ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਜੇਕਰ ਕਰਜ਼ਦਾਰ/ਗਰੰਟਰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਸਾਰੀਆਂ ਮੁਕੰਮਲ ਦੇਣਦਾਰੀਆਂ ਅਦਾ ਕਰਨ 'ਚ ਅਸਫਲ ਰਹਿੰਦੇ ਹਨ ਅਤੇ ਬੈਂਕ (ਸੁਪਰਾ) ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 4 ਅਧੀਨ ਕੋਈ ਕਾਰਵਾਈ ਕਰਦਾ ਹੈ ਤਾਂ ਕਰਜ਼ਦਾਰ/ਗਰੰਟਰਾਂ ਨੂੰ ਬੈਂਕ ਵੱਲੋਂ ਸਹਿਣ ਕੀਤੀਆਂ ਜਾਣ ਵਾਲੀਆਂ ਸਾਰੀਆਂ ਲਾਗਤਾਂ, ਚਾਰਜਿਜ਼, ਖਰਚੇ ਅਦਾ ਕਰਨੇ ਪੈਣਗੇ। ਜੇਕਰ ਸਕਿਉਰਡ ਐਸੇਟਸ ਦੀ ਵਿਕਰੀ ਦੀ ਕਾਰਵਾਈ ਨਾਲ ਬੈਂਕ ਦੇ ਸਾਰੇ ਬਕਾਏ ਮੁਕੰਮਲ ਤੌਰ 'ਤੇ ਵਸੂਲ ਨਹੀਂ ਹੁੰਦੇ ਤਾਂ ਬੈਂਕ ਬਕਾਇਆ ਰਕਮ ਤੁਹਾਡੇ ਅਤੇ ਗਰੰਟਰਾਂ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਕੋਲੋਂ ਨਿੱਜੀ ਤੌਰ 'ਤੇ ਵਸੂਲੀ ਕਰਨ ਲਈ ਕਾਰਵਾਈ ਕਰੇਗਾ। ਇਹ ਨੋਟਿਸ ਬੈਂਕ ਨੂੰ ਪ੍ਰਾਪਤ ਅਧਿਕਾਰਾਂ, ਉਪਲਬਧ ਹੱਲ ਅਤੇ ਕਾਨੂੰਨੀ ਰੀਕੋਰਸ ਅਨੁਸਾਰ ਬਿਨਾਂ ਕਿਸੇ ਪੱਖਪਾਤ ਦੇ ਹੈ।

ਸਥਾਨ : ਜਲੰਧਰ | ਮਿਤੀ : 07-04-2025 | ਸਹੀ/-ਅਧਿਕਾਰਤ ਅਫਸਰ

## Capital Small Finance Bank

HO:- MIDAS Corporate Park, 3rd Floor, 37, G.T. Road, Jalandhar-144001, Punjab, India

**ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਨੋਟਿਸ**

ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ, 2002 ਦੇ ਸੈਕਸ਼ਨ 13 (2) ਅਧੀਨ ਮਿਤੀ 18.03.2025 ਨੂੰ ਨੋਟਿਸ ਭੇਜਿਆ ਗਿਆ ਸੀ, ਜੋ ਡਾਕ ਵਿਭਾਗ ਵੱਲੋਂ ਵਾਪਸ ਕਰ ਦਿੱਤਾ ਗਿਆ ਸੀ ਅਤੇ ਅਧਿਕਾਰਤ ਅਫਸਰ ਨੂੰ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ/ਗਰੰਟਰ ਨੋਟਿਸ ਦੀ ਤਾਮੀਲ ਤੋਂ ਕੰਨੀ ਕਤਰਾ ਰਹੇ ਹਨ। ਇਸ ਲਈ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾ ਰਹੀ ਹੈ।

| ਕਰਜ਼ਦਾਰਾਂ/ਗਰੰਟਰਾਂ ਦਾ ਨਾਂਅ | ਅਚੱਲ ਜਾਇਦਾਦ ਦਾ ਵੇਰਵਾ | ਕਰਜ਼ਾ ਨੰ: ਅਤੇ ਬਕਾਇਆ ਰਕਮ |
|---|---|---|
| ਕਰਜ਼ਦਾਰ : ਸ੍ਰੀ ਤਰਲੋਚਨ ਸਿੰਘ ਉਰਫ ਤਰਲੋਚਨ ਸਿੰਘ ਸੋਹਲ ਪੁੱਤਰ ਸਰਵਣ ਸਿੰਘ, ਵਾਸੀ 540/ਪਾਰਟ 2, ਪਿੰਡ ਅੱਟਾ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ। ਸ੍ਰੀਮਤੀ ਚਰਨਜੀਤ ਕੌਰ ਸੋਹਲ ਪਤਨੀ ਸ੍ਰੀ ਤਰਲੋਚਨ ਸਿੰਘ ਵਾਸੀ 540/ਬੀ, ਅੱਟਾ ਪਾਰਟ 2, ਪਿੰਡ ਅੱਟਾ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ। ਸ੍ਰੀ ਚਰਨਜੀਤ ਸਿੰਘ ਉਰਫ ਚਰਨਜੀਤ ਸਿੰਘ ਪੁਨੀਆਂ ਪੁੱਤਰ ਸ੍ਰੀ ਸੰਤੋਖ ਸਿੰਘ, ਵਾਸੀ ਪਿੰਡ ਦੁਸਾਂਝ ਖੁਰਦ, ਡਾਕਖਾਨਾ ਮੁਠੱਡਾ ਕਲਾਂ, ਜਲੰਧਰ। ਸ੍ਰੀ ਸਤਵਿੰਦਰ ਸਿੰਘ ਪੁੱਤਰ ਸ੍ਰੀ ਸਰਵਣ ਸਿੰਘ ਵਾਸੀ ਅੱਟਾ, ਗੁਰਾਇਆ ਜਲੰਧਰ, ਪੰਜਾਬ- 144409 | ਅਚੱਲ ਜਾਇਦਾਦ ਦਾ ਉੱਚਿਤ ਗਿਰਵੀਨਾਮਾ :- ਜਾਇਦਾਦ ਰਕਬਾ 206 ਮਰਲੇ, ਪਿੰਡ ਭੱਟੀਆਂ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਬੈਨਾਮਾ ਨੰ: 4235, ਮਿਤੀ 18.02.1976, ਬੈਨਾਮਾ ਨੰ: 4624 ਮਿਤੀ 24.03.1976 ਅਤੇ ਬੈਨਾਮਾ ਨੰ: 67 ਮਿਤੀ 07.04.1976 ਰਾਹੀਂ ਸ੍ਰੀ ਸਰਵਨ ਸਿੰਘ ਪੁੱਤਰ ਕਿਸ਼ਨ ਸਿੰਘ ਦੀ ਮਲਕੀਅਤ ਅਤੇ ਇਤਕਾਲ ਨੰ: 1104 ਮਿਤੀ 12.03.2010 ਰਾਹੀਂ ਤਰਲੋਚਨ ਸਿੰਘ ਪੁੱਤਰ ਸਰਵਣ ਸਿੰਘ ਨੂੰ ਵਿਰਾਸਤ ਕੀਤੀ ਜਾ ਚੁੱਕੀ , ਫਰਦ ਜਮ੍ਹਾਂਬੰਦੀ 2004-05 | ਐੱਲ ਏ ਪੀ/026602000018 ਰੁਪਏ : 4,59,206.33 ਓ ਡੀ/026400000061 ਰੁਪਏ :1,40,950.20 ਡਬਲਯੂ ਸੀ ਟੀ ਐੱਲ/026612000074 ਰੁਪਏ : 3,39,586.75 18.03.2025 (01.03.2025 ਤੋਂ ਬਿਨਾਂ ਵਿਆਜ) |

ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਦੇ ਸੈਕਸ਼ਨ 13 ਤਹਿਤ ਬੈਂਕ ਇਸ ਜਨਤਕ ਨੋਟਿਸ ਰਾਹੀਂ ਤੁਹਾਨੂੰ ਬੈਂਕ ਦੇ ਵਹੀ-ਖਾਤਿਆਂ 'ਚ ਤੁਹਾਡੇ ਵਿਰੁੱਧ ਸਾਰੀਆਂ ਬਕਾਇਆ ਰਕਮਾਂ ਇਸ ਦੀ ਬਰਾਂਚ ਫਿਲੌਰ 'ਚ, ਸਮੇਤ ਇਸ ਉਪਰ ਭਵਿੱਖੀ ਵਿਆਜ, ਸਮੇਂ-ਸਮੇਂ 'ਤੇ ਬੈਂਕ ਵੱਲੋਂ ਕੀਤੇ ਗਏ ਹੋਰ ਖਰਚਿਆਂ ਅਤੇ ਲਾਗਤਾਂ ਨਾਲ ਸਾਰੀਆਂ ਮੁਕੰਮਲ ਦੇਣਦਾਰੀਆਂ, ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਦਾ ਸੱਦਾ ਦਿੰਦਾ ਹੈ, ਅਸਫਲ ਰਹਿਣ 'ਤੇ ਤੁਹਾਡੇ ਜੋਖਮ ਅਤੇ ਲਾਗਤਾਂ 'ਤੇ ਬੈਂਕ ਐਕਟ (ਸੁਪਰਾ) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਸਾਰੇ ਜਾਂ ਕਿਸੇ ਇੱਕ ਢੰਗ ਨਾਲ ਸਕਿਉਰਡ ਕਰਜ਼ਾ ਵਸੂਲਣ ਲਈ ਕਾਰਵਾਈ ਕਰੇਗਾ: - (ਏ) ਸਕਿਉਰਡ ਐਸੇਟਸ ਦੀ ਵਸੂਲੀ ਲਈ ਵਿਕਰੀ (ਬੀ) ਸਕਿਉਰਡ ਐਸੇਟਸ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲੈਣ ਸਮੇਤ ਸਕਿਉਰਡ ਐਸੇਟਸ ਦਾ ਕਬਜ਼ਾ ਲੈ ਕੇ ਤਬਦੀਲ ਕਰਨ ਦਾ ਅਧਿਕਾਰ ਸਮੇਤ ਸਕਿਉਰਡ ਐਸੇਟਸ ਦੀ ਵਸੂਲੀ ਲਈ ਵਿਕਰੀ ਰਾਹੀਂ ਤਬਦੀਲ ਕਰਨ ਦਾ ਅਧਿਕਾਰ (ਸੀ) ਸਕਿਉਰਡ ਐਸੇਟਸ ਦੇ ਪ੍ਰਬੰਧ ਲਈ ਕਿਸੇ ਵਿਅਕਤੀ ਦੀ ਨਿਯੁਕਤੀ (ਡੀ) ਕਿਸੇ ਸਮੇਂ ਵੀ ਲਿਖਤੀ ਨੋਟਿਸ ਰਾਹੀਂ, ਕਿਸੇ ਵਿਅਕਤੀ ਜਿਸ ਨੇ ਤੁਹਾਡੇ ਕੋਲੋਂ ਕੋਈ ਵੀ ਸਕਿਉਰਡ ਐਸੇਟਸ ਪ੍ਰਾਪਤ ਕੀਤਾ ਹੋਵੇ, ਬੈਂਕ ਨੂੰ ਅਦਾਇਗੀ ਲਈ ਸੱਦਣਾ ਹੈ। ਅੱਗੇ ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਜੇਕਰ ਕਰਜ਼ਦਾਰ/ਗਰੰਟਰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਸਾਰੀਆਂ ਮੁਕੰਮਲ ਦੇਣਦਾਰੀਆਂ ਅਦਾ ਕਰਨ 'ਚ ਅਸਫਲ ਰਹਿੰਦੇ ਹਨ ਅਤੇ ਬੈਂਕ (ਸੁਪਰਾ) ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 4 ਅਧੀਨ ਕੋਈ ਕਾਰਵਾਈ ਕਰਦਾ ਹੈ ਤਾਂ ਕਰਜ਼ਦਾਰ/ਗਰੰਟਰਾਂ ਨੂੰ ਬੈਂਕ ਵੱਲੋਂ ਸਹਿਣ ਕੀਤੀਆਂ ਜਾਣ ਵਾਲੀਆਂ ਸਾਰੀਆਂ ਲਾਗਤਾਂ, ਚਾਰਜਿਜ਼, ਖਰਚੇ ਅਦਾ ਕਰਨੇ ਪੈਣਗੇ। ਜੇਕਰ ਸਕਿਉਰਡ ਐਸੇਟਸ ਦੀ ਵਿਕਰੀ ਦੀ ਕਾਰਵਾਈ ਨਾਲ ਬੈਂਕ ਦੇ ਸਾਰੇ ਬਕਾਏ ਮੁਕੰਮਲ ਤੌਰ 'ਤੇ ਵਸੂਲ ਨਹੀਂ ਹੁੰਦੇ ਤਾਂ ਬੈਂਕ ਬਕਾਇਆ ਰਕਮ ਤੁਹਾਡੇ ਅਤੇ ਗਰੰਟਰਾਂ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਕੋਲੋਂ ਨਿੱਜੀ ਤੌਰ 'ਤੇ ਵਸੂਲੀ ਕਰਨ ਲਈ ਕਾਰਵਾਈ ਕਰੇਗਾ। ਇਹ ਨੋਟਿਸ ਬੈਂਕ ਨੂੰ ਪ੍ਰਾਪਤ ਅਧਿਕਾਰਾਂ, ਉਪਲਬਧ ਹੱਲ ਅਤੇ ਕਾਨੂੰਨੀ ਰੀਕੋਰਸ ਅਨੁਸਾਰ ਬਿਨਾਂ ਕਿਸੇ ਪੱਖਪਾਤ ਦੇ ਹੈ।

ਸਥਾਨ : ਜਲੰਧਰ | ਮਿਤੀ : 07.04.2025 | ਸਹੀ/-ਅਧਿਕਾਰਤ ਅਫਸਰ

## COURT NOTICE

In the court of Sh. Randeep Singh, P. C. S, Assistant Collector Grade-1 cum Sub Divisional Magistrate, Jalandhar-1

Case No. 02/A.C./2025

Next Date of Hearing 15.04.2025

Mutation No. 7059, Village Chohak, Tehsil & Distt. Jalandhar.

Publication Issued To:

1. Surinder Kaur Pal Wife of Mahinder Singh Pal resident of Masanda Patti, Banga, Tehsil Banga, Distt. SBS Nagar, 2. Sujan Garegori daughter of Mahinder Singh Pal resident of Masanda Patti, Banga, Tehsil Banga, Distt. SBS Nagar, 3. Rajinder Pal Son of Mahinder Singh Pal resident of Masanda Patti, Banga, Tehsil Banga, Distt. SBS Nagar, 4. Rakesh Pal Son of Mahinder Singh Pal resident of Masanda Patti, Banga, Tehsil Banga, Distt. SBS Nagar. Beneficiaries/LR's

Whereas it has been proved to the satisfaction of the court that the above noted parties cannot be served in the ordinary way of service. Hence, this proclamation issued against the above that they should appear in person or through their counsel on 15.04.2025 at 02:30 PM before this court.

Take notice that, in default of their appearance, on the day above mentioned, the above said case will be heard and determined in their absence according to the law.

Given under my hand the court.

Assistant Collector First Grade, Jalandhar-1

Dated 25.03.2024

## COURT NOTICE

(U/o 5 Rule 20 CPC)

In The Court of

**Sh. Kawaljit Singh**

MAC Tribunal, Sangrur

CA/23/2022

CNR No. PBSG01-001527-2022

Next Date: 15-04-2025

Ravinder Singh S/o Girdhari Singh @ Gandhara Singh R/o Village Baghrol, Tehsil Sunam, now residents of Village Jeond, Tehsil Rampura Phull, District Bathinda.

Vs.

Pushpinder Singh S/o Sadhu Singh R/o Village Baghrol, Tehsil Sunam, District Sangrur.

Publication Issued To:

Gurpreet Singh: S/o Randhir Singh R/o Village Baghrol, Tehsil Sunam, District Sangrur.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 15-04-2025 at 10:00 a.m.

For details logon to https://highcourtchd.gov.in/?mod=district_notice&district=Sangrur

MAC Tribunal Sangrur

Dated, this day of 05-04-2025

## COURT NOTICE

(U/o 5 Rule 20 CPC)

In The Court of

**Sh. Sham Lal**

Additional District and Sessions Judge, Rupnagar

Arbitration No. 81 Dated 10.04.2023

CNR No. PBRO01-001691-2023

Next Date :- 21-04-2025

Union of India

Vs. Kirpal Singh

Publication Issued To:

1. Kirpal Singh Father :- Tulsa R/o House No. 255,Shivpuri Colony Ward No. 2, Derabassi, Distt. SAS Nagar, Mohali, 3. Sub Divisional Magistrate, Derabassi, Distt. SAS Nagar Exercising, the Power of Competent Authority Under National Highway Act,1956

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 21-04-2025 at 10:00 A.M.

For details logon to https://highcourtchd.gov.in/?mod=district_notice&district=Rupnagar

Additional District and Sessions Judge, Rupnagar

Dated this day of 07-04-2025

## COURT NOTICE

(U/o 5 Rule 20 CPC)

In The Court of

**MS. Harsimranjit Kaur**

Civil Judge (Junior Division), Nakodar

CNR No. PBJLA0-000499-2024

Next Date:- 12-05-2025

Kulwinder Singh

Vs.

Sukhdev Singh

Publication Issued To:

1. Sukhdev Singh S/o Sulkhan Singh R/o Village Nangal Ambia, Tehsil Shahkot, District Jalandhar, 2. Subheg Singh S/o Sulkhan Singh S/o Harnam Singh, R/o Village Nangal Ambia, Tehsil Shahkot, District Jalandhar, 4. Palo D/o Sulkhan Singh S/o Harnam Singh, 5. Amrik Kaur D/o Sulkhan Singh S/o Harnam Singh, 6. Hardeep Singh S/o Dial Singh S/o Sulkhan Singh, 7. Dhir Singh S/o Dial Singh S/o Sulkhan Singh, 8. Heera Singh S/o Dial Singh S/o Sulkhan Singh, 9. Bhola Singh S/o Dial Singh S/o Sulkhan Singh, 10. Amandeep Kaur D/o Dial Singh S/o Sulkhan Singh,11. Giano Wd/o Dial Singh S/o Sulkhan Singh. All R/o Village Nangal Ambia, Tehsil Shahkot, District Jalandhar, 12. Kulwant Kaur W/o Jarnail Singh R/o Village Kotla Tehsil and District Jalandhar.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 12-05-2025 at 10:00 a.m.

For details logon to https://highcourtchd.gov.in/?mod=district_notice&district= Jalandhar

Civil Judge (Junior Division), Nakodar

Dated, this day of 04-04-2025

# ਕਲਾਸੀਫਾਈਡ ਇਸ਼ਤਿਹਾਰ

## Change of Name

I, JAGIR KAUR W/o BALRAJ SINGH R/o VILLAGE KANGNA, TEHSIL NAKODAR, (JALANDHAR) Have changed the name of my minor daughter SRISHTI TO SRISHTI KUMARI. All concerned Please note.

I, Dilraj Singh S/o Dilbag Singh R/o Village-Mandiala, Post Office-Ghoman, Tehsil- Batala, District-Gurdaspur-143514, Punjab, India have changed my name from Dilraj Singh to Singh Dilraj. Singh is my Surname. Please note.

I Monika W/o Rajesh Gupta R/o Guru Nanak Colony, Opp. Guru Nanak College,Near Jalandhar Road, Batala, Distt Gurdaspur. Have Changed my name from Monika to Monika Mahajan. Concerned Note.

I, Retinderdeep Singh S/o Gurdeep Singh R/o H. No. 15 Baba Makhan Shah Lubana, Nagar Mithapur Road Jalandhar have changed my name to Retindereep is given name & Singh is my surname. Please note. (B)

I hitherto known as BALWINDER S/O CHANA RAM, Residing at VPO Patara, Jalandhar, Punjab 144101, have changed my name and shall hereafter be known as JOGINDER PAL.

I, Paramjit Kaur W/o Satpal Singh R/o Village Badowal Kalan, PO Samrai, Tehsil Batala, Distt. Gurdaspur, Punjab-143602 have changed my name from Paramjit Kaur to Kiranbeer Kaur.

I, Ranbeer Kaur W/o Jarnail Singh resident of Village Biharipur, District Kapurthala, Pin: 144620, Punjab, India, That Ranbeer Kaur & Ranbir Kaur are both names of one and the same person which belong to me.

I Anu Bamba D/o Sh. Jagdish Chander Bamba W/o Sh. Anil Sareen R/o H.No. 24/1, Street No. 11, Krishna Colony, Gurgaon, Haryana-122001 has name change after marriage from Anu Bamba to Anu Sareen. All concerned please note.

I, Harwinder Kaur W/o Karamjit Singh Bal R/o H.No.35-B, Street No.6, Sandhu Colony Chheharta, Amritsar have changed my name from Harwinder Kaur to Harinder Kaur

I, Pooja Shergill W/o Neeraj Kumar R/o H.No.243, Gali No.6, Harkrishan Nagar Kale Road, Chehharta, Amritsar have changed my name from Pooja Shergill to Pooja Sharma

I Chander Mohan S/o Bijli Pal R/o H.No.2676, Gali Kaurhian Kamboan, Katra Karam Singh, Amritsar have changed my name from Chander Mohan to Chander Mohan Arora

I, Jangbir Singh S/o Jagir Singh R/o VPO Munda Pind Tehsil Khadoor Sahib District Tarn Taran have changed my son's name from Jujharveer Singh to Jujharveer Singh Sandhu

I, Ajaib Bisht S/o Dal Bahadur R/o Gali No.6, Om Dying Printing, Batala Road, Near Sareen Hospital Amritsar Punjab-143001 have changed my name from Ajaib Singh to Ajaib Bisht. Ajaib Bisht and Ajaib Singh is one and Same person

I, Kulvinder Kaur W/o Arshdeep Singh R/o Village Chappa Arikki, Post Office Guruharsahai Tehsil Guruharsahai Ferozepur have declare that Kulvinder is my Given name and Kaur is my Surname

I, Vinod Kumar Sharma S/o Des Raj Sharma R/o H.No.F21/443, Sandhu Colony Majitha Road, Amritsar have changed my name from Vinod Kumar Sharma to Vinod Kumar

I, Ujjwaldeep Singh S/o Maninder Singh R/o H.No.444, E-Block Ranjit Avenue, Amritsar have changed my name from Ujjwaldeep Singh to Ujjwal Deep Singh

I, Gurdev Singh Gill S/o Partap Singh R/o Ward No.2, Guru Ram Dass Nagra Moga have changed my name from Gurdev Singh Gill to Gurdev Singh

I, Nikunj S/o Rajesh Sharma R/o H.No.33, Khanna Nagar, Batala Road, Amritsar have changed my name from Nikunj to Nikunj Sharma.

I, Rajbir Singh son of Sarban Singh resident of Village Sheikh Manga, P.O. Gidder Pind District Kapurthala have changed my name Singh as surname and Rajbir as given name. All concerned may note please.

I, Jashanpreet Kaur Kahlon D/O Ranjit Singh Kahlon W/O Balvir Singh, R/O Vill-murar Distt Kapurthala Have Changed My Name After Marriage From Jashanpreet Kaur Kahlon To Jashanpreet Kaur. All Concerned Note.

I, Manjura D/o Mazid Masih W/o Lakhwinder Masih R/o H.No.60, Mohalla Nawan Katra, V.P.O.Kalanaur,Gurdaspur,Punjab,143512 changed my name from Manjuran L Masih to Manjura.

I, Sukhjit Singh S/o Swaran Singh R/o V.P.O. Nathewal VIA Sarhali, Jalandhar, Punjab, 144633 changed my name to Surjit Singh.

I, Sarabjit Kaur D/o Resham Singh W/o Paramjit Singh R/o V.P.O. Mukandpur,Tehsil Banga, SBS Nagar, Punjab, 144507 Amarjit Kaur.

I, Parvesh Kumar Minocha S/O Sh Jagdish Chander, R/o Flat No-203,Tower Park, Mapsko Royale Ville, Near Sapphire 83, Sector- 82A, Vatika Indian Next, Sikanderpur, Gurgaon, Haryana- 122004, I have changed the name of my minor Son Aarav aged about 8 Years and He shall hereafter be known as Shlok Minocha.

I, Diksha D/O Inder singh, R/o House No. 699, Sector 15, Hisar, Haryana- 125001. have changed my name and shall hereafter be Known as Diksha Bishnoi.

I, Deepraj S/O Sham Bahadur, R/o House No-1883, Burail, Chandigarh-160047, have changed my name and shall hereafter be Known as Deep Rajput.

I, Vishal Dawar S/O Kewal Krishan Dawar, R/o House 6/27, Shakti Nagar, Panipat, Haryana-132103, I have changed the name of my minor daughter Divisha aged about 7 years and She shall hereafter be known as Divisha Dawar.

I, Akashdeep S/O Pardeep Kumar, R/o House No 125, Bsf Colony, Jalandhar-I, Grain Market, Jalandhar, Punjab- 144008, have changed my name and shall hereafter be Known as Akashdeep Chhabra.

## Change of Name

I, Jaspreet Kaur Sidhu D/O Davinder Singh, R/o Bhinder Kalan, Moga, Punjab- 142041. have changed my name and shall hereafter be Known as Jaspreet Kaur.

I, Rita Chopra W/o Sunil Puri, R/o Plot No.4, Kot Kishan Chand, Jalandhar have changed my name from Rita Chopra to Reeta Puri

I Neha Dhingra W/o Arjun Sachdeva, R/o H.NO: EJ-233, Chahar Bagh, Jalandhar have changed my name from Neha Sachdeva to Neha Dhingra. All concerned please note.

I Alisha Verma W/o Karan Sachdeva R/o H.NO: EJ-233, Chahar Bagh, Jalandhar, have changed my name from Alisha Sachdeva to Alisha Verma.All concerned please note.

I, Karanbir Singh s/o Rattan Singh r/o Majitha Road Dashmesh Avenue, Po. Naushehra Nangli, Amritsar Punjab have change my surname as Karanbir Prajapat. All Please Note.

I, Reena Rani w/o Pawan Kumar r/o VPO. Khurla Kingra, Jalandhar have changed my name from Reena Rani to Rina Rani. All Please Note.

I, Nistha Chaudhary d/o Rakesh Kumar w/o Parmjit Dial Singh r/o H.No. 36, Professor Colony, Kapurthala have changed my name as Nistha, After Marriage. All Please Note.

I, Retinderdeep Singh s/o Gurdeep Singh r/o 15, Baba Makhan Shah Lubana nagar, Mithapur Road, Jalandhar have changed my name to Given name as Retinderdeep and Surname as Singh. All Please Note.

I, Sunita Devi d/o Sukhdev Singh w/o Narinder Kumar Jaggi r/o H.No. 511, Link Road, Backside Sat Kartar Dera, Jalandhar have changed my name as Sunita Jaggi. All Please Note.

I, Rimple w/o Avtar Birdi r/o H.No.133/1093, Rajput Nagar, Model House, Jalandhar have changed my name as Rimple Birdi (Surname as Birdi). All Please Note.

I, Ashwani Kumar s/o Rampal r/o 3B Parkview Apartment Peermuchhala Zirakpur Distt. SAS Nagar (Mohali) have changed my minor Son's name from Anshuman to Aarav Kumar. All Please Note.

I, Reena w/o Sandeep Singh r/o Vill. Chattowal, Po. Rajpur Gahot, Hoshiarpur-144212, Punjab have changed my name as Kaur Reena. All Please Note.

I, Ashok Kumar alias Ashok Arora S/o Dharam Chand R/o H. No. 52-C, Rajguru Nagar, Ludhaina have changed my name to Ashok Kumar Arora, Concerned please note.

I, Gurmit Kaur W/o Tarsem Singh R/o House No. 4147, Mohalla Tahli Wala, Furniture Bazar, Kartarpur, District Jalandhar, Punjab-144801 declare that I have changed my name from Gurmit Kaur to Gurmeet Kaur. Concerned Please note.

I, Bakhtor Singh S/o Dalip Singh. R/o VPO Hayat Nagar, Tehsil/Distt. Gurdaspur, Punjab-143521. Have changed my name from Bakhtor Singh to Bakhtaur Singh.

## ਆਮ ਸੂਚਨਾ

ਮੈਂ ਸ਼ੀਤਲ ਵੋਹਰਾ ਪਤਨੀ ਰਮਨ ਵੋਹਰਾ ਵਾਸੀ ਮਕਾਨ ਨੰ. 28/6, ਗਲੀ ਨੰ. 2, ਵਿਜੈ ਨਗਰ ਬਟਾਲਾ ਰੋਡ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੈਂ ਆਪਣੇ ਲੜਕੇ ਅਵਨ ਵੋਹਰਾ ਅਤੇ ਇਸ ਦੀ ਪਤਨੀ ਇਸ਼ਾ ਵੋਹਰਾ ਨੂੰ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ 'ਪੰਜਾਬ ਟਾਈਮਜ਼' ਅਖ਼ਬਾਰ ਰਾਹੀਂ ਮਿਤੀ 1.12.2022 ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਇਹ ਦੋਵੇਂ ਮੇਰੇ ਕਹਿਣੇ ਵਿਚ ਹਨ, ਮੇਰੀ ਹਰ ਗੱਲ ਮੰਨਦੇ ਹਨ ਤੇ ਮੇਰੀ ਸੇਵਾ ਤੇ ਦੇਖਭਾਲ ਕਰਦੇ ਹਨ। ਮੈਂ ਉਨ੍ਹਾਂ ਨੂੰ ਦਿੱਤੀ ਹੋਈ ਬੇਦਖਲੀ ਵਾਪਸ ਲੈਂਦੀ ਹਾਂ। ਹੁਣ ਉਹ ਦੋਵੇਂ ਮੇਰੀ ਜਾਇਦਾਦ ਦੇ ਪੂਰੇ ਪੂਰੇ ਹੱਕਦਾਰ ਹੋਣਗੇ।

ਇਕ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: ਕੇ 4 1379 ਏ ਪੀ 5 ਬੀ ਐੱਚ ਪੀ, ਜੋ ਕਿ ਜੋਗਿੰਦਰ ਸਿੰਘ ਪੁੱਤਰ ਜਵਾਲਾ ਸਿੰਘ ਕੋਟ ਮਿਤ ਸਿੰਘ ਅੰਮ੍ਰਿਤਸਰ ਦੇ ਨਾਂਅ 'ਤੇ ਚੱਲ ਰਿਹਾ ਹੈ, ਨੂੰ ਅਰਵਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ 81-ਬੀ, ਬਸੰਤ ਐਵੀਨਿਊ ਅੰਮ੍ਰਿਤਸਰ ਨੇ ਆਪਣੇ ਨਾਂਅ ਕਰਨ ਦੀ ਅਰਜ਼ੀ ਦਿੱਤੀ ਹੈ, ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ, ਉਹ 7 ਦਿਨਾਂ ਦੇ ਅੰਦਰ-ਅੰਦਰ ਗਿਲਵਾਲੀ, ਤਰਨ ਤਾਰਨ ਬਿਜਲੀ ਘਰ ਨਾਲ ਸੰਪਰਕ ਕਰੇ, ਨਹੀਂ ਤਾਂ ਤਬਦੀਲੀ ਕਰ ਦਿੱਤੀ ਜਾਵੇਗੀ। ਪੀ. ਐੱਸ. ਪੀ. ਸੀ. ਐੱਲ.

ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ 3004319890, ਹਾਰਸ ਪਾਵਰ 25 ਜੋ ਦਰਸ਼ਨ ਸਿੰਘ ਪੁੱਤਰ ਬੂਟਾ ਸਿੰਘ ਵਾਸੀ ਹਰਿਆਊ ਕਲਾਂ ਦੇ ਨਾਮ ਚੱਲਦਾ ਹੈ ਨੂੰ ਆਪਣੇ ਨਾਮ ਕਰਨ ਲਈ ਗੁਰਪਿਆਰ ਸਿੰਘ ਪੁੱਤਰ ਦਰਸ਼ਨ ਸਿੰਘ ਨੇ ਦਰਖਾਸਤ ਦਿੱਤੀ ਅਗਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਵਿੱਚ ਪੇਸ਼ ਕਰੇ। ਐਸ ਡੀ ਓ ਪਾਵਰਕਾਮ ਪਾਤੜਾਂ (ਸਿਟੀ)।

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ 3004320114, ਹਾਰਸ ਪਾਵਰ 20 ਅਨੋਖਾ ਸਿੰਘ ਪੁੱਤਰ ਨੰਦ ਸਿੰਘ ਨੂੰ ਆਪਣੇ ਨਾਮ ਕਰਨ ਲਈ ਨਰਮਿੰਦਰਜੀਤ ਸਿੰਘ ਪੁੱਤਰ ਸਤਨਾਮ ਸਿੰਘ ਵਾਸੀ ਹਰਿਆਊ ਖੁਰਦ ਨੇ ਦਰਖਾਸਤ ਦਿੱਤੀ ਹੈ ਅਗਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਵਿੱਚ ਪੇਸ਼ ਕਰੇ। ਐਸ ਡੀ ਓ ਪਾਵਰਕਾਮ ਪਾਤੜਾਂ (ਸਿਟੀ)

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਟਿਊਬਵੈਲ ਕੁਨੈਕਸ਼ਨ ਖਾਤਾ ਨੰਬਰ ਪੀ ਬੀ 1867, ਹਾਰਸ ਪਾਵਰ 20 ਜੋ ਸੁਖਦੇਵ ਸਿੰਘ ਪੁੱਤਰ ਪਾਲਾ ਸਿੰਘ ਵਾਸੀ ਮੌਲਵੀਵਾਲਾ ਦੇ ਨਾਮ ਚੱਲਦਾ ਹੈ ਨੂੰ ਆਪਣੇ ਨਾਮ ਕਰਨ ਲਈ ਅਮਰਦੀਪ ਸਿੰਘ ਪੁੱਤਰ ਹਰਭਜਨ ਸਿੰਘ ਨੇ ਦਰਖਾਸਤ ਦਿੱਤੀ ਹੈ। ਅਗਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਵਿੱਚ ਪੇਸ਼ ਕਰੇ। ਐਸ ਡੀ ਓ ਪਾਵਰਕਾਮ ਪਾਤੜਾਂ (ਦਿਹਾਤੀ)।

## ਨਾਂਅ ਦੀ ਬਦਲੀ

ਮੈਂ ਇੰਦਰਜੀਤ ਕੌਰ ਮੱਲ , ਪਤਨੀ ਕੁਲਵੀਰ ਰਾਮ ਹਾਊਸ ਨੰਬਰ 514/729,ਗਲੀ ਨੰਬਰ 9, ਭਾਰਤੀ ਕਲੋਨੀ, ਪੋਸਟ ਆਫ਼ਿਸ ਨੇਤਾ ਜੀ ਨਗਰ,ਨੇੜੇ ਜਲੰਧਰ ਬਾਈਪਾਸ, ਲੁਧਿਆਣਾ. 141008. ਐਲਾਨ ਕਰਦੀ ਹਾਂ ਕਿ ਮੈਂ ਆਪਣਾ ਨਾਮ ਇੰਦਰਜੀਤ ਕੌਰ ਤੋਂ ਬਦਲ ਕੇ ਇੰਦਰਜੀਤ ਕੌਰ ਮੱਲ ਰੱਖ ਲਿਆ ਹੈ। ਸਾਰੇ ਸਕੇ ਸੰਬੰਧੀ ਨੋਟ ਕਰਨ।

ਮੈਂ ਵਿਜੇ ਪੁੱਤਰ ਗੁਰਮੇਲ ਸਿੰਘ ਪਿੰਡ ਜਾਤੀਕੇ ਜ਼ਿਲ੍ਹਾ ਕਪੂਰਥਲਾ । ਮੈਂ ਆਪਣਾ ਨਾਮ ਵਿਜੇ ਤੋਂ ਬਦਲ ਕੇ ਵਿਜੇ ਸਿੰਘ ਰੱਖ ਲਿਆ ਹੈ ਕਿਰਪਾ ਸਾਰੇ ਨੋਟ ਕਰਨ।

ਮੈਂ, ਕਵਲਜੀਤ ਕੌਰ ਪਤਨੀ ਬੂਟਾ ਸਿੰਘ ਵਾਸੀ ਬੋਪਾਰਾਏ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਦੀ ਰਹਿਣ ਵਾਲੀ ਹਾਂ।ਮੈਂ ਆਪਣਾ ਨਾਂ ਕਵਲਜੀਤ ਕੌਰ ਤੋਂ ਬਦਲ ਕੇ ਕੁਲਜੀਤ ਕੌਰ ਰੱਖ ਲਿਆ ਹੈ । ਮੈਨੂੰ ਕੁਲਜੀਤ ਕੌਰ ਦੇ ਨਾਅ ਨਾਲ ਜਾਣਿਆ ਜਾਵੇ ।ਸਬੰਧਤ ਨੋਟ ਕਰ ਲੈਣ ।

ਮੈਂ ਵਿਜੇਤਾ ਪੁੱਤਰ ਭਗਤ ਰਾਮ ਵਾਸੀ ਪਿੰਡ ਤਾਰਾਗੜ੍ਹ,ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ। ਮੈਂ ਆਪਣਾ ਨਾਂਮ ਵਿਜੇਤਾ ਤੋਂ ਬਦਲ ਕੇ ਵਿਜੇਤਾ ਸੰਗਰ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਸਤਿੰਦਰ ਕੌਰ ਪੁੱਤਰੀ ਕਸ਼ਮੀਰ ਸਿੰਘ ਪਤਨੀ ਗੁਲਜ਼ਾਰ ਸਿੰਘ ਵਾਸੀ ਪਿੰਡ ਮੱਲਾ ਕੰਗ, ਡਾਕਘਰ ਕੰਗ, ਤਰਨ ਤਾਰਨ ਪੰਜਾਬ-143406 ਨੇ ਸ਼ਾਦੀ ਤੋਂ ਬਾਅਦ ਆਪਣਾ ਨਾਂਅ ਸਤਿੰਦਰ ਕੌਰ ਤੋਂ ਬਦਲ ਕੇ ਜਤਿੰਦਰ ਕੌਰ ਕਰ ਲਿਆ ਹੈ।

## PUBLIC NOTICE

I, Simranpreet Singh S/o Shamsher Singh. R/o Vill. Mallian Pakkian, Distt. Gurdaspur, Punjab - 143518. Declare That My given name as Simranpreet and my Surname as Singh.

I, Sumitra Angral W/o Sant Ram. R/o 206/8 Improvement Trust Colony # 5 Jail Road, Gurdaspur. Tehsil/Distt. Gurdaspur, Punjab. Declare That is Known my name Sumitra Angral and Sumitra is one and Same person.

It Is for General Information That I Harjinder Singh S/o Mengha Singh. R/o Village Sadda, P/o Magar Mudian Gurdaspur, Punjab. Pin Code-143521. Declare that name of my Wife has been wrongly written as Balwinder Kaur in my Passport No. U5675521. The actual name of my wife are Sukhjit Kaur respectively which may be Amended Accordingly.

I, Rama Rani W/o Surinder Mohan Sharma. R/o H. No- 171/11, Prem Nagar Takhia Hardochannia Road, Gurdaspur. Tehsil Distt. Gurdaspur, Punjab. Declare that is known my name Rama Rani and Rama Sharma is one and same person.

## ਬੇਦਖਲੀ ਨੋਟਿਸ

ਮੈਂ, ਰਮੇਸ਼ ਕੁਮਾਰ ਪੁੱਤਰ ਸ੍ਰੀ ਹੰਸ ਰਾਜ ਵਾਸੀ ਮਕਾਨ ਨੰਬਰ 8/1844 ਮੇਨ ਬਾਜ਼ਾਰ ਅਹਾਤਾ ਨੰਬਰ 66, ਡੈਮ ਗੰਜ, ਅੰਮ੍ਰਿਤਸਰ ਪੰਜਾਬ-143001 ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਾਹੁਲ ਕੁਮਾਰ (ਕੁਆਰਾ) ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਕੇਵਲ ਸਿੰਘ ਪੁੱਤਰ ਗੁਰਮੇਜ ਸਿੰਘ ਵਾਸੀ ਪਿੰਡ ਪੰਜਵੜ ਖੁਰਦ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਲਵਪ੍ਰੀਤ ਸਿੰਘ (ਕੁਆਰਾ) ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਮੇਰੇ ਅਤੇ ਮੇਰੇ ਪਰਵਾਰ ਨਾਲ ਇਸ ਦਾ ਕੋਈ ਸੰਬੰਧ ਨਹੀਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਭੁੱਲਾ ਸਿੰਘ ਪੁੱਤਰ ਸ੍ਰੀ ਫੌਜਾ ਸਿੰਘ ਵਾਸੀ ਪਿੰਡ ਅਵਾਨ ਘੋੜੇਸ਼ਾਹ, ਤਹਿਸੀਲ ਟਾਂਡਾ (ਹੁਸ਼ਿਆਰਪੁਰ) ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਭਿੰਦਰ ਸਿੰਘ, ਨੂੰਹ ਰਵਿੰਦਰ ਕੌਰ, ਪੋਤਰੇ ਹਰਮਨ ਅਤੇ ਹੈਰੀ ਅਤੇ ਦੋ ਲੜਕੀਆਂ ਗੁਰਮੀਤ ਕੌਰ ਅਤੇ ਰਾਜ ਕੌਰ, ਜੋ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ, ਸੰਬੰਧ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਬਾਕੀ ਮੈਂਬਰਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। (ਬਹਿਲ)

ਮੈਂ, ਜਗਤਾਰ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਪਿੰਡ ਮੀਮਸਾ, ਤਹਿਸੀਲ ਧੂਰੀ (ਸੰਗਰੂਰ) ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਸਵੀਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। (ਬਿੰਨੀ ਗਰਗ)

ਮੈਂ, ਜਤਿੰਦਰ ਸਿੰਘ ਪੁੱਤਰ ਸ੍ਰੀ ਸੇਵਾ ਸਿੰਘ ਵਾਸੀ ਐੱਲ-3/1049 ਗਲੀ ਨੰਬਰ 3, ਨਿਊ ਸ਼ਹੀਦ ਊਧਮ ਸਿੰਘ ਨਗਰ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਪਸ਼ਮੀਨ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਮੇਰੇ ਨਾਲ ਲੜਾਈ-ਝਗੜਾ ਕਰਦੀ ਹੈ। ਆਪਣੀ ਮਰਜ਼ੀ ਨਾਲ ਸ਼ਾਦੀ ਕਰਵਾ ਲਈ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਜਸਬੀਰ ਸਿੰਘ ਪੁੱਤਰ ਅਜੈਬ ਸਿੰਘ ਵਾਸੀ ਪਿੰਡ ਢੰਡ, ਤਹਿ. ਤੇ ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪ੍ਰਭਜੋਤ ਸਿੰਘ ਅਤੇ ਮੇਰੀ ਨੂੰਹ ਪੂਜਾ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਨ੍ਹਾਂ ਦਾ ਕੋਈ ਸੰਬੰਧ ਨਹੀਂ ਹੈ।

ਮੈਂ, ਅਮਰੀਕ ਸਿੰਘ ਪੁੱਤਰ ਪਾਲ ਸਿੰਘ ਵਾਸੀ ਸਭਰਾ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਦਿਲਬਾਗ ਸਿੰਘ ਅਤੇ ਇਸ ਦੀ ਪਤਨੀ ਮਨਪ੍ਰੀਤ ਕੌਰ ਅਤੇ ਦੂਸਰਾ ਲੜਕਾ ਸਤਨਮ ਸਿੰਘ ਅਤੇ ਇਸ ਦੀ ਪਤਨੀ ਲਵਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮੈਨੂੰ ਤੰਗ-ਪ੍ਰੇਸ਼ਾਨ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਰਜਿੰਦਰ ਸਿੰਘ ਪੁੱਤਰ ਹਰਨੇਕ ਸਿੰਘ ਵਾਸੀ ਪਿੰਡ ਬੁਰਜ ਹਮੀਰਾ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਕੁਦਰਤੀ ਲੜਕਾ ਬਿਕਰਮਜੀਤ ਸਿੰਘ ਧਾਲੀਵਾਲ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਗੁਰਾਂ ਦਾਸ ਪੁੱਤਰ ਰੱਖਾ ਰਾਮ ਵਾਸੀ ਪਿੰਡ ਟੈਟਪਾਲ, ਡਾਕ. ਚੱਕ ਲਾਦੀਆਂ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਬਿਕਰਮ ਸਿੰਘ ਅਤੇ ਉਸ ਦੀ ਪਤਨੀ ਕਿਰਨਾ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਲੀਲਾ ਦੇਵੀ ਪਤਨੀ ਲੇਟ ਸ੍ਰੀ ਰਾਮ ਕੁਮਾਰ ਵਾਸੀ ਮਕਾਨ ਨੰ: ਈ ਪੀ 257 ਚੌਕ ਕੌੜੇ ਸ਼ਾਹ, ਰਸਤਾ ਮੁਹੱਲਾ ਅਤੇ ਈ ਐੱਨ 130, ਰਸਤਾ ਮੁਹੱਲਾ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰੀਆਂ ਲੜਕੀਆਂ ਕਿਰਨ ਬਾਲਾ, ਸ਼ਾਮਾ ਰਾਣੀ, ਰਜਨੀ ਬਾਲਾ ਅਤੇ ਲੜਕਾ ਅਨਿਲ ਕੁਮਾਰ, ਉਸ ਦੀ ਪਤਨੀ ਲਲਿਤਾ ਦੇਵੀ, ਇਨ੍ਹਾਂ ਦੇ ਬੱਚੇ ਰੋਹਿਤ ਕੁਮਾਰ ਤੇ ਅਮਿਤ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਸੁਮਨ ਸ਼ਰਮਾ ਪਤਨੀ ਰਾਮ ਕੁਮਾਰ ਸ਼ਰਮਾ ਵਾਸੀ ਮਕਾਨ ਨੰ. ਐਫ11/592, ਗਲੀ ਨੰਬਰ 6, ਪੈਰਿਸ ਟਾਊਨ,ਬਟਾਲਾ ਰੋਡ,ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਮੋਹਿਤ ਸ਼ਰਮਾ ਜੋ ਕਿ ਸ਼ਾਦੀਸ਼ੁਦਾ ਹੈ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹੈ,ਆਪਣੀ ਮਨ ਮਰਜੀ ਕਰਦਾ ਹੈ ਅਤੇ ਬਹੁਤ ਤੰਗ ਪਰੇਸ਼ਾਨ ਕਰਦਾ ਹੈ। ਮੈਂ ਉਸਨੂੰ ਆਪਣੀ ਹਰ ਕਿਸਮ ਦੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਅਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ।

ਮੈ ਕੰਵਲਜੀਤ ਕੌਰ ਪਤਨੀ ਲੇਟ ਸ੍ਰ: ਹਰਜਿੰਦਰ ਸਿੰਘ ਵਾਸੀ: ਮ: ਨੰ: 1506 ਗਲੀ ਨੰ: 6 ਗੋਬਿੰਦਪੁਰਾ ਪੁਰਾਣੀ ਚੁੰਗੀ ਛੇਹਰਟਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਹਰਮਨਦੀਪ ਸਿੰਘ ਜੋ ਸ਼ਾਦੀ ਸੁਦਾ ਹੈ ਤੇ ਉਸ ਦੀ ਪਤਨੀ ਮਨਜੀਤ ਕੌਰ ਹੈ , ਮੇਰਾ ਉਕਤ ਲੜਕਾ ਮੇਰੇ ਕਹਿਣੇ ਤੋ ਬਾਹਰ ਹੈ ,ਮੈ ਆਪਣੀ ਪੂਰੀ ਹੋਸ ਹਵਾਸ ਅਤੇ ਬਿਨਾਂ ਕਿਸੇ ਦਬਾਅ ਵਿਚ ਹੁੰਦਿਆ ਹੋਇਆ ਆਪਣੇ ਲੜਕੇ ਹਰਮਨਦੀਪ ਸਿੰਘ ਅਤੇ ਉਸ ਦੀ ਪਤਨੀ ਮਨਜੀਤ ਕੌਰ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋ ਬੇਦਖਲ ਕਰਦੀ ਹਾਂ ਜੋ ਵੀ ਸਖਸ ਇਨਾਂ ਨਾਲ ਲੈਣ ਦੇਣ ਜਾਂ ਹੋਰ ਕਾਰਵਿਹਾਰ ਕਰੇਗਾ ਉਹ ਖੁਦ ਜਿੰਮੇਵਾਰ ਹੋਵੇਗਾ ਅੱਜ ਤੋ ਬਾਅਦ ਮੇਰਾ ਜਾਂ ਮੇਰੇ ਬਾਕੀ ਪਰਿਵਾਰ ਦਾ ਕੋਈ ਤਲਕ ਵਾਸਤਾ ਨਹੀ ਹੋਵੇਗਾ।

ਮੈਂ, ਉਪਵਿੰਦਰ ਸਿੰਘ ਪੁੱਤਰ ਲੇਟ ਗੁਰਬਚਨ ਸਿੰਘ ਵਾਸੀ 125-ਏ, ਰੈਜੀਡੈਂਸੀ ਵਿਹਾਰ, ਨੇੜੇ ਸੁਦਾਮਾ ਨਗਰ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਪ੍ਰੀਤਪਿੰਦਰ ਸਿੰਘ ਵਾ ਉਸਦੀ ਪਤਨੀ ਬਲਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਸੁਰਜੀਤ ਸਿੰਘ ਪੁੱਤਰ ਸ੍ਰੀ ਦਸੋਧੀ ਰਾਮ ਵਾਸੀ ਪਿੰਡ ਬਰੂਹੀ, ਡਾਕਖਾਨਾ ਕੋਈ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਬਲਵਿੰਦਰ ਸਿੰਘ ਵਾ ਉਸਦੀ ਪਤਨੀ ਸੁਮਨ ਦੇਵੀ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਜਾਂ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਸਪੋਰਟਸ ਵਿੰਗ ਸਕੂਲਾਂ 'ਚ ਖਿਡਾਰੀਆਂ ਦੇ ਦਾਖਲੇ ਲਈ ਟਰਾਇਲ ਅੱਜ ਤੋਂ




ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)—ਪੰਜਾਬ ਸਰਕਾਰ ਦੇ ਖੇਡ ਵਿਭਾਗ ਵੱਲੋਂ ਸਾਲ 2025-26 ਦੇ ਸੈਸ਼ਨ ਦੌਰਾਨ ਸਪੋਰਟਸ ਵਿੰਗ ਸਕੂਲਾਂ ਵਿਚ ਖਿਡਾਰੀਆਂ ਨੂੰ ਦਾਖਲ ਕਰਨ ਲਈ 08 ਅਪ੍ਰੈਲ ਤੋਂ 12 ਅਪ੍ਰੈਲ ਤੱਕ ਲੜਕੇ-ਲੜਕੀਆਂ ਦੇ ਟਰਾਇਲ ਕਰਵਾਏ ਜਾਣਗੇ।ਲੜਕੇ ਅਤੇ ਲੜਕੀਆਂ ਦੇ ਟਰਾਇਲ (ਐਥਲੈਟਿਕਸ) ਗੁਰਸੀਸ ਸਿੰਘ 7527861523, ਖੇਡ ਭਵਨ ਸੈਕਟਰ-78, ਮੋਹਾਲੀ, (ਬੈਡਮਿੰਟਨ) ਤਰਨਜੀਤ ਸਿੰਘ 9888881619, ਖੇਡ ਭਵਨ ਸੈਕਟਰ-78, ਮੋਹਾਲੀ, (ਤੈਰਾਕੀ) ਜੋਨੀ ਭਾਟੀਆ 9803060214 ਖੇਡ ਭਵਨ ਸੈਕਟਰ-78, ਮੋਹਾਲੀ, (ਹੈਂਡਬਾਲ) ਰਾਕੇਸ਼ ਕੁਮਾਰ ਸ਼ਰਮਾ 9417338162 ਸ.ਸ.ਸ.ਸਕੂਲ 3ਬੀ1, ਮੋਹਾਲੀ, (ਫੁੱਟਬਾਲ) ਗੁਰਜੀਤ ਸਿੰਘ ਸ੍ਰੀ ਸੁਰਜੀਤ ਸਿੰਘ 9914083034, 9216159599,ਖੇਡ ਭਵਨ ਸੈਕਟਰ-78, ਮੋਹਾਲੀ, (ਵੇਟ ਲਿਫਟਿੰਗ) ਮਿਸ ਅਨੀਤਾ 9876226476 ਮੌਲੀ ਬੈਦਵਾਨ ਸੈਕਟਰ-80, ਮੋਹਾਲੀ, (ਬਾਸਕਿਟਬਾਲ) ਜਤਿੰਦਰ ਵਰਮਾ ਹਰਪ੍ਰੀਤ ਸਿੰਘ 9855551050, 9478904848 ਖੇਡ ਭਵਨ ਸੈਕਟਰ-78, (ਕੁਸ਼ਤੀ) ਨਵਦੀਪ ਸ਼ਰਮਾ, ਸੰਦੀਪ ਸਿੰਘ, ਰੋਹਿਤ ਕੰਵਰ 9478596735, 82888-63444, 7015234783 ਖੇਡ ਭਵਨ ਸੈਕਟਰ-78, (ਜਿਮਨਾਸਟਿਕਸ) ਮਨਦੀਪ ਕੁਮਾਰ, ਪੀ.ਆਈ.ਐਸ. ਖੇਡ ਭਵਨ ਸੈਕਟਰ-78, (ਕਬੱਡੀ) ਸ੍ਰੀਮਤੀ ਅਮਨਦੀਪ ਕੌਰ 7973395667 ਸ.ਸ.ਸ.ਸਕੂਲ ਗੀਗਾ ਮਾਜਰਾ ਵੱਲੋਂ ਲਏ ਜਾਣਗੇ। ਜ਼ਿਲ੍ਹਾ ਖੇਡ ਅਫ਼ਸਰ ਰੁਪੇਸ਼ ਕੁਮਾਰ ਬੇਗੜਾ ਨੇ ਦੱਸਿਆ ਕਿ ਟਰਾਇਲਾਂ ਵਿੱਚ ਅਥਲੈਟਿਕਸ, ਬੈਡਮਿੰਟਨ, ਤੈਰਾਕੀ, ਹੈਂਡਬਾਲ, ਫੁੱਟਬਾਲ, ਵੇਟ ਲਿਫਟਿੰਗ, ਬਾਸਕਿਟਬਾਲ, ਕੁਸ਼ਤੀ, ਜਿਮਨਾਸਟਿਕ ਅਤੇ ਕਬੱਡੀ ਖੇਡਾਂ ਸ਼ਾਮਿਲ ਹਨ।ਉਨ੍ਹਾਂ ਦੱਸਿਆ ਕਿ ਯੋਗ ਖਿਡਾਰੀ ਉਪਰੋਕਤ ਅਨੁਸਾਰ ਖੇਡ ਸਥਾਨ ਤੇ ਸਵੇਰੇ 8:30 ਵਜੇ ਰਿਪੋਰਟ ਕਰਨਗੇ ਅਤੇ ਭਾਗ ਲੈਣ ਵਾਲੇ ਖਿਡਾਰੀ ਜਨਮ ਅਤੇ ਖੇਡ ਪ੍ਰਾਪਤੀਆਂ ਦੇ ਅਸਲ ਸਰਟੀਫਿਕੇਟ ਅਤੇ ਉਹਨਾਂ ਦੀਆਂ ਕਾਪੀਆਂ ਸਮੇਤ 3 ਤਾਜ਼ਾ ਪਾਸਪੋਰਟ ਸਾਈਜ਼ ਫੋਟੋਆਂ ਲੈ ਕੇ ਆਉਣ, ਕਿਸੇ ਵੀ ਭਾਗ ਲੈਣ ਵਾਲੇ ਖਿਡਾਰੀ/ਖਿਡਾਰਨ ਨੂੰ ਟੀ.ਏ/ਡੀ.ਏ. ਨਹੀ ਦਿੱਤਾ ਜਾਵੇਗਾ।

# ਬਿਸ਼ਪ ਮਨੋਜ ਚਰਨ 8ਵੇਂ ਬਿਸ਼ਪ ਵਜੋਂ ਸਥਾਪਤ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਰਾਮ ਬਾਗ ਸਥਿਤ ਕ੍ਰਾਈਸਟ ਚਰਚ ਕੈਥੇਡ੍ਰਲ ਵਿਖੇ ਆਯੋਜਿਤ ਇੱਕ ਪ੍ਰਾਰਥਨਾ ਸਭਾ ਦੌਰਾਨ ਰਾਈਟ ਰੇਵ ਮਨੋਜ ਚਰਨ ਨੂੰ ਡਾਇਓਸਿਸ ਆਫ ਅੰਮ੍ਰਿਤਸਰ, ਚਰਚ ਆਫ ਨੌਰਥ ਇੰਡੀਆ ਦੇ ਅੱਠਵੇਂ ਬਿਸ਼ਪ ਵਜੋਂ ਸੇਵਾ ਸੰਭਾਲੀ।ਉਹ ਬਿਸ਼ਪ ਪੀ ਕੇ ਸਾਮੰਤਾਰਾਏ ਦੀ ਥਾਂ ਲੈਣਗੇ ਜੋ 31 ਮਾਰਚ ਨੂੰ ਸੇਵਾ ਮੁਕਤ ਹੋਏ ਸਨ।ਬਿਸ਼ਪ ਚਰਨ, ਜੋ ਕਿ ਚਰਚ ਆਫ ਨੌਰਥ ਇੰਡੀਆ ਦੇ ਇੱਕ ਸਤਿਕਾਰਯੋਗ ਆਗੂ ਹਨ, ਨੇ ਡਾਇਓਸਿਸ ਲਈ ਆਪਣੇ ਦ੍ਰਿਸ਼ਟੀਕੋਣ ਦੀ ਰੂਪ ਰੇਖਾ ਦਿੱਤੀ, ਜੋ ਸਮਾਜ ਵਿੱਚ ਸ਼ਾਂਤੀ, ਧਾਰਮਿਕ ਸਦਭਾਵਨਾ ਅਤੇ ਭਾਈਚਾਰਾ ਸਥਾਪਤ ਕਰਨ 'ਤੇ ਕੇਂਦ੍ਰਿਤ ਹੈ। ਬਿਸ਼ਪ ਚਰਨ ਨੇ ਕਿਹਾ, ਮੇਰਾ ਮੰਨਣਾ ਹੈ ਕਿ ਅਸੀਂ ਸਾਰੇ ਰਲ ਮਿਲ ਕੇ ਮਹਾਨ ਪ੍ਰਾਪਤੀਆਂ ਹਾਸਲ ਕਰ ਸਕਦੇ ਹਾਂ ਜਿਨ੍ਹਾਂ ਦਾ ਲੋਕਾਂ ਦੇ ਜੀਵਨ 'ਤੇ ਸਾਰਥਕ ਪ੍ਰਭਾਵ ਪਵੇਗਾ।ਉਨ੍ਹਾਂ ਨੇ ਭੋਪਾਲ ਡਾਇਓਸਿਸ ਦੇ ਮਾਡਰੇਟਰਜ਼ ਐਪੀਸਕੋਪਲ ਕਮਿਸਰੀ, ਯੂ ਸੀ ਐਨ ਆਈ ਟੀ ਏ ਦੇ ਟਰੱਸਟੀ ਅਤੇ ਸੀ ਐਨ ਆਈ ਟੀ ਏ ਦੇ ਡਾਇਰੈਕਟਰ ਵਰਗੇ ਮਹੱਤਵਪੂਰਨ ਅਹੁਦਿਆਂ 'ਤੇ ਵੀ ਕੰਮ ਕੀਤਾ ਹੈ।ਵੱਖ-ਵੱਖ ਅੰਤਰਰਾਸ਼ਟਰੀ ਧਰਮ ਸ਼ਾਸਤਰੀ ਸਮਾਗਮਾਂ ਵਿੱਚ ਹਿੱਸਾ ਲੈਣ ਤੋਂ ਇਲਾਵਾ, ਉਨ੍ਹਾਂ ਨੇ ਲੈਂਬਥ ਕਾਨਫਰੰਸ (2022) ਵਿੱਚ ਸੀ ਐਨ ਆਈ ਦੀ ਨੁਮਾਇੰਦਗੀ ਵੀ ਕੀਤੀ। ਇਸ ਪ੍ਰਾਰਥਨਾ ਸਭਾ ਦੌਰਾਨ ਰਾਈਟ ਰੈਵਰੈਂਡ ਸਿਲਵਾਨਸ ਕ੍ਰਿਸਚੀਅਨ, ਬਿਸ਼ਪ, ਡਾਇਓਸਿਸ ਆਫ ਗੁਜਰਾਤ, ਸੀ ਐਨ ਆਈ, ਨੇ ਪਵਿੱਤਰ ਬਾਈਬਲ ਵਿੱਚੋਂ ਉਪਦੇਸ਼ ਦਿੱਤਾ। ਦ ਮੋਸਟ ਰੈਵਰੈਂਡ ਬੀ ਕੇ ਨਾਇਕ, ਮੋਡੇਰੇਟਰ, ਸੀ ਐਨ ਆਈ, ਵੀ ਇਸ ਪ੍ਰਾਰਥਨਾ ਸਭਾ, ਜਿਸ ਵਿੱਚ ਵੱਡੀ ਗਿਣਤੀ ਵਿੱਚ ਪਾਦਰੀ, ਡਾਇਓਸਿਸ ਦੇ ਅਧਿਕਾਰੀ, ਆਮ ਲੋਕ ਅਤੇ ਈਸਾਈ ਭਾਈਚਾਰੇ ਅਤੇ ਸਿਵਲ ਸੁਸਾਇਟੀ ਦੇ ਉੱਘੇ ਮੈਂਬਰ ਸ਼ਾਮਲ ਹੋਏ।

# ਸੰਸਦ 'ਚ ਬਿੱਲ ਨੂੰ ਮਨਜ਼ੂਰੀ ਦੇ ਕੇ ਨਿਰਾਸ਼ ਲੋਕਾਂ ਨੂੰ ਉਮੀਦ ਦੀ ਕਿਰਨ ਦਿਖਾਈ : ਵਿਨੈ ਚੌਧਰੀ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਅੱਜ ਦੀਨਾਨਗਰ ਤੋਂ ਭਾਜਪਾ ਦੇ ਸੀਨੀਅਰ ਨੇਤਾ ਵਿਨੈ ਚੌਧਰੀ ਨੇ ਪ੍ਰੈਸ ਨੂੰ ਬਿਆਨ ਦਿੰਦਿਆਂ ਕਿਹਾ ਕਿ ਵਕਫ਼ ਬੋਰਡ ਵਿੱਚ ਸੋਧ ਨੂੰ ਲੈ ਕੇ ਦੇਸ਼ ਦੀਆਂ ਦੋਵੇਂ ਵਿਧਾਨ ਸਭਾਵਾਂ ਵਿੱਚ ਭਾਰੀ ਵੋਟਾਂ ਨਾਲ ਪਾਸ ਕੀਤਾ ਗਿਆ ਹੈ। ਜਿਸ ਨਾਲ ਦੇਸ਼ ਅਤੇ ਦੇਸ਼ ਵਾਸੀਆਂ ਵਿੱਚ ਖੁਸ਼ੀ ਦੀ ਲਹਿਰ ਦੇਖਣ ਨੂੰ ਮਿਲੀ ਹੈ। ਉਨ੍ਹਾਂ ਕਿਹਾ ਕਿ ਇਹ ਬਿੱਲ ਦੇਸ਼ ਅਤੇ ਸਾਰੀਆਂ ਜਾਤਾਂ, ਧਰਮਾਂ ਅਤੇ ਸਮੂਹਾਂ ਦੇ ਦੇਸ਼ ਵਾਸੀਆਂ ਦੇ ਹਿੱਤ ਵਿੱਚ ਹੈ। ਵਿਨੈ ਚੌਧਰੀ ਨੇ ਕਿਹਾ ਕਿ ਪੂਰੇ ਦੇਸ਼ ਵਿੱਚ ਬਹੁਤ ਲੋਕ ਅਜਿਹੇ ਸਨ ਜੋ ਇਸ ਬੋਰਡ ਕਾਰਨ ਆਪਣੀਆਂ ਜ਼ਮੀਨਾਂ ਦੇ ਮਾਲਕ ਹੁੰਦਿਆਂ ਹੋਇਆਂ ਵੀ ਆਪਣੀਆਂ ਜ਼ਮੀਨਾਂ ਦੇ ਮਾਲਕ ਨਹੀਂ ਸਨ। ਇਸ ਮੌਕੇ ਚੌਧਰੀ ਨੇ ਆਪਣੇ ਅਤੇ ਆਪਣੀ ਸਮੁੱਚੀ ਵਿਧਾਨ ਸਭਾ ਦੇ ਲੋਕਾਂ ਵਲੋਂ ਮੋਦੀ ਸਰਕਾਰ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਧੰਨਵਾਦ ਕਰਦਿਆ ਕਿਹਾ ਕਿ ਦੇਸ਼ ਦੇ ਲੱਖਾਂ-ਕਰੋੜਾਂ ਲੋਕਾਂ ਦੀਆਂ ਸਮੱਸਿਆਵਾਂ ਨੂੰ ਧਿਆਨ ਵਿੱਚ ਰੱਖਦਿਆਂ ਪਹਿਲਾਂ ਕੈਬਨਿਟ ਅਤੇ ਫਿਰ ਸੰਸਦ ਵਿੱਚ ਬਿੱਲ ਨੂੰ ਮਨਜ਼ੂਰੀ ਦੇ ਕੇ ਨਿਰਾਸ਼ ਲੋਕਾਂ ਨੂੰ ਉਮੀਦ ਦੀ ਕਿਰਨ ਦਿਖਾਈ ਹੈ।

# ਪੰਜਾਬ ਸਰਕਾਰ ਵੱਲੋਂ ਰਾਜ 'ਚ ਸਿੱਖਿਆ ਕ੍ਰਾਂਤੀ ਦੀ ਸ਼ੁਰੂਆਤ : ਚੇਅਰਮੈਨ ਸੇਖਵਾਂ





ਧਾਰੀਵਾਲ, ਕਾਹਨੂੰਵਾਨ, (ਮਨਦੀਪ ਸਿੰਘ ਵਿੱਕੀ) - ਪੰਜਾਬ ਸਰਕਾਰ ਵੱਲੋਂ ਪਿਛਲੇ ਤਿੰਨ ਸਾਲਾਂ ਦੌਰਾਨ ਸਿੱਖਿਆ ਖੇਤਰ ਨੂੰ ਉਚੇਚੇ ਤੌਰ 'ਤੇ ਕੇਂਦਰਿਤ ਕਰਕੇ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਗਿਆ ਹੈ ਅਤੇ ਆਉਣ ਵਾਲੇ ਦੋ ਸਾਲਾਂ ਵਿੱਚ ਇਹਨਾਂ ਉੱਤੇ ਹੋਰ ਜ਼ੋਰ ਦਿੱਤਾ ਜਾਵੇਗਾ। ਉਕਤ ਵਿਚਾਰਾਂ ਦਾ ਪ੍ਰਗਟਾਵਾ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਨੈਨੇਕੋਟ, ਸਰਕਾਰੀ ਪ੍ਰਾਇਮਰੀ ਸਕੂਲ ਭਿਖਾਰੀ ਹਾਰਨੀ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਲੱਖਣਪੁਰ ਵਿਖੇ ਸਾਇੰਸ ਰੂਮ, ਕਲਾਸ ਰੂਮ, ਸਕੂਲ ਦੀ ਚਾਰਦੀਵਾਰੀ ਦਾ ਉਦਘਾਟਨ ਕਰਨ ਮੌਕੇ ਕੀਤਾ। ਚੇਅਰਮੈਨ ਸੇਖਵਾਂ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਦਾ ਵਿਸ਼ੇਸ਼ ਧਿਆਨ ਸਿੱਖਿਆ ਤੇ ਸਿਹਤ ਉੱਤੇ ਲੱਗਾ ਹੋਇਆ ਹੈ। ਉਨ੍ਹਾਂ ਕਿਹਾ ਕਿ ਅੱਜ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਸਾਬਕਾ ਸਿੱਖਿਆ ਮੰਤਰੀ ਮਨੀਸ਼ ਸਿਸੋਦੀਆ ਦੀ ਅਗਵਾਈ ਹੇਠ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਰਾਜ ਵਿੱਚ ਸਿੱਖਿਆ ਕ੍ਰਾਂਤੀ ਦੀ ਸ਼ੁਰੂਆਤ ਕੀਤੀ ਗਈ ਹੈ, ਜੋ ਕਿ ਸਕੂਲਾਂ ਦੀ ਤਸਵੀਰ ਅਤੇ ਇੱਥੇ ਪੜ੍ਹਨ ਵਾਲੇ ਬੱਚਿਆਂ ਦੀ ਤਕਦੀਰ ਬਦਲੇਗੀ। ਇਸ ਮੌਕੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਬਲਵਿੰਦਰ ਸਿੰਘ ਗਿੱਲ, ਸੀ ਐਚ ਟੀ ਅਸ਼ਵਨੀ ਫੱਜੂਪੁਰ ਅਤੇ ਸਮੂਹ ਸਟਾਫ ਮੈਂਬਰ ਅਤੇ ਹੋਰ ਪਤਵੰਤੇ ਹਾਜ਼ਰ ਸਨ।

## ਬੇਦਖਲੀ ਨੋਟਿਸ

ਮੈਂ ਅਮਰਜੀਤ ਕੌਰ ਵਿਧਵਾ ਗੁਰਬਖ਼ਸ਼ ਸਿੰਘ ਵਾਸੀ ਢਾਬ ਖੁਸ਼ਹਾਲ ਜੋਇਆ, ਤਹਿਸੀਲ ਜਲਾਲਾਬਾਦ ਜ਼ਿਲ੍ਹਾ ਫਾਜ਼ਿਲਕਾ ਦੀ ਰਹਿਣ ਵਾਲੀ ਹਾਂ। ਮੇਰੀ ਲੜਕੀ ਗੁਰਪ੍ਰੀਤ ਕੌਰ ਮੇਰੇ ਅਤੇ ਮੇਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਅੱਜ ਤੋਂ ਬਾਅਦ ਮੇਰੇ ਅਤੇ ਮੇਰੇ ਪਰਿਵਾਰ ਦਾ ਉਸ ਨਾਲ ਤਾਲੁਕ ਵਾਸਤਾ ਨਹੀਂ ਰਿਹਾ। ਸਬੰਧਤ ਨੋਟ ਕਰਨ।

ਮੈਂ ਗੁਰਪ੍ਰੀਤ ਕੌਰ ਪਤਨੀ ਸਤਨਾਮ ਸਿੰਘ ਵਾਸੀ ਸੈਦੋਕੇ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਅਕਾਸ਼ਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਕਰਨੈਲ ਸਿੰਘ ਪੁੱਤਰ ਮਨੋਹਰ ਸਿੰਘ 64 ਸਾਲ ਵਾਸੀ ਮਕਾਨ ਨੰਬਰ 298/3, ਬਾਣੀਆ ਮੁਹੱਲਾ ਕਰਤਾਰਪੁਰ, ਜ਼ਿਲ੍ਹਾ ਜਲੰਧਰ-144801, ਮੇਰਾ ਲੜਕਾ ਬਲਬੀਰ ਸਿੰਘ ਅਤੇ ਮੇਰੀ ਨੂੰਹ ਗੁਰਵਿੰਦਰ ਕੌਰ ਪਤਨੀ ਬਲਬੀਰ ਸਿੰਘ, ਮੇਰਾ ਪੋਤਰਾ ਰਾਜਵੀਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਅਗਾਂਹ ਤੋਂ ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਪ੍ਰਕਾਸ਼ ਕੌਰ ਵਿਧਵਾ ਦੇਸ ਸਿੰਘ ਪਿੰਡ ਧਰਮਕੋਟ ਡਾਕਖਾਨਾ ਦਾਰਾਪੁਰ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਗੁਰਮੁੱਖ ਸਿੰਘ, ਉਸ ਦੀ ਪਤਨੀ ਮਨਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਬੁਢਾਪੇ ਵਿਚ ਮੇਰੀ ਸੇਵਾ ਨਹੀਂ ਕਰਦੇ। ਮੇਰੇ ਨਾਲ ਲੜਾਈ-ਝਗੜਾ ਰੱਖਦੇ ਹਨ। ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਨਾਲ ਕਿਸੇ ਤਰ੍ਹਾਂ ਦਾ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਉਹ ਆਪਣੇ ਚੰਗੇ-ਮਾੜੇ ਕੀਤੇ ਦੇ ਖੁਦ ਜ਼ਿੰਮੇਵਾਰ ਹੋਣਗੇ। ਸੰਬੰਧਤ ਨੋਟ ਕਰਨ।

ਮੈਂ, ਹਰਬੰਸ ਲਾਲ ਪੁੱਤਰ ਛੱਜੂ ਰਾਮ ਵਾਸੀ ਵਾਰਡ ਨੰਬਰ 28, ਪਿੰਡ ਬਾਬੋਵਾਲ, ਤਹਿਸੀਲ ਵਾ ਜਿਲ੍ਹਾ ਗੁਰਦਾਸਪੁਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਬਲਵਿੰਦਰ ਕੁਮਾਰ ਅਤੇ ਉਸਦੀ ਪਤਨੀ ਅੰਜੂ ਬਾਲਾ ਮੇਰੇ ਕਹਿਣ ਤੋਂ ਬਾਹਰ ਹਨ। ਮੈਂ ਇਹਨਾ ਨੂੰ ਆਪਣੀ ਚਲ ਅਤੇ ਅਚਲ ਜਾਇਦਾਦ ਤੋ ਬੇਦਖਲ ਕਰਦਾ ਹਾਂ। ਇਹਨਾ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਮੈਂ ਜਸਵੰਤ ਸਿੰਘ ਪੁੱਤਰ ਲਾਲ ਸਿੰਘ ਵਾਸੀ ਪਿੰਡ ਕਾਲੇਵਾਲ ਫੱਤੂ ਡਾਕਖਾਨਾ ਖੜੌਦੀ ਤਹਿਸੀਲ ਗੜ੍ਹਸ਼ੰਕਰ ਜਿਲਾ ਹੁਸ਼ਿਆਰਪੁਰ ਬਿਆਨ ਕਰਦਾਂ ਹਾਂ ਕਿ ਮੇਰਾ ਲੜਕਾ ਬਲਜਿੰਦਰ ਸਿੰਘ ਅਤੇ ਉਸ ਦੀ ਪਤਨੀ ਸੀਆ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾਂ ਹਾਂ। ਇਹ ਆਪਣੇ ਕੀਤੇ ਚੰਗੇ ਮਾੜੇ ਕੰਮ ਦੇ ਖੁਦ ਜ਼ੁੰਮੇਵਾਰ ਹੋਣਗੇ। ਮੇਰੀ ਕੋਈ ਵੀ ਜ਼ੁੰਮੇਵਾਰੀ ਨਹੀ ਹੋਵੇਗੀ।

ਮੈਂ, ਪਲਵਿੰਦਰ ਮਸੀਹ ਪੁੱਤਰ ਸ੍ਰੀ ਮੁਖਤਾਰ ਵਾਸੀ ਪਿੰਡ ਪੋਰੋਵਾਲੀ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਥੋਮਸ ਮਸੀਹ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

# ਪੀ ਐੱਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਅੱਠਵੀਂ ਦਾ ਨਤੀਜਾ ਸ਼ਾਨਦਾਰ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅੱਠਵੀਂ ਜਮਾਤ ਦਾ ਨਤੀਜਾ ਘੋਸ਼ਤ ਕੀਤਾ ਗਿਆ, ਜਿਸ ਵਿਚ ਪੀ.ਐਮ.ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਦਾ ਨਤੀਜਾ 100 ਫੀਸਦੀ ਰਿਹਾ। ਸਕੂਲ ਦੀ ਵਿਦਿਆਰਥਣ ਅਰਸ਼ਪ੍ਰੀਤ ਕੌਰ ਨੇ 93 ਫੀਸਦੀ ਅੰਕ ਹਾਸਲ ਕਰਕੇ ਪਹਿਲੀ, ਮੰਨਤ ਨੇ 92 ਫੀਸਦੀ ਅਤੇ ਸਨੇਹਾ ਨੇ 91 ਫੀਸਦੀ ਅੰਕ ਹਾਸਲ ਕਰਕੇ ਦੂਸਰੀ ਅਤੇ ਤੀਸਰੀ ਪੁਜੀਸ਼ਨ ਪ੍ਰਾਪਤ ਕੀਤੀ । ਇਸ ਮੌਕੇ ਪ੍ਰਿੰਸੀਪਲ ਡਾ. ਸੁਨੀਤਾ ਕੌਸ਼ਲ ਸਸਸਸ ਕਾਦੀਆਂ ਨੇ ਜਿਥੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਵਧਾਈ ਦਿੱਤੀ, ਉਥੇ ਹੀ ਚੰਗੇ ਨਤੀਜਿਆਂ ਲਈ ਅਧਿਆਪਕਾਂ ਦੀ ਵੀ ਸ਼ਲਾਘਾ ਕੀਤੀ। ਇਸ ਮੌਕੇ ਸਮੂਹ ਸਟਾਫ ਨੇ ਵੀ ਬੱਚਿਆਂ ਤੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਬੱਚਿਆਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ।

## ਖ਼ਾਲਸਾ ਪਬਲਿਕ ਸਕੂਲ ਦਾ ਅੱਠਵੀਂ ਦਾ ਨਤੀਜਾ ਸ਼ਾਨਦਾਰ



**ਮਾਛੀਵਾੜਾ ਸਾਹਿਬ (ਸ਼ੈਕੀ ਸ਼ਰਮਾ, ਜਗਦੀਸ਼ ਰਾਏ)**-ਖਾਲਸਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬੁਰਜ ਕੱਚਾ ਦੇ ਬੱਚਿਆਂ ਦਾ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵੱਲੋਂ ਐਲਾਨੇ ਗਏ ਅੱਠਵੀਂ ਜਮਾਤ ਦੇ ਨਤੀਜਿਆਂ ਵਿੱਚ ਪ੍ਰਦਰਸ਼ਨ ਸ਼ਾਨਦਾਰ ਰਿਹਾ। ਸਕੂਲ ਦੇ ਪ੍ਰਿੰਸੀਪਲ ਹਰਿੰਦਰਪਾਲ ਕੌਰ ਤੂਰ ਨੇ ਦੱਸਿਆ ਕਿ ਇਸ ਸਾਲ ਸਕੂਲ ਦੇ 37 ਵਿਦਿਆਰਥੀਆਂ ਨੇ ਅੱਠਵੀਂ ਦੀ ਪ੍ਰੀਖਿਆ ਦਿੱਤੀ ਸੀ ਅਤੇ ਸਾਰੇ ਵਿਦਿਆਰਥੀ ਪਹਿਲੇ ਦਰਜੇ ਵਿੱਚ ਪਾਸ ਹੋਏ ਹਨ। ਇਨ੍ਹਾਂ ਵਿਦਿਆਰਥੀਆਂ 'ਚੋਂ ਅਨੀਸ਼ਾ ਨੇ 97.3 ਪ੍ਰਤੀਸ਼ਤ ਅੰਕ ਪ੍ਰਾਪਤ ਕਰ ਪਹਿਲਾ, ਕੁਲਵੀਰ ਕੌਰ ਨੇ 97.1 ਪ੍ਰਤੀਸ਼ਤ ਅੰਕ ਪ੍ਰਾਪਤ ਕਰ ਦੂਜਾ ਅਤੇ ਇਸ਼ਮੀਤ ਕੌਰ ਨੇ 95.1 ਪ੍ਰਤੀਸ਼ਤ ਅੰਕ ਪ੍ਰਾਪਤ ਕਰ ਤੀਜਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ ਡਾਇਰੈਕਟਰ ਬਲਜਿੰਦਰ ਸਿੰਘ ਤੂਰ ਨੇ ਸ਼ਾਨਦਾਰ ਨਤੀਜੇ ਲਈ ਸਾਰੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਤੇ ਸਟਾਫ਼ ਮੈਂਬਰ ਨੂੰ ਵਧਾਈ ਦਿੱਤੀ।

## ਖੱਤਰੀ ਸਭਾ ਵੱਲੋਂ ਰਾਮਨੌਮੀ ਮੌਕੇ ਧਾਰਮਿਕ ਸਮਾਗਮ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਖੱਤਰੀ ਸਭਾ ਧੂਰੀ ਵੱਲੋਂ ਪ੍ਰਭੂ ਸ੍ਰੀ ਰਾਮ ਜਨਮ ਮਹਾਂਉਤਸਵ ਸ੍ਰੀ ਰਾਮਨੌਮੀ ਦਾ ਤਿਉਹਾਰ ਸਨਾਤਨ ਧਰਮ ਸਭਾ ਆਸ਼ਰਮ ਧੂਰੀ ਵਿਖੇ ਪ੍ਰਧਾਨ ਰਾਜਿੰਦਰਪਾਲ ਮਹਿਤਾ, ਵਰਿੰਦਰ ਕੱਦ ਖਜ਼ਾਨਚੀ ਦੀ ਅਗਵਾਈ ਹੇਠ ਮਨਾਇਆ ਗਿਆ।ਇਸ ਮੌਕੇ ਹਰਦੀਪ ਸਿੰਘ ਐੱਮ.ਡੀ. ਤੇ ਗੋਪਾਲ ਸ਼ਾਕਸ਼ੀ ਮੀਤ ਪ੍ਰਧਾਨ ਖੱਤਰੀ ਮਹਾਂ ਸਭਾ ਪੰਜਾਬ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ।ਵੱਖ ਵੱਖ ਬੁਲਾਰਿਆਂ ਨੇ ਆਪਣੇ ਸੰਬੋਧਨ ਵਿੱਚ ਸੰਸਥਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਸਮਾਗਮਾਂ ਰਾਹੀਂ ਜਿੱਥੇ ਖੱਤਰੀ ਪਰਵਾਰਾਂ ਦਾ ਮਿਲਣ ਹੋਇਆ ਹੈ, ਉਥੇ ਭਗਵਾਨ ਸ੍ਰੀ ਰਾਮ ਵੱਲੋਂ ਦਰਸਾਏ ਗਏ ਨੇਕੀ ਦੇ ਰਸਤੇ 'ਤੇ ਚੱਲਣ ਲਈ ਵੀ ਪ੍ਰੇਰਿਤ ਕੀਤਾ ਗਿਆ।ਇਸ ਮੌਕੇ ਖੱਤਰੀ ਸਭਾ ਨੂੰ ਮਜ਼ਬੂਤ ਕਰਨ ਲਈ ਬਜ਼ੁਰਗਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ ਐੱਸ. ਕੇ. ਸਰੀਨ, ਤਰਸੇਮ ਤਲਵਾੜ, ਹਰਬੰਸ ਸਿੰਘ ਸੋਢੀ, ਮੁਨੀਸ਼ ਸੇਠ ਆਦਿ ਸਮੇਤ ਵੱਡੀ ਗਿਣਤੀ ਵਿੱਚ ਖੱਤਰੀ ਪਰਵਾਰਾਂ ਨੇ ਸ਼ਿਰਕਤ ਕੀਤੀ, ਉਥੇ ਹੀ ਸ਼ਹਿਰ ਦੀਆਂ ਵੱਖ ਵੱਖ ਸਮਾਜਿਕ, ਧਾਰਮਿਕ ਸੇਵੀ ਸੰਸਥਾਵਾਂ ਦੇ ਆਗੂਆਂ ਨੇ ਵੀ ਹਾਜ਼ਰੀ ਭਰੀ।

## ਬਾਬਾ ਉਦੈ ਸਿੰਘ ਨੂੰ ਵੱਖ-ਵੱਖ ਸ਼ਖਸੀਅਤਾਂ ਵੱਲੋਂ ਸ਼ਰਧਾਂਜਲੀਆਂ



**ਅਜੀਤਵਾਲ (ਨਛੱਤਰ ਸੰਧੂ)**-ਪਰਮ ਸੰਤ ਮਹਾਰਾਜ ਰਾਮ ਸਿੰਘ ਜੀ ਦੇ ਭਰਾ ਉਦੈ ਸਿੰਘ, ਜੋ ਕਿ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਅੱਜ ਗੁਰੂ ਘਰ ਗਿਆਰਵੀਂ ਵਾਲਾ ਦੌਧਰ ਵਿਖੇ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਆਖੰਡ ਪਾਠ ਦੇ ਭੋਗ ਤੋਂ ਉਪਰੰਤ ਸ਼ਰਧਾਂਜਲੀ ਸਮਾਰੋਹ ਹੋਇਆ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਉੱਘੇ ਰਾਜਨੀਤਕ ਆਗੂਆਂ, ਸਮਾਜਸੇਵੀ ਆਗੂਆਂ ਤੋਂ ਇਲਾਵਾ ਸੰਤਾਂ ਮਹਾਪੁਰਸ਼ਾਂ ਵਿੱਚ ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਵਿਸ਼ੇਸ਼ ਤੌਰ 'ਤੇ ਪਹੁੰਚੇ।ਇਸ ਮੌਕੇ ਉਨ੍ਹਾਂ ਨਾਲ ਬਾਬਾ ਦੀਪਕ ਸਿੰਘ ਵੱਡਾ ਡੇਰਾ ਦੌਧਰ, ਸੰਤ ਧਰਮ ਦਾਸ ਸੈਦੋਕੇ, ਸੰਤ ਉਦੇ ਕਰਨ ਸਿੰਘ ਸੈਦੋਕੇ, ਸੰਤ ਅੰਮ੍ਰਿਤ ਮੁਨੀ, ਸੰਤ ਬਾਬਾ ਲਾਲ ਸਿੰਘ, ਮੰਤਰੀ ਗੁਰਜੀਤ ਸਿੰਘ ਔਜਲਾ, ਵਿਧਾਇਕ ਮਨਜੀਤ ਸਿੰਘ ਬਿਲਾਸਪੁਰ, ਸਚਿਨ ਪਾਇਲਟ, ਵਿਧਾਇਕ ਅਮਨਜੀਤ ਅਰੋੜਾ ਮੋਗਾ, ਸਪੀਕਰ ਕਰਤਾਰ ਸਿੰਘ ਸੰਧਵਾਂ, ਬਰਵਿੰਦਰ ਸਿੰਘ ਮੱਖਣ ਬਰਾੜ, ਰੋਜ਼ੀ ਬਰਕੰਦੀ ਮੁਕਤਸਰ, ਕੁਸ਼ਲਦੀਪ ਸਿੰਘ ਢਿੱਲੋਂ, ਯਾਦੀਵਾਈ, ਵਰਿੰਦਰ ਕੁਮਾਰ ਏਂ ਡੀ ਜੀ ਪੀ, ਵੀਰੂ ਸੇਖਰ, ਵਰਿੰਦਰ ਕੁਮਾਰ ਮਧੇਕੇ ਚੇਅਰਮੈਨ ਨਿਹਾਲ ਸਿੰਘ ਵਾਲਾ ਤੇ ਮਾਲਵਿਕਾ ਸੂਦ ਆਦਿ ਹਾਜ਼ਰ ਸਨ।ਇਸ ਮੌਕੇ ਸੰਤ ਬਾਬਾ ਅਰਜਨ ਸਿੰਘ ਜੀ ਨੇ ਆਈਆਂ ਸ਼ਖਸੀਅਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਬਾਬਾ ਉਦੈ ਸਿੰਘ ਜੀ ਇੱਕ ਨੇਕ ਦਿਲ ਇਨਸਾਨ ਤੇ ਉੱਚੀ ਸੁੱਚੀ ਸ਼ਖਸੀਅਤ ਦੇ ਮਾਲਕ ਸਨ, ਜਿਨ੍ਹਾਂ ਦੇ ਚਲੇ ਜਾਣ ਨਾਲ ਪਰਵਾਰ ਤੇ ਇਲਾਕੇ ਨੂੰ ਨਾ-ਪੂਰਾ ਹੋਣ ਵਾਲਾ ਘਾਟਾ ਪਿਆ ਹੈ।

## ਹਾਰਵਰਡ ਕਾਨਵੈਂਟ ਸਕੂਲ 'ਚ ਬਰਲਿੰਗਟਨ ਦੀ ਟੀਮ ਵੱਲੋਂ ਸੈਮੀਨਾਰ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਹਾਰਵਰਡ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿੱਚ ਬਰਲਿੰਗਟਨ ਟੀਮ ਵੱਲੋਂ ਕਿੰਡਰ ਗਾਰਡਨ ਦੇ ਮਾਪਿਆਂ ਦਾ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਬਰਲਿੰਗਟਨ ਦੀ ਟੀਮ ਮੈਡਮ ਦੀਪ ਸ਼ੀਖਾ ਦੀ ਅਗਵਾਈ ਹੇਠ ਸਕੂਲ ਵਿੱਚ ਪਹੁੰਚੀ ਤੇ ਬੱਚਿਆਂ ਨੂੰ ਪੜ੍ਹਾਈਆਂ ਜਾਣ ਵਾਲੀਆਂ ਕਿਤਾਬਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ।ਉਨ੍ਹਾਂ ਨੇ ਬੱਚਿਆਂ ਨੂੰ ਕਰਵਾਏ ਜਾਣ ਵਾਲੇ ਘਰ ਦੇ ਕੰਮਾਂ ਬਾਰੇ ਵੀ ਵਿਸਤਾਰ ਸਹਿਤ ਦੱਸਿਆ ਤੇ ਬੱਚਿਆਂ ਨੂੰ ਵੱਧ ਤੋਂ ਵੱਧ ਆਊਟ ਡੋਰ ਗੇਮਾਂ ਖੇਡਣ ਦੀ ਪ੍ਰੇਰਣਾ ਦਿੱਤੀ।ਇਸ ਸੈਮੀਨਾਰ ਵਿੱਚ ਮਾਪਿਆਂ ਨੂੰ ਭਿੰਨ ਭਿੰਨ ਪ੍ਰਕਾਰ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਕਰਵਾ ਕੇ ਬੱਚਿਆਂ ਦੀ ਸਿੱਖਣ ਪ੍ਰਕਿਰਿਆ ਤੋਂ ਮਾਪਿਆਂ ਨੂੰ ਜਾਣੂ ਕਰਵਾਇਆ ਗਿਆ।ਇਸ ਸਮਾਗਮ ਵਿੱਚ ਬੱਚਿਆਂ ਦੇ ਮਾਪਿਆਂ ਨੇ ਬੜੇ ਹੀ ਉਤਸ਼ਾਹ ਨਾਲ ਭਾਗ ਲਿਆ ਤੇ ਮਾਪਿਆਂ ਨੇ ਆਪਣੇ ਮਨ ਵਿੱਚ ਉੱਠ ਰਹੇ ਸਵਾਲਾਂ ਬਾਰੇ ਟੀਮ ਨੂੰ ਪੁੱਛਿਆ ਤੇ ਇੱਕ ਦੂਸਰੇ ਨਾਲ ਵਿਚਾਰ ਵਟਾਂਦਰਾ ਕਰਕੇ ਮੁਸ਼ਕਲਾਂ ਦਾ ਹੱਲ ਲੱਭਣ ਦੀ ਕੋਸ਼ਿਸ਼ ਕੀਤੀ।ਇਸ ਤੋਂ ਬਾਅਦ ਸਕੂਲ ਚੇਅਰਮੈਨ ਨਵਦੀਪ ਸਿੰਘ ਬਰਾੜ ਤੇ ਵਾਈਸ ਪ੍ਰਿੰਸੀਪਲ ਮੈਡਮ ਹੀਨਾ ਗਰੋਵਰ ਨੇ ਬੱਚਿਆਂ ਨਾਲ ਆਪਣੇ ਤਜਰਬੇ ਸਾਂਝੇ ਕੀਤੇ।ਉਨ੍ਹਾਂ ਅਧਿਆਪਕਾਂ ਦੇ ਨਾਲ ਨਾਲ ਬੱਚੇ ਦੇ ਸਰਬਪੱਖੀ ਵਿਕਾਸ ਲਈ ਮਾਪਿਆਂ ਦੇ ਸਹਿਯੋਗ ਦੀ ਮੰਗ ਕੀਤੀ, ਜਿਸ ਦਾ ਉਨ੍ਹਾਂ ਨੂੰ ਚੰਗਾ ਹੁੰਗਾਰਾ ਮਿਲਿਆ।ਇਸ ਤੋਂ ਬਾਅਦ ਉਨ੍ਹਾਂ ਨੇ ਸਮੁੱਚੀ ਬਰਲਿੰਗਟਨ ਟੀਮ ਦਾ ਤੇ ਸਕੂਲ ਵਿੱਚ ਪਹੁੰਚੇ ਮਾਪਿਆਂ ਦਾ ਧੰਨਵਾਦ ਕੀਤਾ।ਸਕੂਲ ਚੇਅਰਮੈਨ ਨਵਦੀਪ ਸਿੰਘ ਬਰਾੜ ਨੇ ਕਿਹਾ ਕਿ ਬੱਚਿਆਂ ਦੀ ਸ਼ਖਸੀਅਤ ਦੇ ਵਿਕਾਸ ਲਈ ਹਾਰਵਰਡ ਸਕੂਲ ਹਮੇਸ਼ਾ ਉਪਰਾਲੇ ਕਰਦਾ ਹੈ ਤੇ ਕਰਦਾ ਰਹੇਗਾ।ਇਸ ਸਮੇਂ ਸਮੂਹ ਸਕੂਲ ਸਟਾਫ ਹਾਜ਼ਰ ਸੀ।

## ਰਾਮਨੌਮੀ ਮੌਕੇ ਨਵ-ਭਾਰਤ ਕਲਾ ਮੰਚ ਵੱਲੋਂ ਖ਼ੂਨਦਾਨ ਕੈਂਪ




**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸ੍ਰੀ ਰਾਮਨੌਮੀ ਮੌਕੇ ਨਵ ਭਾਰਤ ਕਲਾ ਮੰਚ ਵੱਲੋਂ ਮੰਚ ਦੇ ਪ੍ਰਧਾਨ ਸਰਿੰਦਰ ਧੀਰ ਦੀ ਅਗਵਾਈ ਵਿੱਚ ਸਿਵਲ ਹਸਪਤਾਲ ਵਿਖੇ ਮਾਨਵਤਾ ਦੀ ਭਲਾਈ ਵਜੋਂ ਖ਼ੂਨਦਾਨ ਕੈਂਪ ਲਗਾਇਆ ਗਿਆ, ਜਿਸ ਵਿੱਚ ਬਲੱਡ ਬੈਂਕ ਦੀ ਟੀਮ ਵੱਲੋਂ ਕਰੀਬ ਇੱਕ ਦਰਜਨ ਯੂਨਿਟ ਖ਼ੂਨ ਦਾਨ ਕਰਵਾਇਆ ਗਿਆ।ਕੈਂਪ ਦੌਰਾਨ ਮੰਚ ਵੱਲੋਂ ਖ਼ੂਨਦਾਨੀਆਂ, ਬਲੱਡ ਬੈਂਕ ਦੀ ਟੀਮ ਤੋਂ ਇਲਾਵਾ ਪ੍ਰਭਾਤ ਫੇਰੀ ਦੌਰਾਨ ਲੰਗਰ ਲਗਾਉਣ ਵਾਲੇ ਪਰਿਵਾਰਾਂ ਦਾ ਸਨਮਾਨ ਚਿੰਨ੍ਹਾਂ ਨਾਲ ਸਨਮਾਨ ਕੀਤਾ ਗਿਆ।ਮੰਚ ਦੇ ਡਾਇਰੈਕਟਰ ਸੁਖਮੰਦਰ ਕਲਸੀ ਨੇ ਦੱਸਿਆ ਕਿ ਨਵ ਭਾਰਤ ਕਲਾ ਮੰਚ ਵੱਲੋਂ ਹਰ ਧਾਰਮਿਕ ਸਮਾਗਮਾਂ 'ਚ ਵਿਸ਼ੇਸ਼ ਯੋਗਦਾਨ ਪਾਇਆ ਜਾਂਦਾ ਹੈ ਤੇ ਅੱਗੇ ਲਈ ਵੀ ਇਹ ਕਾਰਜ ਇਸੇ ਤਰ੍ਹਾਂ ਹੀ ਜਾਰੀ ਰਹਿਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੰਚ ਦੇ ਸਰਪ੍ਰਸਤ ਮਹਿੰਦਰ ਸ਼ਾਹੀ, ਖਜ਼ਾਨਚੀ ਲਛਮਨ ਦਾਸ ਗੋਇਲ, ਜਨਰਲ ਸਕੱਤਰ ਰਜਨੀਸ਼ ਕਰਕਰਾ, ਪ੍ਰੈੱਸ ਸਕੱਤਰ ਸੁਖਮੰਦਰ ਰਾਮਪੁਰਾ, ਬਲਦੇਵ ਜਿੰਦਲ, ਜਗਤਾਰ ਮਾਨ, ਕਰਮਜੀਤ ਰਤਨ, ਲਖਵਿੰਦਰ ਧੀਰ, ਗੁਰਪ੍ਰੀਤ ਸਿੰਘ ਸੀਟਾ, ਗਗਨ ਬੱਲ੍ਹੋ, ਸੋਹਣ ਲਾਲ ਸਿੰਗਲਾ, ਮਾ. ਭਗਵਾਨ ਦਾਸ, ਪਵਨ ਮਹਿਤਾ, ਪ੍ਰੀਤਮ ਆਰਟਿਸਟ, ਮੰਨਕੂ ਮਹਿਤਾ, ਮਨਮੋਹਨ ਗਰਗ, ਰਾਜਵਿੰਦਰ ਕਲਸੀ, ਗੀਤਾ ਭਵਨ ਕਮੇਟੀ ਦੇ ਪ੍ਰਧਾਨ ਸੱਤਪਾਲ, ਰਾਜੇਸ਼ ਕੁਮਾਰ, ਮੋਹਨ ਲਾਲ ਆਦਿ ਸ਼ਾਮਲ ਸਨ।

# ਅਧਿਆਪਕਾਂ 'ਤੇ ਜਬਰ ਖਿਲਾਫ ਵਿਧਾਇਕ ਦੇ ਘਰ ਅੱਗੇ ਰੋਸ ਧਰਨਾ



**ਮਾਨਸਾ (ਆਤਮਾ ਸਿੰਘ ਪਮਾਰ)**-ਆਦਰਸ਼ ਸਕੂਲ ਚਾਉਕੇ ਦੀ ਪ੍ਰਬੰਧਕੀ ਕਮੇਟੀ ਵੱਲੋਂ ਕੀਤੇ ਜਾ ਰਹੇ ਭ੍ਰਿਸ਼ਟਾਚਾਰ ਤੇ ਵਿਦਿਆਰਥੀਆਂ ਨਾਲ ਕੀਤੀਆਂ ਜਾ ਰਹੀਆਂ ਬੇਇਨਸਾਫ਼ੀਆਂ ਖਿਲਾਫ਼ ਬੋਲਣ ਵਾਲੇ ਅਧਿਆਪਕਾਂ ਨੂੰ ਇਸ ਪ੍ਰਬੰਧਕੀ ਕਮੇਟੀ ਵੱਲੋਂ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਹੈ, ਜਿਸ ਦੇ ਖਿਲਾਫ਼ ਇਹ ਪੀੜਤ ਅਧਿਆਪਕ, ਬੱਚਿਆਂ ਦੇ ਮਾਪੇ ਤੇ ਭਰਾਤਰੀ ਜਥੇਬੰਦੀਆਂ ਸਕੂਲ ਅੱਗੇ ਲਗਾਤਾਰ ਰੋਸ ਧਰਨਾ ਲਗਾ ਕੇ ਹੱਕੀ ਸੰਘਰਸ਼ ਕਰ ਰਹੀਆਂ ਸਨ।ਬੀਤੇ ਦਿਨ ਪੰਜਾਬ ਪੁਲਸ ਵੱਲੋਂ ਇਸ ਮੋਰਚੇ 'ਤੇ ਹਮਲਾ ਕਰਕੇ ਅਧਿਆਪਕਾਂ, ਮਾਪਿਆਂ ਤੇ ਭਰਾਤਰੀ ਜਥੇਬੰਦੀਆਂ ਦੇ ਆਗੂਆਂ ਦੀ ਜ਼ਾਲਮਾਨਾ ਕੁੱਟਮਾਰ ਕਰਕੇ ਉਨ੍ਹਾਂ ਨੂੰ ਜੇਲ੍ਹਾਂ ਵਿੱਚ ਡੱਕ ਦਿੱਤਾ ਗਿਆ।ਪੰਜਾਬ ਸਰਕਾਰ ਦੀ ਇਸ ਦਮਨਕਾਰੀ ਕਾਰਵਾਈ ਦੇ ਵਿਰੋਧ 'ਚ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਤੇ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਮਾਨਸਾ ਵੱਲੋਂ ਹਲਕਾ ਸਰਦੂਲਗੜ੍ਹ ਦੇ ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ ਦੇ ਘਰ ਅੱਗੇ ਧਰਨਾ ਦਿੱਤਾ ਗਿਆ। ਇਸ ਧਰਨੇ ਵਿੱਚ ਡੀ ਟੀ ਐੱਫ਼ ਦੇ ਸੂਬਾ ਪ੍ਰਧਾਨ ਦਿਗਵਿਜੇਪਾਲ ਸ਼ਰਮਾ ਵੀ ਵਿਸ਼ੇਸ ਤੌਰ 'ਤੇ ਸ਼ਾਮਲ ਹੋਏ। ਸੂਬਾ ਪ੍ਰਧਾਨ ਦਿਗ ਵਿਜੇਪਾਲ ਸ਼ਰਮਾ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਿ ਆਦਰਸ਼ ਸਕੂਲ ਚਾਉਕੇ ਅੱਗੇ ਆਪਣੇ ਹੱਕ ਮੰਗ ਰਹੀਆਂ ਔਰਤ ਅਧਿਆਪਕਾਂ ਨੂੰ ਗੁੱਤਾਂ ਤੋਂ ਫੜ ਕੇ ਸੜਕਾਂ 'ਤੇ ਘਸੀਟਿਆ ਗਿਆ।ਸੜਕਾਂ 'ਤੇ ਡਾਂਗਾਂ ਦਾ ਮੀਂਹ ਵਰ੍ਹਾ ਕੇ ਅਧਿਆਪਕਾਂ ਦੀਆਂ ਪੱਗਾਂ ਰੋਲੀਆਂ ਗਈਆਂ। ਬਦਲਾਅ ਦੇ ਨਾਮ 'ਤੇ ਆਈ ਆਮ ਆਦਮੀ ਪਾਰਟੀ ਨੇ ਜਬਰ ਢਾਹੁਣ ਵਾਲੇ ਹੱਦਾਂ-ਬੰਨੇ ਪਾਰ ਕਰ ਦਿੱਤੇ ਹਨ। ਉਨ੍ਹਾ ਕਿਹਾ ਕਿ ਕਾਰਪੋਰੇਟਾਂ ਦੇ ਹਮਲੇ ਨੂੰ ਰੋਕਣ ਲਈ ਸਮਾਜ ਦੇ ਲੜ ਰਹੇ ਤਬਕੇ ਨੂੰ ਵੱਡੀ ਲੋਕ ਏਕਤਾ ਉਸਾਰਨੀ ਪਵੇਗੀ। ਇਸ ਸਮੇਂ ਡੀ ਟੀ ਐੱਫ਼ ਮਾਨਸਾ ਦੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਤਾਮਕੋਟ ਨੇ ਦੱਸਿਆ ਕਿ ਇੱਕ ਅਧਿਆਪਕਾ ਦੀ ਤਿੰਨ ਸਾਲ ਦੀ ਬੱਚੀ ਨੂੰ ਵੀ ਜੇਲ੍ਹ ਵਿੱਚ ਡੱਕ ਦਿੱਤਾ ਗਿਆ ਹੈ ਅਤੇ ਬਜ਼ੁਰਗ ਔਰਤਾਂ ਨੂੰ ਵੀ ਨਹੀਂ ਬਖਸ਼ਿਆ ਗਿਆ। ਆਗੂਆਂ ਨੇ ਮੰਗ ਕੀਤੀ ਕਿ ਬਰਖਾਸਤ ਅਧਿਆਪਕਾਂ ਨੂੰ ਤੁਰੰਤ ਨੌਕਰੀਆਂ 'ਤੇ ਹਾਜ਼ਰ ਕਰਵਾ ਕੇ ਸਕੂਲ ਦਾ ਪ੍ਰਬੰਧ ਸਰਕਾਰ ਨਿੱਜੀ ਹੱਥਾਂ ਤੋਂ ਵਾਪਸ ਲੈ ਕੇ ਇਨ੍ਹਾਂ ਸਾਰੇ ਸਕੂਲਾਂ ਨੂੰ ਆਪਣੇ ਹੱਥਾਂ ਵਿੱਚ ਲਵੇ।

ਇਸ ਮੌਕੇ ਰਾਜਵਿੰਦਰ ਬੈਹਣੀਵਾਲ, ਤਰਸੇਮ ਬੋੜਾਵਾਲ, ਜਗਦੀਪ ਬੋੜਾਵਾਲ, ਰਾਜਿੰਦਰ ਸਿੰਘ, ਕੁਲਦੀਪ ਸਿੰਘ, ਗੁਰਜੀਤ ਮਾਨਸਾ, ਸਿਕੰਦਰ ਢਿੱਲੋਂ, ਮਨਦੀਪ ਕੋਟਲੀ, ਜਸਵਿੰਦਰ ਕਾਮਰੇਡ ਹਾਜ਼ਰ ਸਨ।

## ਡਾ. ਅੰਬੇਡਕਰ ਦੇ ਜਨਮ ਦਨ ਨੂੰ ਸਮਰਪਤ ਸ਼ੋਭਾ ਯਾਤਰਾ ਅੱਜ

**ਦੋਰਾਹਾ (ਹਰਮਿੰਦਰ ਸੈਣ)**-ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਸਾਹਿਬ ਦੇ ਜਨਮ ਦਿਨ ਨੂੰ ਸਮਰਪਤ ਇਕ ਵਿਸ਼ਾਲ ਸ਼ੋਭਾ ਯਾਤਰਾ ਪਾਇਲ-ਚਾਵਾ-ਸਮਰਾਲਾ ਤੋਂ ਖੰਨਾ ਤੱਕ ਕੱਢੀ ਜਾ ਰਹੀ ਹੈ, ਜਿਸ ਸਬੰਧੀ 8 ਅਪ੍ਰੈਲ 2025 ਸ਼ਾਮ 4 ਵਜੇ ਇਕ ਮੀਟਿੰਗ ਬੀਜਾ-ਚਾਵਾ ਰੱਖੀ ਗਈ ਹੈ, ਜੋ ਸਮੂਹ ਸਾਥੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਮੇਂ ਸਿਰ ਪਹੁੰਚੋ ਤੇ ਸ਼ੋਭਾ ਯਾਤਰਾ ਨੂੰ ਸਫਲ ਬਣਾਉਣ ਲਈ ਆਪਣੇ ਸੁਝਾਅ ਤੇ ਯੋਗਦਾਨ ਦਿਓ।

## ਮਿੰਨੀ ਬੱਸ ਉਪਰੇਟਰ ਐਸੋਸੀਏਸ਼ਨ ਦੀ ਮੀਟਿੰਗ 10 ਨੂੰ

**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਮਿੰਨੀ ਬੱਸ ਉਪਰੇਟਰ ਐਸੋਸੀਏਸ਼ਨ ਪੰਜਾਬ ਦੀ ਮੀਟਿੰਗ 10 ਅਪ੍ਰੈਲ ਨੂੰ ਰਾਇਲ ਪੈਲੇਸ ਮੋਗਾ ਵਿਖੇ ਹੋ ਰਹੀ ਹੈ। ਇਸ ਦੀ ਜਾਣਕਾਰੀ ਹਰਬੰਸ ਸਿੰਘ ਪ੍ਰਧਾਨ ਮੋਗਾ ਵੱਲੋਂ ਦਿੱਤੀ ਗਈ ਹੈ। ਪ੍ਰਧਾਨ ਹਰਬੰਸ ਸਿੰਘ ਨੇ ਦੱਸਿਆ ਕਿ ਮੀਟਿੰਗ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ। ਆਪਣੀਆਂ ਮੰਗਾਂ ਨੂੰ ਲੈ ਕੇ ਪੂਰੇ ਪੰਜਾਬ ਵੱਲੋਂ ਸ਼ਾਤੀਪੂਰਵਕ ਵੱਡਾ ਇਕੱਠ ਕਰ ਕੇ ਮੀਟਿੰਗ ਕੀਤੀ ਜਾ ਰਹੀ ਹੈ।

## ਆਰ ਟੀ ਓ ਦਫ਼ਤਰ 'ਚ ਵਿਜੀਲੈਂਸ ਵੱਲੋਂ ਚੈਕਿੰਗ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਸੋਮਵਾਰ ਸਵੇਰੇ ਆਰਟੀਓ ਦਫ਼ਤਰ 'ਚ ਵਿਜੀਲੈਂਸ ਵਿਭਾਗ ਵੱਲੋਂ ਅਚਨਚੇਤ ਚੈਕਿੰਗ ਕੀਤੀ ਗਈ।ਇਹ ਚੈਕਿੰਗ ਕਰੀਬ ਇੱਕ ਘੰਟੇ ਤੱਕ ਚੱਲੀ, ਜਿਸ ਦੌਰਾਨ ਵਿਜੀਲੈਂਸ ਟੀਮ ਨੇ ਦਫ਼ਤਰੀ ਰਿਕਾਰਡਾਂ ਦੀ ਗਹਿਨ ਜਾਂਚ ਕੀਤੀ।ਜਾਂਚ ਪੜਤਾਲ ਦੌਰਾਨ ਕੁਝ ਸ਼ੱਕਸਪਦ ਦਸਤਾਵੇਜ਼ ਹਾਸਲ ਕੀਤੇ ਗਏ ਹਨ।ਟੀਮ ਰਿਕਾਰਡ ਨੂੰ ਆਪਣੇ ਨਾਲ ਲੈ ਗਈ ਹੈ ਤੇ ਕੁਝ ਮੁਲਾਜ਼ਮਾਂ ਨੂੰ ਹੋਰ ਪੁੱਛਗਿੱਛ ਲਈ ਵਿਜੀਲੈਂਸ ਦਫ਼ਤਰ ਪਹੁੰਚਣ ਦਾ ਵੀ ਕਿਹਾ ਗਿਆ ਹੈ।ਹਾਲਾਂਕਿ ਅਧਿਕਾਰਕ ਤੌਰ 'ਤੇ ਵਿਜੀਲੈਂਸ ਵੱਲੋਂ ਕੋਈ ਵੱਡਾ ਬਿਆਨ ਨਹੀਂ ਦਿੱਤਾ ਗਿਆ, ਪਰ ਇਹ ਕਦਮ ਕਿਸੇ ਵੱਡੀ ਜਾਂਚ ਦਾ ਹਿੱਸਾ ਦੱਸਿਆ ਜਾ ਰਿਹਾ ਹੈ।

## ਸਵਾਮੀ ਰੂਪ ਚੰਦ ਜੈਨ ਸਕੂਲ ਦਾ ਅੱਠਵੀਂ ਦਾ ਨਤੀਜਾ ਰਿਹਾ 100 ਪ੍ਰਤੀਸ਼ਤ



**ਜਗਰਾਉਂ (ਅਮਿਤ ਖੰਨਾ)**-ਸਵਾਮੀ ਰੂਪ ਚੰਦ ਜੈਨ ਸਕੂਲ ਦੀ ਵਿਦਿਆਰਥਣ ਨੂਰਪ੍ਰੀਤ ਕੌਰ ਨੇ 95% ਤਕਦੀਰ ਸਿੰਘ ਨੇ 94.6% ਗੁਰਵੀਨ ਕੌਰ ਨੇ 93.3% ਸ਼ਾਈਨਾ ਗੁਪਤਾ ਨੇ 93% ਜਤਿਨ ਕੁਮਾਰ ਨੇ 90.6% ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ।ਬਾਕੀ ਵਿਦਿਆਰਥੀਆਂ ਨੇ 80% ਅੰਕ ਪ੍ਰਾਪਤ ਕੀਤੇ।

ਹਰ ਸਾਲ ਦੀ ਤਰ੍ਹਾਂ ਸਵਾਮੀ ਰੂਪ ਚੰਦ ਜੈਨ ਸਕੂਲ ਦੇ ਬੱਚੇ ਹਰ ਖੇਤਰ ਵਿੱਚਿ ਆਪਣਾ ਚੰਗਾ ਨਾਂਅ ਕਮਾ ਰਹੇ ਹਨ।ਵਿੱਦਿਅਕ ਅਕਾਦਮਿਕ ਪ੍ਰਾਪਤੀਆਂ ਵਿੱਚ ਪੰਜਵੀ ਤੇ ਅੱਠਵੀਂ ਦੋਨਾਂ ਜਮਾਤਾਂ ਦੇ ਨਤੀਜੇ ਸ਼ਾਨਦਾਰ ਰਹੇ। ਬੱਚਿਆਂ ਨੇ ਆਪਣੇ ਮਾਪਿਆਂ ਤੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਪ੍ਰਿੰਸੀਪਲ ਸ਼੍ਰੀਮਤੀ ਰਾਜਪਾਲ ਕੌਰ ਜੀ ਨੇ ਖੁਸ਼ੀ ਜ਼ਾਹਰ ਕਰਦਿਆਂ ਦੱਸਿਆ ਕਿ ਨੂਰਪ੍ਰੀਤ ਕੌਰ ਨੇ(571/600) 95% ਅੰਕ ਤਕਦੀਰ ਸਿੰਘ ਨੇ (568/600) 94.6% ਅੰਕ, ਗੁਰਵੀਨ ਕੌਰ ਨੇ (560/600) 93.3 ਪ੍ਰਤੀਸ਼ਤ ਅੰਕ, ਸ਼ਾਈਨਾ ਗੁਪਤਾ ਨੇ (558/600) 93% ਤੇ ਜਤਿਨ ਕੁਮਾਰ ਨੇ (544/600) 90.6 ਪ੍ਰਤੀਸ਼ਤ ਅੰਕ ਲੈ ਕੇ ਸਾਰੇ ਸਕੂਲ ਦਾ ਨਾਂਅ ਚਮਕਾਇਆ।ਇਸ ਤੋਂ ਬਿਨਾਂ ਹੋਰ ਹੋਣਹਾਰ ਵਿਦਿਆਰਥੀਆਂ ਚੰਗੇ ਅੰਕ ਹਾਸਲ ਕਰਕੇ ਸਭ ਨੂੰ ਖੁਸ਼ ਕਰ ਦਿੱਤਾ।ਬਾਕੀ ਬੱਚਿਆਂ ਨੇ 80% ਤੋਂ ਉੱਪਰ ਅੰਕ ਪ੍ਰਾਪਤ ਕੀਤੇ। ਇਸ ਸ਼ਾਨਦਾਰ ਨਤੀਜੇ ਦੀ ਖੁਸ਼ੀ ਨੂੰ ਸਾਂਝਾ ਕਰਨ ਲਈ ਸਕੂਲ ਦੀ ਮੈਨੇਜਮੈਂਟ, ਬੱਚਿਆਂ ਦੇ ਮਾਤਾ-ਪਿਤਾ ਵੀ ਉਚੇਚੇ ਤੌਰ 'ਤੇ ਪਹੁੰਚੇ।

ਇਸ ਸ਼ਾਨਦਾਰ ਨਤੀਜੇ ਦੀ ਖੁਸ਼ੀ ਵਿੱਚ ਸਕੂਲ ਵਿੱਚ ਚੰਗੀਆਂ ਪੁਜ਼ੀਸ਼ਨਾਂ ਵਾਲੇ ਬੱਚਿਆਂ ਦਾ ਮੂੰਹ ਮਿੱਠਾ ਕਰਾਇਆ ਗਿਆ ਤੇ ਸਾਰਾ ਦਿਨ ਸਕੂਲ ਵਿੱਚ ਖੁਸ਼ੀ ਦਾ ਮਾਹੌਲ ਬਣਿਆ ਰਿਹਾ। ਹਮੇਸ਼ਾ ਦੀ ਤਰ੍ਹਾਂ ਹਰ ਖੇਤਰ ਵਿੱਚ ਸ਼ਾਨਦਾਰ ਪੁਜੀਸ਼ਨਾਂ ਪ੍ਰਾਪਤ ਕਰਨ ਵਿੱਚ ਸਕੂਲ ਦੇ ਕਾਬਲ ਪ੍ਰਿੰਸੀਪਲ ਸ਼੍ਰੀਮਤੀ ਰਾਜਪਾਲ ਕੌਰ ਦੁਆਰਾ ਦਿੱਤੀ ਮੌਕੇ 'ਤੇ ਯੋਗ ਅਗਵਾਈ ਅਤੇ ਮੈਨੇਜਮੈਂਟ ਵੱਲੋਂ ਬੱਚਿਆਂ ਦੇ ਗਿਆਨ ਦੇ ਵਾਧੇ ਨੂੰ ਮੁੱਖ ਰੱਖਦਿਆਂ ਦਿੱਤੀ ਗਈ ਹਰੇਕ ਸਹੂਲਤ ਦਾ ਨਤੀਜਾ ਹੈ, ਜਿਨ੍ਹਾਂ ਸਦਕਾ ਵਿਦਿਆਰਥੀ ਹਰ ਖੇਤਰ ਵਿੱਚ ਉੱਚੀਆਂ ਬੁਲੰਦੀਆਂ ਨੂੰ ਛੂਹੰਦੇ ਹਨ ਤੇ ਆਪਣਾ ਮੁਕਾਮ ਹਾਸਲ ਕਰਦੇ ਹਨ ਤੇ ਬੱਚਿਆਂ ਦੇ ਸਰਬਪੱਖੀ ਵਿਕਾਸ 'ਤੇ ਵੀ ਧਿਆਨ ਦਿੰਦੇ ਹਨ। ਪ੍ਰਿੰਸੀਪਲ ਸ਼੍ਰੀਮਤੀ ਰਾਜਪਾਲ ਕੌਰ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕਰਨ ਲਈ ਪਹੁੰਚੀ ਮੈਨੇਜਮੈਂਟ ਦਾ ਧੰਨਵਾਦ ਕੀਤਾ ਤੇ ਬੱਚਿਆਂ ਦੀ ਮਿਹਨਤ ਤੇ ਲਗਨ ਦੀ ਪ੍ਰਸੰਸਾ ਕਰਦਿਆਂ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ।

# ਸਿੱਖਿਆਂ ਕ੍ਰਾਂਤੀ ਤਹਿਤ ਪੰਜਾਬ ਦੇ ਸਰਕਾਰੀ ਸਕੂਲਾਂ ਦੀ ਬਦਲ ਰਹੀ ਨੁਹਾਰ

## ਗੁਣਤਾਮਕ ਸਿੱਖਿਆ ਲਈ ਪੰਜਾਬ ਸਰਕਾਰ ਵਚਨਬੱਧ : ਵਿਧਾਇਕ ਅਰੋੜਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੇ ਸਹਿਯੋਗ ਨਾਲ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਕ੍ਰਾਂਤੀ ਲਿਆਉਣ ਲਈ ਕਰੋੜਾਂ ਰੁਪਏ ਦੇ ਫੰਡ ਜਾਰੀ ਹੋਏ ਹਨ, ਜਿਸ ਨਾਲ ਜਿੱਥੇ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਹੈ ਉੱਥੇ ਬਣੇ ਸਮਾਰਟ ਕਮਰੇ ਸਕੂਲਾਂ ਨੂੰ ਚਾਰ ਚੰਨ ਲਗਾਉਂਦੇ ਹਨ। ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਮੋਗਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਭੀਮ ਨਗਰ ਮੋਗਾ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਲੀਏਵਾਲਾ ਨੂੰ 51.75 ਲੱਖ ਰੁਪਏ ਦੇ ਫੰਡ ਜਾਰੀ ਕੀਤੇ ਗਏ ਹਨ ਜਿਸ ਤਹਿਤ ਸਕੂਲਾਂ ਵਿੱਚ ਕਰਵਏ ਜਾਣ ਵਾਲੇ ਵਿਕਾਸ ਕਾਰਜਾਂ ਦਾ ਉਦਘਾਟਨ ਅੱਜ ਵਿਧਾਇਕ ਮੋਗਾ ਡਾ. ਅਮਨਦੀਪ ਕੌਰ ਅਰੋੜਾ ਨੇ ਕੀਤਾ।ਇਸ ਫੰਡ ਨਾਲ ਸਕੂਲ ਦੀ ਚਾਰਦਿਵਾਰੀ ਦੀ ਰਿਪੇਅਰ, ਲੜਕੀਆਂ ਤੇ ਲੜਕੀਆਂ ਲਈ ਵੱਖਰੇ ਵੱਖਰੇ ਟੁਆਇਲਟਸ ਤੇ ਹੋਰ ਵੀ ਮਹੱਤਵਪੂਰਨ ਕਾਰਜ ਕਰਵਾਏ ਜਾਣਗੇ। ਇਸ ਮੌਕੇ ਉਹਨਾਂ ਨਾਲ ਮੇਅਰ ਨਗਰ ਨਿਗਮ ਸ੍ਰ. ਬਲਜੀਤ ਸਿੰਘ ਚਾਨੀ, ਡਿਪਟੀ ਕਮਿਸ਼ਨਰ ਮੋਗਾ ਸ਼੍ਰੀ ਸਾਗਰ ਸੇਤੀਆ, ਜ਼ਿਲ੍ਹਾ ਸਿੱਖਿਆ ਅਫ਼ਸਰ (ਅ) ਮੰਜੂ ਭਾਰਦਵਾਜ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਨਿਸ਼ਾਨ ਸਿੰਘ ਤੇ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਦੇ ਮਾਪਿਆਂ ਨੇ ਵੀ ਸ਼ਮੂਲੀਅਤ ਕੀਤੀ।ਗੱਲਬਾਤ ਕਰਦਿਆਂ ਵਿਧਾਇਕ ਮੋਗਾ ਡਾ. ਅਮਨਦੀਪ ਕੌਰ ਅਰੋੜਾ ਨੇ ਦੱਸਿਆ ਕਿ ਪੰਜਾਬ ਸਰਕਾਰ ਸਰਕਾਰੀ ਸਕੂਲਾਂ ਵਿੱਚ ਗੁਣਤਾਮਕ ਸਿੱਖਿਆ ਲਈ ਵਚਨਬੱਧ ਹੈ।ਇਸ ਦੇ ਨਾਲ ਨਾਲ ਸਰਕਾਰ ਵੱਲੋਂ ਵਿਦਿਆਰਥੀਆਂ ਦੀ ਪੜ੍ਹਾਈ ਲਈ ਕਰੋੜਾਂ ਦੀ ਰਾਸ਼ੀ ਜਾਰੀ ਕੀਤੀ ਗਈ ਹੈ, ਜਿਸ ਨਾਲ ਸਮਾਰਟ ਕਮਰਿਆਂ ਦੀ ਉਸਾਰੀ ਹੋਈ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਤੇ ਸਿਹਤ ਸਹੂਲਤਾਂ ਦੇਣ ਲਈ ਵਚਨਬੱਧ ਹੈ ਤੇ ਇਸ 'ਤੇ ਸੁਹਿਰਦਤਾ ਨਾਲ ਕੰਮ ਕਰ ਰਹੀ ਹੈ।ਇਸੇ ਲੜੀ ਤਹਿਤ ਅੱਜ ਸਰਕਾਰੀ ਸਕੂਲਾਂ ਦੇ ਵਿਕਾਸ ਲਈ ਕਰਵਾਏ ਜਾਣ ਵਾਲੇ ਕਾਰਜਾਂ ਦਾ ਉਦਘਾਟਨ ਕੀਤਾ ਗਿਆ ਹੈ, ਜਿਸ ਨਾਲ ਵਿਦਿਆਰਥੀਆਂ ਵਧੀਆ ਢੰਗ ਨਾਲ ਸਿੱਖਿਆ ਹਾਸਲ ਕਰ ਸਕਣਗੇ।ਉਨ੍ਹਾਂ ਦੱਸਿਆ ਕਿ ਆਮ ਆਦਮੀ ਪਾਰਟੀ ਸਿਰਫ ਗੱਲਾਂ ਨਹੀਂ, ਸਗੋਂ ਜੋ ਕਿਹਾ ਹੈ ਉਹ ਕਰਕੇ ਦਿਖਾਉਂਦੀ ਹੈ।ਉਨ੍ਹਾਂ ਸਮੂਹ ਬੱਚਿਆਂ ਦੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਮੁਫਤ ਤੇ ਉੱਚ ਮਿਆਰੀ ਸਿੱਖਿਆ ਲਈ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਹੀ ਦਾਖਲ ਕਰਵਾਓ।ਡਿਪਟੀ ਕਮਿਸ਼ਨਰ ਸਾਗਰ ਸੇਤੀਆ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰ ਉਨ੍ਹਾਂ ਨੂੰ ਗੁਣਾਤਮਕ ਸਿੱਖਿਆ ਦੇਣ ਲਈ ਕੜੇ ਉਪਰਾਲੇ ਕਰ ਰਹੀ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸੈਂਟਰ ਹੈੱਡ ਟੀਚਰ ਮਨੂੰ ਸ਼ਰਮਾ, ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਮੋਗਾ-1 ਸੁਨੀਤਾ ਨਾਰੰਗ, ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਮੋਗਾ-2 ਵਰਿੰਦਰ ਕੌਰ, ਜ਼ਿਲ੍ਹਾ ਕੋਆਰਡੀਨੇਟਰ ਮਨਮੀਤ ਸਿੰਘ ਰਾਏ, ਪ੍ਰੋਗਰਾਮ ਮੀਡੀਆ ਇੰਚਾਰਜ ਹਰਸ਼ ਕੁਮਾਰ ਗੋਇਲ, ਸਹਾਇਕ ਸਮਾਰਟ ਸਕੂਲ ਕੋਆਰਡੀਨੇਟਰ ਮਨਜੀਤ ਸਿੰਘ ਤੋਂ ਇਲਾਵਾ ਸਮੂਹ ਸੈਂਟਰ ਮੁਖੀ, ਹੈੱਡ ਟੀਚਰ, ਸਕੂਲ ਪ੍ਰਬੰਧਕੀ ਕਮੇਟੀ ਦੇ ਮੈਂਬਰ ਤੇ ਹੋਰ ਅਧਿਕਾਰੀ ਮੌਜੂਦ ਸਨ।

## ਸਿੱਖਿਆ ਕ੍ਰਾਂਤੀ ਦਾ ਮਕਸਦ ਸਰਕਾਰੀ ਸਕੂਲਾਂ ਦਾ ਬਹੁਪੱਖੀ ਵਿਕਾਸ ਤੇ ਨਵੀ ਕ੍ਰਾਂਤੀ ਲਿਆਉਣੀ : ਗੋਲਡੀ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਸਰਕਾਰੀ ਸਕੂਲਾਂ ਦੇ ਬਹੁਪੱਖੀ ਵਿਕਾਸ ਲਈ ਉਲੀਕੇ ਗਏ ਪ੍ਰੋਜੈਕਟ ਪੰਜਾਬ ਸਿੱਖਿਆ ਕ੍ਰਾਂਤੀ ਦੀ ਸੂਬੇ ਅੰਦਰ ਸ਼ੁਰੂਆਤ ਕੀਤੀ ਗਈ ਹੈ ਇਸੇ ਤਹਿਤ ਹਲਕਾ ਵਿਧਾਇਕ ਜਲਾਲਾਬਾਦ ਸ੍ਰੀ ਜਗਦੀਪ ਕੰਬੋਜ਼ ਗੋਲਡੀ ਨੇ ਜਲਾਲਾਬਾਦ ਹਲਕੇ ਅਧੀਨ ਆਉਂਦੇ ਸਰਕਾਰੀ ਪ੍ਰਾਇਮਰੀ ਸਕੂਲ ਅਲਿਆਣਾ, ਸਰਕਾਰੀ ਹਾਈ ਸਕੂਲ ਅਲਿਆਣਾ ਤੇ ਸਰਕਾਰੀ ਪ੍ਰਾਇਮਰੀ ਸਕੂਲ ਘਟਿਆਂ ਵਾਲੀ ਬੋਦਲਾ ਵਿਖੇ ਕੁੱਲ 37 ਲੱਖ ਦੀ ਲਾਗਤ ਨਾਲ ਸਮਾਰਟ ਕਲਾਸ ਰੂਮ, ਨਵੇ ਪਖਾਣੇ, ਸਕੂਲਾਂ ਦੀ ਚਾਰ ਦੀਵਾਰੀ, ਲਾਇਬ੍ਰੇਰੀ, ਸਾਇੰਸ ਲੈਬ, ਕੰਪਿਊਟਰ ਲੈਬ, ਖੇਡ ਦਾ ਸਮਾਨ ਆਦਿ ਰਿਪੇਅਰਿੰਗ ਦੇ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਗਏ।ਉਨ੍ਹਾਂ ਦੇ ਨਾਲ ਸਿੱਖਿਆ ਕੋਆਰਡੀਨੇਟਰ ਦੇਵਰਾਜ ਸ਼ਰਮਾ, ਜ਼ਿਲ੍ਹਾ ਸਿੱਖਿਆ ਅਫਸਰ ਸਤੀਸ਼ ਕੁਮਾਰ, ਮੁੱਖ ਅਧਿਆਪਕਾ ਜਯੋਤੀ ਸੇਤੀਆ ਤੇ ਸਿਮਰਜੀਤ ਕੌਰ, ਮੁੱਖ ਅਧਿਆਪਕ ਅਸ਼ਵਨੀ ਕਟਾਰੀਆ ਆਦਿ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।ਉਦਘਾਟਨ ਸਮਾਰੋਹ ਦੌਰਾਨ ਜਗਦੀਪ ਕੰਬੋਜ਼ ਗੋਲਡੀ ਨੇ ਸਿੱਖਿਆ ਕ੍ਰਾਂਤੀ ਪ੍ਰੋਜੈਕਟ ਸਕੂਲਾਂ ਦਾ ਉਦੇਸ਼ ਸਮਝਾਉਂਦਿਆਂ ਦੱਸਿਆ ਕਿ ਸਰਕਾਰੀ ਸਕੂਲਾਂ ਦਾ ਬਹੁਪੱਖੀ ਵਿਕਾਸ ਕਰਨਾ ਹੈ ਤੇ ਸਕੂਲਾਂ ਅੰਦਰ ਸਿੱਖਿਆ ਨੂੰ ਲੈ ਕੇ ਨਵੀ ਕ੍ਰਾਂਤੀ ਲਿਆਉਣੀ ਹੈ।ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ, ਸਕੂਲਾਂ ਦੀ ਦਿਖ ਤੇ ਪੜ੍ਹਾਈ ਅਤੇ ਨਤੀਜਿਆਂ ਨੂੰ ਦੇਖ ਕੇ ਮਾਪਿਆਂ ਦਾ ਰੁਝਾਨ ਸਰਕਾਰੀ ਸਕੂਲਾਂ ਵੱਲ ਵਧੇ ਅਤੇ ਮਾਪੇ ਆਪਣੇ ਬੱਚਿਆਂ ਦਾ ਦਾਖਲਾ ਸਰਕਾਰੀ ਸਕੂਲਾਂ ਵਿਚ ਕਰਵਾਉਣ ਨੂੰ ਤਰਜੀਹ ਦੇਣ ਤੇ ਬਚੇ ਵੀ ਸਕੂਲਾਂ ਦੇ ਢਾਚੇ ਤੋਂ ਪ੍ਰਭਾਵਤ ਹੋ ਕੇ ਖੁਸ਼ੀ-ਖੁਸ਼ੀ ਸਕੂਲ 'ਚ ਆਉਣ।ਵਿਧਾਇਕ ਜਲਾਲਾਬਾਦ ਸ੍ਰੀ ਗੋਲਡੀ ਨੇ ਕਿਹਾ ਕਿ ਸਰਕਾਰੀ ਪ੍ਰਾਇਮਰੀ ਸਕੂਲ ਅਲਿਆਣਾ ਵਿਖੇ 15 ਲੱਖ ਦੀ ਲਾਗਤ ਨਾਲ 2 ਸਮਾਰਟ ਕਲਾਸ ਰੂਮ, 1 ਨਵਾਂ ਪਖਾਨਾ 2 ਲੱਖ ਰੁਪਏ ਦੀ ਲਾਗਤ ਨਾਲ ਅਤੇ 2 ਪਖਾਨਿਆਂ (ਲੜਕਾ ਤੇ ਲੜਕੀ) ਦੀ ਰਿਪੇਅਰਿੰਗ 1 ਲੱਖ ਰੁਪਏ ਦੀ ਲਾਗਤ ਨਾਲ ਕਰਵਾਈ ਗਈ ਹੈ।ਸਰਕਾਰੀ ਹਾਈ ਸਕੂਲ ਅਲਿਆਣਾ ਵਿਖੇ 3 ਲੱਖ 10 ਹਜਾਰ ਰੁਪਏ ਦੀ ਲਾਗਤ ਨਾਲ ਸਕੂਲ ਦੀ ਚਾਰਦੀਵਾਰੀ, 2 ਲੱਖ 10 ਹਜਾਰ ਰੁਪਏ ਦੀ ਲਾਗਤ ਨਾਲ ਛੱਤਾਂ ਦੀ ਰਿਪੇਅਰਿੰਗ ਅਤੇ 50 ਹਜ਼ਾਰ ਦੀ ਲਾਗਤ ਨਾਲ ਪਖਾਨਿਆਂ ਦੀ ਰਿਪੇਅਰਿੰਗ ਦਾ ਕੰਮ ਮੁਕੰਮਲ ਕੀਤਾ ਗਿਆ ਹੈ।ਇਸੇ ਤਰ੍ਹਾਂ ਸਰਕਾਰੀ ਪ੍ਰਾਇਮਰੀ ਸਕੂਲ ਘਟਿਆ ਵਾਲੀ ਬੋਦਲਾ ਵਿਖੇ ਸਾਢੇ ਸਤ ਲੱਖ ਦੀ ਲਾਗਤ ਨਾਲ ਇਕ ਕਲਾਸ ਰੂਮ, 2 ਲੱਖ 35 ਹਜਾਰ ਨਾਲ ਸਕੂਲ ਦੀ ਚਾਰ ਦੀਵਾਰੀ, 1 ਲੱਖ 35 ਹਜਾਰ ਨਾਲ ਨਵਾਂ ਪਖਾਣਾ ਅਤੇ 2 ਲੱਖ 79 ਹਜ਼ਾਰ ਨਾਲ ਰਿਪੇਅਰਿੰਗ ਦੇ ਵਿਕਾਸ ਕਾਰਜਾਂ ਨਾਲ ਸਕੂਲ ਦੀ ਨੁਹਾਰ ਬਦਲੀ ਹੈ।


## ਸਰਕਾਰੀ ਮਿਡਲ ਸਕੂਲ ਦੌਲਤਪੁਰਾ ਵਿਖੇ ਸਾਲਾਨਾ ਸਮਾਗਮ

### ਨਾਟਕ 'ਜਨਕ' ਦੀ ਪੇਸ਼ਕਾਰੀ ਨੇ ਹਾਜ਼ਰੀਨ ਦਾ ਮਨ ਮੋਹਿਆ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਸਰਕਾਰੀ ਮਿਡਲ ਸਕੂਲ ਦੌਲਤਪੁਰਾ ਵਿੱਚ ਹੋਏ ਸਾਲਾਨਾ ਸਮਾਗਮ ਦੌਰਾਨ ਜ਼ਿਲ੍ਹਾ ਭਾਸ਼ਾ ਦਫ਼ਤਰ ਫਾਜ਼ਿਲਕਾ ਵੱਲੋਂ ਇੱਕ ਪ੍ਰਭਾਵਸ਼ਾਲੀ ਨਾਟਕ 'ਜਨਕ' ਦੀ ਪੇਸ਼ਕਾਰੀ ਕੀਤੀ ਗਈ, ਜਿਸ ਨੇ ਦਰਸ਼ਕਾਂ ਦੇ ਮਨਾਂ 'ਤੇ ਡੂੰਘੀ ਛਾਪ ਛੱਡੀ।ਇਸ ਨਾਟਕ ਨੂੰ ਕਸ਼ਮੀਰ ਲੂਨਾ ਨੇ ਲਿਖਿਆ ਤੇ ਨਿਰਦੇਸ਼ਨ ਹਨੀ ਉਤਰੇਜਾ ਵੱਲੋਂ ਕੀਤੀ ਗਈ।ਨਾਟਕ 'ਜਨਕ' ਵਿਸ਼ੇਸ਼ ਤੌਰ 'ਤੇ ਦਿਵਿਆਂਗ ਬੱਚਿਆਂ ਦੇ ਜੀਵਨ, ਉਨ੍ਹਾਂ ਦੀਆਂ ਸਮੱਸਿਆਵਾਂ ਤੇ ਸਮਾਜ ਵਿੱਚ ਉਨ੍ਹਾਂ ਦੀ ਸਵੀਕਾਰਤਾ ਬਾਰੇ ਸੀ।ਸਮਾਗਮ ਦੀ ਪ੍ਰਧਾਨਗੀ ਕਰਦਿਆਂ ਜ਼ਿਲ੍ਹਾ ਭਾਸ਼ਾ ਅਫਸਰ ਫ਼ਾਜ਼ਿਲਕਾ ਸ੍ਰੀ ਭੁਪਿੰਦਰ ਉਤਰੇਜਾ ਨੇ ਨਾਟਕ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਹ ਪੇਸ਼ਕਸ਼ ਸਿਰਫ ਰੰਗਮੰਚੀ ਪ੍ਰਦਰਸ਼ਨ ਨਹੀਂ ਸੀ, ਸਗੋਂ ਇਹ ਇਕ ਸੋਚ ਵੱਲ ਮੋੜਨ ਵਾਲੀ ਕੋਸ਼ਿਸ਼ ਸੀ, ਜੋ ਸਮਾਜ ਨੂੰ ਦਿਵਿਆਂਗਤਾ ਵੱਲ ਇੱਕ ਸਹਿਯੋਗੀ ਦ੍ਰਿਸ਼ਟੀਕੋਣ ਨਾਲ ਦੇਖਣ ਲਈ ਪ੍ਰੇਰਿਤ ਕਰਦੀ ਹੈ।ਨਾਟਕ ਦਾ ਨਿਰਦੇਸ਼ਨ ਸੰਗੀਤ ਕੁਲਜੀਤ ਭੱਟੀ ਵੱਲੋਂ ਕੀਤਾ ਗਿਆ ਸੀ, ਜਿਸ ਨੇ ਨਾਟਕ ਦੀ ਭਾਵਨਾਤਮਕ ਗੂੰਜ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾ ਦਿੱਤਾ।ਸਟੇਜ 'ਤੇ ਨੌਜਵਾਨ ਬੱਚਿਆਂ ਵੱਲੋਂ ਕੀਤੀ ਗਈ ਅਦਾਕਾਰੀ ਨੇ ਹਾਜ਼ਰ ਦਰਸ਼ਕਾਂ ਨੂੰ ਮੁਗਧ ਕਰ ਦਿੱਤਾ।ਹਰ ਚਿਹਰੇ 'ਤੇ ਨਾਟਕ ਦੇ ਦ੍ਰਿਸ਼ਾਂ ਦਾ ਪ੍ਰਭਾਵ ਸਾਫ਼ ਨਜ਼ਰ ਆ ਰਿਹਾ ਸੀ।ਇਸ ਮੌਕੇ ਪਿੰਡ ਦੀ ਸਮੂਹ ਪੰਚਾਇਤ, ਸਥਾਨਕ ਨਾਗਰਿਕ, ਮਾਪਿਆਂ ਤੇ ਸਕੂਲ ਸਟਾਫ ਦੀ ਭਰਪੂਰ ਹਾਜ਼ਰੀ ਰਹੀ।ਹਰੇਕ ਵਿਅਕਤੀ ਨੇ ਨਾਟਕ ਦੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ ਤੇ ਜ਼ਿਲ੍ਹਾ ਭਾਸ਼ਾ ਦਫ਼ਤਰ ਫ਼ਾਜ਼ਿਲਕਾ ਦੀ ਇਸ ਉਤਸ਼ਾਹਜਨਕ ਕਾਰਜ ਦੀ ਸਰਾਹਨਾ ਕੀਤੀ।

ਸਕੂਲ ਦੇ ਮੁਖੀ ਸੰਜੀਵ ਗਿਲੋਤਰਾ ਨੇ ਸਮੂਹ ਪਿੰਡ ਵਾਸੀਆਂ, ਵਿਸ਼ੇਸ਼ ਤੌਰ 'ਤੇ ਨਟਰੰਗ ਦੀ ਟੀਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਸਮਾਗਮ ਨਾ ਸਿਰਫ਼ ਬੱਚਿਆਂ ਦੇ ਮਨੋਰੰਜਨ ਲਈ ਹਨ, ਸਗੋਂ ਉਨ੍ਹਾਂ ਦੇ ਚਰਿੱਤਰ ਨਿਰਮਾਣ ਤੇ ਸਮਾਜਿਕ ਜਾਗਰੂਕਤਾ ਵਧਾਉਣ ਵਿੱਚ ਵੀ ਬਹੁਤ ਵੱਡਾ ਯੋਗਦਾਨ ਪਾਉਂਦੇ ਹਨ।ਇਸ ਨਾਟਕ ਰਾਹੀਂ ਜਿੱਥੇ ਬੱਚਿਆਂ ਨੂੰ ਰੰਗਮੰਚੀ ਕਲਾ ਨਾਲ ਜੋੜਨ ਦਾ ਮੌਕਾ ਮਿਲਿਆ, ਉਥੇ ਹੀ ਪਿੰਡ ਵਾਸੀਆਂ ਨੂੰ ਵੀ ਦਿਵਿਆਂਗਤਾ ਵਰਗੇ ਸਮਾਜਕ ਮੁੱਦਿਆਂ ਉੱਤੇ ਸੋਚਣ ਲਈ ਵਧੀਆ ਪਲੇਟਫਾਰਮ ਪ੍ਰਾਪਤ ਹੋਇਆ। 'ਜਨਕ' ਨਾਟਕ ਨੇ ਦਰਸਾ ਦਿੱਤਾ ਕਿ ਕਲਾ ਰਾਹੀਂ ਵੀ ਸਮਾਜ ਵਿਚ ਬਦਲਾਅ ਲਿਆਉਣਾ ਸੰਭਵ ਹੈ।ਇਸ ਮੌਕੇ ਉੱਤੇ ਵਿਸ਼ੇਸ਼ ਮਹਿਮਾਨਾਂ ਵਜੋਂ ਰਾਮ ਸਿੰਘ ਬਰਾੜ, ਸਤੀਸ਼ ਮਿਗਲਾਨੀ, ਨੀਰਜ ਗਾਬਾ, ਸਰਨਜੀਤ ਸਿੰਘ, ਪ੍ਰਵੀਨ ਕੁਮਾਰ, ਪੂਰਨ ਚੰਦ ਤੇ ਨਟਰੰਗ ਅਬੋਹਰ ਦੇ ਸਹਿਯੋਗੀ ਕਲਾਕਾਰ ਵਿਕਾਸ ਬਤਰਾ, ਸੰਦੀਪ ਸ਼ਰਮਾ, ਸੰਜੇ ਚਾਨਨਾ ਤੇ ਸੁਨੀਲ ਵਰਮਾ ਹਾਜ਼ਰ ਰਹੇ।

# ਮੋਗਾ 'ਚ ਕੱਢੀ ਭਗਵਾਂ ਯਾਤਰਾ ਨੇ ਇਤਿਹਾਸ ਰਚਿਆ : ਡਾ. ਸੀਮਾਂਤ ਗਰਗ



**ਮੋਗਾ (ਇਕਬਾਲ ਸਿੰਘ ਖਹਿਰਾ)**

ਰਾਮਨੌਮੀ ਤਿਉਹਾਰ ਮੌਕੇ ਮੋਗਾ ਵਿੱਚ ਕੱਲ੍ਹ ਇੱਕ ਭਗਵਾਂ ਯਾਤਰਾ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸ਼ਹਿਰ ਦੇ ਪਤਵੰਤਿਆਂ ਅਤੇ ਨਿਵਾਸੀਆਂ ਨੇ ਉਤਸ਼ਾਹ ਦਿਖਾਉਂਦੇ ਹੋਏ, ਭਗਵੇਂ ਝੰਡਿਆਂ ਨਾਲ ਹਿੱਸਾ ਲੈ ਕੇ ਤੇ ਆਪਣਾ ਸਮਰਥਨ ਦੇ ਕੇ ਇਤਿਹਾਸ ਰਚਿਆ, ਯਾਤਰਾ ਵਿੱਚ ਸ਼ਾਮਲ ਹੋਣ ਲਈ ਸ਼ਹਿਰ ਵਾਸੀਆਂ ਅਤੇ ਪਤਵੰਤਿਆਂ ਦਾ ਧੰਨਵਾਦ ਕੀਤਾ ਗਿਆ। ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਨੇ ਧੰਨਵਾਦ ਕਰਦੇ ਹੋਏ ਉਪਰੋਕਤ ਵਿਚਾਰ ਪ੍ਰਗਟ ਕੀਤੇ ਤੇ ਕਿਹਾ ਕਿ ਇਸ ਭਗਵਾ ਯਾਤਰਾ ਵਿੱਚ ਦਿਖਾਈ ਗਈ ਏਕਤਾ ਤੇ ਭਗਵਾਨ ਰਾਮ ਪ੍ਰਤੀ ਸ਼ਰਧਾ, 500 ਸਾਲਾਂ ਬਾਅਦ ਅਯੁੱਧਿਆ ਵਿੱਚ ਬਣੇ ਸ਼੍ਰੀ ਰਾਮ ਮੰਦਰ ਦੇ ਇੱਕ ਸਾਲ ਪੂਰੇ ਹੋਣ 'ਤੇ ਰਾਮ ਨੌਮੀ 'ਤੇ ਪਿਆਰ ਦਾ ਪ੍ਰਗਟਾਵਾ ਹੈ।ਉਨ੍ਹਾਂ ਕਿਹਾ ਕਿ ਮੋਗਾ ਪੀੜਤ ਯਾਦਗਾਰੀ ਸਹਾਇਤਾ ਕਮੇਟੀ, ਭਾਜਪਾ ਅਧਿਕਾਰੀਆਂ ਤੇ ਵਰਕਰਾਂ ਦੇ ਨਾਲ-ਨਾਲ ਸ਼ਹਿਰ ਦੇ ਪਤਵੰਤੇ ਸੱਜਣ, ਸਾਰੇ ਉਨ੍ਹਾਂ ਵੱਲੋਂ ਦਿਖਾਏ ਗਏ ਸਮਰਥਨ ਤੇ ਉਤਸ਼ਾਹ ਲਈ ਵਧਾਈ ਦੇ ਹੱਕਦਾਰ ਹਨ। ਉਨ੍ਹਾਂ ਕਿਹਾ ਕਿ ਰਾਮ ਨੌਮੀ 'ਤੇ ਅਜਿਹੀ ਭਗਵਾਂ ਯਾਤਰਾ ਸਾਨੂੰ ਆਪਣੇ ਤਿਉਹਾਰਾਂ ਤੋਂ ਜਾਣੂ ਕਰਵਾਉਂਦੀ ਹੈ ਅਤੇ ਸਾਡੀ ਨਵੀਂ ਪੀੜ੍ਹੀ ਨੂੰ ਵੀ ਇਸ ਬਾਰੇ ਜਾਣਕਾਰੀ ਮਿਲਦੀ ਹੈ। ਇਸ ਭਗਵਾਂ ਯਾਤਰਾ ਵਿੱਚ, ਅਸੀਂ ਸਾਰੇ ਸ਼ਹਿਰ ਵਾਸੀਆਂ, ਪਤਵੰਤਿਆਂ, ਸਮਾਜ ਸੇਵਕਾਂ ਤੇ ਧਾਰਮਿਕ ਸੰਗਠਨਾਂ ਦੇ ਨੁਮਾਇੰਦਿਆਂ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਆਪਣਾ ਪਿਆਰ ਦਿਖਾ ਕੇ ਤੇ ਲੋਕਾਂ ਨੂੰ ਉਤਸ਼ਾਹਤ ਕਰਕੇ ਅਤੇ ਢੋਲ ਵਜਾ ਕੇ ਅਤੇ ਝੰਡੇ ਲਹਿਰਾ ਕੇ ਯਾਤਰਾ ਵਿੱਚ ਸ਼ਾਮਲ ਹੋ ਕੇ ਸਾਨੂੰ ਇੱਕ ਨਵਾਂ ਰਸਤਾ ਦਿਖਾਇਆ ਹੈ।

## ਆੜ੍ਹਤੀ ਐਸੋਸੀਏਸ਼ਨ ਦੀ ਭਰਵੀਂ ਮੀਟਿੰਗ



**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਕੀ ਸ਼ਰਮਾ)**-ਦਾਣਾ ਮੰਡੀ ਆੜ੍ਹਤੀ ਐਸੋਸੀਏਸ਼ਨ ਮਾਛੀਵਾੜਾ ਸਾਹਿਬ ਦੀ ਭਰਵੀਂ ਮੀਟਿੰਗ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਮੋਹਿਤ ਕੁੰਦਰਾ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਤਕਰੀਬਨ ਸਾਰੇ ਮੈਂਬਰਾਂ ਨੇ ਹਿੱਸਾ ਲਿਆ।ਇਸ ਮੌਕੇ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਮੋਹਿਤ ਕੁੰਦਰਾ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਰਕਾਰ ਦੇ ਨੁਮਾਇੰਦਿਆਂ ਨਾਲ ਸਾਡੀ ਗੱਲਬਾਤ ਹੋਈ ਹੈ ਤੇ ਪਿਛਲੇ ਸਮਿਆਂ 'ਚ ਆਉਂਦੀਆਂ ਮੁਸ਼ਕਲਾਂ ਨੂੰ ਮੱਦੇਨਜ਼ਰ ਰੱਖਦਿਆਂ ਇਸ ਵਾਰ ਬਾਰਦਾਨੇ ਦੀ ਕੋਈ ਕਮੀ ਨਹੀਂ ਆਵੇਗੀ।ਉਨ੍ਹਾਂ ਕਿਹਾ ਕਿ ਸਾਰੇ ਜ਼ਿਮੀਂਦਾਰ ਭਰਾਵਾਂ ਨੂੰ ਬੇਨਤੀ ਆ ਕੀ ਆਪਣੀ ਕਣਕ ਨੂੰ ਸੁਕਾ ਕੇ ਮੰਡੀਆਂ 'ਚ ਲਿਆਉਣ, ਕਾਹਲੀ ਨਾ ਕਰਨ, ਕਿਉਂਕਿ ਸਰਕਾਰ ਕਣਕ ਖਰੀਦ ਕਰਨ ਲਈ ਪੂਰੀ ਵਚਨਬੱਧ ਹੈ। ਪ੍ਰਧਾਨ ਮੋਹਿਤ ਕੁੰਦਰਾ ਨੇ ਕਿਹਾ ਕਿ ਇਸ ਵਾਰ ਪ੍ਰਬੰਧਾਂ ਵਿੱਚ ਵੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ, ਜੇਕਰ ਕਿਸੇ ਵੀ ਜ਼ਿਮੀਂਦਾਰ ਭਰਾ ਨੂੰ ਕਿਸੇ ਕਿਸਮ ਦੀ ਦਿੱਕਤ ਆਉਂਦੀ ਹੈ ਤਾਂ ਸਾਡੇ ਨਾਲ ਗੱਲਬਾਤ ਕਰਨ ਤਾਂ ਜੋ ਉਸ ਦਾ ਤੁਰੰਤ ਹੱਲ ਹੋ ਸਕੇ।ਇਸ ਮੌਕੇ ਆੜ੍ਹਤੀ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਹਰਜਿੰਦਰ ਸਿੰਘ ਖੇੜਾ, ਕੌਂਸਲ, ਹੁਸਨ ਮਾਰਕਨ, ਜੈਦੀਪ ਕਾਹਲੋਂ, ਹਰਵਿੰਦਰ ਸਿੰਘ, ਪ੍ਰਿੰਸ ਮਿੰਨੇਵਾਲ, ਸ਼ਸ਼ੀ ਭਾਟੀਆ ਤੇ ਹੋਰ ਆਦਿ ਸ਼ਾਮਲ ਸਨ।

## ਰੇਸ਼ਮ ਸਿੰਘ ਰਾਇਸਰ ਨੂੰ ਪ੍ਰਧਾਨ ਮੰਤਰੀ ਜੀਵਨ ਜੋਤੀ ਬੀਮਾ ਤਹਿਤ ਸਹਾਇਤਾ ਰਾਸ਼ੀ




**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪ੍ਰਧਾਨ ਮੰਤਰੀ ਜੀਵਨ ਜੋਤੀ ਬੀਮਾ ਦੇ ਤਹਿਤ ਪਿੰਡ ਰਾਇਸਰ ਪੰਜਾਬ ਦੀ ਸਟੇਟ ਬੈਂਕ ਆਫ ਇੰਡੀਆ ਵੱਲੋਂ ਰੇਸ਼ਮ ਸਿੰਘ ਪੁੱਤਰ ਸਰਦੂਲ ਸਿੰਘ ਪਿੰਡ ਰਾਇਸਰ ਪੰਜਾਬ (ਬਰਨਾਲਾ) ਨੂੰ ਉਨ੍ਹਾਂ ਦੀ ਧਰਮ ਪਤਨੀ ਬਲਵਿੰਦਰ ਕੌਰ ਦੀ ਕੈਂਸਰ ਦੀ ਲਪੇਟ ਵਿੱਚ ਆ ਕੇ ਮੌਤ ਹੋ ਜਾਣ ਤੋਂ ਬਾਅਦ ਉਨ੍ਹਾਂ ਦੇ 2 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਭੇਟ ਕੀਤੀ।ਮੈਨੇਜਰ ਹਰਜਿੰਦਰ ਸਿੰਘ, ਕੈਸ਼ੀਅਰ ਜਗਦੀਪ ਸਿੰਘ, ਜਗਸੀਰ ਸਿੰਘ ਤੇ ਸੀ. ਐੱਸ. ਪੀ. ਵਕੀਲ ਸਿੰਘ, ਸੀ. ਐੱਸ. ਪੀ. ਸਿਮਰਨਜੀਤ ਸਿੰਘ ਰੱਖੜਾ, ਨਾਹਰ ਸਿੰਘ, ਗੁਰਮੇਲ ਸਿੰਘ ਤੇ ਬੱਗਾ ਸਿੰਘ ਮੌਜੂਦ ਸਨ।ਇਸ ਸਹਾਇਤਾ ਰਾਸ਼ੀ ਪ੍ਰਾਪਤ ਕਰਨ ਤੇ ਰੇਸ਼ਮ ਸਿੰਘ ਰਾਇਸਰ ਪੰਜਾਬ ਨੇ ਬੈਂਕ ਸਟਾਫ ਤੇ ਸਰਕਾਰ ਦਾ ਧੰਨਵਾਦ ਕਰਦਿਆਂ ਪ੍ਰਧਾਨ ਜੀਵਨ ਜੋਤੀ ਬੀਮਾ ਸਕੀਮ ਦਾ ਲਾਭ ਹਰੇਕ ਨੂੰ ਉਠਾਉਣਾ ਚਾਹੀਦਾ ਹੈ, ਜਿਸ ਤਰ੍ਹਾਂ ਮੈਨੂੰ ਇਸ ਦਾ ਲਾਭ ਪ੍ਰਾਪਤ ਹੋਇਆ, ਜਿਸ ਨਾਲ ਮੇਰੀ ਪਤਨੀ ਦੇ ਚਲੇ ਜਾਣ ਤੋਂ ਬਾਅਦ ਉਨ੍ਹਾਂ ਦੀ ਕੈਂਸਰ ਦੀ ਬੀਮਾਰੀ ਦੇ ਇਲਾਜ 'ਤੇ ਹੋਏ ਖਰਚੇ ਤੋਂ ਛੁਟਕਾਰਾ ਮਿਲਿਆ, ਜਿਸ ਨਾਲ ਮੈਂ ਕਰਜ਼ਾਈ ਹੋਣੋਂ ਬਚ ਸਕਿਆ।

## ਗਰੀਨ ਟਾਊਨ ਕਲੋਨੀ ਵਿਖੇ ਸ੍ਰੀ ਰਾਮ ਕਥਾ ਸਮਾਗਮ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸਮਾਣਾ ਸ਼ਹਿਰ ਦੀ ਮਸ਼ਹੂਰ ਗਰੀਨ ਟਾਊਨ ਕਲੋਨੀ ਕਮੇਟੀ ਦੇ ਪ੍ਰਬੰਧਕਾਂ ਵੱਲੋਂ ਦੋ ਦਿਨਾ ਸ੍ਰੀ ਰਾਮ ਕਥਾ ਦਾ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸਮਾਗਮ ਦੇ ਪਹਿਲੇ ਦਿਨ ਦਿਵਿਆ ਜਯੋਤੀ ਜਾਗ੍ਰਤੀ ਸੰਸਥਾਨ ਦੇ ਆਸੂਤੋਸ਼ ਮਹਾਰਾਜ ਦੀ ਸ਼ਿਸ਼ਿਆ ਸਾਧਵੀ ਪ੍ਰਵੀਨ ਭਾਰਤੀ ਨੇ ਸ੍ਰੀ ਰਾਮ ਕਥਾ ਕਰਦਿਆਂ ਫਰਮਾਇਆ ਕਿ ਰਾਮ ਨਾਮ ਦਾ ਸਿਮਰਨ ਕਰਨ ਨਾਲ ਮਨੁੱਖਾ ਸਰੀਰ ਭਵ ਸਾਗਰ ਤੋਂ ਪਾਰ ਹੋ ਜਾਂਦਾ ਹੈ।ਮਨੁੱਖਾ ਸਰੀਰ ਇੱਕ ਕਿਸ਼ਤੀ ਦੀ ਤਰ੍ਹਾਂ ਹੈ, ਇਸ ਮਨੁੱਖਾ ਸਰੀਰ ਵਿੱਚ ਸਤਿਗੁਰੂ ਦੇ ਜ਼ਰੀਏ ਪ੍ਰਮਾਤਮਾ ਤੱਕ ਪਹੁੰਚਿਆ ਜਾ ਸਕਦਾ ਹੈ। ਸਤਿਗੁਰੂ ਸਾਡੀ ਮਨੁੱਖ ਸਰੀਰ ਰੂਪੀ ਕਿਸ਼ਤੀ ਨੂੰ ਭਵ ਸਾਗਰ ਤੋਂ ਪਾਰ ਲਿਜਾਣ ਦੀ ਸਮਰੱਥਾ ਰੱਖਦਾ ਹੈ। ਜਿਵੇਂ ਮਲਾਹ ਤੋਂ ਬਿਨਾਂ ਕਿਸ਼ਤੀ ਪਾਣੀ ਵਿੱਚ ਦਰਿਆ ਤੋਂ ਪਾਰ ਨਹੀਂ ਲਗਾ ਸਕਦੀ, ਉਸੇ ਤਰ੍ਹਾਂ ਸਤਿਗੁਰੂ ਤੋਂ ਬਿਨਾਂ ਮਨੁੱਖ ਨੂੰ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ।ਸਤਿਗੁਰੂ ਪ੍ਰਮਾਤਮਾ ਦਾ ਅਸਲੀ ਰੂਪ ਦਿਖਾਉਣ ਦੀ ਸਮਰੱਥਾ ਰੱਖਦਾ ਹੈ ਪ੍ਰਮਾਤਮਾ ਨੂੰ ਵੇਖ ਕੇ ਉਸ 'ਤੇ ਦ੍ਰਿੜ੍ਹ ਵਿਸ਼ਵਾਸ ਕਰਕੇ ਹੀ ਭਵ ਸਾਗਰ ਤੋਂ ਪਾਰ ਹੋਇਆ ਜਾ ਸਕਦਾ ਹੈ।ਅੱਜ ਦੇ ਸਤਸੰਗ ਦੀ ਸਮਾਪਤੀ ਭਗਵਾਨ ਸ੍ਰੀ ਰਾਮ ਚੰਦਰ ਜੀ ਦੀ ਆਰਤੀ ਨਾਲ ਹੋਈ।ਗਰੀਨ ਟਾਊਨ ਵੈੱਲਫੇਅਰ ਸੋਸਾਇਟੀ ਦੇ ਪ੍ਰਬੰਧਕਾਂ ਵੱਲੋਂ ਆਏ ਮੁੱਖ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਗਰੀਬ ਟਾਊਨ ਵੈੱਲਫੇਅਰ ਸੋਸਾਇਟੀ ਦੇ ਪ੍ਰਧਾਨ ਹਰਿੰਦਰ ਭੁਟੇਜਾ, ਤਰਸੇਮ ਟੁਟੇਜਾ, ਪਰਵੀਨ ਕਟਾਰੀਆ, ਵਿਜੇ ਵਾਚ ਕੰਪਨੀ, ਦੀਪਕ ਕੁਮਾਰ, ਸ਼ਾਮ ਲਾਲ ਖੁਰਾਣਾ, ਦੀਪਕ ਖੁਰਾਣਾ, ਧਰਮਪਾਲ ਅਨੇਜਾ, ਅਰਵਿੰਦਰ ਕੁਮਾਰ ਸਚਦੇਵਾ, ਡਾਕਟਰ ਕੇ ਕੇ ਜੌਹਰੀ, ਅਗਰਵਾਲ ਸਭਾ ਪ੍ਰਧਾਨ ਪਵਨ ਬਾਂਸਲ, ਡਾਕਟਰ ਪ੍ਰੇਮ ਪਾਲ, ਯਸ਼ ਅਰੋੜਾ, ਪ੍ਰਾਪਰਟੀ ਡੀਲਰ ਧਰਮ ਸਚਦੇਵਾ ਤੋਂ ਇਲਾਵਾ ਕਲੋਨੀ ਵਾਸੀ ਹਜ਼ਰ ਸਨ।

## ਹੈਰੋਇਨ ਤੇ ਨਸ਼ੇ ਦੀਆਂ ਗੋਲੀਆਂ ਸਮੇਤ ਤਿੰਨ ਗ੍ਰਿਫ਼ਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਦੋ ਵੱਖ-ਵੱਖ ਥਾਣਿਆਂ ਦੀ ਪੁਲਸ ਵੱਲੋਂ ਬੀਤੇ 24 ਘੰਟਿਆਂ ਦੌਰਾਨ ਤਿੰਨ ਵਿਅਕਤੀਆਂ ਨੂੰ ਨਸ਼ੀਲੇ ਪਦਾਰਥਾਂ ਸਮੇਤ ਗ੍ਰਿਫ਼ਤਾਰ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਸੇਫ ਪੰਜਾਬ ਪੋਰਟਲ ਰਾਹੀਂ ਪੁਲਸ ਨੂੰ ਸ਼ਿਕਾਇਤ ਪ੍ਰਾਪਤ ਹੋਈ ਸੀ ਕਿ ਵਰਿੰਦਰ ਸਿੰਘ ਵਾਸੀ ਪਿੰਡ ਸਿੱਧਵਾਂ ਫ਼ਤਹਿਗੜ੍ਹ ਸਾਹਿਬ ਦੇ ਇਲਾਕੇ 'ਚ ਪੜ੍ਹਨ ਵਾਲੇ ਨੌਜਵਾਨਾਂ ਨੂੰ ਨਸ਼ੀਲੇ ਪਦਾਰਥ ਵੇਚਦਾ ਦੇਖਿਆ ਗਿਆ ਹੈ।ਸੂਚਨਾ ਮਿਲਣ 'ਤੇ ਪੁਲਸ ਵੱਲੋਂ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਗਈ, ਜਿਸ ਦੇ ਚੱਲਦਿਆਂ ਸਰਹਿੰਦ ਦੇ ਡਿਫੈਂਸ ਬੰਨ੍ਹ ਰੋਡ 'ਤੇ ਰਾਤ ਨੂੰ ਚੈਕਿੰਗ ਕਰ ਰਹੀ ਸਰਹਿੰਦ ਮੰਡੀ ਚੌਂਕੀ ਦੀ ਇੱਕ ਪੁਲਸ ਪਾਰਟੀ ਵੱਲੋਂ ਮਦਰਾਸੀ ਕਲੋਨੀ ਵੱਲ ਨੂੰ ਜਾ ਰਹੀ ਚਿੱਟੇ ਰੰਗ ਦੀ ਫੋਰਡ ਫਿਸਟਾ ਕਾਰ ਨੰਬਰ ਸੀ.ਐਚ.01.ਬੀ.ਸੀ-4132 ਨੂੰ ਰੁਕਣ ਦਾ ਇਸ਼ਾਰਾ ਕੀਤਾ ਗਿਆ, ਜਿਸ ਦੇ ਡਰਾਈਵਰ ਨੇ ਕਾਰ ਇਕਦਮ ਪਿੱਛੇ ਨੂੰ ਘੁੰਮਾਉਣ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਕਾਬੂ ਕਰਕੇ ਪੁਲਸ ਕਰਮਚਾਰੀਆਂ ਵੱਲੋਂ ਨਾਮ ਪਤਾ ਪੁੱਛੇ ਜਾਣ 'ਤੇ ਕਾਰ ਚਾਲਕ ਨੇ ਆਪਣੀ ਪਹਿਚਾਣ ਵਰਿੰਦਰ ਸਿੰਘ ਉਰਫ ਬਿੰਦੂ ਵਾਸੀ ਪਿੰਡ ਸਿੱਧਵਾਂ ਵਜੋਂ ਦੱਸੀ।ਤਲਾਸ਼ੀ ਦੌਰਾਨ ਉਕਤ ਕਾਰ ਦੇ ਡੈਸ਼ਬੋਰਡ 'ਚੋਂ ਨਸ਼ੇ ਦੀਆਂ 400 ਗੋਲੀਆਂ ਬਰਾਮਦ ਹੋਈਆਂ।ਇਸ ਸਬੰਧੀ ਥਾਣਾ ਫ਼ਤਹਿਗੜ੍ਹ ਸਾਹਿਬ ਵਿਖੇ ਅ/ਧ 22(ਬੀ)61/85 ਐੱਨ.ਡੀ.ਪੀ.ਐੱਸ. ਤਹਿਤ ਦਰਜ ਕਰਵਾਏ ਗਏ ਮੁਕੱਦਮੇ 'ਚ ਵਰਿੰਦਰ ਸਿੰਘ ਉਰਫ ਬਿੰਦੂ ਨੂੰ ਗ੍ਰਿਫ਼ਤਾਰ ਕਰਕੇ ਸਰਹਿੰਦ ਮੰਡੀ ਚੌਂਕੀ ਦੇ ਇੰਚਾਰਜ ਸਹਾਇਕ ਥਾਣੇਦਾਰ ਸੰਜੀਵ ਕੁਮਾਰ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।ਇੱਕ ਵੱਖਰੇ ਮਾਮਲੇ 'ਚ ਖਮਾਣੋਂ ਦੇ ਖੰਨਾ ਰੋਡ 'ਤੇ ਪੈਂਦੇ ਰੇਲਵੇ ਫਾਟਕ ਨਜ਼ਦੀਕ ਚੈਕਿੰਗ ਕਰ ਰਹੀ ਥਾਣਾ ਖਮਾਣੋਂ ਦੀ ਇੱਕ ਪੁਲਸ ਪਾਰਟੀ ਵੱਲੋਂ ਅਪਾਚੀ ਮੋਟਰਸਾਈਕਲ 'ਤੇ ਆ ਰਹੇ ਸ਼ੰਕਰ ਤੇ ਕਬੀਰ ਸਿੰਘ ਵਾਸੀਆਨ ਖਮਾਣੋਂ ਨੂੰ ਸ਼ੱਕ ਦੇ ਅਧਾਰ 'ਤੇ ਰੋਕਿਆ ਗਿਆ।ਤਲਾਸ਼ੀ ਦੌਰਾਨ ਦੋਵਾਂ ਦੇ ਕਬਜ਼ੇ 'ਚੋਂ 5/5 ਗ੍ਰਾਮ ਹੈਰੋਇਨ ਤੇ 2500 ਰੁਪਏ ਦੀ ਡਰੱਗ ਮਨੀ ਬਰਾਮਦ ਹੋਈ।ਇਸ ਸਬੰਧੀ ਥਾਣਾ ਖਮਾਣੋਂ ਵਿਖੇ ਅ/ਧ 21(ਬੀ)/61/85 ਐੱਨ.ਡੀ.ਪੀ.ਐੱਸ. ਐਕਟ ਤਹਿਤ ਦਰਜ ਕਰਵਾਏ ਗਏ ਮੁਕੱਦਮੇ 'ਚ ਸ਼ੰਕਰ ਤੇ ਕਬੀਰ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਸਬ-ਇੰਸਪੈਕਟਰ ਸਪਿੰਦਰ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

## ਮੁੰਡੇ ਤੇ ਕੁੜੀਆਂ ਲਈ ਖੇਡਾਂ ਦੇ ਟ੍ਰਾਇਲ 9-10 ਨੂੰ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਸ੍ਰੀ ਰੁਪਿੰਦਰ ਸਿੰਘ ਬਰਾੜ ਜਿਲ੍ਹਾ ਖੇਡ ਅਫਸਰ ਫਾਜਿਲਕਾ ਜੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਖੇਡ ਵਿਭਾਗ ਪੰਜਾਬ ਵੱਲੋ ਸੈਸ਼ਨ 2025-26 ਦੌਰਾਨ ਜਿਲ੍ਹੇ ਵਿੱਚ ਲੜਕੇ ਤੇ ਲੜਕੀਆਂ ਅੰਡਰ-14,17 ਅਤੇ 19 ਦੇ ਰੈਜੀਡੈਂਸਲ ਅਤੇ ਡੇਅ ਸਕਾਲਰ ਸਕੂਲ ਵਿੰਗ ਚਲਾਏ ਜਾਣੇ ਹਨ, ਜਿਸ ਸਬੰਧੀ ਜ਼ਿਲ੍ਹਾ ਫਾਜਿਲਕਾ ਵਿਖੇ ਡੇ-ਸਕਾਲਰ ਵਿੰਗ ਵਿੱਚ ਗੇਮ ਹੈਡਬਾਲ, ਆਰਚਰੀ, ਕੁਸ਼ਤੀ, ਬੈਡਮਿੰਟਨ, ਕਿੱਕ ਬਾਕਸਿੰਗ, ਨੈੱਟਬਾਲ, ਰਗਬੀ ਤੇ ਰੈਜੀਡੈਂਸਲ ਵਿੰਗ ਗੇਮ ਕੁਸ਼ਤੀ ਦੇ ਟ੍ਰਾਇਲ ਲਏ ਜਾਣੇ ਹਨ। 9 ਅਪ੍ਰੈਲ ਨੂੰ ਕੇਵਲ ਲੜਕੀਆਂ ਦੇ ਟ੍ਰਾਇਲ ਤੇ 10 ਅਪ੍ਰੈਲ ਨੂੰ ਕੇਵਲ ਲੜਕਿਆਂ ਦੇ ਟ੍ਰਾਇਲ ਜ਼ਿਲ੍ਹੇ ਦੇ ਵੱਖ-ਵੱਖ ਸਥਾਨਾਂ 'ਤੇ ਲਏ ਜਾਣਗੇ. ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ, ਗੇਮ ਹੈਂਡਬਾਲ ਦੇ ਟ੍ਰਾਇਲ ਹੈਂਡਬਾਲ ਕੋਚਿੰਗ ਸੈਂਟਰ ਸਰਕਾਰੀ ਸੀ: ਸੈ: ਸਕੂਲ (ਲੜਕੇ) ਅਬੋਹਰ ਵਿਖੇ ਹੋਣਗੇ, ਗੇਮ ਆਰਚਰੀ ਦੇ ਟ੍ਰਾਇਲ ਆਰਚਰੀ ਕੋਚਿੰਗ ਸੈਂਟਰ ਪਿੰਡ ਬੱਲੂਆਣਾ ਵਿਖੇ ਹੋਣਗੇ, ਗੇਮ ਕੁਸ਼ਤੀ ਦੇ ਟ੍ਰਾਇਲ ਸ਼ਹੀਦ ਭਗਤ ਸਿੰਘ ਸਟੇਡੀਅਮ ਫ਼ਾਜ਼ਿਲਕਾ ਵਿਖੇ ਹੋਣਗੇ, ਗੇਮ ਬੈਡਮਿੰਟਨ ਦੇ ਟ੍ਰਾਇਲ ਬੈਡਮਿੰਟਨ ਕੋਚਿੰਗ ਸੈਂਟਰ ਸ਼ਹੀਦ ਏ ਆਜ਼ਮ ਭਗਤ ਸਿੰਘ ਸਟੇਡੀਅਮ ਪਿੰਡ ਅਜੀਮਗੜ੍ਹ (ਅਬੋਹਰ) ਵਿਖੇ ਹੋਣਗੇ, ਗੇਮ ਕਿੱਕ ਬਾਕਸਿੰਗ ਗੇਮ ਦੇ ਟ੍ਰਾਇਲ ਰੈੱਡ ਰੋਜ਼ ਪਬਲਿਕ ਸਕੂਲ ਪਿੰਡ ਜੰਡਵਾਲਾ ਭੀਮੇ ਸ਼ਾਹ ਵਿਖੇ ਹੋਣਗੇ, ਨੈੱਟਬਾਲ ਤੇ ਰਗਬੀ ਖੇਡ ਦੇ ਟ੍ਰਾਇਲ ਬਹੁਮੰਤਵੀ ਖੇਡ ਸਟੇਡੀਅਮ ਵਿਖੇ ਹੋਣਗੇ.ਸਪੋਰਟਸ ਵਿੰਗਾਂ ਲਈ ਖਿਡਾਰੀ ਖਿਡਾਰਨ ਦਾ ਜਨਮ ਅੰਡਰ-14 ਲਈ 01-01-2012, ਅੰਡਰ-17 ਲਈ 01-01-2009 ਤੇ ਅੰਡਰ-19 ਲਈ 01-01-2007 ਜਾਂ ਇਸ ਤੋ ਬਾਅਦ ਦਾ ਹੋਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਖਿਡਾਰੀ ਫ਼ਿਜ਼ੀਕਲੀ ਤੇ ਮੈਡੀਕਲੀ ਫਿੱਟ ਹੋਵੇ। ਖਿਡਾਰੀ ਵੱਲੋਂ ਜ਼ਿਲ੍ਹਾ ਪੱਧਰ ਕੰਪੀਟੀਸ਼ਨਾਂ ਵਿੱਚ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਵਿੱਚੋਂ ਇਕ ਪੁਜ਼ੀਸ਼ਨ ਪ੍ਰਾਪਤ ਕੀਤੀ ਹੋਵੇ ਜਾਂ ਉਸ ਵੱਲੋ ਸਟੇਟ ਪੱਧਰ ਕੰਪੀਟੀਸ਼ਨ ਵਿੱਚ ਹਿੱਸਾ ਲਿਆ ਹੋਵੇ.ਇਸ ਤੋ ਇਲਾਵਾ ਟਰਾਇਲ ਦੇ ਆਧਾਰ 'ਤੇ ਨਵੇਂ ਹੋਣਹਾਰ ਖਿਡਾਰੀ ਵੀ ਵਿਚਾਰੇ ਜਾ ਸਕਦੇ ਹਨ। ਰੈਜੀਡੈਂਸਲ ਵਿੰਗ ਵਿੱਚ ਚੁਣੇ ਖਿਡਾਰੀਆਂ ਨੂੰ 225ਰੁ: ਅਤੇ ਡੇ:ਸਕਾਲਰ ਖਿਡਾਰੀਆਂ ਨੂੰ 125 ਰੁ: ਪ੍ਰਤੀ ਖਿਡਾਰੀ ਪ੍ਰਤੀ ਦਿਨ ਦੀ ਦਰ ਨਾਲ ਖੁਰਾਕ/ਰਿਫਰੈਸ਼ਮੈਂਟ ਸਮੇਤ ਮੁਫਤ ਕੋਚਿੰਗ ਮੁਹੱਈਆ ਕਰਾਈ ਜਾਵੇਗੀ। ਟ੍ਰਾਇਲ ਸਥਾਨ ਉੱਤੇ ਸਵੇਰੇ 8:00 ਵਜੇ ਰਜਿਸਟ੍ਰੇਸ਼ਨ ਲਈ ਖਿਡਾਰੀ ਹਾਜ਼ਰ ਹੋਣਗੇ। ਦਾਖਲਾ ਫਾਰਮ ਨਿਰਧਾਰਤ ਮਿਤੀ ਨੂੰ ਜਾਂ ਇਸ ਤੋ ਪਹਿਲਾ ਦਫਤਰ ਦੇ ਕੰਮ ਵਾਲੇ ਦਿਨ ਦਫਤਰ ਜ਼ਿਲ੍ਹਾ ਖੇਡ ਅਫਸਰਾਂ ਤੋਂ ਮੁਫਤ ਪ੍ਰਾਪਤ ਕੀਤੇ ਜਾ ਸਕਦੇ ਹਨ।

St. Soldier Institute of Business Management & Agriculture
Jalandhar-Amritsar Highway, Near NIT REC, Jalandhar
APPLICATIONS INVITED
PRINCIPAL (Qualification and Experience as per AICTE/IKGPTU Norms)
PROFESSORS / ASSOCIATE PROFESSORS / ASST. PROFESSORS
Department: Business Management, IT & Computer Science, Journalism and Mass, Communications, Fashion Designing, Commerce (Qualification and Experience as per AICTE/IKGPTU Norms). We offer a dynamic and supportive work environment. If you are a motivated and qualified individual, please submit your application along with your resume and relevant documents. Apply within 15 days.
Email: stsoldieragr2018@gmail.com Phone: +91 98557-11223

8-April-PAGE--8.qxd 4/7/2025 10:55 PM Page 1



# ਵਕਫ ਸੋਧ ਬਿੱਲ ਘੱਟ ਗਿਣਤੀਆਂ ਦੇ ਪੂਰੀ ਤਰ੍ਹਾਂ ਖ਼ਿਲਾਫ਼ : ਢਿੱਲੋਂ



**ਡੇਰਾਬੱਸੀ (ਵਿਨੈ ਕੁਮਾਰ ਜੈਨ)**— ਵਕਫ ਸੋਧ ਬਿੱਲ ਸਿਰਫ ਮੁਸਲਮਾਨਾਂ ਦੀਆਂ ਜ਼ਮੀਨਾਂ ਅਤੇ ਪੈਸਿਆਂ 'ਉੱਤੇ ਕਬਜ਼ਾ ਕਰਨ ਦਾ ਜ਼ਰੀਆ ਹੈ। ਇਹ ਵਿਚਾਰ ਕਾਂਗਰਸ ਦੇ ਹਲਕਾ ਇੰਚਾਰਜ ਦੀਪਇੰਦਰ ਸਿੰਘ ਢਿੱਲੋਂ ਨੇ ਪ੍ਰਗਟਾਵਾ ਕੀਤਾ। ਬਿੱਲ ਦੇ ਵਿਰੋਧ ਵਿਚ ਉਹਨਾਂ ਨੇ ਕਿਹਾ ਕਿ ਭਾਜਪਾ ਸਰਕਾਰ ਘੱਟ ਗਿਣਤੀਆਂ ਦੇ ਖਿਲਾਫ ਹੈ। ਭਾਜਪਾ ਦੋਗਲੀ ਰਾਜਨੀਤੀ ਉੱਤੇ ਉੱਤਰ ਆਈ ਹੈ। ਢਿੱਲੋਂ ਨੇ ਕਿਹਾ ਕੀ ਇਹ ਹਮਲਾ ਇਕੱਲਾ ਮੁਸਲਿਮ ਭਾਈਚਾਰੇ ਉੱਤੇ ਨਹੀ ਹੈ ਸਗੋਂ ਦੇਸ਼ ਦੇ ਸੰਵਿਧਾਨ ਉੱਤੇ ਹਮਲਾ ਹੈ ਅਤੇ ਧਾਰਮਿਕ ਆਜ਼ਾਦੀ ਦੀ ਉਲੰਘਣਾ ਕਰਦਾ ਹੈ। ਉਹ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਗਏ ਵਕਫ ਸੋਧ ਬਿੱਲ ਦਾ ਡਟ ਕੇ ਵਿਰੋਧ ਕਰਦੇ ਹਨ ਅਤੇ ਮੁਸਲਿਮ ਭਾਈਚਾਰੇ ਨਾਲ ਪੂਰਾ ਸਮਰਥਨ ਦਾ ਭਰੋਸਾ ਦਿੰਦੇ ਹਨ। ਉਨ੍ਹਾਂ ਨੇ ਕਿਹਾ ਕਿ ਇਸ ਸੰਪਤੀ ਤੋਂ ਮੁਸਲਿਮ ਭਾਈਚਾਰੇ ਨੂੰ ਵਿਰਵੇ ਕਰਕੇ ਜ਼ਮੀਨਾਂ ਨੂੰ ਕਾਰਪੋਰੇਟਾਂ ਦੀ ਸੇਵਾ ਲਈ ਤਿਆਰ ਕੀਤਾ ਜਾ ਰਿਹਾ ਹੈ। ਅਸੀ ਸਾਰੀਆਂ ਧਾਰਮਿਕ, ਭਾਈਚਾਰਕ ਅਤੇ ਸਮਾਜਿਕ ਸੰਸਥਾਵਾਂ ਦੇ ਸਹਿਯੋਗ ਨਾਲ ਦੇਸ਼ ਵਿਆਪੀ ਅੰਦੋਲਨ ਚਲਾਵਾਂਗੇ। ਇਹ ਮੁਹਿੰਮ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਸੋਧਾਂ ਨੂੰ ਪੂਰੀ ਤਰ੍ਹਾਂ ਰੱਦ ਨਹੀਂ ਕੀਤਾ ਜਾਂਦਾ।

# ਦਿਹਾਤੀ ਮਜ਼ਦੂਰ ਸਭਾ ਦਾ 7ਵਾਂ ਸੂਬਾਈ ਡੈਲੀਗੇਟ ਅਜਲਾਸ ਸੰਪੰਨ

## ਨਾਹਰ ਪ੍ਰਧਾਨ ਤੇ ਦਾਊਦ ਜਨਰਲ ਸਕੱਤਰ ਚੁਣੇ



**ਜਲੰਧਰ (ਕੇਸਰ, ਰਾਜੇਸ਼ ਥਾਪਾ)** ਦਿਹਾਤੀ ਮਜ਼ਦੂਰ ਸਭਾ ਦਾ 7ਵਾਂ ਦੋ ਦਿਨਾ ਸੂਬਾਈ ਡੈਲੀਗੇਟ ਅਜਲਾਸ, ਕਸਬਾ ਬਾਬਾ ਬਕਾਲਾ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ਉਚੇਚੇ ਸਜਾਏ ਗਏ ਸ਼ਹੀਦ ਸਾਥੀ ਦੀਪਕ ਧਵਨ ਨਗਰ, ਸਾਥੀ ਗਿੰਗਾਰਾ ਸਿੰਘ ਧਿਆਨਪੁਰ ਹਾਲ ਵਿਚ ਬੇਜ਼ਮੀਨੇ-ਸਾਧਨਹੀਨ ਪੇਂਡੂ ਮਜ਼ਦੂਰਾਂ ਦੇ ਮੰਗਾਂ-ਮਸਲਿਆਂ ਦੇ ਸਥਾਈ ਤੇ ਸਨਮਾਨ ਜਨਕ ਹੱਲ ਲਈ ਤਿੱਖੇ ਸੰਘਰਸ਼ ਕਰਨ ਦਾ ਅਹਿਦ ਲੈਣ ਨਾਲ ਸਫਲਤਾ ਸਹਿਤ ਸੰਪੰਨ ਹੋਇਆ।ਜਨਰਲ ਸਕੱਤਰ ਗੁਰਨਾਮ ਸਿੰਘ ਦਾਊਦ ਵਲੋਂ ਪੇਸ਼ ਕੀਤੀ ਗਈ ਪਿਛਲੇ ਕੰਮਾਂ ਦੀ ਰਿਪੋਰਟ 'ਤੇ ਹੋਈ ਭਰਵੀਂ ਬਹਿਸ ਦੌਰਾਨ 19 ਸਾਥੀਆਂ ਵਲੋਂ ਉਸਾਰੂ ਆਲੋਚਨਾ ਕਰਦਿਆਂ ਵੱਡਮੁੱਲੇ ਸੁਝਾਅ ਰੱਖੇ ਗਏ।ਸਰਵ ਸੰਮਤੀ ਨਾਲ ਸਾਥੀ ਦਰਸ਼ਨ ਨਾਹਰ ਪ੍ਰਧਾਨ, ਗੁਰਨਾਮ ਸਿੰਘ ਦਾਊਦ ਜਨਰਲ ਸਕੱਤਰ, ਚਮਨ ਲਾਲ ਦਰਾਜ਼ ਕੇ ਅਤੇ ਅਮਰੀਕ ਸਿੰਘ ਦਾਊਦ ਮੀਤ ਪ੍ਰਧਾਨ, ਬਲਦੇਵ ਸਿੰਘ ਨੂਰਪੁਰੀ, ਪਰਮਜੀਤ ਰੰਧਾਵਾ ਅਤੇ ਪ੍ਰਕਾਸ਼ ਨੰਦਗੜ੍ਹ ਬਠਿੰਡਾ ਜੁਆਇੰਟ ਸਕੱਤਰ, ਸ਼ਮਸ਼ੇਰ ਸਿੰਘ ਬਟਾਲਾ ਵਿੱਤ ਸਕੱਤਰ ਅਤੇ ਗੁਰਨਾਮ ਸਿੰਘ ਭਿੰਡਰ ਸਹਾਇਕ ਵਿੱਤ ਸਕੱਤਰ ਚੁਣੇ ਗਏ। ਸਾਥੀ ਮਹੀਪਾਲ, ਜਗਜੀਤ ਜੱਸੇਆਣਾ, ਹਰਜੀਤ ਸਿੰਘ ਮਦਰੱਸਾ, ਨਿਰਮਲ ਮਲਸੀਆਂ, ਪਲਵਿੰਦਰ ਸਿੰਘ ਮਹਿਸਮਪੁਰ, ਹਰਬੰਸ ਮੱਟੂ, ਬਲਕਾਰ ਸਿੰਘ ਔਲਖ, ਸੁਰਜੀਤ ਸਿੰਘ ਦੁਧਰਾਏ, ਅਜੀਤ ਰਾਮ ਪਠਾਨਕੋਟ, ਹਰਜਿੰਦਰ ਚੁੱਗ, ਬਲਜੀਤ ਸਿੰਘ ਗੰਗਸੀਆਂ, ਮਲਕੀਤ ਸਿੰਘ ਹੇਰਾਂ, ਸੁਖਦੇਵ ਸਿੰਘ ਨਿਰਵਾਣ ਅਤੇ ਰਣਜੀਤ ਸਿੰਘ ਰਾਣਾ ਤਾਰ ਪੁਰ ਕਪੂਰਥਲਾ ਨੂੰ ਨਿਰਵਾਇਟੀ ਮੈਂਬਰ ਲਿਆ ਗਿਆ।ਨਵੇਂ ਚੁਣੇ ਗਏ ਸੂਬਾ ਪ੍ਰਧਾਨ ਵਲੋਂ ਡੈਲੀਗੇਟਾਂ, ਪ੍ਰਬੰਧਕਾਂ ਅਤੇ ਵਲੰਟੀਅਰਾਂ ਦਾ ਤਹਿ ਦਿਲੋਂ ਧੰਨਵਾਦ ਕੀਤੇ ਜਾਣ ਨਾਲ ਅਜਲਾਸ ਨਰੋਏ ਭਵਿੱਖ ਲਈ ਜੂਝਣ ਦਾ ਸੰਕਲਪ ਲੈਣ ਨਾਲ ਸੰਪੰਨ ਹੋਇਆ।ਅਜਲਾਸ ਵਲੋਂ ਬੇਘਰੇ ਤੇ ਲੋੜਵੰਦਾਂ ਨੂੰ ਰਿਹਾਇਸ਼ੀ ਪਲਾਟ ਅਤੇ ਮਕਾਨ ਉਸਾਰੀ ਲਈ ਪੰਜ ਲੱਖ ਰੁਪਏ ਦੀ ਗ੍ਰਾਂਟ ਦੇਣ, ਪਿਛਲੇ ਬਕਾਏ ਸਮੇਤ ਸਮੁੱਚੇ ਬਿਜਲੀ ਬਿੱਲ ਮੁਆਫ਼ ਕਰਨ, ਸਮਾਜਿਕ ਜ਼ਬਰ ਅਤੇ ਜਾਤੀ-ਪਾਤੀ ਤੇ ਲਿੰਗਕ ਵਿਤਕਰਾ ਖਤਮ ਕਰਨ, ਫਿਰਕੂ-ਫਾਸ਼ੀਵਾਦੀ ਹੱਲਿਆਂ ਅਤੇ ਮਨੂਵਾਦ ਤੋਂ ਮੁਕਤੀ ਹਾਸਲ ਕਰਨ, ਪੁਲਸ ਜਬਰ, ਨਸ਼ਿਆਂ, ਅਪਰਾਧਾਂ ਦੇ ਖਾਤਮੇ , ਮਨਰੇਗਾ ਤਹਿਤ ਸਾਰਾ ਸਾਲ ਕੰਮ ਤੇ 700 ਰੁਪਏ ਦਿਹਾੜੀ ਦਿੱਤੇ ਜਾਣ, ਸਿੱਖਿਆ ਤੇ ਸਿਹਤ ਸੇਵਾਵਾਂ ਅਤੇ ਪੀਣ ਵਾਲਾ ਸਾਫ ਪਾਣੀ ਸਾਰੀ ਵਸੋਂ ਨੂੰ ਮੁਫ਼ਤ ਦਿੱਤੇ ਜਾਣ, ਬੁਢਾਪਾ, ਵਿਧਵਾ, ਅੰਗਹੀਣ ਅਤੇ ਆਸ਼ਰਿਤ ਪੈਨਸ਼ਨ ਪੰਜ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ, ਜਨਤਕ ਵੰਡ ਪ੍ਰਣਾਲੀ ਮਜ਼ਬੂਤ ਕਰਕੇ ਜ਼ਰੂਰੀ ਚੀਜ਼ਾਂ ਸਸਤੇ ਭਾਅ 'ਤੇ ਦੇਣ ਆਦਿ ਮੰਗਾਂ ਦੀ ਪ੍ਰਾਪਤੀ ਲਈ ਤਿੱਖੇ ਸੰਘਰਸ਼ ਕਰਨ ਦਾ ਸੱਦਾ ਦਿੰਦਾ ਮਤਾ ਸਰਵ ਸੰਮਤੀ ਨਾਲ ਪ੍ਰਵਾਨ ਕੀਤਾ ਗਿਆ। ਕੇਂਦਰੀ ਤੇ ਸੂਬਾਈ ਸਰਕਾਰਾਂ ਦੀਆਂ ਜਲ,ਜੰਗਲ, ਜ਼ਮੀਨ ਸਮੇਤ ਦੇਸ਼ ਦੇ ਸਾਰੇ ਕੁਦਰਤੀ ਤੇ ਮਾਨਵੀ ਵਸੀਲੇ ਦੇਸੀ-ਵਿਦੇਸ਼ੀ ਕਾਰਪੋਰੇਟਾਂ ਦੇ ਹਵਾਲੇ ਕਰਨ ਵਾਲੀਆਂ ਲੋਕ ਮਾਰੂ, ਦੇਸ਼ ਵਿਰੋਧੀ ਨਵ-ਉਦਾਰਵਾਦੀ ਨੀਤੀਆਂ ਖਿਲਾਫ਼ ਆਜ਼ਾਦਾਨਾ ਤੇ ਸਾਂਝੇ ਘੋਲਾਂ ਵੱਲ ਮਜ਼ਬੂਤੀ ਨਾਲ ਵੱਧਣ ਦਾ ਨਿਰਣਾ ਲਿਆ ਗਿਆ।

# ਭਾਵਾਧਸ ਵੱਲੋਂ 14 ਨੂੰ ਕੱਢੀ ਜਾ ਰਹੀ ਚੇਤਨਾ ਰੈਲੀ ਸੰਬੰਧੀ ਪੋਸਟਰ ਜਾਰੀ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ 14 ਅਪ੍ਰੈਲ ਨੂੰ ਕੱਢੀ ਜਾ ਰਹੀ ਵਿਸ਼ਾਲ ਦਲਿਤ ਚੇਤਨਾ ਮੋਟਰਸਾਈਕਲ ਰੈਲੀ ਸਬੰਧੀ ਰਣਨੀਤੀ ਤੈਅ ਕਰਨ ਲਈ ਭਾਵਾਧਸ ਦੇ ਬਲਾਕ ਪ੍ਰਧਾਨ ਸੁਰਜੀਤ ਰਾਜਾ ਦੀ ਅਗਵਾਈ ਵਿੱਚ ਦਫ਼ਤਰ ਦਾਰਾਪੁਰ ਵਿਖੇ ਇੱਕ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਭਾਵਾਧਸ ਵਰਕਰਾਂ ਤੋਂ ਇਲਾਵਾ ਭਾਰਤੀਯ ਵਾਲਮੀਕਿ ਧਰਮ ਸਮਾਜ ਦੇ ਪੰਜਾਬ ਕਨਵੀਨਰ ਸੁਰਿੰਦਰ ਰਾਜਾ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ।ਇਸ ਚੇਤਨਾ ਰੈਲੀ ਸਬੰਧੀ ਸੁਰਿੰਦਰ ਰਾਜਾ ਨੇ ਪੋਸਟਰ ਰਿਲੀਜ਼ ਕੀਤਾ।ਉਨ੍ਹਾਂ ਨਾਲ ਭਾਵਾਧਸ ਕੇਂਦਰੀ ਕਾਰਜਕਾਰਨੀ ਮੈਂਬਰ ਸੁਨੀਲ ਜਾਜਾ, ਸਹਾਇਕ ਪੰਜਾਬ ਕਨਵੀਨਰ ਵਿਜੇ ਮੱਟੂ, ਜ਼ਿਲ੍ਹਾ ਪ੍ਰਧਾਨ ਬੌਬੀ ਰਾਜਪੁਰ, ਰਾਜ ਕੁਮਾਰ ਹਰਸੀ ਪਿੰਡ, ਵਪਾਰ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਮੋਹਿਤ ਧੀਰ ਟਾਂਡਾ, ਲੱਡੂ ਭੁਮਾਣਾ, ਮਨਸਾ ਸਿੰਘ, ਅੰਗਰੇਜ਼ ਸਿੰਘ ਰਾਂਵਾ ਅਤੇ ਗੋਪੀ ਸਿੰਘ ਤੋਂ ਇਲਾਵਾ ਭਾਵਾਧਸ ਵਰਕਰ ਹਾਜ਼ਰ ਸਨ। ਜਾਜਾ ਨੇ ਕਿਹਾ ਕਿ 14 ਅਪ੍ਰੈਲ ਨੂੰ ਸ਼ਿਮਲਾ ਪਹਾੜੀ ਉੜਮੁੜ ਤੋਂ ਮੋਟਰਸਾਈਕਲ ਰੈਲੀ ਕੱਢੀ ਜਾ ਰਹੀ ਜਿਹੜੀ ਕਿ ਸ਼ਿਮਲਾ ਪਹਾੜੀ ਤੋਂ 11 ਵਜੇ ਚੱਲ ਕੇ ਸ਼ਹਿਰ ਦੇ ਵੱਖ-ਵੱਖ ਚੌਰਸਤਿਆਂ 'ਤੇ ਬਾਜ਼ਾਰਾਂ 'ਚੋਂ ਹੁੰਦੀ ਹੋਈ ਮੁੜ ਸ਼ਿਮਲਾ ਪਹਾੜੀ ਪਹੁੰਚ ਕੇ ਸੰਪੰਨ ਹੋਵੇਗੀ।

# ਕਾਂਗਰਸ ਨੂੰ ਪੰਜਾਬ 'ਚ ਮਜ਼ਬੂਤ ਕੀਤਾ ਜਾਵੇਗਾ : ਮਨਪ੍ਰੀਤ ਚੱਡਾ

**ਗੁਰਾਇਆ (ਬਿੰਦਰ ਸੁਮਨ)**—ਕਾਂਗਰਸ ਪਾਰਟੀ ਨੂੰ ਪੰਜਾਬ ਵਿੱਚ ਹੋਰ ਮਜ਼ਬੂਤ ਕਰਨ ਲਈ ਪਾਰਟੀ ਹਾਈਕਮਾਂਡ ਵਲੋਂ ਯੂਥ ਕਾਂਗਰਸ ਨੂੰ ਜ਼ਿਲ੍ਹਾ ਅਤੇ ਹਲਕਾ ਪ੍ਰਧਾਨ ਨੂੰ ਵਾਰਡ ਅਤੇ ਬੂਥ ਕਮੇਟੀਆ ਬਣਾਉਣ ਦੇ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਹਨ। ਪੰਜਾਬ ਯੂਥ ਕਾਂਗਰਸ ਜਨਰਲ ਸਕੱਤਰ ਮਨਪ੍ਰੀਤ ਸਿੰਘ ਚੱਡਾ (ਸੰਗ ਢੇਸੀਆਂ) ਅਤੇ ਯੂਥ ਕਾਂਗਰਸ ਹਲਕਾ ਫਿਲੌਰ ਦੇ ਪ੍ਰਧਾਨ ਅਤੇ ਮੈਂਬਰ ਪੰਚਾਇਤ ਸੁਖਜੀਤ ਸਿੰਘ ਨੇ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਕਾਂਗਰਸ ਪਾਰਟੀ ਦੀ ਮਜ਼ਬੂਤੀ ਲਈ ਨਵੇਂ ਉਪਰਾਲੇ ਅਤੇ ਨਵੀਆਂ ਅਹੁਦੇਦਾਰੀਆਂ ਕੀਤੀਆਂ ਜਾਣਗੀਆਂ, ਜਿਸ ਨਾਲ ਪਾਰਟੀ ਨੂੰ ਬੱਲ ਮਿਲੇਗਾ ਅਤੇ ਆਮ ਪਰਵਾਰਾਂ ਦੇ ਬੱਚਿਆਂ ਨੂੰ ਰਾਜਨੀਤੀ ਵਿੱਚ ਆ ਕੇ ਪਾਰਟੀ ਨਾਲ ਜੁੜਨ ਦਾ ਮੌਕਾ ਮਿਲੇਗਾ। ਉਨ੍ਹਾਂ ਕਿਹਾ ਕਿ ਵਾਰਡ ਅਤੇ ਬੂਥ ਕਮੇਟੀਆਂ ਬਣਾਉਣ ਨਾਲ ਜਿਥੇ ਕਾਂਗਰਸ ਪਾਰਟੀ ਜਮੀਨੀ ਪੱਧਰ 'ਤੇ ਮਜ਼ਬੂਤ ਹੋਵੇਗੀ, ਉਥੇ ਹੀ ਆਉਣ ਵਾਲੀਆ ਚੋਣਾਂ 'ਚ ਵੀ ਪਾਰਟੀ ਨੂੰ ਇਸ ਦਾ ਲਾਭ ਮਿਲੇਗਾ।



# ਲਲਿਤ ਮੋਹਨ ਪਾਠਕ ਦਾ ਸਕੂਲ 'ਚ ਕੀਤਾ ਭਰਵਾਂ ਸੁਆਗਤ

**ਨਵਾਂਸ਼ਹਿਰ (ਮਨੋਜ ਲਾਡੀ)** ਪੀ ਐੱਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੰਗੜੋਆ ਵਿਖੇ ਬੈਗ ਲੈਸ ਡੇ ਸਮਾਗਮ ਮੌਕੇ ਬੱਚਿਆਂ ਦੇ ਰੂਬਰੂ ਪੁੱਜੇ ਹਲਕਾ ਇੰਚਾਰਜ ਲਲਿਤ ਮੋਹਨ ਪਾਠਕ ਦਾ ਸਕੂਲ ਮੁਖੀ ਡਾ. ਸੁਰਿੰਦਰ ਪਾਲ ਅਗਨੀਹੋਤਰੀ ਨੇ ਭਰਵਾਂ ਸਵਾਗਤ ਕੀਤਾ। ਹਲਕਾ ਇੰਚਾਰਜ ਵੱਲੋਂ ਗਿਆਰਵੀਂ ਅਤੇ ਬਾਰਵੀਂ ਜਮਾਤ ਦੇ ਬੱਚਿਆਂ ਨੂੰ ਐਨਐੱਸਕਿਊਐਫ ਸਕੀਮ ਤਹਿਤ ਸਰਕਾਰ ਵੱਲੋਂ ਮੁੱਹਈਆ ਕਰਵਾਈਆਂ ਗਈਆਂ ਹੈਲਥ ਕੇਅਰ ਅਤੇ ਆਈਟੀ ਨਾਲ ਸੰਬੰਧਿਤ ਕਿੱਟਾਂ ਦੀ ਵੰਡ ਕੀਤੀ। ਬੱਚਿਆਂ ਵੱਲੋਂ ਬੈਗ ਲੈਸ ਡੇ ਮੌਕੇ ਜਾਣਕਾਰੀ ਭਰਪੂਰ ਅਤੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ।ਮੰਚ ਸੰਚਾਲਨ ਦੀ ਭੂਮਿਕਾ ਸੁਖਵਿੰਦਰ ਲਾਲ ਸਾਇੰਸ ਮਾਸਟਰ ਵੱਲੋਂ ਬਾਖੂਬੀ ਨਿਭਾਈ। ਇਸ ਮੌਕੇ ਗਾਈਡ ਅਧਿਆਪਕਾ ਬਰਿੰਦਰ ਕੌਰ ਪੰਜਾਬੀ ਮਿਸਟ੍ਰੈਸ ਨੇ ਬੱਚਿਆਂ ਨੂੰ ਜੋ ਵੀ ਤਿਆਰੀ ਕਰਵਾਈ ਗਈ। ਉਸਦੀ ਪੇਸ਼ਕਾਰੀ ਬੱਚਿਆਂ ਦੁਆਰਾ ਮੰਚ ਤੋਂ ਕੀਤੀ ਗਈ। ਸੰਸਥਾ ਦੇ ਮੁਖੀ ਵੱਲੋਂ ਵਧੀਆ ਪੇਸ਼ਕਾਰੀ ਵਾਲੇ ਬੱਚਿਆਂ ਨੂੰ ਤੋਹਫੇ ਤੇ ਮੋਮੈਂਟੋ ਨਾਲ ਸਨਮਾਨਤ ਕੀਤਾ। ਇਸ ਮੌਕੇ ਚੇਅਰਮੈਨ ਅਤੇ ਸੰਸਥਾ ਵੱਲੋਂ ਬੱਚਿਆਂ ਲਈ ਕਾਮਰਸ ਦੀ ਪੜ੍ਹਾਈ ਸ਼ੁਰੂ ਕਰਵਾਉ ਲਈ ਹਲਕਾ ਇੰਚਾਰਜ ਨੂੰ ਯਾਦ ਪੱਤਰ ਦਿੱਤਾ। ਸੰਸਥਾ ਦੇ ਮੁਖੀ ਵੱਲੋਂ ਮੁੱਖ ਮਹਿਮਾਨ ਨੂੰ ਸਨਮਾਨ ਚਿੰਨ੍ਹ ਭੇਂਟ ਕੀਤਾ। ਇਸ ਮੌਕੇ ਮਾਰਕੀਟ ਕਮੇਟੀ ਚੇਅਰਮੈਨ ਗਗਨ ਅਗਨੀਹੋਤਰੀ, ਬਲਾਕ ਪ੍ਰਧਾਨ, ਮਾਸਟਰ ਮਨੋਹਰ ਸਿੰਘ ਚੇਅਰਮੈਨ ਸਕੂਲ ਮੈਨੇਜਮੈਂਟ ਕਮੇਟੀ ਤੋਂ ਇਲਾਵਾ ਸਕੂਲ ਦਾ ਸਮੁੱਚਾ ਸਟਾਫ ਅਤੇ ਵਿਦਿਆਰਥੀ ਹਾਜਰ ਸਨ।

# ਅੰਬੇਡਕਰੀ ਸਮਰਥਕਾਂ ਨੇ ਖਾਲਿਸਤਾਨੀ ਪੰਨੂ ਖਿਲਾਫ ਕੀਤੀ ਨਾਅਰੇਬਾਜ਼ੀ

**ਅੱਡਾ ਸਰਾਂ (ਜਸਵੀਰ ਕਾਜਲ)**

ਬੀਤੇ ਕੁਝ ਦਿਨੀਂ ਜ਼ਿਲ੍ਹਾ ਜਲੰਧਰ ਦੇ ਤਹਿਸੀਲ ਫਿਲੌਰ ਦੇ ਪਿੰਡ ਨੰਗਲ ਵਿਖੇ ਲੱਗੇ ਬਾਬਾ ਸਾਹਿਬ ਦੇ ਬੁੱਤ 'ਤੇ ਕੁਝ ਦੇਸ਼ ਵਿਰੋਧੀ ਖਾਲਿਸਤਾਨੀ ਮਾਨਸਿਕਤਾ ਵਾਲੇ ਲੋਕਾਂ ਵੱਲੋਂ ਭਾਈਚਾਰਕ ਸਾਂਝ ਨੂੰ ਤੋੜਨ ਵਾਲੇ ਨਾਹਰੇ



ਲਿਖੇ ਗਏ, ਉਪਰੰਤ ਵਿਦੇਸ਼ ਵਿੱਚ ਰਹਿੰਦੇ ਖਾਲਿਸਤਾਨੀ ਅੱਤਵਾਦੀ ਗੁਰਪਤਵੰਤ ਸਿੰਘ ਪੰਨੂ ਵਲੋਂ ਇਸ ਦੀ ਜ਼ਿੰਮੇਵਾਰੀ ਲੈ ਕੇ ਬਾਬਾ ਸਾਹਿਬ ਜੀ ਦੇ ਪ੍ਰਤੀ ਬਹੁਤ ਹੀ ਭੱਦੇ ਅਤੇ ਇਤਰਾਜਯੋਗ ਸ਼ਬਦਾਂ ਦੀ ਵਰਤੋਂ ਕਰਦੇ ਹੋਏ 14 ਅਪ੍ਰੈਲ ਨੂੰ ਬਾਬਾ ਸਾਹਿਬ ਦੇ ਜਨਮ ਦਿਨ ਦੇ ਦਿਹਾੜੇ ਮੌਕੇ ਉਹਨਾਂ ਦੇ ਪੰਜਾਬ ਅੰਦਰ ਲੱਗੇ ਸਾਰੇ ਬੁੱਤਾਂ ਨੂੰ ਤੋੜਨ ਦੀ ਧਮਕੀ ਦੇਣ ਦੇ ਵਿਰੋਧ ਵਿੱਚ ਡਾ.ਬੀ.ਆਰ.ਅੰਬੇਡਕਰ ਯੂਥ ਕਲੱਬ ਰਜਿ ਕੰਧਾਲਾ ਜੱਟਾਂ ਅਤੇ ਡਾ.ਭੀਮ ਰਾਓ ਅੰਬੇਡਕਰ ਯੂਥ ਕਲੱਬ ਰਜਿ. ਪਿੰਡ ਜੌੜਾ ਦੇ ਸਮੂਹ ਮੈਂਬਰਾਂ ਵੱਲੋਂ ਇਸ ਘਨਾਉਣੀ ਘਟਨਾ ਦੇ ਵਿਰੋਧ ਵਿੱਚ ਨਾਅਰੇਬਾਜ਼ੀ ਕੀਤੀ ਗਈ।ਡਾ.ਬੀ ਆਰ ਅੰਬੇਡਕਰ ਯੂਥ ਕਲੱਬ ਰਜਿ. ਕੰਧਾਲਾ ਜੱਟਾਂ ਦੇ ਪ੍ਰਧਾਨ ਜਸਵੀਰ ਲੱਕੀ , ਅੰਬੇਡਕਰ ਕਮੇਟੀ ਜੌੜਾ ਦੇ ਪ੍ਰਧਾਨ ਪ੍ਰੇਮਜੀਤ ਜੌੜਾ,ਉਪ ਪ੍ਰਧਾਨ ਸੁਮਨਦੀਪ ਸ਼ੰਮੀ ਅਤੇ ਕਲੱਬ ਸਰਪ੍ਰਸਤ ਚਰਨਜੀਤ ਸਿੰਘ ਪੜਬੱਗਾ ਨੇ ਦੱਸਿਆ ਕਿ ਇਹਨਾਂ ਵਿਦੇਸ਼ ਵਿੱਚ ਰਹਿ ਰਹੇ ਭਗੌੜੇ ਕਰਾਰ ਪੰਨੂ ਵਰਗੇ ਲੋਕਾਂ ਦੀਆਂ ਇਹਨਾਂ ਘਿਣੌਨੀਆਂ ,ਅਪੱਤੀਜਨਕ ਟਿੱਪਣੀਆਂ ਕਰਕੇ ਪੰਜਾਬ ਅੰਦਰ ਲੋਕਾਂ ਆਪਸੀ ਭਾਈਚਾਰਕ ਸਾਂਝ ਨੂੰ ਤੋੜਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਕਿਉਂਕਿ ਸਮਾਜ ਵਿਰੋਧੀ ਲੋਕਾਂ ਖਿਲਾਫ ਅੰਬੇਡਕਰੀ ਜਥੇਬੰਦੀਆਂ ਦਾ ਇਕੱਠ ਇੰਨੀ ਜਲਦੀ ਹੋ ਜਾਂਦਾ ਹੈ ਜੋ ਅੰਬੇਡਕਰੀ ਵਿਰੋਧੀ ਲੋਕਾਂ ਨੂੰ ਨਹੀਂ ਪਚ ਰਿਹਾ। ਉਹਨਾਂ ਕਿਹਾ ਕਿ ਸੂਬਾ ਸਰਕਾਰ ਅਤੇ ਕੇਂਦਰੀ ਸਰਕਾਰ ਨੂੰ ਸਾਂਝੇ ਤੌਰ 'ਤੇ ਅਜਿਹੇ ਸਮਾਜ ਵਿਰੋਧੀ ਟਿੱਪਣੀਆਂ ਕਰਨ ਵਾਲੇ ਅਤੇ ਪੰਨੂ ਵਰਗੇ ਦੇਸ਼ ਵਿਰੋਧੀਆਂ ਨੂੰ ਬਾਹਰੀ ਸਰਕਾਰਾਂ ਨਾਲ ਗੱਲਬਾਤ ਕਰਕੇ ਪੰਜਾਬ ਅੰਦਰ ਬੰਦੀ ਬਣਾ ਕੇ ਲਿਆਉਣਾ ਚਾਹੀਦਾ ਹੈ ਅਤੇ ਸਖਤ ਤੋਂ ਸਖਤ ਸਜ਼ਾ ਦੇਣੀ ਚਾਹੀਦੀ ਹੈ।ਉਹਨਾਂ ਕਿਹਾ ਕਿ 14 ਅਪ੍ਰੈਲ ਨੂੰ ਬਾਬਾ ਸਾਹਿਬ ਅੰਬੇਡਕਰ ਜੀ ਦਾ ਜਨਮ ਦਿਹਾੜਾ ਪੰਜਾਬ ਭਾਰਤ ਅਤੇ ਵਿਦੇਸ਼ਾਂ ਦੀ ਧਰਤੀ ਤੇ ਬਹੁਤ ਸ਼ਰਧਾ ਪੂਰਵਕ ਮਨਾਇਆ ਜਾਵੇਗਾ, ਹਰੇਕ ਸੂਬੇ ਦੀਆਂ ਸਰਕਾਰਾਂ ਨੂੰ ਇਹਨਾਂ ਸ਼ਰਾਰਤੀ ਅਨਸਰਾਂ ਉੱਪਰ ਜਲਦ ਤੋਂ ਜਲਦ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਇਹਨਾਂ ਨੂੰ ਚੇਤਾਵਨੀ ਦਿੰਦੇ ਹੋਏ ਅਮਨ ਸ਼ਾਂਤੀ ਕਾਇਮ ਰੱਖਣ ਵਿੱਚ ਮਦਦ ਕਰਨੀ ਚਾਹੀਦੀ ਹੈ।ਇਸ ਮੌਕੇ ਅਮਰੀਕ ਮੀਕਾ, ਅਮਰਜੀਤ ਸਿੰਘ ਹੀਰ, ਚਮਨਪ੍ਰੀਤ ਸਿੰਘ , ਗੁਰਪ੍ਰੀਤ ਸਿੰਘ, ਜਸਵੀਰ ਸਿੰਘ ਹੀਰ, ਸ਼ਾਮ ਸਿੰਘ ਪਵਿੱਤਰ ਸਿੰਘ, ਦਵਿੰਦਰ ਸਿੰਘ ਲਵਪ੍ਰੀਤ ਸਿੰਘ, ਗਗਨਦੀਪ ਸਿੰਘ ਜਸਵੀਰ ਨਿੱਕਾ ਅਤੇ ਹੋਰ ਮੈਂਬਰ ਹਾਜ਼ਰ ਸਨ।

# ਫਾਲਕਨ ਇੰਟਰਨੈਸ਼ਨਲ ਸਕੂਲ 'ਚ ਵਰਲਡ ਹੈਲਥ ਡੇ ਮਨਾਇਆ



**ਸੁਲਤਾਨਪੁਰ ਲੋਧੀ, (ਹਨੀ)**- ਫਾਲਕਨ ਇੰਟਰਨੈਸ਼ਨਲ ਸਕੂਲ ਵਿਖੇ ਵਰਲਡ ਹੈਲਥ ਡੇ ਸਬੰਧੀ ਸਮਾਗਮ ਕਰਵਾਇਆ ਗਿਆ।ਇਸ ਦੌਰਾਨ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਹੋਣ ਵਾਲੇ ਨੁਕਸਾਨਾਂ ਸਬੰਧੀ ਜਾਗਰੂਕ ਕੀਤਾ ਗਿਆ। ਵਿਦਿਆਰਥੀਆਂ ਨੂੰ ਆਪਣੇ ਆਹਾਰ ਵਿੱਚ ਸੰਤੁਲਿਤ ਭੋਜਨ ਲੈਣ ਲਈ ਵੀ ਪ੍ਰੇਰਿਤ ਕੀਤਾ ਗਿਆ। ਸਕੂਲ ਦੇ ਚੇਅਰਮੈਨ ਕਰਨਲ ਅਜੀਤ ਸਿੰਘ ਢਿੱਲੋਂ, ਮੈਨੇਜਿੰਗ ਡਾਇਰੈਕਟਰ ਮੈਡਮ ਨਵਦੀਪ ਕੌਰ ਢਿੱਲੋਂ, ਕੋਆਰਡੀਨੇਟਰ ਮੈਡਮ ਰਵਿੰਦਰਜੀਤ ਕੌਰ, ਸਪੋਰਟਸ ਇੰਚਾਰਜ ਜਤਿੰਦਰ ਸਿੰਘ, ਐਨ ਸੀ ਸੀ ਇੰਚਾਰਜ ਗੁਰਬਚਨ ਸਿੰਘ, ਰਜਨੀ ਧੀਰ, ਰਮਨਦੀਪ ਕੌਰ, ਨਾਇਕਾ ਆਦਿ ਸਮੂਹ ਮੈਂਬਰ ਹਾਜਰ ਸਨ।

# ਮਜੀਠੀਆ ਦੀ ਸਕਿਉਰਟੀ ਹਟਾਉਣਾ ਬਦਲਾ ਲਊ ਫੈਸਲਾ : ਸੁਕਾਰ



**ਬਲਾਚੌਰ (ਜਸਵਿੰਦਰ ਬੈਂਸ)**

ਸ਼੍ਰੋਮਣੀ ਅਕਾਲੀ ਦਲ ਬਲਾਚੌਰ ਦੇ ਆਗੂਆ ਦੀ ਇਕ ਵਿਸ਼ੇਸ਼ ਮੀਟਿੰਗ ਹੋਈ ਜਿਸ ਵਿਚ ਸਰਕਾਰ ਵਲੋਂ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ 'ਤੇ ਬਦਲਾ ਲਊ ਭਾਵਨਾ ਦੇ ਤਹਿਤ ਉਹਨਾਂ ਨੂੰ ਮਿਲੀ ਜ਼ੈੱਡ ਪਲੱਸ ਸੁਰੱਖਿਆ ਵਾਪਿਸ ਲੈਣ ਦੇ ਫ਼ੈਸਲੇ ਦੀ ਨਿਖੇਧੀ ਕੀਤੀ ਗਈ।ਜ਼ਿਲ੍ਹਾ ਜਥੇਦਾਰ ਸੁਖਦੀਪ ਸਿੰਘ ਸੁਕਾਰ ਨੇ ਕਿਹਾ ਕੇ ਅੱਜ ਜੋ ਪੰਜਾਬ ਵਿਚ ਹਲਾਤ ਬਣੇ ਹੋਏ ਨੇ ਉਸਨੂੰ ਦੇਖਦੇ ਹੋਏ ਇਹ ਮਹਿਸੂਸ ਜੋ ਰਿਹਾ ਹੈ ਕਿ ਸਰਕਾਰ ਆਪਣੀਆਂ ਨਾਕਾਮੀਆਂ ਨੂੰ ਛੁਪਾਉਣ ਲਈ ਤਰ੍ਹਾਂ ਤਰ੍ਹਾਂ ਦੇ ਹੱਥਕੰਡੇ ਅਪਣਾ ਰਹੀ ਹੈ ਜਿਸ ਦੇ ਕਿ ਨਤੀਜੇ ਬਹੁਤ ਗੰਭੀਰ ਹੋਣਗੇ। ਯੂਥ ਆਗੂ ਹਨੀ ਟੌਸਾ ਨੇ ਕਿਹਾ ਕਿ ਆਪ ਸਰਕਾਰ ਬੁਰੀ ਤਰ੍ਹਾਂ ਫ਼ੇਲ੍ਹ ਸਾਬਿਤ ਹੋਈ ਹੈ। ਸੂਬੇ ਵਿੱਚ ਹਰ ਪਾਸੇ ਡਰ ਅਤੇ ਖੌਫ ਦਾ ਮਾਹੌਲ ਹੈ । ਹਰ ਰੋਜ਼ ਕਤਲੋਗਾਰਤ ਅਤੇ ਬੰਬ ਬਲਾਸਟ ਹੋ ਰਹੇ ਹਨ। ਸਰਕਾਰ ਲੋਕਾਂ ਦੀ ਜਾਨ ਮਾਲ ਦੀ ਰੱਖਿਆ ਕਰਨ ਦੀ ਥਾਂ ਆਪਣੇ ਵਿਰੋਧੀਆਂ ਨੂੰ ਡਰਾ ਕੇ ਚੁੱਪ ਕਰਵਾਉਣ 'ਤੇ ਲੱਗੀ ਹੋਈ ਹੈ। ਮਜੀਠੀਆ ਹਰ ਰੋਜ਼ ਸਰਕਾਰ ਦੇ ਝੂਠ ਨੂੰ ਨੰਗਾ ਕਰ ਰਹੇ ਨੇ ਉਹ ਇਹਨਾਂ ਤੋਂ ਬਰਦਾਸ਼ਤ ਨਹੀਂ ਹੋ ਰਿਹਾ ਤੇ ਇਸ ਲਈ ਆਪ ਸਰਕਾਰ ਗਲਤ ਤਰੀਕਿਆਂ ਨਾਲ ਉਨ੍ਹਾਂ ਦੀ ਆਵਾਜ ਬੰਦ ਕਰਵਾਉਣਾ ਚਾਉਂਦੀ ਹੈ ਜੋ ਕਿ ਕਦੇ ਵੀ ਬਰਦਾਸ਼ਤ ਨਹੀ ਕੀਤੀ ਜਾਵੇਗੀ। ਚੌਧਰੀ ਅਸ਼ੋਕ ਕਰੀਮਪੁਰ ਧਿਆਨੀ ਨੇ ਵੀ ਸਰਕਾਰ ਦੇ ਇਸ ਫੈਸਲੇ 'ਤੇ ਸਖ਼ਤ ਵਿਰੋਧ ਦਰਜ ਕਰਵਾਇਆ ਹੈ।ਇਸ ਮੌਕੇ 'ਤੇ ਦਲਜੀਤ ਸਿੰਘ ਮਾਣੇਵਾਲ , ਗੌਰਵ ਚੌਹਾਨ , ਬੱਬੂ ਬੂਥਗੜ੍ਹ , ਸ਼ੰਮੀ ਜਲਾਲਪੁਰ ,ਨਿਰਵੈਲ ਸਿੰਘ ਮਹਿਤਪੁਰ , ਜੋਗਾ ਸਿੰਘ ਆਦਿ ਆਗੂ ਹਾਜ਼ਰ ਸਨ।

# ਵੱਖ-ਵੱਖ ਕੇਂਦਰਾਂ 'ਚ ਵਿਸ਼ਵ ਸਿਹਤ ਦਿਵਸ ਮਨਾਇਆ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਸਿਵਲ ਸਰਜਨ ਹੁਸ਼ਿਆਰਪੁਰ ਡਾ: ਪਵਨ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾ:ਕਰਨ ਕੁਮਾਰ ਸੈਣੀ ਐਸ.ਐਮ.ਓ ਟਾਂਡਾ ਦੀ ਯੋਗ ਅਗਵਾਈ ਹੇਠ ਟਾਂਡਾ ਬਲਾਕ ਦੇ ਵੱਖ-ਵੱਖ ਸਿਹਤ ਕੇਂਦਰਾਂ ਵਿੱਚ ਵਿਸ਼ਵ ਸਿਹਤ ਦਿਵਸ ਮਨਾਇਆ ਗਿਆ। ਡਾ: ਕਰਨ ਕੁਮਾਰ ਸੈਣੀ ਨੇ ਦੱਸਿਆ ਕਿ ਹਰ ਸਾਲ 7 ਅਪ੍ਰੈਲ ਨੂੰ ਇਹ ਦਿਹਾੜਾ ਲੋਕਾਂ ਵਿੱਚ ਸਿਹਤ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਮਨਾਇਆ ਜਾਂਦਾ ਹੈ। ਉਹਨਾਂ ਦੱਸਿਆ ਕਿ ਅਜੋਕੇ ਸਮੇਂ ਵਿੱਚ ਮਨੁੱਖ ਦੀ ਜੀਵਨ ਸ਼ੈਲੀ ਬਹੁਤ ਅਸਤ ਵਿਅਸਤ ਤਰੀਕੇ ਦੀ ਹੈ ਜਿਸ ਨਾਲ ਮਾਨਸਿਕ ਤਨਾਅ ਲਗਾਤਾਰ ਵਧ ਰਿਹਾ ਹੈ । ਇਸ ਤੋਂ ਇਲਾਵਾ ਮਨੁੱਖ ਦੀਆਂ ਖਾਣ ਪਾਨ ਦੀਆਂ ਗਲਤ ਆਦਤਾਂ ਨਾਲ ਉਹ ਗੰਭੀਰ ਸਰੀਰਕ ਤੇ ਮਾਨਸਿਕ ਬਿਮਾਰੀਆਂ ਤੋਂ ਗ੍ਰਸਤ ਹੋ ਰਿਹਾ ਹੈ ਇਸ ਲਈ ਸਾਨੂੰ ਇਸ ਤੋਂ ਬਚਣ ਲਈ ਤਨਾਅ ਮੁਕਤ ਜੀਵਨ ਜੀਉਣਾ ਚਾਹੀਦਾ ਹੈ ਸੰਤੁਲਿਤ ਅਤੇ ਪੌਸ਼ਟਿਕ ਆਹਾਰ ਲੈਣਾ ਚਾਹੀਦਾ ਹੈ। ਸਰੀਰਕ ਕਸਰਤ ਵੀ ਨਿਯਮਤ ਤੌਰ 'ਤੇ ਕਰਨੀ ਚਾਹੀਦੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾਕਟਰ ਸਵਿੰਦਰ ਸਿੰਘ ਮੈਡੀਕਲ ਅਫਸਰ , ਭੁਪਿੰਦਰ ਸਿੰਘ ,ਬਿੰਦਰਾ ਰਾਣੀ, ਰਾਜ ਕੌਰ ,ਬਲਜੀਤ ਕੌਰ , ਸਤਵਿੰਦਰ ਕੌਰ ਫਾਰਮੇਸੀ ਅਫਸਰ ਆਦਿ ਹਾਜਰ ਸਨ।

# ਬਾਬਾ ਬਾਲਕ ਨਾਥ ਦੀ ਚੌਥੀ ਚੌਂਕੀ ਧੂਮਧਾਮ ਨਾਲ ਕਰਵਾਈ



**ਸੁਲਤਾਨਪੁਰ ਲੋਧੀ, (ਹਨੀ)**

ਬਾਬਾ ਪੌਣਾਹਾਰੀ ਸੇਵਾ ਦਲ ਮੁਹੱਲਾ ਅਰੋੜਾ ਰਸਤਾ ਸੁਲਤਾਨਪੁਰ ਲੋਧੀ ਵੱਲੋਂ ਬਾਬਾ ਬਾਲਕ ਨਾਥ ਜੀ ਦੀ ਚੌਥੀ ਸਾਲਾਨਾ ਚੌਂਕੀ ਦਾ ਆਯੋਜਨ ਬੜੀ ਸ਼ਰਧਾ ਭਾਵਨਾ ਨਾਲ ਕੀਤਾ ਗਿਆ । ਨਗਰ ਕੌਂਸਲ ਪ੍ਰਧਾਨ ਦੀਪਕ ਧੀਰ ਰਾਜੂ ਧਾਰਮਿਕ ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ।ਗਣੇਸ਼ ਵੰਦਨਾ ਅਤੇ ਮਾਂ ਸਰਸਵਤੀ ਦੀ ਅਰਾਧਨਾ ਉਪਰੰਤ ਸੂਫੀ ਗਾਇਕ ਰਜਿੰਦਰ ਸੁਲਤਾਨਵੀ ਨੇ ਆਜਾ ਪੌਣਹਾਰੀਆ ਕਾਤੋਂ ਕੀਤੀ ਏ ਅੜੀ, ਮੈਂ ਫੜਿਆ ਲੜ ਤੇਰਾ ਜੋਗੀਆ ਆਦਿ ਭਜਨਾਂ ਰਾਹੀਂ ਹਾਜਰੀਨ ਨੂੰ ਬਾਬਾ ਜੀ ਦੇ ਚਰਨਾਂ ਨਾਲ ਜੋੜੀ ਰੱਖਿਆ । ਗਾਇਕ ਵਿਕਰਮਜੀਤ ਦੱਤ, ਸੁਦੇਸ਼ ਸਹੋਤਾ, ਦੀਪਕ ਕੁਮਾਰ ਅਤੇ ਹਿਆਨ ਜੈਨ ਨੇ ਵੀ ਬਾਬਾ ਜੀ ਮਹਿਮਾ ਦਾ ਗੁਣਗਾਨ ਕੀਤਾ ।ਇਸ ਮੌਕੇ ਸੰਜੀਵ ਮਰਵਾਹਾ, ਪਵਨ ਕਨੌਜੀਆ, ਮੁਹੰਮਦ ਰਫੀ ਚੇਅਰਮੈਨ ਮਾਰਕੀਟ ਕਮੇਟੀ, ਰੰਮੀ ਗੁਪਤਾ, ਮਾਨਵ ਧੀਰ, ਸੰਦੀਪ, ਜੌਨਸ, ਕਮਲ ਕੁਮਾਰ ਸੋਨੀ, ਗੁਰਵਿੰਦਰ ਸਿੰਘ, ਸੰਤੋਖ ਸਿੰਘ, ਜਤਿੰਦਰ ਲਹੋਰਾ, ਯੋਗੇਸ਼ ਲਹੋਰਾ, ਵਿਪਨ ਮੋਗਲਾ, ਵਿਪਨ ਨਾਹਰ, ਮੁਲਖਰਾਜ, ਬੌਬੀ ਅਰੋੜਾ, ਡਾ ਸੁਰਿੰਦਰ ਮਨਚੰਦਾ, ਕਾਕਾ ਅਰੋੜਾ, ਸਤਪਾਲ ਅਰੋੜਾ, ਸੁੱਚਾ ਸਿੰਘ, ਰਾਜ ਕੁਮਾਰ ਰਾਜੂ, ਦਵਿੰਦਰ ਭਗਤ, ਵਿਨੇ ਸਹੋਤਾ, ਰਿੱਕੀ ਸਹੋਤਾ, ਧਰਮਿੰਦਰ ਸ਼ਰਮਾ, ਵਿੱਕੀ ਨਾਹਰ, ਰੋਹਿਤ ਨਾਹਰ, ਸੰਜੀਵ ਨਾਹਰ, ਸਾਵਨ ਨਾਹਰ, ਲਖਣ ਲਹੋਰਾ, ਕਰਨ ਚੌਹਾਨ, ਵਿਪੁਲ ਚੌਹਾਨ, ਕੇ ਕੇ ਚੌਹਾਨ, ਜਸਪਾਲ ਚੰਦੀ, ਸੋਨੂੰ ਸਾਗਰ, ਨਰੇਸ਼ ਨਾਹਰ, ਰਾਜੂ ਭੱਟੀ, ਰਵੀ ਭੱਟੀ, ਨਰੇਸ਼ ਚੌਹਾਨ, ਅਜੇ ਅਸਲਾ, ਪਾਲੀ ਕਰਿਆਨਾ, ਗੋਪੀ ਸ਼ਾਹ ਸੁਲਤਾਨ, ਰਾਜੂ ਗੋਲਡੀ ਆਦਿ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜਰ ਸਨ।

# ਸਰਕਾਰੀ ਸਮਾਰਟ ਮਿਡਲ ਸਕੂਲ ਭੰਗਲ ਖੁਰਦ ਦੀਆਂ 2 ਵਿਦਿਆਰਥਣਾਂ ਮੈਰਿਟ 'ਚ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਅੱਠਵੀਂ ਜਮਾਤ ਦਾ ਸਾਲਾਨਾ ਨਤੀਜਾ ਐਲਾਨਿਆ ਗਿਆ, ਜਿਸ ਵਿੱਚ ਸਰਕਾਰੀ ਸਮਾਰਟ ਮਿਡਲ ਸਕੂਲ ਭੰਗਲ ਖੁਰਦ ਦੀਆਂ ਦੋ ਵਿਦਿਆਰਥਣਾਂ ਲਵਪ੍ਰੀਤ ਪੁੱਤਰੀ ਪਵਨ ਕੁਮਾਰ ਪਿੰਡ ਭੰਗਲ ਕਲਾਂ ਨੇ 98.17% (589/600) ਅਤੇ ਸੁਖਪ੍ਰੀਤ ਕੌਰ ਪੁੱਤਰੀ ਸਤਨਾਮ ਸਿੰਘ ਪਿੰਡ ਭੰਗਲ ਕਲਾਂ ਨੇ 98% (588/600) ਅੰਕ ਪ੍ਰਾਪਤ ਕਰਕੇ ਮੈਰਿਟ ਵਿੱਚ ਸਥਾਨ ਪ੍ਰਾਪਤ ਕੀਤਾ। ਸਕੂਲ ਇੰਚਾਰਜ ਪਰਵਿੰਦਰ ਸਿੰਘ ਭੰਗਲ ਸਟੇਟ ਐਵਾਰਡੀ ਨੇ ਇਸ ਸ਼ਾਨਦਾਰ ਪ੍ਰਾਪਤੀ ਲਈ ਵਿਦਿਆਰਥਣਾਂ ਨੂੰ ਮੁਬਾਰਕਬਾਦ ਦਿੱਤੀ ਅਤੇ ਦੱਸਿਆ ਕਿ ਸਕੂਲ ਦੀਆਂ ਹੋਣਹਾਰ ਵਿਦਿਆਰਥਣਾਂ ਨੇ ਇੱਕ ਵਾਰ ਫਿਰ ਤੋਂ ਇਤਿਹਾਸ ਰਚਦਿਆਂ ਜ਼ਿਲ੍ਹੇ ਵਿੱਚ ਦੋ ਮੈਰਿਟ ਸਥਾਨ ਪ੍ਰਾਪਤ ਕੀਤੇ ਜੋ ਕਿ ਸਕੂਲ ਅਤੇ ਪਿੰਡ ਲਈ ਮਾਣ ਵਾਲੀ ਗੱਲ ਹੈ।ਸਟਾਫ ਮੈਂਬਰਾਂ ਨੀਰਜ ਕੁਮਾਰੀ ਸਟੇਟ ਐਵਾਰਡੀ , ਹਰਜੀਤ ਕੌਰ ਅਤੇ ਮਨਜਿੰਦਰ ਕੌਰ ਨੇ ਵੀ ਇਸ ਪ੍ਰਾਪਤੀ ਲਈ ਵਿਦਿਆਰਥਣ ਨੂੰ ਮੁਬਾਰਕਬਾਦ ਦਿੱਤੀ।



# ਰਾਮ ਨੌਮੀ ਦਾ ਤਿਉਹਾਰ ਸ਼ਰਧਾ ਨਾਲ ਮਨਾਇਆ

**ਕੁਰਾਲੀ (ਮੋਹਨ ਅੱਗਰਵਾਲ)** - ਸ਼ਹਿਰ ਦੇ ਡੇਰਾ ਬਾਬਾ ਗੋਸਾਈਆਣਾ ਵਿਖੇ ਸਮੂਹ ਧਾਰਮਿਕ ਸੰਸਥਾਵਾਂ ਅਤੇ ਇਲਾਕਾ ਵਾਸੀਆਂ ਸ੍ਰੀ ਰਾਮ ਨੌਮੀ ਦਾ ਤਿਉਹਾਰ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ।ਖੇਡ ਪ੍ਰਮੋਟਰ ਗੁਰਪ੍ਰਤਾਪ ਸਿੰਘ ਪਡਿਆਲਾ ਜਨਰਲ ਸਕੱਤਰ ਪੰਜਾਬ (ਪੰਜਾਬ ਕਿਸਾਨ ਕਾਂਗਰਸ) ਨੇ ਵੀ ਹਾਜ਼ਰੀ ਲਗਵਾਈ।ਸਵੇਰੇ 9 ਵਜੇ ਰਮਾਇਣ ਪਾਠ ਦੇ ਭੋਗ ਪਾਏ ਗਏ ਅਤੇ ਹਵਨ ਕਰਵਾਇਆ ਗਿਆ। ਪਡਿਆਲਾ ਨੇ ਸਭ ਤੋਂ ਪਹਿਲਾਂ ਸਮੁੱਚੇ ਦੇਸ਼ ਵਾਸੀਆਂ ਨੂੰ ਸ਼੍ਰੀ ਰਾਮ ਜੀ ਦੇ ਪਾਵਨ ਦਿਹਾੜੇ ਦੀਆਂ ਮੁਬਾਰਕਾਂ ਦਿੱਤੀਆਂ।ਉਹਨਾਂ ਕਿਹਾ ਕਿ ਦੋ ਵਾਰ ਸ੍ਰੀ ਰਾਮ ਜੀ ਦੇ ਪਾਵਨ ਦਰਬਾਰ ਅਯੋਧਿਆ ਵਿਖੇ ਨਤਮਸਤਕ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਹੈ।ਉਹਨਾਂ ਸਮੁੱਚੇ ਦੇਸ਼ ਵਾਸੀਆਂ ਨੂੰ ਸ੍ਰੀ ਰਾਮ ਜੀ ਦੇ ਦੱਸੇ ਮਾਰਗ ਅਤੇ ਉਪਦੇਸ਼ਾਂ ਉੱਤੇ ਚੱਲਣ ਦੀ ਅਪੀਲ ਕੀਤੀ।



# 'ਰਾਮ ਲੱਲਾ ਦੀ ਮਾਤਾ' ਆਰਟ ਆਫ਼ ਲਿਵਿੰਗ ਦਾ ਵਿਸ਼ਾਲ ਸੰਗੀਤਕ ਨਾਟਕ ਦਾ ਮੰਚਨ



**ਜਲੰਧਰ (ਸ਼ੈਲੀ ਐਲਬਰਟ)**


ਇੱਕ ਆਤਮਕ ਅਨੁਭਵ ਨਾਲ ਭਰਪੂਰ ਸ਼ਾਮ ਨੂੰ, ਆਰਟ ਆਫ਼ ਲਿਵਿੰਗ ਫਾਊਂਡੇਸ਼ਨ ਅਤੇ ਸੀ.ਟੀ. ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਸਹਿਯੋਗ ਨਾਲ ਮਨਜੀਤ ਕੌਰ ਔਡੀਟੋਰੀਅਮ ਵਿੱਚ ਰਾਮ ਲੱਲਾ ਦੀ ਮਾਤਾ ਨਾਂਅ ਦੇ ਇੱਕ ਪ੍ਰਭਾਵਸ਼ਾਲੀ ਸੰਗੀਤਕ ਨਾਟਕ ਦਾ ਮੰਚਨ ਕੀਤਾ ਗਿਆ।ਇਸ ਨਾਟਕ ਨੇ ਰਾਮਾਇਣ ਦੇ ਇੱਕ ਅਣਸੁਣੇ ਪੱਖ ਨੂੰ ਸਾਹਮਣੇ ਲਿਆਂਦਾ, ਜਿਸ ਵਿੱਚ ਰਾਣੀ ਕੈਕੇਈ ਅਤੇ ਮੰਥਰਾ ਵਰਗੇ ਪਾਤਰਾਂ ਨੂੰ ਇੱਕ ਨਵੇਂ ਅਤੇ ਆਤਮਕ ਨਜ਼ਰੀਏ ਨਾਲ ਪੇਸ਼ ਕੀਤਾ ਗਿਆ । ਕਥਾ ਅਨੁਸਾਰ, ਕੈਕੇਈ ਨੇ ਰਾਮ ਜੀ ਨੂੰ ਬਨਵਾਸ ਭੇਜਣ ਦਾ ਫੈਸਲਾ ਸਵਾਰਥ ਕਾਰਨ ਨਹੀਂ, ਸਗੋਂ ਇੱਕ ਦਿਵਯ ਉਦੇਸ਼ ਅਤੇ ਧਰਮ ਦੀ ਰੱਖਿਆ ਲਈ ਕੀਤਾ ਸੀ।। ਗੁਰੂਦੇਵ ਸ਼੍ਰੀ ਸ਼੍ਰੀ ਰਵਿਸ਼ੰਕਰ ਜੀ ਦੇ ਵਿਚਾਰਾਂ ਤੋਂ ਪ੍ਰੇਰਿਤ ਇਸ ਨਾਟਕ ਨੇ ਦਰਸ਼ਕਾਂ ਨੂੰ ਪਰੰਪਰਾਗਤ ਕਹਾਣੀਆਂ ਤੋਂ ਪਰੇ ਜਾ ਕੇ ਪ੍ਰਾਚੀਨ ਗਿਆਨ ਦੇ ਗੂੜ੍ਹ ਅਰਥਾਂ 'ਤੇ ਵਿਚਾਰ ਕਰਨ ਦਾ ਮੌਕਾ ਦਿੱਤਾ। ਦਿਲ ਨੂੰ ਛੂਹ ਲੈਣ ਵਾਲੇ ਸੰਗੀਤ, ਭਾਵਪੂਰਨ ਨਾਚ ਅਤੇ ਪ੍ਰਭਾਵਸ਼ਾਲੀ ਸੰਵਾਦਾਂ ਦੇ ਜ਼ਰੀਏ ਇਸ ਨਾਟਕ ਨੇ ਕੈਕੇਈ ਨੂੰ ਇੱਕ ਖਲਨਾਇਕ ਨਹੀਂ, ਸਗੋਂ ਇੱਕ ਦੂਰਦਰਸ਼ੀ ਮਾਂ ਦੇ ਰੂਪ ਵਿੱਚ ਪੇਸ਼ ਕੀਤਾ, ਜਿਸਨੇ ਬ੍ਰਹਮਾਂਡੀ ਵਿਵਸਥਾ ਨੂੰ ਕਾਇਮ ਰੱਖਿਆ।ਬੰਗਲੌਰ ਸਥਿਤ ਆਰਟ ਆਫ਼ ਲਿਵਿੰਗ ਆਸ਼ਰਮ ਦੇ ਸਿਖਲਾਈ ਪ੍ਰਾਪਤ ਸਵੈ ਸੇਵਕਾਂ ਦੁਆਰਾ ਪੇਸ਼ ਕੀਤੇ ਗਏ ਇਸ ਨਾਟਕ ਨੇ ਦਰਸ਼ਕਾਂ ਨੂੰ ਭਾਵਨਾਤਮਕ ਰੂਪ ਨਾਲ ਹਿਲਾ ਦਿੱਤਾ ਅਤੇ ਆਤਮਕ ਉਤਥਾਨ ਦਾ ਅਨੁਭਵ ਕਰਵਾਇਆ।ਇਸ ਮੌਕੇ 'ਤੇ ਸੀ.ਟੀ. ਗਰੁੱਪ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ, ਕੋ-ਚੇਅਰਪਰਸਨ ਤੇ ਡੀਨ ਸਟੂਡੈਂਟ ਵੈਲਫੇਅਰ ਪਰਮਿੰਦਰ ਕੌਰ ਅਤੇ ਡਾ. ਅਰਜਨ ਸਿੰਘ ਮੌਜੂਦ ਰਹੇ। ਉਨ੍ਹਾਂ ਦੇ ਨਿਰੰਤਰ ਉਤਸ਼ਾਹ ਨੇ ਸੀ.ਟੀ. ਗਰੁੱਪ ਨੂੰ ਮੁੱਲ-ਅਧਾਰਿਤ ਸਿੱਖਿਆ ਅਤੇ ਸਭਿਆਚਾਰ ਦਾ ਕੇਂਦਰ ਬਣਾ ਦਿੱਤਾ ਹੈ।ਚੇਅਰਮੈਨ ਚਰਨਜੀਤ ਸਿੰਘ ਚੰਨੀ ਨੇ ਆਪਣੇ ਸੰਬੋਧਨ ਵਿੱਚ ਕਿਹਾ,ਇਹ ਸਿਰਫ਼ ਇੱਕ ਨਾਟਕ ਨਹੀਂ ਸੀ, ਸਗੋਂ ਇੱਕ ਸੰਦੇਸ਼ ਸੀ। ਇਹ ਸਾਨੂੰ ਯਾਦ ਦਿਵਾਉਂਦਾ ਹੈ ਕਿ ਇਤਿਹਾਸ ਵਿੱਚ ਉਹ ਡੂੰਘਾਈ ਹੁੰਦੀ ਹੈ ਜਿਸਨੂੰ ਅਸੀਂ ਅਕਸਰ ਭੁੱਲ ਜਾਂਦੇ ਹਾਂ ਜਾਂ ਗਲਤ ਸਮਝ ਲੈਂਦੇ ਹਾਂ। ਸੀ.ਟੀ. ਗਰੁੱਪ ਨੂੰ ਇਸ ਗੱਲ 'ਤੇ ਮਾਣ ਹੈ ਕਿ ਉਸਨੇ ਇੱਕ ਅਜਿਹਾ ਮੰਚ ਪ੍ਰਦਾਨ ਕੀਤਾ ਜਿੱਥੇ ਸਿੱਖਿਆ, ਸਭਿਆਚਾਰ ਅਤੇ ਆਤਮਿਕਤਾ ਦਾ ਮੇਲ ਹੁੰਦਾ ਹੈ ਅਤੇ ਨੌਜਵਾਨ ਮਨ ਨੂੰ ਪ੍ਰੇਰਿਤ ਕਰਦਾ ਹੈ।

# ਸਮੂਹ ਨੌਜਵਾਨ ਨਸ਼ੇ ਛੱਡ ਕੇ ਲੋਕ ਭਲਾਈ ਦੇ ਕਾਰਜ ਕਰਨ : ਫੁਗਲਾਣਾ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਡਵਿੱਡਾ ਅਹਿਰਾਣਾ ਵਿਖੇ ਜਾਮਾ ਮਸਜਿਦ ਵਿਖੇ ਸਮੂਹ ਮੁਸਲਿਮ ਭਾਈਚਾਰਾ ਵੱਲੋਂ ਬਾਬਾ ਫਰੀਦ ਵੈਲਫੇਅਰ ਸੋਸਾਇਟੀ ਵੱਲੋਂ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਸੁਸਾਇਟੀ ਦੇ ਪ੍ਰਧਾਨ ਬਸ਼ੀਦ ਅਲੀ ਫੁਗਲਾਣਾ ਨੇ ਦੱਸਿਆ ਕਿ ਅੱਜ ਕੱਲ੍ਹ ਨੌਜਵਾਨ ਪੀੜੀ ਨਸ਼ਿਆਂ ਵਿੱਚ ਗੁਲਤਾਨ ਹੋ ਰਹੀ ਹੈ।ਉਨ੍ਹਾਂ ਕਿਹਾ ਕਿ ਸਮੂਹ ਨੌਜਵਾਨ ਨਸ਼ੇ ਛੱਡ ਕੇ ਲੋਕ ਭਲਾਈ ਦੇ ਕਾਰਜ ਕਰਨ।ਕਿਸੇ ਵੀ ਆਦਮੀ ਨੂੰ ਕਿਸੇ ਧਰਮ ਵਿੱਚ ਦਖਲ ਅੰਦਾਜੀ ਨਹੀਂ ਕਰਨੀ ਚਾਹੀਦੀ ਅਤੇ ਆਪਣੇ ਆਪਣੇ ਧਰਮਾਂ 'ਤੇ ਸਾਰਿਆਂ ਨੂੰ ਪੱਕੇ ਰਹਿਣਾ ਚਾਹੀਦਾ ਹੈ।ਕੁਝ ਸ਼ਰਾਰਤੀ ਅਨਸਰ ਇੱਕ ਦੂਜਿਆਂ ਨੂੰ ਧਰਮ ਪ੍ਰਤੀ ਲੜਾਉਣ ਦੀ ਪੂਰੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਰਲ ਮਿਲ ਕੇ ਰਹਿਣਾ ਚਾਹੀਦਾ ਹੈ ਅਤੇ ਕਿਸੇ ਵੀ ਸ਼ਰਾਰਤੀ ਅਨਸਰ ਦੇ ਮਗਰ ਨਹੀਂ ਲੱਗਣਾ ਚਾਹੀਦਾ ਹੈ ਨੌਜਵਾਨ ਪੀੜੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਹਰ ਇੱਕ ਪਿੰਡ ਵਿੱਚ ਖੇਡ ਮੇਲੇ ਕਰਾਉਣੇ ਚਾਹੀਦੇ ਹਨ।ਇਸ ਮੌਕੇ ਪ੍ਰਧਾਨ ਇਮਾਮ ਸਈਅਦ, ਅਮਲਮ ਸ਼ਾਹ ਜਾਮਾ ਮਸਜਿਦ ਡਵਿੱਡਾ ਅਹਿਰਾਣਾ ਕਮੇਟੀ, ਮਮਬਰ ਰਫ਼ੀ ਡਵਿੱਡਾ ਅਹਿਰਾਣਾ,ਲਾਲ ਹੁਸੇਨ ਅਹਿਰਾਣਾ ਕਲਾਂ, ਸਦਾਮ ਬੱਡਲਾ, ਲਿਆਦਤ, ਅਲੀ ਜਾਫਰ, ਅਲੀ ਫਰਾਲਾ, ਨੀਰਜ ਅਹਿਰਾਣਾ ਆਦਿ ਹਾਜ਼ਰ ਸਨ।

# ਵਿਸ਼ਵ ਸਿਹਤ ਦਿਵਸ ਮੌਕੇ ਸਿਹਤ ਲਈ ਜਾਗਰੂਕਤਾ ਮੁਹਿੰਮ

**ਮਹਿਤਪੁਰ (ਰਾਜਾ)**- ਵਿਸ਼ਵ ਸਿਹਤ ਦਿਵਸ ਮੌਕੇ ਪ੍ਰਾਈਮਰੀ ਹੈਲਥ ਸੈਂਟਰ ਮਹਿਤਪੁਰ ਵੱਲੋਂ ਮਾਤਾ ਤੇ ਨਵਜੰਮੇ ਬੱਚਿਆਂ ਦੀ ਸਿਹਤ ਵਿਸ਼ੇ 'ਤੇ ਵਿਸ਼ੇਸ਼ ਜਾਗਰੂਕਤਾ ਮੁਹਿੰਮ ਚਲਾਈ ਗਈ। ਇਸ ਮੁਹਿੰਮ ਹੇਠ ਪਿੰਡਾਂ ਅਤੇ ਸਕੂਲਾਂ ਵਿੱਚ ਲੋਕਾਂ ਨੂੰ ਮਾਂ ਅਤੇ ਨਵਜੰਮੇ ਬੱਚਿਆਂ ਦੀ ਸੰਭਾਲ, ਟੀਕਾਕਰਨ, ਪੋਸ਼ਣ ਅਤੇ ਸਿਹਤ ਸੇਵਾਵਾਂ ਬਾਰੇ ਜ਼ਰੂਰੀ ਜਾਣਕਾਰੀ ਦਿੱਤੀ ਗਈ।ਇਹ ਸਭ ਪ੍ਰੋਗਰਾਮ ਸਿਵਲ ਸਰਜਨ ਡਾ. ਗੁਰਮੀਤ ਲਾਲ ਦੇ ਦਿਸ਼ਾ-ਨਿਰਦੇਸ਼ ਹੇਠ, ਸੀਨੀਅਰ ਮੈਡੀਕਲ ਅਫਸਰ ਡਾ. ਮਹੇਸ਼ ਕੁਮਾਰ ਪ੍ਰਭਾਕਰ ਦੀ ਅਗਵਾਈ ਹੇਠ ਅਤੇ ਬਲਾਕ ਐਜੂਕੇਟਰ ਹਿਮਾਲਯਾ ਪ੍ਰਕਾਸ਼ ਦੇ ਪ੍ਰਬੰਧ ਹੇਠ ਕਰਵਾਏ ਗਏ।ਇਸ ਮੁਹਿੰਮ ਵਿੱਚ ਆਸ਼ਾ ਵਰਕਰਾਂ ਅਤੇ ਹੋਰ ਮੈਡੀਕਲ ਸਟਾਫ ਨੇ ਭਰਪੂਰ ਭਾਗ ਲਿਆ ਅਤੇ ਲੋਕਾਂ ਨੂੰ ਮਾਂ ਅਤੇ ਬੱਚੇ ਦੀ ਸਿਹਤ ਬਾਰੇ ਸਮਝਾਉਣ ਵਿੱਚ ਆਪਣੀ ਅਹੰਕਾਰਪੂਰਕ ਭੂਮਿਕਾ ਨਿਭਾਈ। ਇਸ ਜਾਗਰੂਕਤਾ ਮੁਹਿੰਮ ਦਾ ਮਕਸਦ ਮਾਂ ਤੇ ਨਵਜੰਮੇ ਬੱਚਿਆਂ ਦੀ ਮੌਤ ਦਰ ਘਟਾਉਣ ਅਤੇ ਉਨ੍ਹਾਂ ਦੀ ਸਿਹਤ ਸੰਭਾਲ ਬਾਰੇ ਲੋਕਾਂ ਨੂੰ ਸੂਚਿਤ ਕਰਨਾ ਹੈ।



# ਨਸ਼ਿਆਂ ਵਿਰੁੱਧ ਜੰਗ 'ਚ ਲੋਕ ਸਹਿਯੋਗ ਦੇਣ : ਗੁਰਪ੍ਰੀਤ ਸਿੰਘ



**ਕਾਲਾ ਸੰਘਿਆਂ (ਮਨਜੀਤ ਮਾਨ)** ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਨਸ਼ਾ ਮੁਕਤ ਬਣਾਉਣ ਲਈ ਜੰਗੀ ਪੱਧਰ 'ਤੇ ਸ਼ੁਰੂ ਕੀਤੀ ਗਈ ਮੁਹਿੰਮ ਨਸ਼ਿਆਂ ਵਿਰੁੱਧ ਬਹੁਤ ਵਧੀਆ ਉਪਰਾਲਾ ਹੈ। ਸਮੂਹ ਲੋਕ ਇਸ ਮੁਹਿੰਮ ਵਿੱਚ ਆਪਣਾ ਪੂਰਾ ਸਹਿਯੋਗ ਦੇਣ ਤਾਂ ਜੋ ਸਮਾਜ ਵਿੱਚ ਵੱਡੀ ਤਬਦੀਲੀ ਆ ਸਕੇ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਬਲਾਕ ਪ੍ਰਧਾਨ ਸੋਸ਼ਲ ਮੀਡੀਆ ਗੁਰਪ੍ਰੀਤ ਸਿੰਘ ਨੇ ਕੀਤਾ। ਉਨ੍ਹਾਂ ਕਿਹਾ ਕਿ ਜੇਕਰ ਲੋਕ ਪੁਲਸ ਅਤੇ ਸਰਕਾਰ ਨਾਲ ਨਸ਼ਾ ਵੇਚਣ ਵਾਲਿਆਂ ਬਾਰੇ ਸਹੀ ਜਾਣਕਾਰੀ ਸਾਂਝੀ ਕਰਨ ਤਾਂ ਨਸ਼ੇ ਵੇਚਣ ਵਾਲਿਆ ਨੂੰ ਸਲਾਖਾਂ ਪਿੱਛੇ ਡੱਕਣਾ ਆਸਾਨ ਹੋ ਜਾਵੇਗਾ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬਿਨਾਂ ਕਿਸੇ ਡਰ ਤੋਂ ਨਸ਼ਾ ਤਸਕਰਾਂ ਬਾਰੇ ਜਾਣਕਾਰੀ ਦੇਣ,ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਇਸ ਮਾਮਲੇ ਵਿੱਚ ਪੂਰੀ ਤਰ੍ਹਾਂ ਸਖ਼ਤ ਰਵੱਈਆ ਅਪਣਾ ਕੇ ਨਸ਼ਾ ਤਸਕਰਾਂ ਨੂੰ ਸਖ਼ਤ ਤੋਂ ਸਖ਼ਤ ਦਿਵਾਈ ਜਾ ਰਹੀ ਹੈ ਤਾਂ ਜੋ ਨਸ਼ਾ ਖਤਮ ਹੋ ਸਕੇ ਅਤੇ ਨੌਜਵਾਨ ਪੀੜ੍ਹੀ ਨੂੰ ਇਸ ਦਲਦਲ ਤੋਂ ਬਚਾ ਸਕੀਏ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬੱਚਿਆਂ ਦੀ ਭਲਾਈ ਲਈ ਅੱਗੇ ਆਉਣ।

# ਪ੍ਰਿੰਸੀਪਲ ਪ੍ਰੇਮ ਕੁਮਾਰ ਨੇ ਕੀਤਾ ਸਕੂਲਾਂ ਦੇ ਵਿਕਾਸ ਕੰਮ ਦਾ ਉਦਘਾਟਨ



**ਗੁਰਾਇਆ (ਬਿੰਦਰ ਸੁਮਨ)**

ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ ਗਈ ਮੁਹਿੰਮ ਸਿੱਖਿਆ ਕ੍ਰਾਂਤੀ ਨਾਲ ਬਦਲਦਾ ਪੰਜਾਬ ਦੇ ਤਹਿਤ ਵਿਧਾਨ ਸਭਾ ਹਲਕਾ ਫਿਲੌਰ ਦੇ ਅਧੀਨ ਪੈਂਦੇ ਪਿੰਡ ਬੁਡਾਲਾ ਵਿਖੇ ਕਾਮਰੇਡ ਹਰਕਿਸਨ ਸਿੰਘ ਸੀਨੀਅਰ ਸੈਕੰਡਰੀ ਸਕੂਲ ਲੜਕੇ, ਸੀਨੀਅਰ ਸੈਕੰਡਰੀ ਸਕੂਲ ਗਰਲਜ ਅਤੇ ਪ੍ਰਾਇਮਰੀ ਸਕੂਲ ਲੜਕੇ ਵਿਚ 20 ਲੱਖ ਦੀ ਲਾਗਤ ਨਾਲ ਕਰਵਾਏ ਗਏ ਵਿਕਾਸ ਕੰਮਾਂ ਦੇ ਉਦਘਾਟਨ ਪ੍ਰਿੰਸੀਪਲ ਪ੍ਰੇਮ ਕੁਮਾਰ ਇੰਚਾਰਜ ਵਿਧਾਨ ਸਭਾ ਹਲਕਾ ਫਿਲੌਰ ਨੇ ਕੀਤੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਉਦਮ ਸਦਕਾ ਪੰਜਾਬ ਦੇ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਜਾ ਰਹੀ ਹੈ। ਪਿਛਲੀਆਂ ਸਰਕਾਰਾਂ ਨੇ ਸਿੱਖਿਆ ਵਿਭਾਗ ਵੱਲ ਕੋਈ ਧਿਆਨ ਨਹੀਂ ਦਿੱਤਾ। ਇਸ ਮੌਕੇ ਸਕੂਲ ਕਮੇਟੀਆਂ ਵਲੋਂ ਪ੍ਰਿੰਸੀਪਲ ਪ੍ਰੇਮ ਕੁਮਾਰ ਨੂੰ ਸਕੂਲ ਦੇ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਅੰਤ ਵਿਚ ਸੰਤੋਖ ਸਿੰਘ ਬਲਾਕ ਪ੍ਰਧਾਨ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਚੰਦਰ ਸ਼ੇਖਰ ਵਰਮਾ ਅਤੇ ਸਕੂਲ ਸਟਾਫ ਮੈਂਬਰ,ਬਲਾਕ ਪ੍ਰਧਾਨ ਸੰਤੋਖ ਸਿੰਘ ਬੰਡਾਲਾ, ਬਲਾਕ ਪ੍ਰਧਾਨ ਜਗਤ ਰਾਮ ਭੱਟੀ, ਬਲਾਕ ਪ੍ਰਧਾਨ ਇਕਬਾਲ ਸਿੰਘ,ਵੈਭਵ ਸ਼ਰਮਾ ਕੋਆਰਡੀਨੇਟਰ ਯੂਥ ਵਿੰਗ, ਪਿੰਡ ਦੇ ਸਰਪੰਚ ਕੁਲਦੀਪ ਸਿੰਘ ਅਤੇ ਪੰਚਾਇਤ ਮੈਂਬਰ ਮੌਜੂਦ ਸਨ।

# ਧੀਮਾਨ ਵੱਲੋਂ 24 ਘੰਟੇ ਐਮਰਜੈਂਸੀ ਸੇਵਾ ਸ਼ੁਰੂ ਕਰਨ ਦੇ ਫੈਸਲੇ 'ਤੇ ਖ਼ੁਸ਼ੀ ਪ੍ਰਗਟ

**ਫਗਵਾੜਾ (ਇੰਦਰਜੀਤ ਮਠਾੜੂ, ਰਘਬੀਰ ਸਿੰਘ)**—ਸ੍ਰੀ ਵਿਸ਼ਵਕਰਮਾ ਚੈਰੀਟੇਬਲ ਹਸਪਤਾਲ ਟਰੱਸਟ (ਮੰਦਰ) ਫਗਵਾੜਾ ਦੇ ਸਾਬਕਾ ਪ੍ਰਧਾਨ ਬਲਵੰਤ ਰਾਏ ਧੀਮਾਨ ਨੇ ਹਸਪਤਾਲ 'ਚ 24 ਘੰਟੇ ਐਮਰਜੈਂਸੀ ਸੇਵਾ ਸ਼ੁਰੂ ਕਰਨ ਦੇ ਫੈਸਲੇ 'ਤੇ ਖ਼ੁਸ਼ੀ ਪ੍ਰਗਟ ਕੀਤੀ ਹੈ। ਧੀਮਾਨ ਨੇ ਕਿਹਾ ਕਿ ਆਪਣੇ 9 ਸਾਲ ਦੇ ਕਾਰਜਕਾਲ ਦੌਰਾਨ ਉਨ੍ਹਾਂ ਇਹ ਸੁਪਨਾ ਲਿਆ ਸੀ ਕਿ ਹਸਪਤਾਲ 'ਚ ਆਮ ਲੋਕਾਂ ਨੂੰ ਸਿਹਤ ਸੇਵਾਵਾਂ ਮਿਲਣ ਅਤੇ ਇਸ ਮਕਸਦ ਲਈ ਉਨ੍ਹਾਂ ਨੇ ਆਪਣੇ ਕਾਰਜਕਾਲ 'ਚ ਭਗਵਾਨ ਵਿਸ਼ਵਕਰਮਾ ਦੇ ਸ਼ਰਧਾਲੂਆਂ ਅਤੇ ਸਰਕਾਰ ਵੱਲੋਂ ਮਦਦ ਲੈ ਕੇ ਸਾਰੇ ਬੁਨਿਆਦੀ ਢਾਂਚੇ ਦੀ ਉਸਾਰੀ ਕਰਵਾਈ ਸੀ। ਉਨ੍ਹਾਂ ਕਿਹਾ ਕਿ 24 ਘੰਟੇ ਐਮਰਜੈਂਸੀ ਸੇਵਾਵਾਂ ਸ਼ੁਰੂ ਹੋਣ ਨਾਲ ਆਮ ਲੋਕਾਂ ਨੂੰ ਬਹੁਤ ਸਹੂਲਤ ਮਿਲੇਗੀ। ਹਸਪਤਾਲ 'ਚ ਗੁਰਦੇ ਦੇ ਮਰੀਜ਼ਾਂ ਦੀ ਸਹੂਲਤ ਲਈ ਡਾਇਲਸਿਜ ਸੇਵਾ ਵੀ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਅਜਿਹਾ ਕਰਨਾ ਆਮ ਲੋਕਾਂ ਦੀ ਸੇਵਾ ਵਲ ਇਕ ਹੋਰ ਵਧੀਆ ਕਦਮ ਹੈ। ਉਨ੍ਹਾ ਕਿਹਾ ਕਿ ਉਹ ਮੌਜੂਦਾ ਪ੍ਰਬੰਧਕਾਂ ਨੂੰ ਲੋਕਾਂ ਦੇ ਹਿਤਾਂ 'ਚ ਕੀਤੇ ਜਾਣ ਵਾਲੇ ਫੈਸਲਿਆਂ 'ਚ ਪੂਰਾ ਸਹਿਯੋਗ ਦੇਣਗੇ ਤੇ ਉਨ੍ਹਾਂ ਨੂੰ ਖ਼ੁਸ਼ੀ ਹੈ ਕਿ ਉਨ੍ਹਾਂ ਨੇ ਜਿਹੜਾ ਸੁਪਨਾ ਲੈ ਕੇ 9 ਸਾਲ ਕੰਮ ਕੀਤਾ ਉਹ ਭਗਵਾਨ ਵਿਸ਼ਵਕਰਮਾ ਦੀ ਕਿਰਪਾ ਨਾਲ ਪੂਰਾ ਹੋਇਆ।

# ਸੰਜੀਵਨ ਸਿੰਘ ਪ੍ਰਧਾਨ ਤੇ ਸੰਜੀਵ ਦੀਵਾਨ 'ਕੁੱਕੂ' ਜਨਰਲ ਸਕੱਤਰ ਚੁਣੇ





**ਚੰਡੀਗੜ੍ਹ (ਗੁਰਜੀਤ ਬਿੱਲਾ)**-ਪਿਛਲੇ ਸਾਢੇ ਤਿੰਨ ਦਹਾਕਿਆਂ ਤੋਂ ਸ਼੍ਰੋਮਣੀ ਸਾਹਿਤਕਾਰ ਮਰਹੂਮ ਸੰਤੋਖ ਸਿੰਘ ਧੀਰ ਤੇ ਪੰਜਾਬ ਵਿਚ ਇਪਟਾ ਦੇ ਮੋਢੀ ਨਾਟਕਕਾਰ ਤੇ ਉਪੇਰਾਕਾਰ ਮਰਹੂਮ ਤੇਰਾ ਸਿੰਘ ਚੰਨ ਦੀ ਸਰਪ੍ਰਸਤੀ ਤੇ ਹੱਲਾ-ਸ਼ੇਰੀ ਨਾਲ ਰੰਗਮੰਚ ਤੇ ਲੋਕ-ਹਿਤੈਸ਼ੀ ਸਭਿਆਚਾਰ ਦੇ ਖੇਤਰ ਵਿੱਚ ਸਰਗਰਮ ਸਰਘੀ ਕਲਾ ਕੇਂਦਰ ਮੁਹਾਲੀ ਦੀ ਹੋਈ ਦੋ ਸਾਲਾਂ (2025-27) ਵਾਸਤੇ ਚੋਣ ਦੌਰਾਨ ਲਗਾਤਾਰ ਅਠਾਰਵੀਂ ਵਾਰ ਸਰਬਸੰਮਤੀ ਨਾਲ ਨਾਟ-ਕਰਮੀ ਸੰਜੀਵਨ ਸਿੰਘ ਪ੍ਰਧਾਨ ਅਤੇ ਸੰਜੀਵ ਦੀਵਾਨ 'ਕੁੱਕੂ' ਦੂਸਰੀ ਵਾਰ ਜਨਰਲ ਸੱਕਤਰ ਚੁਣੇ ਗਏ।ਸੀਨੀਅਰ ਮੀਤ-ਪ੍ਰਧਾਨ ਸਮਾਜ ਸੇਵੀ ਅਸ਼ੋਕ ਬਜਹੇੜੀ, ਮੀਤ-ਪ੍ਰਧਾਨ ਸੈਵੀ ਸਤਵਿੰਦਰ ਕੌਰ, ਸਹਿ-ਸੱਕਤਰ ਲਖਵਿੰਦਰ ਸਿੰਘ, ਵਿੱਤ ਸਕੱਤਰ ਨਰਿੰਦਰ ਕੌਰ ਨਸਰੀਨ, ਪ੍ਰਚਾਰ ਸੱਕਤਰ ਰੰਜੀਵਨ ਸਿੰਘ ਅਤੇ ਕਾਰਜਕਾਰੀ ਮੈਂਬਰ ਕੁਲਵਿੰਦਰ ਬਾਵਾ, ਮਨੀ ਸੱਭਰਵਾਲ, ਗੂੰਜਨਦੀਪ ਕੌਰ, ਰਿੱਤੂਰਾਗ, ਰਿਸ਼ਮਰਾਗ, ਹਰਇੰਦਰ ਸਿੰਘ ਹਰ, ਸਰਬਪ੍ਰੀਤ ਤੇ ਗੁਰਵਿੰਦਰ ਬੈਦਵਾਨ ਚੁਣੇ ਗਏ।ਇਸ ਤੋਂ ਇਲਾਵਾ ਸਰਵਸ੍ਰੀ ਹਰਨੇਕ ਸਿੰਘ ਘੜੂੰਆਂ (ਸਾਬਕਾ ਮੰਤਰੀ, ਪੰਜਾਬ) ਸੀਨੀਅਰ ਐਡਵੋਕੇਟ ਰਜਿੰਦਰ ਸਿੰਘ ਚੀਮਾ, ਐਡਵੋਕੇਟ ਅਸ਼ੋਕ ਸਿੰਗਲਾ ਅਤੇ ਸਿਖਿਆ ਸੇਵੀ ਗੁਰਇੰਦਰਜੀਤ ਸਿੰਘ ਨੂੰ ਸਰਪ੍ਰਸਤ ਅਤੇ ਡਾ. ਜਸਵੰਤ ਸਿੰਘ, ਮੇਜਰ ਸਿੰਘ ਨਾਗਰਾ (ਕੈਨੇਡਾ), ਮਨੋਜ ਅਗਰਵਾਲ ਤੇ ਕ੍ਰਿਸ਼ਨ ਲਾਲ ਸੈਣੀ ਨੂੰ ਸਲਾਹਕਾਰ ਥਾਪਿਆ ਗਿਆ।

# ਸੀ ਪੀ ਆਈ ਐੱਮ ਮਨਾਵੇਗੀ ਡਾ. ਅੰਬੇਡਕਰ ਦੀ ਜੈਅੰਤੀ : ਪ੍ਰੇਮ ਰੱਕੜ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਕਾਮਰੇਡ ਹੁਸਨ ਚੰਦ ਮਝੋਟ ਦੀ ਪ੍ਰਧਾਨਗੀ ਹੇਠ ਮੀਟਿੰਗ ਬਾਬਾ ਵਤਨ ਸਿੰਘ ਟੱਪਰੀਆਂ ਭਵਨ ਵਿਖੇ ਹੋਈ।ਪ੍ਰੇਮ ਰੱਕੜ ਤਹਿਸੀਲ ਸਕੱਤਰ ਨੇ ਦੱਸਿਆ ਕਿ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੀ ਜੈਅੰਤੀ ਬਲਾਚੌਰ ਵਿਖੇ ਧੂਮ ਧਾਮ ਨਾਲ ਮਨਾਈ ਜਾਵੇਗੀ। ਜਿਸ ਨੂੰ ਸੀਪੀਆਈ( ਐਮ) ਦੇ ਸੂਬਾਈ ਆਗੂ ਅਤੇ ਅੰਬੇਡਕਰ ਮਿਸ਼ਨ ਨਾਲ ਜੁੜੇ ਵਿਦਵਾਨ ਆਪਣੇ ਵਿਚਾਰ ਪੇਸ਼ ਕਰਨਗੇ। ਕੇਂਦਰ ਸਰਕਾਰ ਵਲੋਂ ਭਾਰਤੀ ਸੰਵਿਧਾਨ 'ਤੇ ਕੀਤੇ ਜਾ ਰਹੇ ਹਮਲਿਆਂ ਨੂੰ ਰੋਕਣ ਲਈ ਵੀ ਵਿਚਾਰਾਂ ਕੀਤੀਆਂ ਜਾਣਗੀਆਂ।ਕਮੇਟੀ ਨੇ ਇਹ ਫੈਸਲਾ ਵੀ ਕੀਤਾ ਹੈ ਕਿ ਉਹ ਬਲਾਚੌਰ ਦੇ ਪਿੰਡਾਂ ਵਿੱਚ ਹੋਰ ਸਰਗਰਮੀ ਨਾਲ ਨਜਾਇਜ਼ ਮਾਈਨਿੰਗ, ਨਸ਼ਾ ਵਿਰੋਧੀ ਮੁਹਿੰਮ ਵਿੱਢੇਗੀ। ਮੀਟਿੰਗ ਨੂੰ ਕਾਮਰੇਡ ਮਹਾਂ ਸਿੰਘ ਰੌੜੀ, ਹੁਸਨ ਮਝੋਟ,ਅੱਛਰ ਸਿੰਘ, ਪਰਮਜੀਤ ਰੌੜੀ, ਰਣਜੀਤ ਸਿੰਘ ਰਾਣਾ ਆਦਿ ਨੇ ਸੰਬੋਧਨ ਕੀਤਾ।ਇਸ ਮੌਕੇ ਕਾਮਰੇਡ ਮਹਿੰਦਰ ਸਿੰਘ ਬੇਗਮਪੁਰ, ਗੁਰਮੇਲ ਮੰਗੂਪੁਰ, ਗੁਰਚਰਨ ਜੈਨ ਆਮਰੀਕ ਸਿੰਘ ਜੈਨਪੁਰ ਸਮੇਤ ਵੱਡੀ ਗਿਣਤੀ ਵਿੱਚ ਆਗੂ ਹਾਜ਼ਰ ਸਨ।

# ਗਰਮੀਆਂ ਦੌਰਾਨ ਕਿਸਾਨ ਵੀਰ ਅੱਗ ਵਿਰੁੱਧ ਪ੍ਰਬੰਧ ਪੂਰੇ ਕਰਨ : ਫਾਇਰ ਅਫਸਰ



**ਗੁਰਾਇਆ (ਬਿੰਦਰ ਸੁਮਨ)** ਕਿਸਾਨ ਵੀਰ ਗਰਮੀਆਂ ਦੇ ਮੱਦੇਨਜ਼ਰ ਅੱਗ ਬਝਾਊ ਪ੍ਰਬੰਧਾਂ ਨੂੰ ਪੂਰੀ ਤਰ੍ਹਾਂ ਅਪਨਾਉਣ ਤਾਂ ਜੋ ਅੱਗ ਨਾਲ ਹੋਣ ਵਾਲੇ ਨੁਕਸਾਨ ਤੋਂ ਬਚਿਆ ਜਾ ਸਕੇ।ਇਹ ਸ਼ਬਦ ਫਗਵਾੜਾ ਫਾਇਰ ਸਟੇਸ਼ਨ ਦੇ ਅਫ਼ਸਰ ਸੁਖਵਿੰਦਰ ਸਿੰਘ ਨੇ ਇਲਾਕੇ 'ਚ ਵੱਖ-ਵੱਖ ਸਕੂਲਾਂ 'ਚ ਅੱਗ ਬਝਾਊ ਪ੍ਰਬੰਧਾਂ ਦੇਖਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਹੇ। ਉਨ੍ਹਾਂ ਨਿੱਜੀ ਸਕੂਲਾਂ 'ਚ ਪ੍ਰਬੰਧਾਂ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਅਤੇ ਕਮੀਆਂ ਨੂੰ ਦੂਰ ਕਰਨ ਲਈ ਪ੍ਰਬੰਧਕਾਂ ਨੂੰ ਦਿਸ਼ਾ ਨਿਰਦੇਸ਼ ਦਿੱਤੇ। ਕਿਸਾਨਾਂ ਨੂੰ ਕਿਹਾ ਕਿ ਟਰਾਂਸਫਾਰਮਰਾਂ ਅਤੇ 11 ਕੇ.ਵੀ. ਦੇ ਜੰਪਰਾਂ ਵੱਲੋਂ 15-15 ਫੁੱਟ ਫਸਲ ਦੀ ਕਟਾਈ ਕਰਨ ਉਪਰੰਤ ਵਾਹੀ ਜ਼ਰੂਰ ਕਰਨ। ਇਸ ਤੋਂ ਇਲਾਵਾ ਖੂਹਾਂ ਨੂੰ ਜਾਦੇਂ ਰਾਸਤਿਆਂ ਦੀ ਸਫਾਈ ਰੱਖਣ ਤਾਂ ਜੋ ਅੱਗ ਬਝਾਊ ਗੱਡੀਆਂ ਦੁਰਘਟਨਾ ਵਾਲੇ ਸਥਾਨਾਂ 'ਤੇ ਅਸਾਨੀ ਨਾਲ ਪਹੁੰਚ ਸਕਨ। ਉਨ੍ਹਾਂ ਪਸ਼ੂਆਂ ਦੇ ਸ਼ੈਡਾਂ ਦੇ ਆਸ ਪਾਸ ਸਫ਼ਾਈ ਰੱਖਣ ਲਈ ਵੀ ਕਿਹਾ। ਇਸ ਨਾਲ ਪਸ਼ੂ ਧਨ ਦਾ ਬਚਾਅ ਹੋ ਸਕਦਾ ਹੈ। ਕਿਸਾਨ ਵੀਰ ਤੂੜੀ ਲਈ ਬਣਾਈਆਂ ਸੈਡਾਂ ਦੇ ਰੋਸ਼ਨਦਾਨ ਬੰਦ ਕਰਕੇ ਰੱਖਣ,ਤੂੜੀ ਦੇ ਢੱਪ ਅਲੱਗ ਅਲੱਗ ਜਗ੍ਹਾ 'ਤੇ ਬਨਾਉਣ ਨਾ ਕਿ ਇੱਕ ਜਗ੍ਹਾ 'ਤੇ। ਇਸ ਨਾਲ ਜ਼ਿਆਦਾ ਨੁਕਸਾਨ ਤੋਂ ਬਚਿਆ ਜਾ ਸਕਦਾ ਹੈ। ਦੁਕਾਨਦਾਰਾਂ ਅਤੇ ਘਰ ਦੇ ਮਾਲਕਾਂ ਨੂੰ ਕਿਹਾ ਕਿ ਇਨਵਰਟਰ ਆਦਿ ਤੰਗ ਜਗ੍ਹਾ ਦੀ ਬਜਾਏ ਖੁੱਲ੍ਹੀ ਜਗ੍ਹਾ 'ਚ ਰੱਖੇ ਜਾਣ ਤਾਂ ਜੋ ਸ਼ਾਰਟ ਸਰਕਟ ਤੋਂ ਬਚਿਆ ਜਾ ਸਕੇ। ਪੂਜਾ ਘਰ 'ਚ ਜੋਤ ਦੇ ਅੱਗੇ ਪਰਦਾ ਕਰਨ ਦੀ ਬਜਾਏ ਜੋਤ ਨੂੰ ਬੰਦ ਘਰ ਵਰਤੇ ਜਾਣ। ਉਨ੍ਹਾਂ ਦੁਕਾਨਦਾਰਾਂ ਨੂੰ ਇਸ ਵਾਰ ਗਰਮੀ ਦੇ ਮੌਸਮ 'ਚ ਦੁਕਾਨਾਂ ਅੱਗੇ ਤੇਹਗੀਆਂ ਆਦਿ ਲਗਾਉਣ ਤੋਂ ਮਨਾਹੀ ਕਰਦਿਆਂ ਕਿਹਾ ਤਾਂ ਜੋ ਫਾਇਰ ਬ੍ਰਗੇਡ ਗੱਡੀ ਨੂੰ ਕੋਈ ਰੁਕਾਵਟ ਨਾ ਹੋ ਸਕੇ। ਉਨ੍ਹਾਂ ਅੱਗੇ ਕਿਹਾ ਕਿ ਫਗਵਾੜਾ ਅਤੇ ਫਿਲੌਰ 'ਚ ਸਥਿਤ ਆਗੂ ਬਝਾਊ ਦਸਤੇ ਤਿਆਰ-ਬਰ-ਤਿਆਰ ਹਨ ਅਤੇ ਕਿਸੇ ਵੀ ਤਰ੍ਹਾਂ ਦੀ ਦੁਰਘਟਨਾ ਸਮੇਂ ਤੁਰੰਤ ਪਹੁੰਚਣ ਦੇ ਸਮਰੱਥ ਹਨ।

# ਹਰਜੋਤ ਸਿੰਘ ਬੈਂਸ ਨੇ ਰਾਮ ਨੌਮੀ ਮੌਕੇ ਸ਼ੋਭਾ ਯਾਤਰਾ 'ਚ ਕੀਤੀ ਸ਼ਿਰਕਤ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਚਿੱਬ)** ਹਲਕਾ ਵਿਧਾਇਕ ਅਤੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਬੀਤੇ ਦਿਨੀਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਨਾਤਨ ਧਰਮ ਸਭਾ ਵੱਲੋਂ ਸਜਾਈ ਸ਼ੋਭਾ ਯਾਤਰਾ ਵਿੱਚ ਸ਼ਿਰਕਤ ਕੀਤੀ ਗਈ।ਇਸ ਮੌਕੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਸਮੂਹ ਸੰਗਤਾਂ ਨੂੰ ਰਾਮ ਨੌਮੀ ਦੇ ਪਵਿੱਤਰ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ।ਇਸ ਮੌਕੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਅੱਜ ਵੱਖ ਵੱਖ ਥਾਵਾਂ 'ਤੇ ਰਾਮ ਨੌਮੀ ਦਾ ਪਵਿੱਤਰ ਦਿਹਾੜਾ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਇਨਸਾਨ ਦੇ ਜਰੂਰੀ ਰੁਝੇਵਿਆਂ ਦੇ ਨਾਲ ਨਾਲ ਧਾਰਮਿਕ ਸਮਾਗਮਾਂ ਅਤੇ ਸਮਾਜਿਕ ਕਾਰਜਾਂ ਵਿੱਚ ਵੱਧ ਚੜ੍ਹ ਕੇ ਭਾਗ ਲੈਣ ਵਾਲੀਆਂ ਸਮਾਜ ਸੇਵੀ ਸੰਸਥਾਵਾਂ, ਸੰਗਠਨਾਂ ਅਤੇ ਇਨ੍ਹਾਂ ਦੇ ਆਗੂਆਂ ਦੀ ਭੂਮਿਕਾ ਬਹੁਤ ਸ਼ਲਾਘਾਯੋਗ ਹੈ।ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਇਲਾਕੇ ਦੇ ਲੋਕਾਂ ਨੂੰ ਸਾਰੀਆਂ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਤੇ ਉਪਲੱਬਧ ਕਰਵਾਈਆਂ ਜਾਣਗੀਆਂ ਅਤੇ ਵਿਕਾਸ ਦੇ ਨਾਲ ਨਾਲ ਇਲਾਕਾ ਵਾਸੀਆਂ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਵੀ ਉਪਰਾਲੇ ਕਰ ਰਹੇ ਹਾਂ।ਉਨ੍ਹਾਂ ਨੇ ਕਿਹਾ ਕਿ ਮੇਰੇ ਹਲਕੇ ਦੇ ਕਣ ਕਣ ਵਿੱਚ ਧਾਰਮਿਕ ਰੰਗਤ ਹੈ, ਮੇਰੇ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਮੈਨੂੰ ਇਸ ਪਵਿੱਤਰ ਧਰਤੀ ਦੀ ਸੇਵਾ ਦਾ ਮਾਣ ਮਿਲਿਆ ਹੈ।ਇਸ ਮੌਕੇ ਸਨਾਤਨ ਧਰਮ ਸਭਾ ਦੇ ਪ੍ਰਧਾਨ ਪੰਡਿਤ ਹਰੀਓਮ ਵੱਲੋਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ।ਇਸ ਮੌਕੇ ਦੀਪਕ ਆਂਗਰਾ ਪ੍ਰਧਾਨ ਵਪਾਰ ਮੰਡਲ, ਅਖਿਲ ਕੌਸ਼ਲ, ਮੁਨੀਸ਼ ਕੌਸ਼ਲ, ਆਸ਼ੂ ਧੀਮਾਨ, ਮੁਨੀਸ਼ ਕੇਅਰਪਾਲ, ਨਿੰਨੂ ਪੰਡਿਤ, ਮੁਕੇਸ਼ ਕੁਮਾਰ ਸ਼ੰਨੂ, ਚੰਦਨ ਸ਼ਰਮਾ, ਮਨੋਜ ਗਾਂਧੀ, ਨਿਤਿਨ ਸ਼ਰਮਾ ਤੇ ਹੋਰ ਪਤਵੰਤੇ ਮੌਜੂਦ ਸਨ।

# ਐੱਲ ਪੀ ਯੂ ਦੇ ਵਿਦਿਆਰਥੀਆਂ ਨੇ ਭਾਰਤੀ ਸੰਸਦ ਦਾ ਕੀਤਾ ਦੌਰਾ



**ਜਲੰਧਰ (ਸ਼ੈਲੀ ਐਲਬਰਟ)** ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਦੇ 50 ਤੋਂ ਵੱਧ ਵਿਦਿਆਰਥੀਆਂ ਅਤੇ ਸਾਬਕਾ ਵਿਦਿਆਰਥੀਆਂ, ਜਿਨ੍ਹਾਂ ਵਿੱਚੋਂ ਬਹੁਤਿਆਂ ਨੂੰ 1 ਕਰੋੜ ਤੋਂ ਵੱਧ ਦੇ ਪਲੇਸਮੈਂਟ ਪੈਕੇਜ ਮਿਲੇ ਹਨ ਨੇ ਹਾਲ ਹੀ ਵਿੱਚ ਭਾਰਤ ਦੀ ਸੰਸਦ ਦਾ ਦੌਰਾ ਕੀਤਾ। ਵਿਦਿਆਰਥੀਆਂ ਨੂੰ ਭਾਰਤ ਦੇ ਉਪ ਰਾਸ਼ਟਰਪਤੀ ਜਗਦੀਪ ਧਨਖੜ, ਸ੍ਰੀਮਤੀ ਸੋਨੀਆ ਗਾਂਧੀ, ਭਾਰਤੀ ਰਾਸ਼ਟਰੀ ਕਾਂਗਰਸ ਦੇ ਪ੍ਰਧਾਨ ਮਲਿਕਾਰਜੁਨ ਖੜਗੇ, ਏ ਆਈ ਟੀ ਸੀ ਦੇ ਸੰਸਦ ਮੈਂਬਰ, ਕੁਰੂਕਸ਼ੇਤਰ ਦੇ ਸੰਸਦ ਮੈਂਬਰ ਅਤੇ ਲੇਖਕ ਡੇਰੇਕ ਓਬ੍ਰਾਇਨ, ਸਾਬਕਾ ਕੇਂਦਰੀ ਮੰਤਰੀ, ਕਾਂਗਰਸ ਰੇਣੁਕਾ ਚੌਧਰੀ, ਸੰਦੀਪ ਕੁਮਾਰ ਪਾਠਕ, ਐਮ ਅਨਿਲ ਕੁਮਾਰ ਯਾਦਵ, ਸੰਸਦ ਮੈਂਬਰ, ਰਾਜ ਸਭਾ, ਤੇਲੰਗਾਨਾ ਕਾਂਗਰਸ। ਇਨ੍ਹਾਂ ਪ੍ਰਮੁੱਖ ਰਾਜਨੀਤਿਕ ਹਸਤੀਆਂ ਨੇ ਦੇਸ਼ ਦੇ ਸ਼ਾਸਨ ਬਾਰੇ ਕੀਮਤੀ ਜਾਣਕਾਰੀ ਸਾਂਝੀ ਕੀਤੀ।ਐਲਪੀਯੂ ਦੇ ਸੰਸਥਾਪਕ ਚਾਂਸਲਰ ਅਤੇ ਸੰਸਦ ਮੈਂਬਰ (ਰਾਜ ਸਭਾ) ਡਾ. ਅਸ਼ੋਕ ਕੁਮਾਰ ਮਿੱਤਲ ਨੇ ਇਹ ਦੌਰਾ ਦੌਰਾਨ ਜ਼ੋਰ ਦੇ ਕੇ ਕਿਹਾ, ਸਾਡੇ ਦੇਸ਼ ਦੇ ਨੌਜਵਾਨਾਂ ਲਈ ਇਹ ਅਨੁਭਵ ਕਰਨਾ ਜ਼ਰੂਰੀ ਹੈ ਕਿ ਲੋਕ ਸਭਾ ਅਤੇ ਰਾਜ ਸਭਾ ਕਿਵੇਂ ਕੰਮ ਕਰਦੇ ਹਨ, ਕਿਉਂਕਿ ਇਹ ਸੰਸਥਾਵਾਂ ਭਾਰਤ ਦੇ ਭਵਿੱਖ ਨੂੰ ਆਕਾਰ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।ਅਜਿਹੇ ਅਨੁਭਵ ਵਿਦਿਆਰਥੀਆਂ ਵਿੱਚ ਨਾਗਰਿਕ ਜਾਗਰੂਕਤਾ ਅਤੇ ਜ਼ਿੰਮੇਵਾਰੀ ਦੀ ਡੂੰਘੀ ਭਾਵਨਾ ਪੈਦਾ ਕਰਨ ਵਿੱਚ ਮਦਦ ਕਰਦੇ ਹਨ। ਵਿਦਿਆਰਥੀਆਂ ਨੂੰ ਰਾਜ ਸਭਾ ਸੈਸ਼ਨਾਂ ਨੂੰ ਦੇਖਣ ਦਾ ਮੌਕਾ ਵੀ ਮਿਲਿਆ, ਜਿਸ ਨਾਲ ਉਨ੍ਹਾਂ ਨੂੰ ਰਾਸ਼ਟਰ ਦੇ ਫੈਸਲਿਆਂ ਨੂੰ ਪ੍ਰਭਾਵਿਤ ਕਰਨ ਵਾਲਿਆਂ ਵਿਧਾਨਕ ਪ੍ਰਕਿਰਿਆਵਾਂ ਦਾ ਸਿੱਧਾ ਅਨੁਭਵ ਮਿਲਿਆ। ਉਹ ਸੰਸਦ ਦੀ ਆਰਕੀਟੈਕਚਰ ਦੀ ਸ਼ਾਨ ਤੋਂ ਪ੍ਰਭਾਵਿਤ ਅਤੇ ਮੋਹਿਤ ਹੋਏ, ਜੋ ਕਿ ਪੂਰੇ ਦੇਸ਼ ਨੂੰ ਆਪਣੀਆਂ ਕੰਧਾਂ ਦੇ ਅੰਦਰ ਸਮੇਟਦੀ ਜਾਪਦੀ ਸੀ, ਜੋ ਕਿ ਭਾਰਤ ਦੀ ਵਿਸ਼ਾਲ ਵਿਭਿੰਨਤਾ ਅਤੇ ਤਾਕਤ ਦਾ ਪ੍ਰਤੀਕ ਹੈ।ਆਪਣਾ ਤਜਰਬਾ ਸਾਂਝਾ ਕਰਦੇ ਹੋਏ, ਬੀ ਟੈਕ ਲਿੰਕੇਟਾਨਿਕਸ ਐਂਡ ਕਮਿਊਨੀਕੇਸ਼ਨ ਇੰਜੀਨੀਅਰਿੰਗ (ਈ ਸੀ ਈ) ਦੇ ਅੰਤਿਮ ਸਾਲ ਦੇ ਵਿਦਿਆਰਥੀ ਵਿਸ਼ਨੂੰ ਨੇ ਕਿਹਾ ਸੰਸਦ ਦਾ ਦੌਰਾ ਸੱਚਮੁੱਚ ਸ਼ਾਨਦਾਰ ਸੀ। ਸ਼ਕਤੀ ਦੇ ਗਲਿਆਰਿਆਂ ਵਿੱਚੋਂ ਲੰਘਣ ਨੇ ਸਾਨੂੰ ਡੂੰਘੀ ਭਾਵਨਾ ਨਾਲ ਭਰ ਦਿੱਤਾ। ਇਸਨੇ ਸਾਨੂੰ ਸਮਾਜ ਨਾਲ ਵਧੇਰੇ ਅਰਥਪੂਰਨ ਢੰਗ ਨਾਲ ਜੁੜਨ ਅਤੇ ਦੇਸ਼ ਦੀ ਤਰੱਕੀ ਵਿੱਚ ਸਰਗਰਮੀ ਨਾਲ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।

# ਸ੍ਰੀ ਰਮਾਇਣ ਪਾਠ ਦੇ ਭੋਗ ਪਾਏ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਮਰਿਆਦਾ ਪੁਰਸ਼ੋਤਮ ਭਗਵਾਨ ਸ਼੍ਰੀ ਰਾਮ ਚੰਦਰ ਦੇ ਜਨਮ ਦਿਹਾੜੇ ਦੀ ਖੁਸ਼ੀ ਵਿੱਚ ਸਨਾਤਨ ਧਰਮ ਸਭਾ ਅਹਿਆਪੁਰ ਪ੍ਰਧਾਨ ਨਿਖਲੇਸ਼ ਜਸਰਾ ਨੈਨੂੰ ਦੀ ਅਗਵਾਈ ਵਿੱਚ ਸਮੂਹ ਕਮੇਟੀ ਮੈਂਬਰਾਂ, ਵੱਖ-ਵੱਖ ਧਾਰਮਿਕ, ਸਮਾਜਿਕ ਅਤੇ ਇਲਾਕਾ ਨਿਵਾਸਿਆਂ ਦੇ ਸਹਿਯੋਗ ਨਾਲ ਰਾਮ ਮੰਦਰ ਅਹਿਆਪੁਰ ਵਿਖੇ 2 ਦਿਨਾਂ ਰੱਖੇ ਗਏ ਸ਼੍ਰੀ ਰਮਾਇਣ ਪਾਠ ਦੇ ਅੱਜ ਭੋਗ ਪਾਏ ਗਏ। ਆਸ਼ੂ ਵੈਦ ਤੇ ਭਜਨ ਮੰਡਲੀਆਂ ਵੱਲੋਂ ਆਪਣੇ ਭਜਨਾਂ ਰਾਹੀਂ ਪ੍ਰਭੂ ਸ਼੍ਰੀ ਰਾਮ ਜੀ ਦਾ ਗੁਣਗਾਨ ਕਰਦੇ ਹੋਏ ਸੰਗਤ ਨੂੰ ਪ੍ਰਭੂ ਚਰਨਾਂ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ ਗਈ। ਸ਼੍ਰੀ ਰਮਾਇਣ ਪਾਠ ਦੇ ਭੋਗ ਪਾਉਣ ਉਪਰੰਤ ਪੰਡਤ ਸੁਬੋਧ ਸ਼ਾਸਤਰੀ ਵੱਲੋਂ ਪੂਰੀ ਵਿਧੀ ਪੂਰਵਕ ਪੂਜਾ ਅਰਚਨਾ ਕਰਨ ਬਾਅਦ ਭਗਵਾਨ ਸ਼੍ਰੀ ਰਾਮ ਜੀ ਦੀ ਆਰਤੀ ਕੀਤੀ ਗਈ। ਇਸ ਮੌਕੇ ਉਨ੍ਹਾਂ ਨਾਲ ਸ਼ਿਵ ਸੈਨਾ ਹਿੰਦੁਸਤਾਨ ਦੇ ਪੰਜਾਬ ਕਾਰਜਕਾਰੀ ਪ੍ਰਧਾਨ ਰਾਹੁਲ ਖੰਨਾ, ਕੁਲਦੀਪ ਸਿੱਧੂ, ਗਣੇਸ਼ ਵੈਦ, ਬਿੱਟੂ ਢੀਂਗਰਾ, ਨਗਰ ਕੌਂਸਲਰ ਹਰੀ ਕ੍ਰਿਸ਼ਨ ਸੈਣੀ ਕੁਕੂ, ਗਿੰਨੀ ਅਰੋੜਾ, ਅਰੁਣ ਪੁਰੀ, ਮੰਨਾ ਮਹਿਰਾ, ਹਿਮਾਂਸ਼ੂ ਵੈਦ, ਪਰਮਜੀਤ ਬਾਬੂ ਅਤੇ ਹੀਰਾ ਪੁਰੀ ਤੋਂ ਇਲਾਵਾ ਹੋਰ ਸ਼ਰਧਾਲੂਆਂ ਵੱਲੋਂ ਭਗਵਾਨ ਸ਼੍ਰੀ ਰਾਮ ਜੀ ਦਾ ਝੰਡਾ ਚੜ੍ਹਾਇਆ ਗਿਆ। ਇਸ ਮੌਕੇ ਤੇ ਹਾਜ਼ਰ ਇੱਕਠ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਨਿਖਲੇਸ਼ ਜਸਰਾ ਨੈਨੂੰ ਨੇ ਕਿਹਾ ਕਿ ਪ੍ਰਭੂ ਸ਼੍ਰੀ ਰਾਮ ਚੰਦਰ ਨੇ ਪਿਤਾ ਪ੍ਰਤੀ ਫਰਜ, ਭਰਾ ਪ੍ਰਤੀ ਪਿਆਰ ਅਤੇ ਪਤਨੀ ਪ੍ਰਤੀ ਆਪਣੇ ਫਰਜ਼ ਨਿਭਾਉਣ ਦੀ ਜਿਹੜੀ ਸਾਨੂੰ ਸਾਰਿਆਂ ਨੂੰ ਸਿੱਖਿਆ ਦਿੱਤੀ ਹੈ ਉਨ੍ਹਾਂ ਸਾਰੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਧਾਰਨ ਜ਼ਰੂਰ ਕਰਨਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਪ੍ਰਭੂ ਸ਼੍ਰੀ ਰਾਮ ਕਿਸੇ ਇੱਕ ਧਰਮ ਦੇ ਨਹੀਂ ਹਨ ਉਹ ਤਾਂ ਸਾਰੇ ਧਰਮਾਂ ਦੇ ਪ੍ਰਭੂ ਹਨ, ਇਸ ਲਈ ਸਾਨੂੰ ਸਾਰਿਆਂ ਨੂੰ ਉਨ੍ਹਾਂ ਦੇ ਦਰਸ਼ਾਏ ਮਾਰਗ ਤੇ ਚੱਲ ਕੇ ਇਸ ਜੀਵਨ ਦੇ ਅਸਲ ਮਕਸਦ ਨੂੰ ਹਾਸਲ ਕਰਨਾ ਚਾਹੀਦਾ ਹੈ।

# 10 ਦੀ ਜਲੰਧਰ ਰੈਲੀ ਦੀਆਂ ਤਿਆਰੀਆਂ ਮੁਕੰਮਲ

**ਜਲੰਧਰ (ਰਾਜੇਸ਼ ਥਾਪਾ)** ਸੂਬੇ ਦੇ ਮੁਲਾਜ਼ਮਾਂ ਦੀ ਸੰਘਰਸ਼ਸ਼ੀਲ ਜੱਥੇਬੰਦੀ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (ਪ ਸ ਸ ਫ) ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ, ਜਨਰਲ ਸਕੱਤਰ ਤੀਰਥ ਸਿੰਘ ਬਾਸੀ ਅਤੇ ਵਿੱਤ ਸਕੱਤਰ ਗੁਰਦੀਪ ਸਿੰਘ ਬਾਜਵਾ ਨੇ ਇੱਕ ਸਾਂਝੇ ਪ੍ਰੈਸ ਬਿਆਨ ਵਿੱਚ ਕਿਹਾ ਹੈ ਕਿ ਸੂਬਾ ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਅਤੇ ਮੁਲਾਜ਼ਮ ਮੰਗਾਂ ਦੀ ਪ੍ਰਾਪਤੀ ਲਈ ਕੀਤੇ ਜਾ ਰਹੇ ਸੰਘਰਸ਼ ਨੂੰ ਹੋਰ ਵੀ ਤੇਜ਼ ਕਰਦਿਆਂ ਪ.ਸ.ਸ.ਫ. ਵਲੋਂ 10 ਅਪ੍ਰੈਲ ਨੂੰ ਜਲੰਧਰ ਵਿਖੇ ਕਤਿੀ ਜਾ ਰਹੀ ਵਿਸ਼ਾਲ ਸੂਬਾਈ ਰੈਲੀ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।ਉਹਨਾਂ ਕਿਹਾ ਕਿ ਇਸ ਰੈਲੀ ਸੰਬੰਧੀ ਜ਼ਿਲ੍ਹਿਆਂ ਤੋਂ ਪ੍ਰਾਪਤ ਕੀਤੀਆਂ ਰਿਪੋਰਟਾਂ ਅਨੁਸਾਰ ਜ਼ਿਲ੍ਹਾ ਆਗੂਆਂ ਅਤੇ ਵੱਖ-ਵੱਖ ਜੱਥੇਬੰਦੀਆਂ ਦੇ ਆਗੂਆਂ ਵਲੋਂ ਆਪਣੀਆਂ ਮੀਟਿੰਗਾਂ ਕਰਕੇ ਰੈਲੀ ਵਿੱਚ ਭਰਵੀਂ ਅਮੂਲੀਅਤ ਕਰਵਾਉਣ ਲਈ ਪ੍ਰੋਗਰਾਮ ਬਣਾ ਲਏ ਗਏ ਹਨ। ਇਸ ਰੈਲੀ ਨੂੰ ਸੰਬੋਧਨ ਕਰਨ ਲਈ ਮੁਲਾਜ਼ਮਾਂ ਦੀ ਕੌਮੀਂ ਜੱਥੇਬੰਦੀ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਦੇ ਕੌਮੀਂ ਵਿੱਤ ਸਕੱਤਰ ਸਾਥੀ ਸ਼ਸ਼ੀਕਾਂਤ ਬਿਹਾਰ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ।ਜੱਥੇਬੰਦੀ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਹਰਮਨਪ੍ਰੀਤ ਕੌਰ ਗਿਲ, ਮੱਖਣ ਸਿੰਘ ਵਾਹਦਪੁਰੀ, ਸੁਖਵਿੰਦਰ ਸਿੰਘ ਚਾਹਲ, ਕਰਮਜੀਤ ਸਿੰਘ ਬੀਹਲਾ ਨੇ ਦੱਸਿਆ ਕਿ ਇਸ ਰੈਲੀ ਦੀ ਸਫਲਤਾ ਲਈ ਆਗੂਆਂ ਵਲੋਂ ਹਰ ਮੁਲਾਜ਼ਮ ਤੱਕ ਪਹੁੰਚ ਕੀਤੀ ਜਾ ਰਹੀ ਹੈ ਅਤੇ ਮੁਲਾਜ਼ਮ ਵਰਗ ਅੰਦਰ ਵੀ ਇਸ ਰੈਲੀ ਪ੍ਰਤੀ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਇਸ ਮੌਕੇ ਉਪਰੋਕਤ ਆਗੂਆਂ ਤੋਂ ਇਲਾਵਾ ਅਨਿਲ ਕੁਮਾਰ, ਗੁਰਪ੍ਰੀਤ ਸਿੰਘ ਹੀਰ, ਗੁਰਦੇਵ ਸਿੰਘ ਸਿੱਧੂ, ਬੀਰਇੰਦਰਜੀਤ ਪੁਰੀ, ਕਿਸ਼ੋਰ ਚੰਦ ਗਾਜ, ਸੁਭਾਸ਼ ਚੰਦਰ, ਬੋਬਿੰਦਰ ਸਿੰਘ, ਨਿਰਮੋਲਕ ਸਿੰਘ ਹੀਰਾ, ਮਨੋਹਰ ਲਾਲ ਸ਼ਰਮਾ, ਪੁਸ਼ਪਿੰਦਰ ਪਿੰਕੀ, ਮਾਲਵਿੰਦਰ ਸਿੰਘ, ਰਜਿੰਦਰ ਰਿਆੜ, ਬਲਜਿੰਦਰ ਸਿੰਘ, ਪ੍ਰੇਮ ਸਿੰਘ, ਸਰਬਜੀਤ ਪੱਟੀ, ਗੁਰਬਿੰਦਰ ਸਿੰਘ, ਸਤਨਾਮ ਸਿੰਘ, ਜਤਿੰਦਰ ਕੁਮਾਰ, ਪ੍ਰਿੰਸੀਪਲ ਅਮਨਦੀਪ ਸ਼ਰਮਾ, ਕੁਲਦੀਪ ਕੌੜਾ, ਅਮਰੀਕ ਸਿੰਘ, ਕੁਲਦੀਪ ਪੂਰੋਵਾਲ, ਰਾਣੋ ਖੇੜੀ ਗਿੱਲਾਂ, ਕਮਲਜੀਤ ਕੌਰ, ਬਿਮਲਾ ਰਾਣੀ, ਸ਼ਰਮੀਲਾ ਦੇਵੀ, ਸਿਮਰਜੀਤ ਸਿੰਘ ਬਰਾੜ, ਤਰਸੇਮ ਮਾਧੋਪੁਰੀ, ਜਤਿੰਦਰ ਸਿੰਘ ਔਲਖ, ਮੋਹਣ ਸਿੰਘ ਪੂਨੀਆ, ਗੁਰਪ੍ਰੀਤ ਸਿੰਘ ਰੰਗੀਲਪੁਰ, ਜੱਗਾ ਸਿੰਘ ਅਲੀਸ਼ੇਰ, ਸੁਖਵਿੰਦਰ ਕੌਰ, ਪੂਰਣ ਸਿੰਘ ਸੰਧੂ, ਰਜੇਸ਼ ਕੁਮਾਰ ਅਮਲੋਹ, ਗੁਰਪ੍ਰੀਤ ਸਿੰਘ ਅੰਮੀਵਾਲ, ਸਵਿੰਦਰ ਭੱਟੀ, ਰਵੀ ਦੱਤ ਸ਼ਰਮਾ, ਕਰਮਾਪੁਰੀ, ਨਿਰਭੈ ਸਿੰਘ ਸ਼ੰਕਰ, ਦਰਸ਼ਣ ਚੀਮਾ, ਜਸਵਿੰਦਰਪਾਲ ਕਾਂਗੜ ਆਦਿ ਆਗੂ ਵੀ ਹਾਜਰ ਸਨ।



# ਏ ਪੀ ਐੱਸ ਕਾਲਜ ਆਫ ਨਰਸਿੰਗ ਵਿਖੇ ਪਾਠ ਦੇ ਭੋਗ ਪਾਏ





**ਸ਼ਾਹਕੋਟ (ਗਿਆਨ ਸੈਦਪੁਰੀ)** ਏ ਪੀ ਐਸ ਕਾਲਜ ਆਫ ਨਰਸਿੰਗ ਮਲਸੀਆਂ ਵਿਖੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।ਸਮਾਗਮ ਵਿੱਚ ਕਾਲਜ ਦੇ ਪ੍ਰਧਾਨ ਡਾ. ਪ੍ਰਵੀਨ ਬੇਰੀ ਵਿਸ਼ੇਸ਼ ਤੌਰ 'ਤੇ ਪਹੁੰਚੇ।ਪਾਠ ਦੇ ਭੋਗ ਪੈਣ ਉਪਰੰਤ ਭਾਈ ਇੰਦਰਜੀਤ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਬੇਰ ਸਾਹਿਬ ਸੁਲਤਾਨਪੁਰ ਲੋਧੀ ਦੇ ਕੀਰਤਨੀ ਜਥੇ ਵੱਲੋਂ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ।ਇਸ ਮੌਕੇ ਗੁਰਦੁਆਰਾ ਦਮਦਮਾ ਸਾਹਿਬ ਮਲਸੀਆਂ ਦੇ ਹੈੱਡ ਗ੍ਰੰਥੀ ਭਾਈ ਮਾਨ ਸਿੰਘ ਵੱਲੋਂ ਡਾ. ਪ੍ਰਵੀਨ ਬੇਰੀ ਪ੍ਰਧਾਨ, ਡਾ. ਸੀਮਾ ਬੇਰੀ ਉੱਪ ਪ੍ਰਧਾਨ ਅਤੇ ਰਾਮ ਮੂਰਤੀ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਪਰਡੈਂਟ ਜਸਵਿੰਦਰ ਸਿੰਘ, ਮਨਜੀਤ ਸਿੰਘ, ਵਾਇਸ ਪ੍ਰਿੰਸੀਪਲ ਗੁਰਪ੍ਰੀਤ ਕੌਰ, ਮੇਹਰ ਸਿੰਘ ਨੰਬਰਦਾਰ, ਪਾਲ ਸਿੰਘ, ਹਰਜਿੰਦਰ ਸਿੰਘ ਮਲਸੀਆਂ, ਤਰਸੇਮ ਸਿੰਘ, ਨਿਰਮਲ ਸਿੰਘ ਨੰਬਰਦਾਰ, ਡਾ.ਹਰਜਿੰਦਰ ਸਿੰਘ, ਅਥਲੇਟਿਕ ਕੋਚ ਰਵਿੰਦਰ ਸਿੰਘ, ਕਮਲਜੀਤ ਸਿੰਘ, ਨਿਰਮਲ ਸਿੰਘ ਜੋਸਨ, ਮਾਸਟਰ ਇੰਦਰਜੀਤ ਸਿੰਘ, ਪਵਨਦੀਪ, ਇਸ਼ ਸੰਧੂ, ਮਨਪ੍ਰੀਤ, ਗੁਰਪ੍ਰੀਤ, ਪਰਮਿੰਦਰ ਕੌਰ, ਜਸਮੇਲ ਕੌਰ, ਇੰਦਰਬੀਰ ਕੌਰ, ਅਜੈਬੀਰ ਕੌਰ ਨਕੋਦਰ, ਦਵਿੰਦਰ ਕੌਰ, ਪਵਨਦੀਪ, ਇਸ਼ ਸੰਧੂ, ਮਨਪ੍ਰੀਤ ਆਦਿ ਮੌਜੂਦ ਸਨ।

# ਸ਼ਹਿਰ ਨੂੰ ਸਿੰਗਲ ਯੂਜ਼ ਪਲਾਸਟਿਕ ਮੁਕਤ ਬਣਾਉਣ ਲਈ ਪਲਾਸਟਿਕ ਦੀ ਵਰਤੋਂ ਬੈਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਨਗਰ ਨਿਗਮ ਹੁਸ਼ਿਆਰਪੁਰ ਦੇ ਕਮਿਸ਼ਨਰ ਨਗਰ ਨਿਗਮ ਡਾ. ਅਮਨਦੀਪ ਕੌਰ ਪੀ ਸੀ ਐਸ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਸ਼ਹਿਰ ਨੂੰ ਸਾਫ-ਸੁੱਥਰਾ ਰੱਖਣ ਅਤੇ ਸਿੰਗਲ ਯੂਜ ਪਲਾਸਟਿਕ ਦੀ ਵਰਤੋਂ 'ਤੇ ਪੂਰੀ ਤਰ੍ਹਾਂ ਰੋਕ ਲਗਾਉਣ ਸੰਬੰਧੀ ਸ਼ਹਿਰ ਦੇ ਮਾਰਕੀਟ ਐਸੋਸੀਏਸ਼ਨਜ਼ ਅਤੇ ਡਿਸਪੋਸਲ ਹੋਲਸੇਲਰਾਂ ਦੀ ਅਹਿਮ ਮੀਟਿੰਗ ਦਫਤਰ ਨਗਰ ਨਿਗਮ ਹੁਸ਼ਿਆਰਪੁਰ ਵਿਖੇ ਬੁਲਾਈ ਗਈ।ਇਸ ਮੀਟਿੰਗ ਵਿੱਚ ਹੁਸ਼ਿਆਰਪੁਰ ਦੇ ਐਮ ਐਲ਼ ਏ ਬ੍ਰਹਮ ਸ਼ੰਕਰ ਜਿੰਪਾ ਵੱਲੋ ਵਿਸ਼ੇਸ਼ ਤੌਰ 'ਤੇ ਭਾਗ ਲਿਆ ਗਿਆ।ਉਹਨਾਂ ਨਾਲ ਨਗਰ ਨਿਗਮ ਹੁਸ਼ਿਆਰਪੁਰ ਦੇ ਮੇਅਰ ਸੁਰਿੰਦਰ ਕੁਮਾਰ, ਸੰਯੁਕਤ ਕਮਿਸ਼ਨਰ ਸੰਦੀਪ ਤਿਵਾੜੀ, ਸੈਨਟਰੀ ਇੰਸਪੈਕਟਰ ਸੰਜੀਵ ਕੁਮਾਰ ਅਤੇ ਰਾਜੇਸ਼ ਕੁਮਾਰ, ਪੰਜਾਬ ਪ੍ਰਦੂਸਣ ਕੰਟਰੋਲ ਬੋਰਡ ਤੋਂ ਸਹਾਇਕ ਵਾਤਾਵਰਣ ਇੰਜੀਨੀਅਰ ਤਰੁਣਦੀਪ ਸਿੰਘ ਅਤੇ ਜੇ ਈ ਸੁਖਪ੍ਰੀਤ ਸਿੰਘ ਅਤੇ ਸ਼ਹਿਰ ਦੇ ਵੱਖ-ਵੱਖ ਮਾਰਕੀਟ ਐਸੋਸੀਏਸ਼ਨਜ਼ ਵੱਲੋਂ ਪ੍ਰਧਾਨ ਅਤੇ ਮੈਂਬਰ ਅਤੇ ਡਿਸਪੋਸਲ ਹੋਲਸੇਲਰ ਸ਼ਾਮਲ ਹੋਏ।ਉਨ੍ਹਾਂ ਜਾਣਕਾਰੀ ਦਿੰਦੇ ਦੱਸਿਆ ਕਿ ਮੀਟਿੰਗ ਦਾ ਮੁੱਖ ਉਦੇਸ਼ ਸਹਿਰ 'ਚੋਂ ਸਿੰਗਲ ਯੂਜ ਪਲਾਸਟਿਕ ਦੀ ਵਰਤੋਂ ਨੂੰ ਖਤਮ ਕਰਨਾ ਅਤੇ ਸ਼ਹਿਰ ਨੂੰ ਸਾਫ ਸੁਥਰਾ ਅਤੇ ਸਵੱਛ ਰੱਖਣਾ ਹੈ।ਬ੍ਰਹਮ ਸ਼ੰਕਰ ਜਿੰਪਾ ਵੱਲੋਂ ਇਸ ਸੰਬੰਧੀ ਸੁਝਾਅ ਦਿੱਤਾ ਗਿਆ ਕਿ ਸਿੰਗਲ ਯੂਜ ਪਲਾਸਟਿਕ ਦੀ ਵਰਤੋਂ ਦੀ ਥਾਂ 'ਤੇ ਪੇਪਰ ਅਤੇ ਲੱਕੜ ਤੋਂ ਬਣੀ ਡਿਸਪੋਸਲ ਅਤੇ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਦੀ ਥਾਂ 'ਤੇ ਕੱਪੜੇ ਦੇ ਥੈਲ਼ੇ ਜਾ ਲਿਫਾਫੇ ਦੀ ਵਰਤੋਂ ਕੀਤੀ ਜਾਵੇ। ਜਿਸ ਉਪਰ ਮੀਟਿੰਗ ਵਿੱਚ ਸ਼ਾਮਲ ਸਮੂਹ ਮਾਰਕੀਟ ਐਸੋਸੀਏਸਨਜ ਵੱਲੋਂ ਪ੍ਰਧਾਨ ਅਤੇ ਡਿਸਪੋਸਲ ਹੋਲਸੇਲਰ ਵਲੋ ਸਹਿਮਤੀ ਪ੍ਰਗਟ ਕੀਤੀ। ਬ੍ਰਹਮ ਸ਼ੰਕਰ ਜਿੰਪਾ ਵੱਲੋਂ ਮੀਟਿੰਗ ਰਾਹੀ ਸ਼ਹਿਰ ਵਿੱਚ ਲੰਗਰ ਕਮੇਟੀਆਂ ਨੂੰ ਵੀ ਅਪੀਲ ਕੀਤੀ ਗਈ ਕਿ ਉਹ ਲੰਗਰ ਵਿੱਚ ਪਲਾਸਟਿਕ ਡਿਸਪੋਸਲ ਦੀ ਥਾਂ 'ਤੇ ਪੱਤਲ ਜਾਂ ਸਟੀਲ ਤੋਂ ਬਣੀ ਬਰਤਨ ਦਾ ਇਸਤੇਮਾਲ ਕਰਨ ਅਤੇ ਪਾਣੀ ਲਈ ਪਲਾਸਟਿਕ ਦੇ ਗਲਾਸਾਂ ਦੀ ਥਾਂ 'ਤੇ ਸਟੀਲ ਜਾ ਕੱਚ ਦੇ ਗਿਲਾਸਾਂ ਦੀ ਵਰਤੋਂ ਕਰਨ।



# ਕੇਂਦਰੀ ਟਰੇਡ ਯੂਨੀਅਨਾਂ ਦੇ ਸੱਦੇ 'ਤੇ 20 ਮਈ ਨੂੰ ਕੀਤੀ ਜਾਵੇਗੀ ਹੜਤਾਲ



**ਨੰਗਲ (ਸੁਰਜੀਤ ਸਿੰਘ)** ਜ਼ਿਲ੍ਹਾ ਕਮੇਟੀ ਸੀਟੂ ਦੀ ਮੀਟਿੰਗ ਨੰਗਲ ਦਫ਼ਤਰ ਵਿੱਚ ਹੋਈ।ਜਿਸ ਵਿੱਚ ਸੀਟੂ ਪੰਜਾਬ ਦੇ ਪ੍ਰਧਾਨ ਮਹਾਂ ਸਿੰਘ ਰੌੜੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਮੀਟਿੰਗ ਦੀ ਪ੍ਰਧਾਨਗੀ ਜ਼ਿਲ੍ਹਾ ਪ੍ਰਧਾਨ ਗੁਰਦੇਵ ਸਿੰਘ ਬਾਗੀ ਨੇ ਕੀਤੀ, ਜਿਸ ਵਿੱਚ 20 ਮਈ ਨੂੰ ਦੇਸ਼ ਵਿਆਪੀ ਹੜਤਾਲ ਕਰਨ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ।ਜਿਸ ਵਿੱਚ ਭਾਰਤ ਨਿਰਮਾਣ ਮਿਸਤਰੀ ਮਜ਼ਦੂਰ ਯੂਨੀਅਨ, ਬੀ.ਬੀ. ਐਮ.ਬੀ, ਫੀਲਡ ਇੰਪਲਾਈਜ਼ ਯੂਨੀਅਨ ਸੀਟੂ, ਪੱਲੇਦਾਰ ਯੂਨੀਅਨ ਸੀਟੂ, ਭੱਠਾ ਮਜ਼ਦੂਰ ਅਤੇ ਖੇਤ ਮਜ਼ਦੂਰ ਯੂਨੀਅਨ ਸੀਟੂ, ਆਸ਼ਾ ਵਰਕਰ ਯੂਨੀਅਨ ਸੀ ਟੂ, ਚੌਂਕੀਦਾਰ ਯੂਨੀਅਨ ਯੂਨੀਅਨਾਂ ਸ਼ਾਮਿਲ ਹੋਈਆਂ। ਮੀਟਿੰਗ ਸੰਬੋਧਨ ਕਰਦਿਆਂ ਮਹਾਂ ਸਿੰਘ ਰੋੜੀ ਨੇ ਕਿਹਾ ਕਿ 14 ਅਪ੍ਰੈਲ ਨੂੰ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਦੇ ਜਨਮ ਦਿਨ, 1 ਮਈ ਨੂੰ ਸ਼ਿਕਾਗੋ ਦ ਸ਼ਹੀਦਾਂ ਨੂੰ ਮਜ਼ਦੂਰਾਂ ਦੇ ਇਕੱਠ ਕਰਕੇ ਸ਼ਰਧਾਂਜਲੀ ਭੇਟ ਕੀਤੀ ਜਾਵਗੀ ਅਤੇ ਮਜ਼ਦੂਰ ਹਿੱਤਾਂ ਖਾਤਰ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਮਜ਼ਦੂਰ ਦਿਹਾੜਾ ਮਨਾਉਣ ਦਾ ਫੈਸਲਾ ਕੀਤਾ ਗਿਆ ਅਤੇ 20 ਮਈ ਨੂੰ ਦੇਸ਼ ਵਿਆਪੀ ਹੜਤਾਲ ਨੂੰ ਸਫਲਤਾਪੂਰਵਕ ਸਫ਼ਲ ਕਰਨ ਦਾ ਵੀ ਫੈਸਲਾ ਕੀਤਾ ਗਿਆ। ਕੇਂਦਰ ਸਰਕਾਰ 44 ਕਿਰਤ ਕਾਨੂੰਨਾਂ ਨੂੰ ਰੱਦ ਕਰਕੇ 4 ਨਵੇਂ ਲੇਬਰ ਕਾਰਡ ਲਿਆ ਰਹੀ ਹੈ। ਜਿਸ ਕਾਰਨ ਸਰਕਾਰ ਕਥਿਤ ਤੌਰ ਤੇ ਸਰਮਾਏਦਾਰਾਂ ਨੂੰ ਸਿੱਧਾ ਫਾਇਦਾ ਪਹੁੰਚਾਉਣਾ ਚਾਹੁੰਦੀ ਹੈ ਅਤੇ ਗਰੀਬ ਮਜ਼ਦੂਰਾਂ, ਮੁਲਾਜ਼ਮਾਂ ਅਤੇ ਛੋਟੇ ਦੁਕਾਨਦਾਰਾਂ ਦੇ ਹੱਕਾਂ ਨੂੰ ਖਤਮ ਕਰਨਾ ਚਾਹੁੰਦੀ ਹੈ। ਮੀਟਿੰਗ ਵਿੱਚ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦੇ ਬੁੱਤ ਦੀ ਭੰਨਤੋੜ ਕਰਨ ਵਾਲੇ ਲੋਕਾਂ ਖਿਲਾਫ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਗਈ। ਇਸ ਮੌਕੇ ਸੁਖਦੇਵ ਸਿੰਘ, ਪ੍ਰੇਮ ਚੰਦ ਜੱਟਪੁਰ, ਪੰਡਿਤ ਬਰਜਿੰਦਰ, ਸੁਨੀਲ ਕੁਮਾਰ, ਰਾਜੇਸ਼ ਕੁਮਾਰ, ਵਿਨੋਦ ਭੱਟੀ, ਹਰਚਰਨ ਸਿੰਘ, ਕੁਲਵੰਤ ਪਾਠਕ, ਸੁਰਜੀਤ ਸਿੰਘ ਢੇਰ, ਜਗਦੀਸ਼, ਰਾਮ ਸਿੰਘ ਸੈਣੀ ਮਾਜਰਾ, ਬਹਾਦਰਪੁਰ, ਦੀਪ ਸਿੰਘ ਸਮੀਰੋਵਾਲ, ਰਾਜਾ ਸਿੰਘ, ਹਰਨੇਕ ਸਿੰਘ ਵੀ ਹਾਜ਼ਰ ਸਨ।

# 'ਸਕੂਲ ਆਫ਼ ਐਮੀਨੈਂਸ' ਦਾ ਉਦਘਾਟਨ ਵਿਵਾਦਾਂ 'ਚ



**ਡੇਰਾਬੱਸੀ (ਵਿਨੈ ਕੁਮਾਰ ਜੈਨ)** ਪੰਜਾਬ ਸਰਕਾਰ ਵੱਲੋਂ ਡੇਰਾਬੱਸੀ ਵਿੱਚ ਬਣਾਏ ਜਾ ਰਹੇ ਸਕੂਲ ਆਫ਼ ਐਮੀਨੈਂਸ ਦੇ ਉਦਘਾਟਨ ਨੂੰ ਲੈ ਕੇ ਵਿਵਾਦ ਹੋ ਗਿਆ ਹੈ।ਉਦਘਾਟਨ ਤੋਂ ਪਹਿਲਾਂ ਹੀ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਹਲਕਾ ਵਿਧਾਇਕ ਐਨ ਕੇ ਸ਼ਰਮਾ ਨੇ ਸਰਕਾਰ ਦੇ ਕੰਮਕਾਜ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ।ਐਤਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ, ਐਨ ਕੇ ਸ਼ਰਮਾ ਨੇ ਡੇਰਾਬੱਸੀ ਸਥਿਤ ਸਰਕਾਰੀ ਸਕੂਲ ਨਾਲ ਸਬੰਧਤ ਕਈ ਮਹੱਤਵਪੂਰਨ ਦਸਤਾਵੇਜ਼ ਮੀਡੀਆ ਸਾਹਮਣੇ ਪੇਸ਼ ਕੀਤੇ।ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਸਰਕਾਰ ਇਸ ਸਕੂਲ ਨੂੰ ਸਕੂਲ ਆਫ਼ ਐਮੀਨੈਂਸ ਦਾ ਦਰਜਾ ਦੇਣ ਦੇ ਨਾਮ 'ਤੇ ਲੱਖਾਂ ਰੁਪਏ ਸਿਰਫ਼ ਪ੍ਰਚਾਰ 'ਤੇ ਖਰਚ ਕਰ ਰਹੀ ਹੈ, ਜਦੋਂ ਕਿ ਜ਼ਮੀਨੀ ਹਕੀਕਤ ਕੁਝ ਹੋਰ ਹੈ।ਸ਼ਰਮਾ ਨੇ ਦੱਸਿਆ ਕਿ ਸਾਲ 2011 ਤੱਕ ਇਹ ਸਕੂਲ ਸਿਰਫ਼ 10ਵੀਂ ਜਮਾਤ ਤੱਕ ਸੀਮਤ ਸੀ।ਉਨ੍ਹਾਂ ਦੇ ਕਾਰਜਕਾਲ ਦੌਰਾਨ ਬਣਾਈ ਗਈ ਇੱਕ ਕਮੇਟੀ ਦੇ ਤਹਿਤ, ਸਮਾਜ ਸੇਵਕ ਗੁਰਦਰਸ਼ਨ ਸੈਣੀ ਦੇ 25 ਲੱਖ ਰੁਪਏ, ਅਲੈਂਜ਼ਰ ਮੈਡੀਕਲ ਕੰਪਨੀ ਦੇ 20 ਲੱਖ ਰੁਪਏ ਅਤੇ ਪੀ ਸੀ ਪੀ ਐਲ ਦੇ 35 ਲੱਖ ਰੁਪਏ ਦੀ ਸਹਾਇਤਾ ਨਾਲ ਇੱਕ ਨਵੀਂ ਸਕੂਲ ਇਮਾਰਤ ਬਣਾਈ ਗਈ।ਇਸ ਤੋਂ ਬਾਅਦ, ਉਸਨੇ ਖੁਦ ਆਪਣੇ ਖਰਚੇ ਤੇ ਪਲੱਸ ਟੂ ਕਲਾਸਾਂ ਸ਼ੁਰੂ ਕੀਤੀਆਂ।ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਦੌਰਾਨ ਇਸ ਸਕੂਲ ਨੂੰ ਸੀਨੀਅਰ ਸੈਕੰਡਰੀ ਸਕੂਲ ਦਾ ਦਰਜਾ ਦਿੱਤਾ ਗਿਆ ਸੀ, ਪਰ ਕਾਂਗਰਸ ਸਰਕਾਰ ਨੇ ਆਪਣੇ ਪੂਰੇ ਕਾਰਜਕਾਲ ਦੌਰਾਨ ਕੋਈ ਠੋਸ ਕੰਮ ਨਹੀਂ ਕੀਤਾ ਅਤੇ ਸਿਰਫ਼ ਸਕੂਲ ਬੋਰਡ 'ਤੇ 'ਸਮਾਰਟ ਸਕੂਲ' ਲਿਖਣ ਤੱਕ ਸੀਮਤ ਰਹੀ।ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਉਸੇ ਬੋਰਡ 'ਤੇ ਅੰਗਰੇਜ਼ੀ ਵਿੱਚ 'ਸਕੂਲ ਆਫ਼ ਐਮੀਨੈਂਸ' ਲਿਖ ਕੇ ਇਸਨੂੰ ਇੱਕ ਨਵੀਂ ਪਛਾਣ ਦੇਣ ਦੀ ਕੋਸ਼ਿਸ਼ ਕੀਤੀ ਹੈ।ਸ਼ਰਮਾ ਦਾ ਦੋਸ਼ ਹੈ ਕਿ ਸਕੂਲ ਦੀ ਇਮਾਰਤ ਨੂੰ ਸਿਰਫ਼ ਪੇਂਟ ਕਰਕੇ ਅਤੇ ਇਸਦਾ ਨਾਮ ਬਦਲ ਕੇ, ਸਰਕਾਰ ਇੱਕ ਵੱਡੀ ਪ੍ਰਾਪਤੀ ਦਾ ਦਾਅਵਾ ਕਰ ਰਹੀ ਹੈ, ਜਦੋਂ ਕਿ ਅਸਲੀਅਤ ਵਿੱਚ ਵਿਕਾਸ ਦਾ ਕੋਈ ਠੋਸ ਸਬੂਤ ਨਹੀਂ ਹੈ।ਉਨ੍ਹਾਂ ਇਹ ਵੀ ਕਿਹਾ ਕਿ ਸਕੂਲ ਨਾਲੋਂ ਜ਼ਿਆਦਾ ਪੈਸਾ ਸਿਰਫ਼ ਪ੍ਰਚਾਰ 'ਤੇ ਖਰਚ ਕੀਤਾ ਜਾ ਰਿਹਾ ਹੈ।

# ਸਰਕਾਰ ਸਕੂਲਾਂ ਦੀਆਂ ਪਹਿਲਾਂ ਬਣੀਆਂ ਬਿਲਡਿੰਗਾਂ ਦੇ ਨੀਂਹ ਪੱਥਰ ਰੱਖਣ ਦੀ ਬਜਾਏ ਸਿੱਖਿਆ ਦੇ ਮਿਆਰ ਨੂੰ ਉਚਾ ਚੁੱਕੇ : ਅਜੇ ਮੰਗੂਪੁਰ

**ਬਲਾਚੌਰ (ਜਸਵਿੰਦਰ ਬੈਂਸ)** ਸੱਤਾ ਵਿੱਚ ਆਉਣ ਤੋਂ ਪਹਿਲਾਂ ਨੀਂਹ ਪੱਥਰਾਂ ਖਿਲਾਫ ਵੱਡੇ ਵੱਡੇ ਬਿਆਨ ਦੇਣ ਵਾਲੀ ਪੰਜਾਬ ਦੀ ਆਮ ਆਦਮੀ ਪਾਰਟੀ ਵੱਲੋਂ ਹੁਣ ਸੱਤਾ ਵਿੱਚ ਆਉਣ ਉਪਰੰਤ ਨੀਂਹ ਪੱਥਰਾ ਦੀ ਲਗਾਏ ਜਾਣ ਵਾਲੀ ਝੜੀ ਵਿੱਚ ਸਾਲ 2025-26 ਦੌਰਾਨ ਪੰਜਾਬ ਦੇ ਖਜ਼ਾਨੇ ਵਿੱਚੋਂ ਕਰੋੜਾ ਰੁਪਏ ਖਰਚੇ ਜਾਣ ਦੇ ਜਾਰੀ ਕੀਤੇ ਗਏ ਪ੍ਰਸਤਾਵ ਤੋਂ ਬਾਅਦ ਜਿੱਥੇ ਆਮ ਲੋਕ ਹੈਰਾਨ ਹੋ ਰਹੇ ਹਨ ਉਥੇ ਹੀ ਵਿਰੋਧੀ ਪਾਰਟੀਆਂ ਵੱਲੋਂ ਇਸ ਉਪਰ ਕਈ ਤਰ੍ਹਾਂ ਦੇ ਸਵਾਲ ਵੀ ਚੁੱਕਣੇ ਸ਼ੁਰੂ ਕਰ ਦਿੱਤੇ ਹਨ।ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸਤਾ ਹਾਸਲ ਕਰਨ ਤੋਂ ਪਹਿਲਾਂ ਲੋਕਾਂ ਨਾਲ ਗੱਲਾਂ ਕੁਝ ਹੋਰ ਕੀਤੀਆਂ ਸਨ ਮਗਰ ਸੱਤਾਂ ਵਿੱਚ ਆਉਣ 'ਤੇ ਸਭ ਹਵਾ ਹਵਾਈ ਹੋ ਗਈਆਂ, ਜਿਸ ਦਾ ਖਮਿਆਜਾ ਆਮ ਲੋਕਾਂ ਨੂੰ ਭੁਗਤਣ ਲਈ ਮਜਬੂਰ ਹੋਣਾ ਪੈ ਰਿਹਾ ਹੈ।ਉਨ੍ਹਾਂ ਆਖਿਆ ਕਿ ਨੀਂਹ ਪੱਥਰਾ ਦੇ ਉਦਘਾਟਨਾਂ ਦੇ ਖਿਲਾਫ ਪ੍ਰਚਾਰ ਕਰਨ ਵਾਲੀ ਆਮ ਆਦਮੀ ਪਾਰਟੀ ਵਲੋਂ ਹੁਣ ਆਪਣੀ ਫੋਕੀ ਰਾਜਨੀਤੀ ਨੂੰ ਚਮਕਾਉਣ ਲਈ ਇੱਕ ਨਵਾਂ ਉਪਰਾਲਾ ਕੀਤਾ ਜਾ ਰਿਹਾ ਹੈ।ਜਿਨ੍ਹਾਂ ਵਲੋਂ ਸਾਲ 2025-26 ਦੌਰਾਨ ਆਪਣੀ ਰਾਜਨੀਤੀ ਨੂੰ ਚਮਕਾਉਣ ਲਈ ਸਰਕਾਰੀ ਸਕੂਲਾ ਦੇ ਪਖਾਨਿਆ, ਚਾਰਦੀਵਾਰੀਆਂ ਅਤੇ ਕਲਾਸ ਰੂਮਾਂ ਦੇ ਉਘਦਾਟਨਾ ਉਪਰ ਕੀਬ 20 ਕਰੋੜ ਰੁਪਏ ਖਰਚੇ ਜਾਣਗੇ।ਉਪਰ ਤੋਂ ਹਾਸੋਹੀਣੀ ਤਾਂ ਇਹ ਗੱਲ ਹੈ ਕਿ ਜਿਨ੍ਹਾਂ ਸਕੂਲਾਂ ਵਿੱਚ ਪਖਾਨੇ, ਚਾਰਦੀਵਾਰੀਆਂ ਅਤੇ ਕਲਾਸ ਰੂਮ ਸਾਲ 2022 ਤੋਂ ਬਣ ਕੇ ਉਨ੍ਹਾਂ ਦਾ ਕ੍ਰੀਬ ਦੋ-ਦੋ ਸਾਲਾ ਤੋਂ ਇਸਮੇਤਾਲ ਵੀ ਹੋ ਰਿਹਾ ਹੈ ਉਨ੍ਹਾਂ ਦੇ ਵੀ ਸੂਬੇ ਦੀ ਸਰਕਾਰ ਦੇ ਮੰਤਰੀ ਸੰਤਰੀ ਉਦਘਾਟਨ ਕਰਨਗੇ, ਉਸ ਤੋਂ ਵੀ ਵੱਡੀ ਹਾਸੋਹੀਣੀ ਤਾਂ ਇਹ ਗੱਲ ਹੈ ਕਿ ਜੇਕਰ ਕਿਸੇ ਸਕੂਲ ਵਿੱਚ ਪਖਾਨੇ, ਚਾਰਦੀਵਾਰੀ ਅਤੇ ਕਲਾਸ ਰੂਮ ਬਣਿਆ ਹੋਇਆ ਹੈ ਉਨ੍ਹਾਂ ਤਿੰਨਾ ਸਥਾਨਾ ਉਪਰ ਵੱਖ ਵੱਖ ਤਿੰਨ ਨੀਂਹ ਪੱਥਰਾਂ ਨਾਲ ਉਦਘਟਨ ਕੀਤਾ ਜਾਵੇਗਾ ਅਤੇ ਪ੍ਰਤੀ ਨੀਂਹ ਪੱਥਰ ਸਰਕਾਰ ਵੱਲੋਂ ਪੰਜ ਹਜ਼ਾਰ ਰੁਪਏ ਪ੍ਰਾਇਮਰੀ ਸਕੂਲ, 10 ਹਜ਼ਾਰ ਰੁਪਏ ਸਰਕਾਰੀ ਸਕੂਲ ਅਤੇ 20 ਹਜ਼ਾਰ ਰੁਪਏ ਸੀਨੀਅਰ ਸੈਕੰਡਰੀ ਸਕੂਲਾਂ ਨੂੰ ਖਰਚਾ ਦਿੱਤਾ ਜਾਵੇਗਾ। ਉਨ੍ਹਾਂ ਆਖਿਆ ਕਿ ਸੂਬੇ ਦੀ ਸਰਕਾਰ ਵਲੋਂ ਉਦਘਾਟਨਾਂ ਦੀ ਲਗਾਈ ਜਾਣ ਵਾਲੀ ਇਸ ਝੜੀ ਵਿੱਚ ਮੁੱਖ ਮਹਿਮਾਨਾ ਲਈ ਕ੍ਰੀਬ 7 ਤੋਂ 10 ਦਿਨਾਂ ਪਹਿਲਾਂ ਅਧਿਅਪਕਾਂ ਨੂੰ ਤਿਆਰੀਆਂ ਆਰੰਭ ਕਰਨ ਲਈ ਮਜਬੂਰ ਹੋਣਾ ਪਵੇਗਾ ਜਿਸ ਨਾਲ ਬੱਚਿਆ ਦੀ ਪੜ੍ਹਾਈ ਉਪਰ ਵੀ ਬਹੁਤ ਮਾੜਾ ਅਸਰ ਪਵੇਗਾ।

# ਭਗਵਤੀ ਜਾਗਰਣ ਭਲਾਣ 'ਚ ਹਾਜ਼ਰੀ ਲਗਵਾਉਣ ਪਹੁੰਚੇ ਹਰਜੋਤ ਸਿੰਘ ਬੈਂਸ



**ਭਲਾਣ (ਹਰਭਜਨ ਢਿੱਲੋਂ)** ਬਦਲਦੇ ਪੰਜਾਬ ਦੀ ਮੂੰਹ ਬੋਲਦੀ ਤਸਵੀਰ ਹੁਣ ਹਰ ਪਾਸੇ ਨਜ਼ਰ ਆ ਰਹੀ ਹੈ, ਪੰਜਾਬ ਸਿੱਖਿਆ ਕ੍ਰਾਂਤੀ ਵਿੱਚ ਨਵੀਆ ਪੁਲਾਘਾ ਪੁੱਟ ਰਿਹਾ ਹੈ। ਆਮ ਆਦਮੀ ਕਲੀਨਿਕ ਸੂਬੇ ਦੇ ਲੋਕਾਂ ਨੂੰ ਮਿਆਰੀ ਸਿਹਤ ਸਹੂਲਤ ਦੇਣ ਲਈ ਕਾਰਗਰ ਸਿੱਧ ਹੋਏ ਹਨ।ਜਲ ਸਪਲਾਈ ਪ੍ਰੋਜੈਕਟ ਸ਼ੁਰੂ ਹੋਣ ਨਾਲ ਸਮੁੱਚੇ ਇਲਾਕੇ ਵਿੱਚ ਪਾਣੀ ਦੀ ਸਮੱਸਿਆਂ ਨੂੰ ਖਤਮ ਕੀਤਾ ਹੈ।ਇਸੇ ਤਰ੍ਹਾਂ ਵਿਕਾਸ ਦੀ ਰਫਤਾਰ ਨੂੰ ਹੋਰ ਗਤੀ ਦੇਣ ਲਈ ਸੁਚਾਰੂ ਟ੍ਰੈਫਿਕ ਦੀ ਵਿਵਸਥਾ ਕੀਤੀ ਜਾਵੇਗੀ।ਬੇਲਿਆਂ ਦੇ ਪੁੱਲਾਂ ਦੇ ਨਿਰਮਾਣ ਨਾਲ ਦੂਰ ਦੁਰਾਂਡੇ ਇਲਾਕਿਆਂ ਵਿਚ ਰਹਿ ਰਹੇ ਲੋਕਾਂ ਨੂੰ ਬਿਹਤਰ ਸੰਪਰਕ ਸਹੂਲਤ ਮਿਲੇਗੀ।ਪ੍ਰਮਾਤਮਾ ਦੇ ਆਸ਼ੀਰਵਾਦ ਨਾਲ ਬੀਤੇ ਤਿੰਨ ਸਾਲਾ ਵਿੱਚ ਪੰਜਾਬ ਸਰਕਾਰ ਨੇ ਵਿਕਾਸ ਦੀ ਲੀਹ ਤੋਂ ਲੱਥੀ ਗੱਡੀ ਨੂੰ ਮੁੜ ਲੀਹ 'ਤੇ ਲੈ ਆਂਦਾ ਹੈ।ਅਗਲੇ ਦੋ ਸਾਲਾਂ ਵਿਚ ਸੂਬੇ ਦੀ ਨੁਹਾਰ ਬਦਲਣ ਜਾ ਰਹੇ ਹਾਂ।ਬੀਤੀ ਸ਼ਾਮ ਪਿੰਡ ਭਲਾਣ ਵਿੱਚ ਕਰਵਾਏ 5ਵੇਂ ਮਾਂ ਭਗਵਤੀ ਜਾਗਰਣ ਵਿੱਚ ਨਤਮਸਤਕ ਹੋਣ ਉਪਰੰਤ ਗੱਲਬਾਤ ਕਰਦੇ ਹੋਏ ਹਰਜੋਤ ਸਿੰਘ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ, ਭਾਸ਼ਾ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਨੇ ਕਿਹਾ ਕਿ ਉਹ ਆਪਣੇ ਆਪ ਨੂੰ ਬੜੇ ਭਾਗਾਂ ਵਾਲੇ ਸਮਝਦੇ ਹਨ, ਜਿਨਾਂ ਨੂੰ ਸ਼੍ਰੀ ਅਨੰਦਪੁਰ ਸਾਹਿਬ ਵਰਗੀ ਮਹਾਨ ਪਵਿੱਤਰ ਧਰਤੀ 'ਤੇ ਸੇਵਾ ਕਰਨ ਦਾ ਮੌਕਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਇਨਸਾਨ ਦੇ ਜ਼ਰੂਰੀ ਰੁਝੇਵਿਆਂ ਦੇ ਨਾਲ ਨਾਲ ਧਾਰਮਿਕ ਸਮਾਗਮਾਂ ਅਤੇ ਸਮਾਜਿਕ ਕਾਰਜਾਂ ਵਿੱਚ ਵੱਧ ਚੜ੍ਹ ਕੇ ਭਾਗ ਲੈਣ ਵਾਲੀਆਂ ਸਮਾਜ ਸੇਵੀ ਸੰਸਥਾਵਾਂ, ਸੰਗਠਨਾਂ ਅਤੇ ਇਨਾਂ ਦੇ ਆਗੂਆਂ ਦੀ ਭੂਮਿਕਾ ਬਹੁਤ ਸ਼ਲਾਘਾਯੋਗ ਹੈ। ਜੋ ਲੋੜਵੰਦਾਂ ਦੀ ਭਲਾਈ ਦੇ ਨਾਲ ਨਾਲ ਧਾਰਮਿਕ ਸਮਾਗਮਾਂ ਵਿੱਚ ਸ਼ਿਰਕਤ ਕਰਨ ਪਹੁੰਚੀਆਂ ਸੰਗਤਾਂ ਦੀ ਨਿਰਸਵਾਰਥ ਸੇਵਾ ਕਰਦੇ ਹਨ।ਇਸ ਮੌਕੇ ਹਰਜੋਤ ਬੈਂਸ ਦਾ ਵਿਸ਼ੇਸ ਸਨਮਾਨ ਕੀਤਾ ਗਿਆ।ਉਨ੍ਹਾਂ ਨੇ ਧਾਰਮਿਕ ਸਮਾਗਮ ਦੇ ਆਯੋਜਕ ਮੈਂਬਰਾਂ ਦਾ ਧੰਨਵਾਦ ਕੀਤਾ ਤੇ ਸੰਸਥਾਂ ਨੂੰ 21 ਹਜ਼ਾਰ ਰੁਪਏ ਦਿੱਤੇ। ਇਸ ਮੌਕੇ ਦੀਪਕ ਸੋਨੀ ਮੀਡੀਆ ਕੋਆਰਡੀਨੇਟਰ, ਜਸਵੀਰ ਕੌਰ ਸਰਪੰਚ, ਨਿਤਿਨ ਪੁਰੀ ਪੰਚ, ਸੋਮਨਾਥ ਪੰਡਿਤ, ਰੋਹਿਤ ਸਹਿਜਪਾਲ, ਮਹੇਸ਼ ਪੁਰੀ, ਗੁਰਦੇਵ ਸੈਣੀ ਪ੍ਰਧਾਨ, ਵਿੱਕੀ, ਅਨਿਲ, ਰਾਜੀਵ ਪੰਡਿਤ ਤੇ ਵੱਡੀ ਗਿਣਤੀ ਵਿਚ ਪਤਵੰਤੇ ਹਾਜ਼ਰ ਸਨ।

# ਪ੍ਰਧਾਨ ਮੰਤਰੀ ਵਿਕਸਿਤ ਭਾਰਤ-ਵਿਕਸਿਤ ਹਰਿਆਣਾ ਦੀ ਮਹੱਤਵਪੂਰਨ ਕੜੀ ਨਾਲ ਜੋੜਨਗੇ : ਸੈਣੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)** ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ 14 ਅਪ੍ਰੈਲ ਨੂੰ ਸੂਬੇ ਦੇ ਲੋਕਾਂ ਨੂੰ ਵੱਡੀ ਸੌਗਾਤ ਦੇਣ ਹਰਿਆਣਾ ਪਹੁੰਚ ਰਹੇ ਹਨ।ਪ੍ਰਧਾਨ ਮੰਤਰੀ ਇਸ ਦਿਨ ਯਮੁਨਾਨਗਰ ਵਿੱਚ 800 ਮੈਗਾਵਾਟ ਸਮਰਥਾ ਵਾਲੇ ਥਰਮਲ ਯੂਨਿਟ ਦਾ ਨੀਂਹ ਪਥੱਰ ਅਤੇ ਹਿਸਾਰ ਵਿੱਚ ਏਅਰਪੋਰਟ ਦਾ ਉਦਘਾਟਨ ਅਤੇ ਨਵੇਂ ਟਰਮੀਨਲ ਦਾ ਨੀਂਹ ਪੱਥਰ ਕਰਣਗੇ।ਇਸ ਵਿਕਾਸ ਕਾਰਜਾਂ ਦੇ ਜਰੀਏ ਪ੍ਰਧਾਨ ਮੰਤਰੀ ਵਿਕਸਿਤ ਭਾਰਤ-ਵਿਕਸਿਤ ਹਰਿਆਣਾ ਦੀ ਮਹੱਤਵਪੂਰਨ ਕੜੀ ਨੂੰ ਜੋੜਨ ਦਾ ਕੰਮ ਕਰਣਗੇ।ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਬਿਜਲੀ ਮੌਜੂਦਾ ਸਮੇਂ ਵਿੱਚ ਸਭ ਤੋਂ ਵੱਡੀ ਲੋੜ ਹੈ।ਰੇਲਵੇ ਹੋਵੇ ਜਾਂ ਸੜਕਾਂ 'ਤੇ ਚਲਣ ਵਾਲੇ ਇਲੈਕਟ੍ਰਿਕ ਵਹੀਕਲ, ਅਸੀ ਹਰ ਚੀਜ ਵਿੱਚ ਬਿਜਲੀ 'ਤੇ ਨਿਰਭਰ ਹਾਂ।ਉਨ੍ਹਾਂ ਨੇ ਕਿਹਾ ਕਿ ਯਮੁਨਾਨਗਰ ਵਿੱਚ ਪ੍ਰਧਾਨ ਮੰਤਰੀ ਜਿਸ 800 ਮੈਗਾਵਾਟ ਸਮਰਥਾ ਵਾਲੇ ਥਰਮਲ ਯੂਨਿਟ ਦਾ ਨੀਂਹ ਪਥੱਰ ਰੱਖਣਗੇ ਉਹ ਭਾਰਤ ਹੈਵੀ ਇਲੈਕਟ੍ਰੀਕਲ ਲਿਮਿਟੇਡ ਵੱਲੋਂ ਬਣਾਇਆ ਜਾ ਰਿਹਾ ਹੈ ਅਤੇ ਇਸ ਦੇ ਨਿਰਮਾਣ 'ਤੇ 7272 ਕਰੋੜ ਰੁਪਏ ਦੀ ਲਾਗਤ ਆਵੇਗੀ।ਇਸ ਯੂਨਿਟ ਦਾ ਕੰਮ ਸਾਲ 2028 ਦੇ ਅੰਤ ਤੱਕ ਪੂਰਾ ਕਰ ਲਿਆ ਜਾਵੇਗਾ।ਮੀਡੀਆ ਦੇ ਸੁਆਲਾਂ ਦਾ ਜਵਾਬ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਯਮੁਨਾਨਗਰ ਅਤੇ ਹਿਸਾਰ ਵਿੱਚ ਦੋਹਾਂ ਸਥਾਨਾਂ 'ਤੇ ਪ੍ਰੋਗਰਾਮਾਂ ਵਿੱਚ ਕੋਈ ਕਮੀ ਨਾ ਰਹੇ ਇਸ ਦੇ ਲਈ ਉਨ੍ਹਾਂ ਨੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਅਤੇ ਸਾਰੀ ਤਿਆਰੀਆਂ ਦਾ ਨਿਰਖਣ ਕੀਤਾ ਹੈ।ਸੂਬੇ ਨੂੰ ਮਿਲਣ ਵਾਲੀ ਵਿਕਾਸ ਦੀ ਇਨ੍ਹਾਂ ਸੌਗਾਤਾਂ ਦਾ ਸੂਬਾ ਹੀ ਨਹੀਂ ਸਗੋਂ ਦੇਸ਼ ਦੇ ਲੋਕਾਂ ਨੂੰ ਵੀ ਲਾਭ ਮਿਲੇਗਾ।ਉਨ੍ਹਾਂ ਨੇ ਕਿਹਾ ਕਿ ਲੋਕਸਭਾ ਅਤੇ ਵਿਧਾਨਸਭਾ ਚੌਣਾਂ ਵਿੱਚ ਬੜੀ ਜਿੱਤ ਤੋਂ ਬਾਅਦ ਹਾਲ ਹੀ ਵਿੱਚ ਸਥਾਨਕ ਸਰਕਾਰ ਚੌਣਾਂ ਵਿੱਚ ਵੀ ਭਾਜਪਾ ਨੂੰ ਬੜੀ ਜਿੱਤ ਮਿਲੀ ਹੈ।ਅਜਿਹੇ ਵਿੱਚ ਸੂਬੇ ਦਾ ਵਿਕਾਸ ਹੁਣ ਟ੍ਰਿਪਲ ਗਤੀ ਨਾਲ ਦੌੜੇਗਾ।ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਇਸੇ ਗਤੀ ਨੂੰ ਵਧਾਉਣ ਲਈ ਸੂਬੇ ਵਿੱਚ ਪਹੁੰਚ ਰਹੇ ਹਨ।

# ਪੰਚਕੂਲਾ 'ਚ ਬਣਨ ਵਾਲੇ 'ਅਟਲ ਪਾਰਕ' ਦਾ ਨਾਇਬ ਸਿੰਘ ਸੈਣੀ ਨੇ ਰੱਖਿਆ ਨੀਂਹ ਪੱਥਰ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਰਾਮ ਨੌਮੀ ਦੇ ਪਾਵਨ ਦਿਵਸ ਮੌਕੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪੰਚਕੂਲਾ ਵਸਨੀਕਾਂ ਨੂੰ ਦੋ ਬੇਹਤਰੀਨ ਸੌਗਾਤ ਦੇਣ ਦਾ ਕੰਮ ਕੀਤਾ।ਮੁੱਖ ਮੰਤਰੀ ਨੇ ਮਾਤਾ ਮਨਸਾ ਦੇਵੀ ਕੰਪਲੈਕਸ ਸੈਕਟਰ-1 ਵਿੱਚ ਅਟਲ ਚੌਂਕ ਅਤੇ ਪਾਰਕ ਦੇ ਨਿਰਮਾਣ ਦਾ ਨੀਂਹ ਪੱਥਰ ਰੱਖਿਆ।ਅਟਲ ਚੌਂਕ ਅਤੇ ਪਾਰਕ 'ਤੇ ਲਗਭਗ 16 ਕਰੋੜ ਰੁਪਏ ਦੀ ਰਕਮ ਖਰਚ ਹੋਵੇਗੀ।ਅਟਲ ਚੌਂਕ ਮਾਤਾ ਮਨਸਾ ਦੇਵੀ ਕੰਪਲੈਕਸ ਤੋਂ ਸੁਖਨਾ ਲੇਕ ਜਾਣ ਵਾਲੇ ਰਸਤੇ 'ਤੇ ਬਣਾਇਆ ਜਾ ਰਿਹਾ ਹੈ।ਇਸ ਚੌਂਕ ਦਾ ਕੁੱਲ 40 ਫੁੱਟ ਦਾ ਡਾਇਮੀਟਰ ਹੋਵੇਗਾ।ਚੌਂਕ ਨੂੰ ਸ਼ਾਨਦਾਰ ਬਣਾਉਣ ਲਈ ਫੁਆਰੇ ਅਤੇ ਲਾਇਟਾਂ ਲਗਾਈ ਜਾਵੇਗੀ।ਇਸ ਦੇ ਇਲਾਵਾ ਚੌਂਕ ਦੇ ਵਿਚਾਲੇ ਧੌਲਪੁਰ ਪੱਥਰ ਦਾ ਕਮਲ ਦਾ ਫੂਲ ਬਣਾਇਆ ਜਾਵੇਗਾ।ਇਸ ਕੰਮ 'ਤੇ ਲਗਭਗ 46.50 ਲੱਖ ਰੁਪਏ ਦੀ ਰਕਮ ਖਰਚ ਹੋਵੇਗੀ।ਇਸ ਤਰ੍ਹਾਂ 2.25 ਏਕੜ ਭੂਮੀ 'ਤੇ ਅਟਲ ਪਾਰਕ ਵੀ ਬਣਾਇਆ ਜਾਵੇਗਾ, ਜਿਸ ਦਾ ਨੀਂਹ ਪੱਥਰ ਅੱਜ ਮੁੱਖ ਮੰਤਰੀ ਨੇ ਰੱਖਿਆ।ਅਟਲ ਪਾਰਕ ਨੂੰ ਸ਼ਾਨਦਾਰ ਸਥਲ ਦੇ ਰੂਪ ਵਿੱਚ ਵਿਕਸਿਤ ਕੀਤਾ ਜਾਵੇਗਾ। ਇਸ 'ਤੇ ਕੁਲ 15 ਕਰੋੜ ਰੁਪਏ ਦੀ ਰਕਮ ਖਰਚ ਹੋਵੇਗੀ।

# ਆਸਟ੍ਰੇਲੀਆਈ ਅੰਡਰ-14 ਕ੍ਰਿਕਟ ਟੀਮ ਨੇ 'ਨਿਕ ਬੇਕਰਜ਼' ਦੀ ਫੈਕਟਰੀ ਦਾ ਕੀਤਾ ਦੌਰਾ



**ਮੋਹਾਲੀ (ਗੁਰਜੀਤ ਬਿੱਲਾ)** ਸ਼ੈੱਫ ਨਿਖਿਲ ਮਿੱਤਲ ਦੁਆਰਾ ਸਥਾਪਿਤ ਮਸ਼ਹੂਰ ਬੇਕਰੀ ਚੇਨ, ਨਿਕ ਬੇਕਰਜ਼ ਵੱਲੋਂ ਬੀਤੀ ਸ਼ਾਮ ਈਸਟਰਨ ਬੁੱਲਜ਼, ਆਸਟ੍ਰੇਲੀਅਨ ਅੰਡਰ-14 ਕ੍ਰਿਕਟ ਟੀਮ ਦਾ ਮੋਹਾਲੀ ਵਿੱਚ ਆਪਣੀ ਫਲੈਗਸ਼ਿਪ ਫੈਕਟਰੀ ਵਿੱਚ ਇੱਕ ਵਿਸ਼ੇਸ਼ ਟੂਰ ਦੌਰਾਨ ਪੁੱਜਣ 'ਤੇ ਸਵਾਗਤ ਕੀਤਾ ਗਿਆ।ਇਸ ਦੌਰਾਨ ਟੀਮ ਦੇ ਖਿਡਾਰੀਆਂ ਅਤੇ ਸਹਾਇਕ ਮੈਂਬਰਾਂ ਵੱਲੋਂ ਫੈਕਟਰੀ ਵਿਚ ਬੇਕਰੀ ਵਿਚ ਵੱਖ ਵੱਖ ਤਰ੍ਹਾਂ ਉਤਪਾਦਾਂ ਬਾਰੇ ਜਾਣਕਾਰੀ ਹਾਸਲ ਕੀਤੀ।ਇਸ ਟੂਰ ਦੌਰਾਨ ਕੰਪਨੀ ਦੇ ਮਾਲਕ ਵਿਨੋਦ ਮਿੱਤਲ, ਸ਼ੈੱਫ ਨਿਖਿਲ ਮਿੱਤਲ ਅਤੇ ਨਿਤਿਨ ਮਿੱਤਲ ਵੱਲੋਂ ਵਿਸ਼ੇਸ਼ ਤੌਰ 'ਤੇ ਨੇ ਮਹਿਮਾਨਾਂ ਲਈ ਇੱਕ ਹਾਈ-ਟੀ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਤਾਜ਼ੇ ਬੇਕਰੀ ਉਤਪਾਦਾਂ, ਸਨੈਕਸ ਅਤੇ ਡਰਿੰਕਸ ਵਿਸ਼ੇਸ਼ ਤੌਰ 'ਤੇ ਵਰਤਾਏ ਗਏ। ਨੌਜਵਾਨ ਕ੍ਰਿਕਟਰਾਂ ਨੂੰ ਨਿਕ ਬੇਕਰ ਦੀਆਂ ਅਤਿ-ਆਧੁਨਿਕ ਬੇਕਿੰਗ ਮਸ਼ੀਨਰੀ ਬਾਰੇ ਜਾਣੂੰ ਕਰਵਾਇਆ ਗਿਆ ਅਤੇ ਉਹਨਾਂ ਬੇਕਰੀ ਦੇ ਵਿਸ਼ੇਸ਼ ਉਤਪਾਦਾਂ ਨੂੰ ਤਿਆਰ ਕਰਨ ਦੀ ਬਾਰੀਕੀ ਪ੍ਰਕਿਰਿਆ ਨੂੰ ਬੜੇ ਹੀ ਉਤਸ਼ਾਹਪੂਰਵਕ ਵਾਚਿਆ। ਸ਼ੈੱਫ ਨਿਖਿਲ ਮਿੱਤਲ, ਜਿਨ੍ਹਾਂ ਨੇ ਆਸਟ੍ਰੇਲੀਆ ਵਿੱਚ ਪੜ੍ਹਾਈ ਕੀਤੀ ਅਤੇ ਆਪਣੀ ਮੁਹਾਰਤ ਭਾਰਤ ਵਾਪਸ ਲਿਆਂਦੀ, ਨੇ ਨਿੱਜੀ ਤੌਰ 'ਤੇ ਟੀਮ ਦਾ ਮਾਰਗਦਰਸ਼ਨ ਕੀਤਾ ਅਤੇ ਨਾਲ ਹੀ ਬੇਕਿੰਗ ਕਲਾ ਬਾਰੇ ਆਪਣਾ ਤਜ਼ਰਬਾ ਸਾਂਝਾ ਕੀਤਾ।

# ਪਹਿਲਾ 'ਸੈਣੀ ਰਤਨ ਅਵਾਰਡ' ਇੰਜੀ. ਸਤਨਾਮ ਸਿੰਘ ਧਨੋਆ ਨੂੰ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਸੈਣੀ ਯੂਥ ਫੈਡਰੇਸ਼ਨ ਪੰਜਾਬ ਵੱਲੋਂ ਸੂਬਾ ਪ੍ਰਧਾਨ ਅਮਰਜੀਤ ਸਿੰਘ ਢਾਡੇਕਟਵਾਲ ਦੀ ਅਗਵਾਈ ਵਿੱਚ ਸੈਣੀ ਭਾਈਚਾਰੇ ਦੀ ਪਰਿਵਾਰਕ ਮਿਲਣੀ ਦੇ ਮੱਦੇਨਜ਼ਰ ਸਾਲਾਨਾ ਸੈਣੀ ਸੰਮੇਲਨ ਕਰਵਾਇਆ ਗਿਆ ਜਿਸ ਦੌਰਾਨ ਸੈਣੀ ਸਮਾਜ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਉਸਾਰੂ ਵਿਚਾਰ-ਵਟਾਂਦਰਾ ਕੀਤਾ ਗਿਆ। ਸੰਮੇਲਨ ਵਿੱਚ ਪੰਜਾਬ ਦੇ ਸਾਰਿਆਂ ਜ਼ਿਲ੍ਹਿਆਂ ਸਮੇਤ ਹਰਿਆਣਾ, ਹਿਮਾਚਲ, ਚੰਡੀਗੜ੍ਹ ਅਤੇ ਜੰਮੂ ਤੋਂ ਸੈਣੀ ਭਾਈਚਾਰੇ ਦੇ ਪਤਵੰਤੇ ਲੋਕਾਂ ਨੇ ਸ਼ਮੂਲੀਅਤ ਕੀਤੀ। ਸਮਾਗਮ ਵਿੱਚ ਕੌਮੀ ਪ੍ਰਧਾਨ ਨਰਿੰਦਰ ਸਿੰਘ ਲਾਲੀ, ਸਾਬਕਾ ਵਿਧਾਇਕ ਅੰਗਦ ਸੈਣੀ ਨਵਾਂਸ਼ਹਿਰ, ☆ਚੇਅਰਮੈਨ ਸੰਦੀਪ ਸੈਣੀ ਹੁਸ਼ਿਆਰਪੁਰ, ਨਾਇਬ ਸਿੰਘ ਪਟਾਕਮਾਜਰਾ ਕੋਆਰਡੀਨੇਟਰ ਪੰਜਾਬ, ਉੱਘੇ ਸਮਾਜ ਸੇਵੀ ਚੇਅਰਮੈਨ ਤਰਲੋਚਨ ਸਿੰਘ ਸੈਣੀ ਬਿੱਟੂ, ਪੁਨੀਤ ਸੈਣੀ ਪਿੰਟਾ ਸਾਬਕਾ ਚੇਅਰਮੈਨ ਪੰਜਾਬ ਟਰੇਡਰ ਬੋਰਡ ਆਦਿ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਸੰਮੇਲਨ ਦਾ ਆਗਾਜ਼ ਮਹਾਰਾਜਾ ਸੂਰ ਸੈਣੀ ਜੀ ਅਤੇ ਬੀਬੀ ਸ਼ਰਨ ਕੌਰ ਪਾਬਲਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਕੀਤਾ ਗਿਆ ਉਪਰੰਤ ਸੈਣੀ ਯੂਥ ਫ਼ੈਡਰੇਸ਼ਨ ਦੀ ਕਾਰਗੁਜ਼ਾਰੀ ਬਾਰੇ ਜ਼ਿਕਰ ਕਰਦਿਆਂ ਸੂਬਾ ਜਨਰਲ ਸਕੱਤਰ ਗੁਰਜਿੰਦਰ ਸਿੰਘ ਮੰਝਪੁਰ ਨੇ ਦੱਸਿਆ ਕਿ ਫ਼ੈਡਰੇਸ਼ਨ ਨਿਰੋਲ ਗੈਰ ਸਿਆਸੀ ਜਥੇਬੰਦੀ ਹੈ ਜਿਸ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਲਗਾਤਾਰ ਸੈਣੀ ਸਮਾਜ ਦੀ ਏਕਤਾ ਅਤੇ ਭਲਾਈ ਦੇ ਕਾਰਜਾਂ ਲਈ ਬਣਦਾ ਯੋਗਦਾਨ ਪਾਉਂਦੀ ਆ ਰਹੀ ਹੈ। ਸੰਮੇਲਨ ਦੌਰਾਨ ਸੈਣੀ ਯੂਥ ਫੈਡਰੇਨਸ਼ਨ ਪੰਜਾਬ ਵੱਲੋਂ ਪਹਿਲਾ ਸੈਣੀ ਰਤਨ ਅਵਾਰਡ ਉੱਘੇ ਮੁਲਾਜ਼ਮ ਆਗੂ ਤੇ ਸਾਬਕਾ ਸੀਨੀਅਰ ਮੀਤ ਪ੍ਰਧਾਨ ਸੈਣੀ ਭਲਾਈ ਬੋਰਡ ਇੰਜੀ: ਸਤਨਾਮ ਸਿੰਘ ਧਨੋਆ ਨੂੰ ਭੇਟ ਕੀਤਾ ਗਿਆ।ਇੰਜੀ. ਸਤਨਾਮ ਸਿੰਘ ਧਨੋਆ ਨੇ ਆਪਣੇ ਸੰਬੋਧਨ ਵਿੱਚ ਸੈਣੀ ਭਾਈਚਾਰੇ ਨੂੰ ਸਿੱਖਿਆ, ਕਾਰੋਬਾਰ ਅਤੇ ਸਿਆਸੀ ਆਧਾਰ ਨੂੰ ਮਜ਼ਬੂਤ ਕਰਦੇ ਹੋਏ ਏਕਤਾ ਕਾਇਮ ਰੱਖਣ ਲਈ ਪ੍ਰੇਰਿਤ ਕੀਤਾ। ਇਸ ਸਮੇਂ ਸਮਾਗਮ ਨੂੰ ਕੰਵਲਪ੍ਰੀਤ ਸਿੰਘ ਕਾਕੀ, ਹਰਜੀਤ ਸਿੰਘ ਲੌਂਗੀਆ, ਪਰਮਿੰਦਰ ਸਿੰਘ ਬਿੱਟੂ ਸੈਣੀ, ਕੁਲਵਿੰਦਰ ਸਿੰਘ ਬਠਿੰਡਾ ਉਪ ਪ੍ਰਧਾਨ,ਵਰਿੰਦਰਜੀਤ ਸਿੰਘ ਸੋਨੂੰ ਟੇਰਕਿਆਣਾ, ਅਮਰਜੀਤ ਸਿੰਘ ਛੰਨੀ, ਸੁਰਿੰਦਰਪਾਲ ਕੌਰ, ਕੁਲਬੀਰ ਸੈਣੀ, ਲਛਮਣ ਸਿੰਘ ਸੈਣੀ, ਪਰਮਿੰਦਰ ਸਿੰਘ ਬਿੱਟੂ, ਡਾਕਟਰ ਜਸਵਿੰਦਰ ਸਿੰਘ ਖੁਣਖੁਣ, ਬਖਸ਼ੀਸ਼ ਸਿੰਘ ਗੁਰਦਾਸਪੁਰ, ਨਰਿੰਦਰ ਸਿੰਘ ਗੋਲੀ, ਮਨਜੀਤ ਸਿੰਘ ਪਲਾਕੀ ਸਰਪੰਚ ਅਸ਼ੋਕ ਸੈਣੀ ਖੁਣ ਖੁਣ ਕਲਾ, ਮਾਸਟਰ ਲਸਮਣ ਸਿੰਘ, ਓਮ ਪ੍ਰਕਾਸ਼ ਸੈਣੀ ਆਦਿ ਨੇ ਵੀ ਸੰਬੋਧਨ ਕੀਤਾ। ਇਸ ਦੇ ਨਾਲ ਹੀ ਫੈਡਰੇਸ਼ਨ ਵੱਲੋਂ ਸੈਣੀ ਭਾਈਚਾਰੇ ਦੀਆਂ ਹੱਕੀ ਮੰਗਾਂ ਦੇ ਸੰਬੰਧ ਵਿੱਚ ਇੱਕ ਮੰਗ ਪੱਤਰ ਚੇਅਰਮੈਨ ਸੰਦੀਪ ਸੈਣੀ ਪੱਛੜੀਆਂ ਸ਼੍ਰੇਣੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਨੂੰ ਸੌਂਪਦੇ ਹੋਏ ਜਲਦੀ ਹੀ ਮੰਗਾਂ ਦੀ ਪੂਰਤੀ ਕੀਤੇ ਜਾਣ ਦੀ ਅਪੀਲ ਕੀਤੀ। ਇਸ ਸਮੇਂ ਪੰਚਾਇਤੀ ਚੋਣਾਂ ਦੇ ਦੌਰਾਨ ਜਿੱਤੇ ਪੰਚਾਂ-ਸਰਪੰਚਾਂ ਦਾ ਸਨਮਾਨ ਅਤੇ ਵੱਖ ਵੱਖ ਖੇਤਰਾਂ ਵਿੱਚ ਵਧੀਆ ਕਾਰਗੁਜ਼ਾਰੀ ਕਰਨ ਵਾਲੇ ਵਿਦਿਆਰਥੀਆਂ, ਮੁਲਾਜ਼ਮਾਂ, ਸਮਾਜ ਸੇਵਕਾਂ, ਕਿਸਾਨ ਆਗੂਆਂਰਾਜਨੀਤਿਕ ਸ਼ਖਸ਼ੀਅਤਾਂ ਅਤੇ ਸਾਹਿਤ ਦੇ ਖੇਤਰ ਵਿੱਚ ਯੋਗਦਾਨ ਪਾਉਣ ਲਈ ਕਵੀਆਂ ਦਾ ਸਨਮਾਨ ਚਿੰਨ ਭੇਟ ਕਰਕੇ ਸਨਮਾਨ ਕੀਤਾ ਗਿਆ।

# ਕਾਰਪੋਰੇਟ ਫਾਸ਼ੀਵਾਦ ਨੂੰ ਹਰਾਉਣ ਲਈ ਤਮਾਮ ਜਮਹੂਰੀ ਤੇ ਤਰੱਕੀਪਸੰਦ ਸ਼ਕਤੀਆਂ ਇਕਜੁੱਟ ਹੋਣ : ਦਰਸ਼ਨ ਖਟਕੜ

## ਵਕਫ਼ ਐਕਟ 'ਚ ਸੋਧਾਂ ਤੇ ਤੇਲਗੂ ਕਵਿੱਤਰੀ ਰੇਣੂਕਾ ਨੂੰ ਝੂਠੇ ਮੁਕਾਬਲੇ 'ਚ ਮਾਰਨ ਦੀ ਨਿੰਦਾ



**ਮਾਨਸਾ (ਆਤਮਾ ਸਿੰਘ ਪਮਾਰ)**-ਸਥਾਨਕ ਬਾਬਾ ਬੂਝਾ ਸਿੰਘ ਯਾਦਗਾਰ ਭਵਨ ਵਿਖੇ ਜੁਝਾਰਵਾਦੀ ਕਵਿਤਾ ਦੇ ਸਿਰਮੌਰ ਹਸਤਾਖ਼ਰ ਤੇ ਕਮਿਊਨਿਸਟ ਇਨਕਲਾਬੀ ਲਹਿਰ ਦੇ ਉੱਘੇ ਆਗੂ ਕਾਮਰੇਡ ਦਰਸ਼ਨ ਖਟਕੜ ਨਾਲ ਰੈਡੀਕਲ ਪੀਪਲਜ਼ ਫੋਰਮ ਤੇ ਜੁਟਾਨ ਵੱਲੋਂ ਇੱਕ ਭਰਵੀਂ ਵਿਚਾਰ ਚਰਚਾ ਦਾ ਆਯੋਜਨ ਕੀਤਾ ਗਿਆ।

ਇਸ ਸਮਾਗਮ ਦੀ ਪ੍ਰਧਾਨਗੀ ਮੈਡਮ ਮਨਜੀਤ ਕੌਰ ਔਲਖ, ਕਾ. ਨਛੱਤਰ ਸਿੰਘ ਖੀਵਾ, ਓਮ ਪ੍ਰਕਾਸ਼ ਸਰਦੂਲਗੜ੍ਹ, ਬਲਵਿੰਦਰ ਕੌਰ ਖਾਰਾ ਤੇ ਡਾ. ਗੁਰਚਰਨ ਸਿੰਘ ਰਾਏਕੋਟ 'ਤੇ ਅਧਾਰਤ ਪ੍ਰਧਾਨਗੀ ਮੰਡਲ ਵੱਲੋਂ ਕੀਤੀ ਗਈ।ਖਟਕੜ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਮਾਰਕਸਵਾਦ ਇੱਕ ਅਜਿਹੀ ਵਿਚਾਰਧਾਰਾ ਹੈ, ਜੋ ਮੁਸ਼ਕਲ ਤੋਂ ਮੁਸ਼ਕਲ ਹਾਲਤਾਂ ਵਿੱਚ ਵੀ ਹੱਕੀ ਜੱਦੋ-ਜਹਿਦਾਂ ਨੂੰ ਅੱਗੇ ਵਧਾਉਣ ਦਾ ਰਸਤਾ ਕੱਢ ਲੈਂਦੀ ਹੈ।ਇਸ ਵਿਚਾਰਧਾਰਾ ਦੀ ਸੇਧ ਵਿੱਚ ਕਾਰਪੋਰੇਟ ਫਾਸ਼ੀਵਾਦ ਖ਼ਿਲਾਫ਼ ਲਗਾਤਾਰ ਲੜਾਈ ਨੂੰ ਵਿਆਪਕ ਅਧਾਰ ਦੇਣ ਤੇ ਤਮਾਮ ਤਰੱਕੀ ਪਸੰਦ ਸ਼ਕਤੀਆਂ ਨੂੰ ਇਕਜੁੱਟ ਕਰਨ ਦੀ ਜ਼ਰੂਰਤ ਹੈ।ਸਾਮਰਾਜਵਾਦ ਦੇ ਆਪਣੇ ਅੰਦਰੂਨੀ ਸੰਕਟ ਹੁਣ ਮੁੜ ਤਿੱਖੇ ਹੋ ਚੁੱਕੇ ਹਨ, ਡੌਨਾਲਡ ਟਰੰਪ ਵੱਲੋਂ ਸ਼ੁਰੂ ਕੀਤੀ ਟਰੇਡ ਵਾਰ ਇਸੇ ਸੰਕਟ ਦਾ ਸੂਚਕ ਹੈ।ਸਮਾਗਮ ਦੇ ਆਰੰਭ ਵਿੱਚ ਕਾ. ਨਛੱਤਰ ਸਿੰਘ ਖੀਵਾ ਨੇ ਸਭ ਨੂੰ ਜੀ ਆਇਆਂ ਕਿਹਾ।ਕਾ. ਸੁਖਦਰਸ਼ਨ ਨੱਤ ਨੇ ਪ੍ਰੋਗਰਾਮ ਦੀ ਰੂਪਰੇਖਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕਰਦਿਆਂ ਅਜਿਹੇ ਸਮਾਗਮਾਂ ਦੀ ਲੋੜ ਤੇ ਮੌਜੂਦਾ ਦੌਰ 'ਚ ਇਨ੍ਹਾਂ ਦੀ ਭੂਮਿਕਾ ਬਾਰੇ ਵੀ ਚਰਚਾ ਕੀਤੀ।ਉੱਘੇ ਕਹਾਣੀਕਾਰ ਅਜਮੇਰ ਸਿੱਧੂ ਨੇ ਸੰਵਾਦ ਨੂੰ ਅੱਗੇ ਤੋਰਦਿਆਂ ਦਰਸ਼ਨ ਖਟਕੜ ਦੇ ਜੀਵਨ ਦੇ ਪਹਿਲੂਆਂ 'ਤੇ ਦਿਲਚਸਪ ਢੰਗ ਨਾਲ ਚਾਨਣਾ ਪਾਇਆ।ਸਰੋਕਾਰ ਮੈਗਜ਼ੀਨ ਦੇ ਸੰਪਾਦਕ ਸੁਖਵਿੰਦਰ ਪੱਪੀ ਨੇ ਕਾ. ਖਟਕੜ ਦੀ ਜ਼ਿੰਦਗੀ ਦੇ ਨਿੱਜੀ ਦੁਖਾਂਤਾਂ ਤੇ ਉਨ੍ਹਾਂ ਦੇ ਅਡੋਲ ਹੌਸਲੇ ਬਾਰੇ ਦੱਸਿਆ ਕਿ ਕਿਵੇਂ ਉਨ੍ਹਾਂ ਦੀ ਪਤਨੀ ਤੇ ਬੇਟੇ ਦੇ ਦੁੱਖਦਾਈ ਚਲਾਣੇ ਦੇ ਬਾਵਜੂਦ ਉਨ੍ਹਾਂ ਨੇ ਲਹਿਰ ਵਿੱਚ ਆਪਣੇ ਆਪ ਨੂੰ ਸਾਬਤ ਕਦਮੀਂ ਤੋਰੀ ਰੱਖਿਆ।ਡਾ. ਅਰਵਿੰਦਰ ਕੌਰ ਕਾਕੜਾ ਨੇ ਉਨ੍ਹਾਂ ਦੇ ਬੇਟੇ ਦੀ ਇੱਕ ਸੜਕ ਹਾਦਸੇ ਵਿੱਚ ਅਚਾਨਕ ਹੋਈ ਦੁੱਖਦਾਈ ਮੌਤ ਸਮੇਂ ਦਾ ਮਾਰਮਿਕ ਵਰਨਣ ਕੀਤਾ, ਜਿਸ ਨਾਲ ਮਹੌਲ ਇੱਕ ਵਾਰ ਗਮਗੀਨ ਤੇ ਭਾਵੁਕ ਹੋ ਗਿਆ।ਸਾਬਕਾ ਵਿਦਿਆਰਥੀ ਆਗੂ ਅਜਾਇਬ ਸਿੰਘ ਟਿਵਾਣਾ ਨੇ ਸਮੁੱਚੇ ਦਰਸ਼ਕਾਂ ਤੇ ਮੰਚ ਵੱਲੋਂ ਸਾਂਝੇ ਰੂਪ ਵਿੱਚ ਮੰਗ ਰੱਖੀ ਕਿ ਕਾ. ਖਟਕੜ ਵੱਲੋਂ ਅਪਣੀਆਂ ਯਾਦਾਂ ਤੇ ਇਨਕਲਾਬੀ ਲਹਿਰ ਦਾ ਇਤਿਹਾਸ ਜ਼ਰੂਰ ਲਿਖਿਆ ਜਾਵੇ।ਇਸ ਦੇ ਜਵਾਬ ਵਿੱਚ ਕਾ. ਖਟਕੜ ਨੇ ਛੇਤੀ ਹੀ ਪੰਜਾਬ ਵਿੱਚ ਕਮਿਊਨਿਸਟ ਲਹਿਰ ਦੇ ਇਤਿਹਾਸ 'ਤੇ ਕੰਮ ਸ਼ੁਰੂ ਕਰਨ ਦੀ ਹਾਮੀ ਭਰਦਿਆਂ ਵਾਅਦਾ ਵੀ ਕੀਤਾ।ਇਸ ਮੌਕੇ ਪ੍ਰਬੰਧਕਾਂ ਵੱਲੋਂ ਤੇ ਬਾਬਾ ਬੂਝਾ ਸਿੰਘ ਯਾਦਗਾਰ ਟਰੱਸਟ ਵੱਲੋਂ ਕਾ. ਦਰਸ਼ਨ ਖਟਕੜ ਦਾ ਸਨਮਾਨ ਵੀ ਕੀਤਾ ਗਿਆ।ਸਮਾਗਮ ਦੌਰਾਨ ਉੱਘੀ ਤੇਲਗੂ ਕਵਿੱਤਰੀ ਤੇ ਕਹਾਣੀਕਾਰਾ ਕਾਮਰੇਡ ਰੇਣੂਕਾ, ਜਿਨ੍ਹਾਂ ਨੂੰ ਘਰੋਂ ਚੁੱਕ ਕੇ ਝੂਠੇ ਪੁਲਸ ਮੁਕਾਬਲੇ 'ਚ ਮਾਰ ਦਿੱਤਾ ਗਿਆ, ਨੂੰ ਸ਼ਰਧਾਂਜਲੀ ਵੀ ਭੇਟ ਕੀਤੀ ਗਈ ਤੇ ਮੋਦੀ ਸਰਕਾਰ ਵੱਲੋਂ ਵਕਫ਼ ਐਕਟ 'ਚ ਕੀਤੀਆਂ ਮਨਮਾਨੀਆਂ ਵਾਲੀਆਂ ਸੋਧਾਂ ਬਾਰੇ ਨਿਖੇਧੀ ਦਾ ਮਤਾ ਵੀ ਪਾਸ ਕੀਤਾ ਗਿਆ।ਪ੍ਰੋਗਰਾਮ ਦੇ ਅਖੀਰ 'ਚ ਸਾਬਕਾ ਅਧਿਆਪਕ ਆਗੂ ਓਮ ਪ੍ਰਕਾਸ਼ ਸਰਦੂਲਗੜ੍ਹ ਨੇ ਸਮੂਹ ਮਹਿਮਾਨਾਂ, ਸਰੋਤਿਆਂ ਤੇ ਦੂਰ ਦੁਰਾਡੇ ਤੋਂ ਪਹੁੰਚੇ ਸਾਥੀਆਂ ਦਾ ਧੰਨਵਾਦ ਕੀਤਾ।

ਮੰਚ ਸੰਚਾਲਨ ਦੀ ਭੂਮਿਕਾ ਸ਼ਾਇਰ ਰਾਜਵਿੰਦਰ ਮੀਰ ਨੇ ਬਾਖ਼ੂਬੀ ਨਿਭਾਈ।ਵਿਚਾਰ ਚਰਚਾ ਸਮਾਗਮ ਦਾ ਸਮੁੱਚਾ ਪ੍ਰਬੰਧ ਅਮੋਲਕ ਡੇਲੂਆਣਾ, ਰਾਜਵਿੰਦਰ ਮੀਰ, ਜਸਪਾਲ ਖੋਖਰ, ਕੁਲਵਿੰਦਰ ਬੱਛੋਆਣਾ, ਓਮ ਪ੍ਰਕਾਸ਼ ਸਰਦੂਲਗੜ੍ਹ, ਸਿਕੰਦਰ ਸਿੰਘ ਘਰਾਂਗਣਾਂ, ਹਰਗਿਆਨ ਢਿੱਲੋਂ, ਜਸਬੀਰ ਕੌਰ ਨੱਤ, ਗੁਰਪਿਆਰ ਕੋਟਲੀ, ਜਸਬੀਰ ਭੰਮੇ ਤੇ ਅਮਨਦੀਪ ਸਿੰਘ 'ਤੇ ਅਧਾਰਤ ਟੀਮ ਵੱਲੋਂ ਕੀਤਾ ਗਿਆ।

## ਬੇਗਮਪੁਰਾ ਟਾਈਗਰ ਫੋਰਸ ਨੇ ਗੁਰਪਤਵੰਤ ਪੰਨੂੰ ਦਾ ਪੁਤਲਾ ਫੂਕਿਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪਿਛਲੇ ਦਿਨੀਂ ਫਿਲੌਰ ਦੇ ਪਿੰਡ ਨੰਗਲ ਵਿਖੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਬੁੱਤ ਨਾਲ ਛੇੜ-ਛਾੜ ਕਰ ਡਾ. ਭੀਮ ਰਾਓ ਅੰਬੇਡਕਰ ਜੀ ਦਾ ਅਪਮਾਨ ਕੀਤਾ ਗਿਆ ਸੀ, ਅੱਜ ਉਸ ਦੇ ਰੋਸ ਵਿਚ ਬੇਗਮਪੁਰਾ ਟਾਈਗਰ ਫੋਰਸ ਵੱਲੋਂ ਸਥਾਨਕ ਅੰਬੇਡਕਰ ਚੌਕ ਵਿਖੇ ਗੁਰਪਤਵੰਤ ਸਿੰਘ ਪੰਨੂੰ ਦਾ ਪੁਤਲਾ ਫੂਕਿਆ ਗਿਆ। ਬੇਗਮਪੁਰਾ ਟਾਈਗਰ ਫੋਰਸ ਦੇ ਕੌਮੀ ਚੇਅਰਮੈਨ ਤਰਸੇਮ ਦੀਵਾਨਾ, ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ, ਕੌਮੀ ਵਾਇਸ ਚੇਅਰਮੈਨ ਕ੍ਰਿਸ਼ਨ ਲਾਲ ਤੇ ਹਲਕਾ ਸਮਰਾਲਾ ਪ੍ਰਧਾਨ ਬਲਵੀਰ ਚੰਦ ਦੀ ਅਗਵਾਈ ਹੇਠ ਸਮੂਹ ਅਹੁਦੇਦਾਰਾਂ ਨੇ ਪੁਤਲਾ ਫੂਕਣ ਉਪਰੰਤ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਦੋਸ਼ੀਆਂ ਖਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ। ਇਸ ਮੌਕੇ ਬਸਪਾ ਦੇ ਹਲਕਾ ਪ੍ਰਧਾਨ ਦਲਵੀਰ ਮੰਡਿਆਲਾ, ਰਵਿੰਦਰ ਹੇਡੋਂ, ਪਾਲ ਸਿੰਘ, ਨਰਾਤਾ ਸਿੰਘ ਸਮਰਾਲਾ, ਕਾਮਰੇਡ ਦਰਸ਼ਨ ਲਾਲ, ਗੁਰਨਾਮ ਸਿੰਘ ਘੁਮਾਣਾ, ਸੈਕਟਰੀ ਕ੍ਰਿਸ਼ਨ ਲਾਲ ਰਤਨਗੜ੍ਹ, ਡਾ. ਸੁਰਿੰਦਰ ਜੱਖੂ, ਕਸ਼ਮੀਰ ਲਾਲ ਚੱਕੀ, ਕੁਲਦੀਪ ਸਿੰਘ, ਲਖਵੀਰ ਸਿੰਘ, ਜਸਵਿੰਦਰ ਪਾਲ, ਦੇਵ ਰਾਜ, ਹਰਮੇਸ਼ ਘੋੜਾ, ਛਿੰਦਰਪਾਲ, ਸਤੀਸ਼ ਕੁਮਾਰ, ਜਗਰਾਜ ਘੋੜਾ, ਚਰਨਜੀਤ ਸਿੰਘ ਤੇ ਹੋਰ ਸਾਥੀ ਮੌਜੂਦ ਸਨ।

## ਭਾਰਤੀ ਜਨਤਾ ਪਾਰਟੀ ਦਾ ਸਥਾਪਨਾ ਦਿਵਸ ਮਨਾਇਆ



**ਬਰੇਟਾ (ਰੀਤਵਾਲ)**-ਮੰਡਲ ਪ੍ਰਧਾਨ ਗਗਨਦੀਪ ਸ਼ਰਮਾ ਦੀ ਅਗਵਾਈ ਵਿੱਚ ਭਾਰਤੀ ਜਨਤਾ ਪਾਰਟੀ ਮੰਡਲ ਬਰੇਟਾ ਵੱਲੋਂ ਪਾਰਟੀ ਦਾ 46ਵਾਂ ਸਥਾਪਨਾ ਦਿਵਸ ਮਨਾਇਆ ਗਿਆ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਸੂਬਾ ਸਕੱਤਰ ਭਾਨੂੰ ਪ੍ਰਤਾਪ, ਜ਼ਿਲ੍ਹਾ ਪ੍ਰਧਾਨ ਰਾਕੇਸ਼ ਜੈਨ ਤੇ ਜਨਰਲ ਸਕੱਤਰ ਸੁਖਦੇਵ ਭੋਲਾ ਸਿੰਘ ਪੁੱਜੇ।ਇਸ ਮੌਕੇ ਆਗੂਆਂ ਨੇ ਭਾਰਤੀ ਜਨਤਾ ਪਾਰਟੀ ਦੇ ਇਤਿਹਾਸ ਬਾਰੇ ਵਿਸਥਾਰ ਸਹਿਤ ਦੱਸਦੇ ਹੋਏ ਕਿਹਾ ਕਿ ਕਿ ਦੇਸ਼ ਅੰਦਰ ਭਾਰਤੀ ਜਨਤਾ ਪਾਰਟੀ ਦੀ ਸਰਕਾਰ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਯੋਗ ਅਗਵਾਈ ਹੇਠ ਦੇਸ਼ ਨੂੰ ਉਨਤੀ ਵੱਲ ਲੈ ਕੇ ਜਾ ਰਹੀ ਹੈ, ਇਸ ਲਈ ਸੂਬਿਆਂ 'ਚ ਭਾਜਪਾ ਦੀ ਸਰਕਾਰ ਹੋਵੇਗਾ ਦੇ ਲੋਕ ਭਾਜਪਾ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਪੂਰਾ ਭਰੋਸਾ ਕਰਦੇ ਹਨ।ਉਨ੍ਹਾਂ ਕਿਹਾ ਕਿ ਸਾਡਾ ਦੇਸ਼ ਅੱਜ ਵਿਸ਼ਵ ਦੇ ਸ਼ਕਤੀਸ਼ਾਲੀ ਦੇਸ਼ਾਂ 'ਚ ਆਉਂਦਾ ਹੈ, ਇਹ ਸਭ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਉੱਚ ਸ਼ਖ਼ਸੀਅਤ ਕਰ ਕੇ ਹੀ ਸੰਭਵ ਹੋਇਆ ਹੈ।ਇਸ ਮੌਕੇ ਜ਼ਿਲ੍ਹਾ ਉਪ ਪ੍ਰਧਾਨ ਸੂਰਜ ਪ੍ਰਕਾਸ਼, ਅਸ਼ੋਕ ਕੁਮਾਰ ਗੋਗਾ, ਪੁਨੀਤ ਮਿੱਤਲ, ਹਰੀਸ਼ ਕੁਮਾਰ, ਓਮ ਲਾਲ, ਪ੍ਰਵੀਣ ਸਿੰਘ ਖੁਡਾਲ, ਡਿੰਪਲ ਸ਼ਰਮਾ, ਗੋਲਡੀ ਕੁਮਾਰ, ਗੁਰਦਾਸ ਸਿੰਘ, ਮੋਹਿਤ ਜਾਂਗੜਾ, ਗੋਬਿੰਦ ਸ਼ਰਮਾ, ਮਨੂੰ ਸ਼ਰਮਾ, ਰੋਹਿਤ ਰਾਮ ਹਾਜ਼ਰ ਸਨ।

## ਜਸ਼ਨ ਬਰਾੜ ਨੇ ਚੇਅਰਮੈਨ ਮਾਰਕਿਟ ਕਮੇਟੀ ਮਲੋਟ ਵਜੋਂ ਅਹੁਦਾ ਸੰਭਾਲਿਆ



**ਮਲੋਟ/ਮੁਕਤਸਰ (ਗੁਰਮੀਤ ਸਿਘ ਮੱਕੜ/ਓਮ ਪ੍ਰਕਾਸ਼ ਖੇਮੂ/ਸ਼ਮਿੰਦਰਪਾਲ, ਪੂਜਾ)**-ਜਸ਼ਨ ਬਰਾੜ ਲੱਖੇਵਾਲੀ ਨੇ ਮਾਰਕਿਟ ਕਮੇਟੀ ਮਲੋਟ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲਿਆ ਹੈ।ਇਸ ਮੌਕੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਉਨ੍ਹਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਜਸ਼ਨ ਬਰਾੜ ਲੰਬੇ ਸਮੇਂ ਤੋਂ ਪਾਰਟੀ ਨਾਲ ਕੰਮ ਕਰ ਰਿਹਾ ਹੈ ਤੇ ਮੈਨੂੰ ਪਾਰਟੀ ਵਿੱਚ ਲੈ ਕੇ ਆਉਣ ਲਈ ਜਸ਼ਨ ਦਾ ਬਹੁਤ ਵੱਡਾ ਯੋਗਦਾਨ ਹੈ।ਉਨ੍ਹਾਂ ਕਿਹਾ ਕਿ ਜਸ਼ਨ ਨੂੰ ਉਸ ਦੀ ਮਿਹਨਤ ਦਾ ਫਲ ਮਿਲਿਆ ਹੈ ਅਤੇ ਮੈਨੂੰ ਉਮੀਦ ਹੈ ਕਿ ਇਹ ਆਪਣਾ ਫਰਜ਼ ਪੂਰੀ ਜ਼ਿੰਮੇਵਾਰੀ ਨਾਲ ਨਿਭਾਏਗਾ।

## ਹੈਰੋਇਨ, ਡਰੱਗ ਮਨੀ ਤੇ ਇਨੋਵਾ ਸਮੇਤ 2 ਕਾਬੂ



**ਬੱਧਨੀ ਕਲਾਂ (ਲਵਲੀ ਕੁਮਾਰ)**-ਮਾਨਯੋਗ ਡੀ ਜੀ ਪੀ ਸਾਹਿਬ ਪੰਜਾਬ ਵੱਲੋਂ ਮਾੜੇ ਅਨਸਰਾਂ ਵਿਰੁੱਧ ਚਲਾਈ ਗਈ ਮੁਹਿੰਮ ਤਹਿਤ ਸ੍ਰੀ ਅਜੇ ਗਾਂਧੀ ਐੱਸ ਐੱਸ ਪੀ ਮੋਗਾ, ਸ੍ਰੀ ਬਾਲ ਕ੍ਰਿਸ਼ਨ ਐੱਸ ਪੀ (1) ਮੋਗਾ ਦੀ ਯੋਗ ਅਗਵਾਈ ਤਹਿਤ ਸ੍ਰੀ ਅਨਵਰ ਅਲੀ ਉੱਪ ਕਪਤਾਨ ਨਿਹਾਲ ਸਿੰਘ ਵਾਲਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇੰਸਪੈਕਟਰ ਗੁਰਮੇਲ ਸਿੰਘ ਮੁੱਖ ਅਫਸਰ ਥਾਣਾ ਬੱਧਨੀ ਕਲਾਂ ਵੱਲੋਂ ਭੈੜੇ ਪੁਰਸ਼ਾਂ ਖਿਲਾਫ ਚਲਾਈ ਗਈ ਮੁਹਿੰਮ ਤਹਿਤ ਏ ਐੱਸ ਆਈ ਗੁਰਪ੍ਰੀਤ ਸਿੰਘ ਮੋਗਾ ਨੇ ਸਮੇਤ ਪੁਲਿਸ ਪਾਰਟੀ ਗਸ਼ਤ ਦੌਰਾਨ ਮੁਲਜ਼ਮ ਹਰਪਿੰਦਰ ਸਿੰਘ ਉਰਫ ਸੋਨੀ ਪੁੱਤਰ ਪ੍ਰੀਤਮ ਸਿੰਘ ਵਾਸੀ ਦੌਧਰ ਗਰਬੀ ਤੇ ਗੁਰਵਿੰਦਰ ਸਿੰਘ ਉਰਫ ਗਿੱਟਾ ਪੁੱਤਰ ਬੂਟਾ ਸਿੰਘ ਵਾਸੀ ਬੱਧਨੀ ਕਲਾਂ ਜ਼ਿਲ੍ਹਾ ਮੋਗਾ ਨੂੰ ਪੁਲਸ ਪਾਰਟੀ ਦੀ ਮਦਦ ਨਾਲ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ 10 ਗ੍ਰਾਮ ਹੈਰੋਇਨ, 900 ਰੁਪਏ ਭਾਰਤੀ ਕਰੰਸੀ ਡਰੱਗ ਮਨੀ ਤੇ ਇੱਕ ਇਨੋਵਾ ਗੱਡੀ ਨੰਬਰੀ ਪੀ ਬੀ 29-ਨਿਊ 2151 ਬਰਾਮਦ ਕਰਕੇ ਮੁਕੱਦਮਾ ਥਾਣਾ ਬੱਧਨੀ ਕਲਾਂ ਵਿਖੇ ਦਰਜ ਕੀਤਾ ਗਿਆ।

## ਐਡਵੋਕੇਟ ਅਮਿਤ ਕੱਕੜ ਨੇ 15ਵੀਂ ਵਾਰ ਕੀਤਾ ਖ਼ੂਨ ਦਾਨ



**ਜਲਾਲਾਬਾਦ (ਪਰਮਜੀਤ ਢਾਬਾਂ)**-ਜਲਾਲਾਬਾਦ ਵਿੱਚ ਗੁਰੂ ਕਾ ਲੰਗਰ ਸੇਵਾ ਸੁਸਾਇਟੀ ਤੇ ਸੇਵਾ ਭਾਰਤੀ ਵੱਲੋਂ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਆਪਣੇ ਸੇਵਾ ਦੇ ਕੰਮਾਂ ਨੂੰ ਜਾਰੀ ਰੱਖਦੇ ਹੋਏ ਗੁਰਦੁਆਰਾ ਸਿੰਘ ਸਭਾ ਵਿਖੇ ਵਿਸ਼ਾਲ ਖੂਨ ਦਾਨ ਕੈਂਪ ਲਗਾਇਆ ਗਿਆ, ਜਿਸ ਵਿੱਚ ਲੋਕਾਂ ਵੱਲੋਂ ਵੱਧ ਚੜ੍ਹ ਕੇ ਹਿੱਸਾ ਲਿਆ ਗਿਆ।ਇਸ ਕੈਂਪ ਵਿੱਚ ਐਡਵੋਕੇਟ ਅਮਿਤ ਕੱਕੜ ਨੇ ਵੀ ਹਿੱਸਾ ਲਿਆ ਤੇ ਖੂਨ ਦਾਨ ਕੀਤਾ।ਐਡਵੋਕੇਟ ਅਮਿਤ ਕੱਕੜ ਨੇ ਦੱਸਿਆ ਕਿ ਉਨ੍ਹਾਂ ਨੇ ਇਸ ਵਾਰ 15ਵੀਂ ਵਾਰ ਖੂਨ ਦਾਨ ਕੀਤਾ ਹੈ।ਐਡਵੋਕੇਟ ਕੱਕੜ ਨੇ ਕਿਹਾ ਕਿ ਖੂਨ ਦਾਨ ਮਹਾਂ ਦਾਨ ਹੈ।ਸਾਡਾ ਦਾਨ ਕੀਤਾ ਖੂਨ ਕਿਸੇ ਮਰੀਜ਼ ਦੀ ਜਾਨ ਬਚਾ ਲੈਂਦਾ ਹੈ।ਇਸ ਲਈ ਉਨ੍ਹਾਂ ਨੇ ਲੋਕਾਂ ਨੂੰ ਵੀ ਅਪੀਲ ਕਰਦੇ ਹੋਏ ਕਿਹਾ ਕਿ ਹਰ ਇਕ ਵਿਅਕਤੀ ਨੂੰ ਖੂਨ ਦਾਨ ਕਰਨਾ ਚਾਹੀਦਾ ਹੈ।ਇਸ ਮੌਕੇ ਸੰਸਥਾ ਵੱਲੋਂ ਐਡਵੋਕੇਟ ਕੱਕੜ ਨੂੰ ਮੈਡਲ ਪਾ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਐਡਵੋਕੇਟ ਸੂਰਜ ਕਾਠਪਾਲ, ਸੰਗਮ ਨਾਮਧਾਰੀ, ਸੁਰਜੀਤ ਸਿੰਘ, ਕੇਵਲ ਜੀ, ਕਪਿਲ ਨਾਗਪਾਲ ਤੇ ਹੋਰ ਹਾਜ਼ਰ ਸਨ।

## ਅਹਿਮਦਪੁਰ ਵਿਖੇ ਲਗਾਇਆ ਖ਼ੂਨਦਾਨ ਕੈਂਪ



**ਬੁਢਲਾਡਾ (ਅਸ਼ੋਕ ਲਾਕੜਾ)**-ਇਲਾਕੇ ਦੀ ਸਮਾਜ ਸੇਵੀ ਸੰਸਥਾ ਨੇਕੀ ਫਾਊਂਡੇਸ਼ਨ ਬੁਢਲਾਡਾ ਵੱਲੋਂ ਭਾਈ ਘਨ੍ਹੱਈਆ ਲੋਕ ਸੇਵਾ ਕਲੱਬ ਦੇ ਸਹਿਯੋਗ ਨਾਲ ਬਾਬਾ ਕੇਸਰ ਦਾਸ ਜੀ ਦੀ ਰਹਿਨੁਮਾਈ ਹੇਠ ਡੇਰਾ ਬਾਬਾ ਕਿਸ਼ੋਰ ਦਾਸ ਜੀ ਵਿਖੇ ਸਿਵਲ ਬਲੱਡ ਸੈਂਟਰ ਮਾਨਸਾ ਦਾ ਖੂਨਦਾਨ ਕੈਂਪ ਲਗਾਇਆ ਗਿਆ, ਜਿੱਥੇ 40 ਖੂਨਦਾਨੀਆਂ ਨੇ ਬੜੇ ਹੀ ਉਤਸ਼ਾਹ ਨਾਲ ਖੂਨ ਦਾਨ ਕੀਤਾ, ਜਿਸ ਵਿੱਚ ਵੀਰਇੰਦਰ ਸਿੰਘ ਦਲਿਓ ਅਹਿਮਦਪੁਰ ਨੇ ਨੌਵੀਂ ਵਾਰ ਖੂਨ ਦਾਨ ਦਿੱਤਾ।ਇਸ ਮੌਕੇ ਕਲੱਬ ਪ੍ਰਧਾਨ ਹਰਵਿੰਦਰ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਆਦਾਤਰ ਖੂਨਦਾਨੀ ਪਹਿਲੀ ਵਾਰ ਖੂਨ ਦਾਨ ਕਰਨ ਵਾਲੇ ਸਨ, ਜੋ ਇੱਕ ਚੰਗੀ ਗੱਲ ਹੈ।ਉਨ੍ਹਾਂ ਕਿਹਾ ਕਿ ਇਸ ਨਾਲ ਨੇਕੀ ਫਾਊਂਡੇਸ਼ਨ ਦੀ ਖੂਨਦਾਨ ਕਰਨ ਦੀ ਮੁਹਿੰਮ ਨੂੰ ਚੰਗਾ ਹੁੰਘਾਰਾ ਮਿਲਦਾ ਹੈ।ਇਸ ਮੌਕੇ ਸੰਸਥਾ ਵੱਲੋਂ ਸਾਰੇ ਖੂਨਦਾਨੀਆਂ ਦਾ ਸਰਟੀਫਿਕੇਟ ਤੇ ਬੈਜ ਲਗਾ ਕੇ ਸਨਮਾਨ ਕੀਤਾ ਗਿਆ।ਇਸ ਮੌਕੇ ਸੁਨੇਹਾ ਮੰਗਲਾ ਦੀ ਟੀਮ, ਬਾਬਾ ਕਿਸ਼ੋਰ ਦਾਸ ਪ੍ਰਬੰਧਕ ਕਮੇਟੀ, ਗ੍ਰਾਮ ਪੰਚਾਇਤ ਤੇ ਖਜ਼ਾਨਚੀ ਗੁਰਜੰਟ ਸਿੰਘ, ਮੇਵਾ ਸਿੰਘ, ਜਸਵਿੰਦਰ ਸ਼ਰਮਾ, ਬਲਤੇਜ ਦਲਿਓ, ਲਾਲੀ ਰੰਧਾਵਾ, ਨਿੱਕਾ ਸਿੰਘ, ਜੱਗਰ ਸਿੰਘ ਸਮੇਤ ਸਮੂਹ ਪਿੰਡ ਵਾਸੀ ਹਾਜ਼ਰ ਸਨ।

## ਡੀ ਸੀ ਵੱਲੋਂ ਸ਼ਹਿਰ 'ਚ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਦਾ ਦੌਰਾ

### ਨਗਰ ਕੌਂਸਲ ਅਧਿਕਾਰੀਆਂ ਨੂੰ ਸ਼ਹਿਰ ਦੀ ਸਾਫ-ਸਫਾਈ ਵੱਲ ਵਿਸ਼ੇਸ਼ ਧਿਆਨ ਦੇਣ ਦੀ ਹਦਾਇਤ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਵੱਲੋਂ ਫਰੀਦਕੋਟ ਸ਼ਹਿਰ ਵਿੱਚ ਚੱਲ ਰਹੇ ਵੱਖ ਵੱਖ ਵਿਕਾਸ ਪ੍ਰੋਜੈਕਟਾਂ ਦਾ ਦੌਰਾ ਕੀਤਾ ਗਿਆ ਤੇ ਅਧਿਕਾਰੀਆਂ ਨੂੰ ਵਿਕਾਸ ਪ੍ਰੋਜੈਕਟ ਮਿੱਥੇ ਸਮੇਂ ਵਿੱਚ ਪੂਰਾ ਕਰਨ ਦੀ ਹਦਾਇਤ ਕੀਤੀ ਗਈ।ਡਿਪਟੀ ਕਮਿਸ਼ਨਰ ਵੱਲੋਂ ਤਲਵੰਡੀ ਰੋਡ ਤੇ ਬੀ.ਐੱਸ.ਐੱਫ. ਹੈੱਡਕੁਆਟਰ ਨਜ਼ਦੀਕ ਡਰੇਨ ਵਿਭਾਗ ਦੇ ਸੀਵਰੇਜ ਨਾਲ ਦਾ ਜਾਇਜ਼ਾ ਲਿਆ ਤੇ ਅਧਿਕਾਰੀਆਂ ਨੂੰ ਇਸ ਦੀ ਸਮੇਂ ਸਮੇਂ 'ਤੇ ਸਾਫ ਸਫਾਈ ਦੀ ਹਦਾਇਤ ਕੀਤੀ।ਉਨ੍ਹਾਂ ਤਲਵੰਡੀ ਰੋਡ 'ਤੇ ਸਰਹਿੰਦ ਨਹਿਰ 'ਤੇ ਬਣ ਰਹੇ ਪੁਲਾਂ ਦੀ ਪ੍ਰਗਤੀ ਦਾ ਵੀ ਜਾਇਜ਼ਾ ਲਿਆ।ਉਪਰੰਤ ਉਨ੍ਹਾਂ ਓਲਡ ਕੈਂਟ ਰੋਡ 'ਤੇ ਕੂੜਾ ਡੰਪ ਨੂੰ ਤੁਰੰਤ ਬੰਦ ਕਰਨ ਦੀ ਹਦਾਇਤ ਕੀਤੀ ਤੇ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਕਿਹਾ ਕਿ ਇਸ ਸਬੰਧੀ ਉੱਥੇ ਕੂੜਾ ਨਾ ਸੁੱਟਣ ਸਬੰਧੀ ਇਲਾਕਾ ਨਿਵਾਸੀਆਂ ਨੂੰ ਜਾਗਰੂਕ ਕੀਤਾ ਜਾਵੇ, ਜੇਕਰ ਫਿਰ ਵੀ ਕੋਈ ਕੂੜਾ ਸੁੱਟਦਾ ਪਾਇਆ ਜਾਂਦਾ ਹੈ ਤਾਂ ਉਸ ਨੂੰ ਜੁਰਮਾਨਾ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਨਗਰ ਕੌਂਸਲ ਦੇ ਕਾਮਿਆਂ ਵੱਲੋਂ ਰੇਹੜੀਆਂ ਰਾਹੀਂ ਹਰੇਕ ਗਲੀ ਮੁਹੱਲੇ, ਘਰ ਘਰ ਤੋਂ ਕੂੜਾ ਤੇ ਹੋਰ ਰਹਿੰਦ ਖੂੰਹਦ ਇੱਕਠਾ ਕੀਤਾ ਜਾਂਦਾ ਹੈ ਤੇ ਸਾਰੇ ਸ਼ਹਿਰ ਵਾਸੀ ਇੱਥੇ ਹੀ ਆਪਣਾ ਕੂੜਾ ਕਰਕਟ ਦੇਣ।

ਇਸ ਉਪਰੰਤ ਉਨ੍ਹਾਂ ਸਰਕੂਲਰ ਰੋਡ 'ਤੇ ਗਾਂਧੀ ਸਕੂਲ ਕੋਲ ਬਣ ਰਹੇ ਟਰੈਕ ਦੀ ਸਾਫ ਸਫਾਈ ਤੇ ਉੱਥੇ ਪਏ ਮਲਬੇ ਨੂੰ ਵੀ ਤੁਰੰਤ ਹਟਾਉਣ ਦੇ ਆਦੇਸ਼ ਦਿੱਤੇ।ਉਨ੍ਹਾਂ ਦਰਬਾਰ ਗੰਜ ਦਾ ਵੀ ਦੌਰਾ ਕੀਤਾ ਤੇ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਕਿਹਾ ਕਿ ਦਰਬਾਰ ਗੰਜ ਦੀ ਦਿੱਖ ਸੰਵਾਰਨ ਲਈ ਉਪਰਾਲੇ ਕੀਤੇ ਜਾਣ ਤੇ ਖਾਲੀ ਪਈਆਂ ਥਾਵਾਂ ਦੀ ਵੀ ਸਾਫ ਸਫਾਈ ਕੀਤੀ ਜਾਵੇ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਦਰਬਾਰ ਗੰਜ ਦੀਆਂ ਸੜਕਾਂ ਦੀ ਮੁਰੰਮਤ ਲਈ ਜਲਦੀ ਹੀ 50 ਲੱਖ ਰੁਪਏ ਦੇ ਕਰੀਬ ਰਾਸ਼ੀ ਖਰਚ ਕੀਤੀ ਜਾਵੇਗੀ।ਇਸ ਮੌਕੇ ਨਗਰ ਕੌਂਸਲ ਫਰੀਦਕੋਟ ਤੋਂ ਇਲਾਵਾ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

## ਥਾਣਾ ਝੁਨੀਰ ਅੱਗੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਧਰਨਾ ਅੱਜ

**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਆਗੂ ਸਰਕਾਰੀ ਹਸਪਤਾਲ ਵਿੱਚ ਜ਼ੇਰੇ ਇਲਾਜ ਜਗਸੀਰ ਸਿੰਘ ਝੁਨੀਰ ਦਾ ਹਾਲਚਾਲ ਪੁੱਛਣ ਲਈ ਪਹੁੰਚੇ। ਪ੍ਰੈੱਸ ਬਿਆਨ ਜਾਰੀ ਕਰਦਿਆਂ ਜ਼ਿਲ੍ਹਾ ਜਨਰਲ ਸਕੱਤਰ ਪੰਜਾਬ ਸਿੰਘ ਅਕਲੀਆ, ਪ੍ਰੈੱਸ ਸਕੱਤਰ ਨਰਿੰਦਰ ਕੌਰ ਬੁਰਜ ਹਮੀਰਾ ਨੇ ਦੱਸਿਆ ਕਿ ਪਿਛਲੇ ਦਿਨੀਂ ਪਿੰਡ ਵਿੱਚ ਸ਼ਰੇਆਮ ਵਿਕ ਰਹੇ ਨਸ਼ੇ ਖਿਲਾਫ਼ ਬਲਾਕ ਆਗੂ ਜਗਸੀਰ ਸਿੰਘ ਨੇ ਜਦੋਂ ਆਵਾਜ਼ ਬੁਲੰਦ ਕੀਤੀ ਤਾਂ ਨਸ਼ਾ ਵੇਚਣ ਵਾਲਿਆਂ ਦੀ ਟੀਮ ਨੇ ਮਾਰ ਦੇਣ ਦੀ ਨੀਅਤ ਨਾਲ ਜਗਸੀਰ ਸਿੰਘ ਦੇ ਘਰ 'ਤੇ ਹਮਲਾ ਕਰਕੇ ਉਸ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ, ਜਿਸ 'ਤੇ ਪੰਜਾਬ ਕਿਸਾਨ ਯੂਨੀਅਨ ਨੇ ਸਖ਼ਤ ਨੋਟਿਸ ਲਿਆ।

ਇਸ ਸਮੇਂ ਬਲਾਕ ਜਨਰਲ ਸਕੱਤਰ ਤਰਸੇਮ ਸਿੰਘ ਤਲਵੰਡੀ ਅਕਲੀਆ, ਬਲਾਕ ਆਗੂ ਲਾਭ ਸਿੰਘ, ਪਿੰਡ ਇਕਾਈ ਆਗੂ ਕਰਨੈਲ ਸਿੰਘ ਨੇ ਕਿਹਾ ਕਿ ਜੇਕਰ ਪੁਲਸ ਪ੍ਰਸ਼ਾਸਨ ਨੇ ਜਥੇਬੰਦੀ ਦੀ ਮੰਗ 'ਤੇ ਜਲਦ ਗੌਰ ਨਹੀਂ ਕੀਤੀ ਤਾਂ 8 ਅਪ੍ਰੈਲ ਨੂੰ ਥਾਣਾ ਝੁਨੀਰ ਅੱਗੇ ਬਣਦੀ ਕਾਰਵਾਈ ਕਰਵਾਉਣ ਲਈ ਰੋਸ ਧਰਨਾ ਦਿੱਤਾ ਜਾਵੇਗਾ।

## ਇੱਕੋ ਪਰਵਾਰ ਦੇ ਤਿੰਨ ਭੈਣ-ਭਰਾਵਾਂ ਨੇ ਸਰਕਾਰੀ ਅਧਿਆਪਕ ਬਣ ਕੇ ਕੀਤੀ ਮਿਸਾਲ ਕਾਇਮ



**ਬਰੇਟਾ (ਰੀਤਵਾਲ)**-ਨਜ਼ਦੀਕੀ ਪੈਂਦੇ ਪਿੰਡ ਅਕਬਰਪੁਰ ਖੁਡਾਲ ਦੇ ਤਿੰਨ ਭੈਣ ਭਰਾਵਾਂ, ਜਿਨ੍ਹਾਂ ਵਿੱਚ ਬਲਵਿੰਦਰ ਸਿੰਘ, ਗਗਨਦੀਪ ਸਿੰਘ ਤੇ ਰਾਜਿੰਦਰ ਕੌਰ ਨੇ ਅਧਿਆਪਨ ਖੇਤਰ ਵਿੱਚ ਨੌਕਰੀ ਪ੍ਰਾਪਤ ਕਰਕੇ ਇੱਕ ਨਵੀਂ ਮਿਸਾਲ ਕਾਇਮ ਕੀਤੀ ਹੈ।ਜ਼ਿਕਰਯੋਗ ਹੈ ਕਿ ਬਲਵਿੰਦਰ ਸਿੰਘ ਨੂੰ ਭਰਤੀ 6635 ਤੇ 2364 ਵਿੱਚ, ਰਜਿੰਦਰ ਕੌਰ ਨੂੰ 2364 ਤੇ 5994 ਵਿੱਚ ਅਤੇ ਗਗਨਦੀਪ ਸਿੰਘ ਨੂੰ 5994 ਅਧਿਆਪਕ ਭਰਤੀ ਵਿੱਚ ਮੈਰਿਟ ਵਿੱਚ ਆ ਕੇ ਪਹਿਲੀਆਂ ਲਿਸਟਾਂ ਵਿੱਚ ਨਿਯੁਕਤੀ ਪੱਤਰ ਪ੍ਰਾਪਤ ਕਰਨ ਵਿੱਚ ਸਫ਼ਲਤਾ ਪ੍ਰਾਪਤ ਹੋਈ ਹੈ।ਇਨ੍ਹਾਂ ਅਧਿਆਪਕਾਂ ਨੂੰ ਉਚੇਚੇ ਤੌਰ 'ਤੇ ਸਨਮਾਨਤ ਕਰਨ ਲਈ ਹਲਕੇ ਦੇ ਐੱਮ ਐੱਲ ਏ ਪ੍ਰਿੰਸੀਪਲ ਬੁੱਧ ਰਾਮ ਆਪਣੀ ਆਮ ਆਦਮੀ ਪਾਰਟੀ ਦੀ ਟੀਮ ਸਮੇਤ ਉਨ੍ਹਾਂ ਦੇ ਘਰ ਪਹੁੰਚੇ।ਪਰਵਾਰ ਨੂੰ ਵਧਾਈ ਦਿੰਦਿਆਂ ਹਲਕਾ ਵਿਧਾਇਕ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਪੰਜਾਬ ਵਿੱਚ ਸਿੱਖਿਆ ਕ੍ਰਾਂਤੀ ਦੇ ਮੱਦੇਨਜ਼ਰ ਵੱਡੀ ਗਿਣਤੀ ਵਿੱਚ ਅਧਿਆਪਕਾਂ ਦੀ ਭਰਤੀ ਕੀਤੀ ਜਾ ਰਹੀ ਹੈ, ਜਿਸ ਨਾਲ ਪੰਜਾਬ ਵਿਕਾਸ ਦੀ ਤਰੱਕੀ ਵੱਲ ਵਧੇਗਾ।

ਉਨ੍ਹਾਂ ਇਸ ਮੌਕੇ ਪਿੰਕੀ ਕੌਰ ਪੁੱਤਰੀ ਮੋਹਣ ਸਿੰਘ ਦੇ ਅਧਿਆਪਕਾ ਬਣਨ ਅਤੇ ਅਵਤਾਰ ਸਿੰਘ ਪੁੱਤਰ ਲਾਭ ਸਿੰਘ ਦਾ ਪੰਜਾਬ ਪੁਲਸ ਵਿੱਚ ਭਰਤੀ ਹੋਣ 'ਤੇ ਉਨ੍ਹਾਂ ਦਾ ਵੀ ਸਨਮਾਨ ਕੀਤਾ।ਪ੍ਰੋਗਰਾਮ ਦੌਰਾਨ ਪਿੰਡ ਦੇ ਨੌਜਵਾਨਾਂ ਵੱਲੋਂ ਪ੍ਰਾਪਤ ਕੀਤੀਆਂ ਨੌਕਰੀਆਂ ਦਾ ਜ਼ਿਕਰ ਵੀ ਕੀਤਾ ਗਿਆ।ਆਮ ਆਦਮੀ ਪਾਰਟੀ ਦੀ ਸਰਕਾਰ ਦੌਰਾਨ 25 ਦੇ ਕਰੀਬ ਨੌਜਵਾਨ ਰੋਜ਼ਗਾਰ ਪ੍ਰਾਪਤ ਕਰ ਚੁੱਕੇ ਹਨ।ਪਿੰਡ ਦੀ ਸਰਪੰਚ ਪਰਵੀਨ ਕੌਰ ਤੇ ਸਮੂਹ ਗ੍ਰਾਮ ਪੰਚਾਇਤ ਨੇ ਕਿਹਾ ਕਿ ਬੱਚਿਆਂ ਦੀ ਇਸ ਪ੍ਰਾਪਤੀ ਨੇ ਪਿੰਡ ਦੇ ਹੋਰ ਪੜ੍ਹ ਰਹੇ ਵਿਦਿਆਰਥੀਆਂ ਨੂੰ ਅਗਾਂਹ-ਵਧੂ ਸੋਚ ਦਾ ਸੁਨੇਹਾ ਦਿੱਤਾ ਹੈ ਅਤੇ ਇਹ ਪੂਰੇ ਪਿੰਡ ਲਈ ਮਾਣ ਵਾਲੀ ਗੱਲ ਹੈ।ਇਸ ਮੌਕੇ ਬੱਚਿਆਂ ਦੇ ਮਾਪੇ ਰਾਜ ਕੁਮਾਰ ਤੇ ਮਾਤਾ ਪਰਮਜੀਤ ਕੌਰ ਵੱਲੋਂ ਪੰਜਾਬ ਸਰਕਾਰ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਤੇ ਹਲਕਾ ਵਿਧਾਇਕ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ। ਇਸ ਮੌਕੇ ਪਾਰਟੀ ਆਗੂ ਜ਼ਿਲ੍ਹਾ ਯੂਥ ਵਾਈਸ ਪ੍ਰਧਾਨ ਖੁਸ਼ੀ ਰਾਮ ਸ਼ਰਮਾ, ਪਿੰਡ ਪ੍ਰਧਾਨ ਜੀਤੀ ਖਾਨ, ਬਲਾਕ ਪ੍ਰਧਾਨ ਕੁਲਵਿੰਦਰ ਸਿੰਘ, ਕੇਵਲ ਸ਼ਰਮਾ ਸ਼ਹਿਰੀ ਪ੍ਰਧਾਨ, ਮਾਸਟਰ ਜਸਵੀਰ ਸਿੰਘ ਖੁਡਾਲ, ਅਲੀ ਖਾਨ ਖੁਡਾਲ, ਮੁੱਖ ਅਧਿਆਪਕ ਅਮਨਦੀਪ ਕੁਮਾਰ, ਸਰਪੰਚ ਅਵਤਾਰ ਸਿੰਘ ਸੇਖੂਪੁਰ ਖੁਡਾਲ, ਅਮਰੀਕ ਸਿੰਘ ਸਰਪੰਚ ਖੁਡਾਲ ਕਲਾਂ, ਸਾਬਕਾ ਸਰਪੰਚ ਦਰਸ਼ਨ ਸਿੰਘ, ਸਤਿਗੁਰ ਸਿੰਘ, ਤਰਸੇਮ ਸਿੰਘ, ਭੋਲਾ ਸਿੰਘ, ਮੈਂਬਰ ਤੇ ਪਿੰਡ ਦੇ ਹੋਰ ਪਤਵੰਤੇ ਸੱਜਣ ਸ਼ਾਮਲ ਸਨ।

## ਬਾਬਾ ਬਾਲਕ ਨਾਥ ਦਾ ਜਾਗਰਣ ਕਰਵਾਇਆ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਸ੍ਰੀ ਸਿੱਧ ਬਾਬਾ ਬਾਲਕ ਨਾਥ ਸੇਵਾ ਸੰਮਤੀ ਧੂਰੀ ਦੇ ਪ੍ਰਬੰਧਕ ਭਗਤ ਸ੍ਰੀ ਸੁਸ਼ੀਲ ਕੁਮਾਰ ਦੀ ਅਗਵਾਈ ਹੇਠ ਸਥਾਨਕ ਸ੍ਰੀ ਸਨਾਤਨ ਧਰਮ ਸਭਾ ਆਸ਼ਰਮ ਵਿਖੇ ਬਾਬਾ ਬਾਲਕ ਨਾਥ ਜੀ ਦਾ ਵਿਸ਼ਾਲ ਜਾਗਰਣ ਕਰਵਾਇਆ ਗਿਆ।ਇਸ ਮੌਕੇ ਪੰਜਾਬ ਯੂਥ ਕਾਂਗਰਸ ਦੇ ਆਗੂ ਸ਼ੁਭਮ ਸ਼ਰਮਾ ਜੋਤੀ ਪ੍ਰਚੰਡ ਦੀ ਰਸਮ ਅਦਾ ਕੀਤੀ, ਜਦਕਿ ਰਾਜੀਵ ਕੁਮਾਰ ਗਣੇਸ਼ ਪੂਜਣ ਕਰਨਗੇ ਤੇ ਸੇਠੀ ਮਿੱਤਲ ਪਟਿਆਲਾ ਨੇ ਝੰਡਾ ਤੇ ਝੋਲੀ ਦੀ ਰਸਮ ਅਦਾ ਕੀਤੀ।ਇਸ ਮੌਕੇ ਗੌਰਵ ਭਾਰਦਵਾਜ, ਕਰਨ ਬੇਦੀ ਨੇ ਬਾਬਾ ਜੀ ਦਾ ਗੁਣਗਾਣ ਕਰਦਿਆਂ ਲੋਕਾਂ ਨੂੰ ਲੋਕਾਈ ਤੇ ਧਰਮ ਦੀ ਸੇਵਾ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।ਇਸ ਮੌਕੇ ਵਪਾਰ ਮੰਡਲ ਦੇ ਪ੍ਰਧਾਨ ਵਿਕਾਸ ਜੈਨ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਸੰਦੀਪ ਤਾਇਲ, ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਸੁਖਜਿੰਦਰ ਸਿੰਘ ਢੀਂਡਸਾ, ਸੀਨੀਅਰ ਐਡਵੋਕੇਟ ਭੂਸ਼ਨ ਕੁਮਾਰ ਗਰਗ, ਇੰਡਸਟਰੀ ਚੈਂਬਰ ਧੂਰੀ ਦੇ ਸਕੱਤਰ ਰਿੰਕੂ ਗਰਗ, ਜਨਕ ਰਾਜ ਆਦਿ ਹਾਜ਼ਰ ਸਨ।ਇਸ ਮੌਕੇ ਅਤੁੱਟ ਲੰਗਰ ਵੀ ਵਰਤਾਇਆ ਗਿਆ।

## ਮੁਕਤੀਸਰ ਵੈੱਲਫੇਅਰ ਕਲੱਬ ਵੱਲੋਂ ਅੱਖਾਂ ਦਾ ਮੁਫ਼ਤ ਚੈੱਕਅੱਪ ਤੇ ਅਪ੍ਰੇਸ਼ਨ ਕੈਂਪ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਸਮਾਜ ਸੇਵਾ ਦੇ ਖੇਤਰ ਵਿੱਚ ਪਿਛਲੇ ਕਈ ਸਾਲਾਂ ਤੋਂ ਸ਼ਲਾਘਾਯੋਗ ਕੰਮ ਕਰ ਰਹੀ ਮੁਕਤੀਸਰ ਵੈੱਲਫੇਅਰ ਕਲੱਬ ਵੱਲੋਂ ਗ੍ਰਾਮ ਪੰਚਾਇਤ ਪਿੰਡ ਰੁਪਾਣਾ ਦੇ ਸਹਿਯੋਗ ਨਾਲ ਗੁਰਦੁਆਰਾ ਗੁਰੂਸਰ ਸਾਹਿਬ ਵਿਖੇ ਅੱਖਾਂ ਦਾ ਵਿਸ਼ਾਲ ਮੁਫ਼ਤ ਚੈੱਕਅਪ ਤੇ ਆਪ੍ਰੇਨ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਮੁੱਖ ਮਹਿਮਾਨ ਕੈਬਨਿਟ ਮੰਤਰੀ ਪੰਜਾਬ ਡਾਕਟਰ ਬਲਜੀਤ ਕੌਰ ਵਿਸ਼ੇਸ਼ ਤੌਰ 'ਤੇ ਪਹੁੰਚੇ ਤੇ ਉਨ੍ਹਾਂ ਨੇ ਮਰੀਜ਼ਾਂ ਦੀਆਂ ਅੱਖਾਂ ਦਾ ਚੈੱਕਅਪ ਕੀਤਾ। ਇਸ ਦੌਰਾਨ ਉਨ੍ਹਾਂ ਨਾਲ ਸਿਹਤ ਵਿਭਾਗ ਦੀ ਟੀਮ ਤੋਂ ਡਾਕਟਰ ਹਰਸ਼ਪ੍ਰੀਤ ਕੌਰ ਮਹਿੰਦਰਾ, ਡਾਕਟਰ ਏਕਤਾ ਸਿਆਲ ਆਦਿ ਹਾਜ਼ਰ ਸਨ। ਮੁਕਤੀਸਰ ਵੈੱਲਫੇਅਰ ਕਲੱਬ ਤੇ ਰੁਪਾਣਾ ਪਿੰਡ ਦੇ ਸਰਪੰਚ ਰਵਿੰਦਰ ਸਿੰਘ ਨੇ ਕੈਬਨਿਟ ਮੰਤਰੀ ਨੂੰ ਜੀ ਆਇਆਂ ਕਿਹਾ। ਇਸ ਦੌਰਾਨ ਕੈਂਪ ਵਿੱਚ 700 ਤੋਂ ਵੱਧ ਮਰੀਜ਼ਾਂ ਨੇ ਆਪਣੀਆਂ ਅੱਖਾਂ ਦਾ ਚੈੱਕਅਪ ਕਰਵਾਇਆ, ਜਿਨ੍ਹਾਂ ਵਿੱਚੋਂ 100 ਤੋਂ ਵੱਧ ਮਰੀਜ਼ ਆਪ੍ਰੇਸ਼ਨ ਲਈ ਚੁਣੇ ਗਏ। ਇਨ੍ਹਾਂ ਦਾ ਓਪਰੇਸ਼ਨ ਫਰੀਦਕੋਟ ਤੇ ਮੁਕਤਸਰ ਦੇ ਸਰਕਾਰੀ ਹਸਪਤਾਲ ਵਿਖੇ ਹੋਵੇਗਾ। ਇਸ ਸਬੰਧੀ ਸਟੇਜ ਦੀ ਭੂਮਿਕਾ ਹੈਲਥ ਇੰਸਪੈਕਟਰ ਲਾਲ ਚੰਦ ਨੇ ਨਿਭਾਈ। ਸੰਸਥਾ ਵੱਲੋਂ ਇਸ ਮੌਕੇ 700 ਤੋਂ ਵੱਧ ਐਨਕਾਂ ਤੇ 3000 ਤੋਂ ਵੱਧ ਆਈ ਡਰੋਪਸ ਵੰਡੇ ਗਏ। ਇਸ ਮੌਕੇ ਮੁੱਖ ਮਹਿਮਾਨ ਕੈਬਨਿਟ ਮੰਤਰੀ ਡਾਕਟਰ ਬਲਜੀਤ ਕੌਰ ਨੇ ਸੰਬੋਧਤ ਕਰਦੇ ਕਿਹਾ ਕਿ ਸੰਸਥਾ ਤੇ ਗ੍ਰਾਮ ਪੰਚਾਇਤ ਰੁਪਾਣਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਐਡੇ ਵੱਡੇ ਪੱਧਰ 'ਤੇ ਕੈਂਪ ਦਾ ਪ੍ਰਬੰਧ ਕਰਨਾ ਤੇ ਹਰੇਕ ਮਰੀਜ਼ ਨੂੰ ਦਵਾਈਆਂ ਤੇ ਐਨਕਾਂ ਮੁਹਈਆ ਕਰਵਾਉਣੀਆਂ ਬਹੁਤ ਹੀ ਨੇਕ ਉਪਰਾਲਾ ਹੈ। ਇਸ ਦੌਰਾਨ ਸੈਂਟਰ ਸਹਾਰਾ ਕਾਲਜ ਨਰਸਿੰਗ ਦੇ ਵਿਦਿਆਰਥੀਆਂ ਨੇ ਆਪਣੀ ਡਿਊਟੀ ਬਾਖੂਬੀ ਨਿਭਾਈ।

ਇਸ ਕੈਂਪ ਵਿੱਚ ਸਹਿਯੋਗ ਦੇਣ ਵਾਲੇ ਵਿਅਕਤੀ ਸ਼ੇਖਰ ਬਾਂਸਲ, ਸੁਧੀਰ ਜੱਗਾ, ਨਰਸਿੰਗ ਕਾਲਜ ਦੇ ਵਿਦਿਆਰਥੀ ਅਤੇ ਸੁਖਮਨੀ ਸੇਵਾ ਸੋਸਾਇਟੀ, ਗ੍ਰਾਮ ਪੰਚਾਇਤ ਰੁਪਾਣਾ ਦੀਆਂ ਟੀਮਾਂ ਨੂੰ ਸਨਮਾਨਤ ਕੀਤਾ ਗਿਆ।

## ਦਿੱਲੀ ਪਬਲਿਕ ਸਕੂਲ ਨੇ ਪਹਿਲਾ ਸਾਲਾਨਾ ਦਿਵਸ ਮਨਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਸਾਹਿਬ ਵਿਖੇ ਦਿੱਲੀ ਪਬਲਿਕ ਸਕੂਲ ਕੇ ਜੀ ਨੇ ਆਪਣਾ ਪਹਿਲਾ ਸਾਲਾਨਾ ਦਿਵਸ ਮਨਾਇਆ, ਜਿਸ ਵਿਚ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੇ ਵੱਧ ਚੜ੍ਹ ਕੇ ਸ਼ਮੂਲੀਅਤ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਸ਼ਮ੍ਹਾਂ ਰੌਸ਼ਨ ਕਰਕੇ ਕੀਤੀ ਗਈ, ਉਪਰੰਤ ਪਲੇਅ-ਵੇਅ ਦੇ ਨੰਨ੍ਹੇ-ਮੁੰਨੇ ਬੱਚਿਆਂ ਵੱਲੋਂ ਪੇਸ਼ ਕੀਤੇ ਗਏ ਸਵਾਗਤੀ ਡਾਂਸ ਨੇ ਸਾਰੇ ਦਰਸ਼ਕਾਂ ਦਾ ਮਨ ਮੋਹ ਲਿਆ। ਮੁੱਖ ਅਧਿਆਪਕਾ ਸੋਨੀਆ ਸ਼ਰਮਾ ਨੇ ਸਕੂਲ ਦੀ ਰਿਪੋਰਟ ਪੜ੍ਹੀ ਤੇ ਮਾਪਿਆਂ ਨੂੰ ਸਕੂਲ ਵਿੱਚ 2024-25 ਦੌਰਾਨ ਕਰਵਾਏ ਗਏ ਸਮਾਗਮਾਂ ਤੇ ਗਤੀਵਿਧੀਆਂ ਬਾਰੇ ਜਾਣੂ ਕਰਵਾਇਆ। ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਏ. ਐੱਸ. ਕਾਲਜ ਖੰਨਾ ਦੇ ਰਵਿੰਦਰਜੀਤ ਸਿੰਘ, ਐਸੋਸੀਏਟ ਪ੍ਰੋਫੈਸਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਸੰਬੋਧਨ ਕਰਦਿਆਂ ਕਿਹਾ ਕਿ ਵਿੱਦਿਆ ਦਾ ਮਤਲਬ ਸਿਰਫ਼ ਵਿਸ਼ੇ ਸਿੱਖਣਾ ਨਹੀਂ ਹੈ, ਸਗੋਂ ਆਪਣੀ ਜ਼ਿੰਦਗੀ ਨੂੰ ਖ਼ੁਸ਼ੀ ਨਾਲ ਜਿਊਣਾ ਦਾ ਤਰੀਕਾ ਹੈ। ਉਨ੍ਹਾਂ ਮਾਪਿਆਂ ਨੂੰ ਸਲਾਹ ਦਿੱਤੀ ਕਿ ਉਹ ਆਪਣੇ ਬੱਚਿਆਂ ਨਾਲ ਜ਼ਿਆਦਾ ਤੋਂ ਜ਼ਿਆਦਾ ਸਮਾਂ ਬਤੀਤ ਕਰਨ ਅਤੇ ਉਨ੍ਹਾਂ ਨੂੰ ਕੁਦਰਤ ਤੇ ਇਸ ਦੀ ਬਖਸ਼ਿਸ਼ ਦੇ ਨੇੜੇ ਰੱਖਣ। ਪਲੇਅ-ਵੇਅ ਦੇ ਖਿੜੇ ਹੋਏ ਬੱਚਿਆਂ ਨੇ ਡਿਜ਼ਨੀ ਦੇ ਵੱਖ-ਵੱਖ ਕਿਰਦਾਰਾਂ ਨੂੰ ਦਰਸਾਉਂਦੇ ਆਪਣੇ ਸ਼ਾਨਦਾਰ ਡਾਂਸ ਪ੍ਰਦਰਸ਼ਨ ਦਾ ਦਰਸ਼ਕਾਂ ਨੇ ਖ਼ੂਬ ਆਨੰਦ ਮਾਣਿਆ। ਪ੍ਰੀ-ਨਰਸਰੀ ਦੇ ਛੋਟੇ ਬੱਚਿਆਂ ਨੇ ਆਪਣੇ ਸ਼ਾਨਦਾਰ ਨਾਟਕ 'ਨੇਵਰ ਗਿਵ ਅਪ' ਨਾਲ ਸਟੇਜ 'ਤੇ ਧਮਾਲ ਮਚਾ ਦਿੱਤੀ ਅਤੇ 'ਬੈਟਰ ਵੇਨ ਆਈ ਐੱਮ ਡਾਂਸਿੰਗ' ਦੀ ਪੇਸ਼ਕਾਰੀ ਦਿੱਤੀ। ਸਕੂਲ ਮੈਨੇਜਮੈਂਟ ਵੱਲੋਂ ਕਰਵਾਏ ਗਏ ਕੱਠਪੁਤਲੀ ਦੇ ਸ਼ੋਅ ਦਾ ਵਿਦਿਆਰਥੀਆਂ ਨੇ ਤਾੜੀਆਂ ਵਜਾ ਕੇ ਆਨੰਦ ਮਾਣਿਆ। ਸਕੂਲ ਚੇਅਰਮੈਨ ਡੀ. ਐੱਸ. ਬੈਂਸ ਤੇ ਵਾਈਸ ਚੇਅਰਪਰਸਨ ਅਨੂੰ ਬੈਂਸ ਨੇ ਆਪਣੇ ਭਾਸ਼ਣ ਵਿੱਚ ਬੱਚਿਆਂ ਨੂੰ ਸਹੀ ਸਿੱਖਿਆ ਦੇਣ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸ਼ੁਰੂਆਤੀ ਸਾਲ ਬੱਚੇ ਦੇ ਜੀਵਨ ਵਿੱਚ ਸਭ ਤੋਂ ਮਹੱਤਵਪੂਰਨ ਸਮਾਂ ਹੁੰਦੇ ਹਨ, ਕਿਉਂਕਿ ਇਸ ਸਮੇਂ ਦੌਰਾਨ ਜ਼ਿਆਦਾਤਰ ਮਾਨਸਿਕ ਵਿਕਾਸ ਹੁੰਦਾ ਹੈ। ਉਨ੍ਹਾਂ ਕਿਹਾ ਕਿ ਡੀ.ਪੀ.ਐੱਸ. ਕੇ ਜੀ ਵਿੱਚ ਬੱਚੇ ਆਪਣੇ ਸਰਵਪੱਖੀ ਵਿਕਾਸ ਲਈ ਰੋਲ ਪਲੇਅ, ਸੰਗੀਤ, ਡਾਂਸ ਤੇ ਕਵਿਤਾਵਾਂ ਰਾਹੀਂ ਸਿੱਖਦੇ ਹਨ। ਸਮਾਗਮ ਦੀ ਸਮਾਪਤੀ ਰਾਸ਼ਟਰੀ ਗੀਤ ਦੇ ਗਾਇਨ ਨਾਲ ਹੋਈ। ਸੰਪਾਦਕੀ ਬੋਰਡ ਮੈਂਬਰ ਕਨਵੀਰ ਕੌਰ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ।

## ਨਤੀਜਾ ਸ਼ਾਨਦਾਰ ਰਿਹਾ

**ਸਰਦੂਲਗੜ੍ਹ (ਅਵਤਾਰ ਜਟਾਣਾ)**

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਅੱਠਵੀਂ ਜਮਾਤ ਦੇ ਨਤੀਜਿਆਂ ਵਿੱਚੋਂ ਸਰਕਾਰੀ ਸੈਕੰਡਰੀ ਸਕੂਲ ਮੀਰਪੁਰ ਕਲਾਂ ਦਾ ਨਤੀਜਾ ਸੌ ਫੀਸਦੀ ਰਿਹਾ। ਅਧਿਆਪਕ ਜਗਸੀਰ ਸਿੰਘ ਨੇ ਦੱਸਿਆ ਕਿ ਸਾਡੇ ਸਕੂਲ ਦੇ ਸਾਰੇ 46 ਵਿਦਿਅਰਥੀਆਂ ਨੇ ਬਹੁਤ ਸੋਹਣੇ ਅੰਕਾਂ ਨਾਲ ਪ੍ਰੀਖਿਆ ਪਾਸ ਕੀਤੀ ਹੈ।ਉਨ੍ਹਾਂ ਦੱਸਿਆ ਕਿ ਹੁਸਨਦੀਪ ਕੌਰ ਪੁੱਤਰੀ ਬੂਟਾ ਸਿੰਘ ਨੇ 600 ਵਿੱਚੋਂ 578 ਅੰਕ ਲੈ ਕੇ ਪਹਿਲਾ ਸਥਾਨ, ਮਨਵੀਰ ਕੌਰ ਪੁੱਤਰੀ ਜਤਿੰਦਰ ਸਿੰਘ ਨੇ 528 ਅੰਕ ਲੈ ਕੇ ਦੂਜਾ ਸਥਾਨ ਅਤੇ ਨਵਦੀਪ ਕੌਰ ਪੁੱਤਰੀ ਬੱਗਾ ਸਿੰਘ ਨੇ 482 ਅੰਕ ਲੈ ਕੇ ਤੀਜਾ ਸਥਾਨ ਹਾਸਲ ਕੀਤਾ ਹੈ। ਨਤੀਜੇ 'ਤੇ ਖ਼ੁਸ਼ੀ ਜ਼ਾਹਰ ਕਰਦਿਆਂ ਪ੍ਰਿੰਸੀਪਲ ਦਿਲਪ੍ਰੀਤ ਸਿੰਘ ਨੇ ਕਿਹਾ ਕਿ ਇਹ ਸਮੁੱਚੀ ਪ੍ਰਾਪਤੀ ਸਾਂਝੇ ਉੱਦਮ ਦੀ ਮੂੰਹ ਬੋਲਦੀ ਤਸਵੀਰ ਹੈ। ਉਨ੍ਹਾਂ ਸਮੂਹ ਵਿਦਿਆਰਥੀਆਂ, ਮਾਪਿਆਂ ਅਧਿਆਪਕਾਂ ਤੇ ਨਗਰ ਨਿਵਾਸੀਆਂ ਨੂੰ ਵਿਦਿਆਰਥੀਆਂ ਦੀ ਇਸ ਮਾਣਮੱਤੀ ਪ੍ਰਾਪਤੀ ਲਈ ਮੁਬਾਰਕਬਾਦ ਦਿੱਤੀ।



## ਰਾਮਨੌਮੀ ਦਾ ਤਿਉਹਾਰ ਸ਼ਰਧਾ ਭਾਵਨਾ ਨਾਲ ਮਨਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਰਾਮ ਬਾਗ ਵਿਖੇ ਸਰਵਹਿੱਤਕਾਰੀ ਸਭਾ ਸ੍ਰੀ ਰਾਮਲੀਲ੍ਹਾ ਕਮੇਟੀ ਵੱਲੋਂ ਰਾਮਨੌਮੀ ਦਾ ਤਿਉਹਾਰ ਸ਼ਰਧਾਲੂਆਂ ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਸਵੇਰੇ ਹਵਨ ਕਰਵਾਇਆ ਗਿਆ, ਉਪਰੰਤ ਸ਼ਰਧਾਲੂ ਔਰਤਾਂ ਵੱਲੋਂ ਭਜਨ ਕੀਰਤਨ ਕੀਤਾ ਗਿਆ। ਧਾਰਮਿਕ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਹਲਕਾ ਸਮਰਾਲਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ, ਹਲਕਾ ਸਮਰਾਲਾ ਤੋਂ ਕਾਂਗਰਸ ਪਾਰਟੀ ਦੇ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਸ਼ਿਰਕਤ ਕੀਤੀ ਤੇ ਆਈਆਂ ਸੰਗਤਾਂ ਨੂੰ ਵਧਾਈ ਦਿੰਦਿਆਂ ਭਗਵਾਨ ਸ੍ਰੀ ਰਾਮ ਜੀ ਦੀਆਂ ਸਿੱਖਿਆਵਾਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਸੰਸਥਾ ਦੇ ਪ੍ਰਧਾਨ ਅਸ਼ੋਕ ਸੂਦ ਤੇ ਚੇਅਰਮੈਨ ਮੋਹਿਤ ਕੁੰਦਰਾ ਨੇ ਆਏ ਮੁੱਖ ਮਹਿਮਾਨਾਂ ਨੂੰ ਦੋਸ਼ਾਲੇ ਭੇਟ ਕਰਕੇ ਸਨਮਾਨਤ ਕੀਤਾ। ਇਸ ਮੌਕੇ ਤੇਜਿੰਦਰ ਗਹਿਰ ਤੇ ਸੈਮੀ ਖਾਨ ਨੇ ਧਾਰਮਿਕ ਭਜਨ ਪੇਸ਼ ਕੀਤੇ ਅਤੇ ਭਗਤਾਂ ਨੂੰ ਝੂਮਣ ਲਾ ਦਿੱਤਾ। ਸੰਗਤ ਲਈ ਵੱਖ ਵੱਖ ਪਕਵਾਨਾਂ ਦੇ ਲੰਗਰ ਵੀ ਵਰਤਾਏ ਗਏ। ਇਸ ਮੌਕੇ ਡਾ. ਸੁਨੀਲ ਦੱਤ, ਡਾ. ਬਲਬੀਰ ਸਿੰਘ, ਸਾਬਕਾ ਚੇਅਰਮੈਨ ਤੇਜਿੰਦਰ ਸਿੰਘ ਕੂੰਨਰ, ਕਾਂਗਰਸ ਦੇ ਸ਼ਹਿਰੀ ਪ੍ਰਧਾਨ ਐਡਵੋਕੇਟ ਕਪਿਲ ਆਨੰਦ, ਪ੍ਰਿੰਸੀਪਲ ਡੀ. ਡੀ. ਵਰਮਾ, ਪ੍ਰਮੋਦ ਜੈਨ, ਡਾ. ਧਰਮਵੀਰ, ਸੁਰਿੰਦਰ ਬਾਂਸਲ, ਪ੍ਰਿੰਸ ਮਿੱਠੇਵਾਲ, ਕ੍ਰਿਸ਼ਨ ਲਾਲ ਸਚਦੇਵਾ, ਜਿੰਮੀ ਜੈਨ, ਸੰਨੀ ਸੂਦ, ਦੀਪਕ ਸੂਦ, ਜਗਜੀਤ ਮਹਿਰਾ, ਮਦਨ ਲਾਲ ਬਿੱਟੂ, ਨਰੇਸ਼ ਖੇੜਾ, ਪੀ ਏ ਗੁਰਮੁੱਖ ਸਿੰਘ, ਹਰਚੰਦ ਸਿੰਘ, ਗੱਗੀ ਚੌਰਾਇਆ ਮੌਜੂਦ ਸਨ।

## ਕਮਿਊਨਿਟੀ ਮੈਡੀਸਨ ਵਿਭਾਗ ਵੱਲੋਂ ਮੁਫ਼ਤ ਮੈਡੀਕਲ ਚੈੱਕਅੱਪ ਕੈਂਪ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਸਥਾਨਕ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਵਿਖੇ ਆਦੇਸ਼ ਹਸਪਤਾਲ ਦੇ ਕਮਿਊਨਿਟੀ ਮੈਡੀਸਨ ਵਿਭਾਗ ਵੱਲੋਂ ਲਹਿਰਾ ਮੁਹੱਬਤ ਮਨੁੱਖਤਾ ਭਲਾਈ ਸੰਸਥਾ ਦੇ ਸਹਿਯੋਗ ਨਾਲ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਲਗਾਇਆ ਗਿਆ। ਮੈਡੀਸਨ ਵਿਭਾਗ ਦੇ ਡਾ. ਗੁਰਕੀਰਤ ਸਿੰਘ ਨੇ ਦੱਸਿਆ ਕਿ ਕੈਂਪ ਡਾ. ਗੁਰਪ੍ਰੀਤ ਸਿੰਘ ਗਿੱਲ ਤੇ ਡਾ. ਤਨਵੀਰ ਕੌਰ ਸਿੱਧੂ ਦੀ ਰਹਿਨੁਮਾਈ ਹੇਠ ਪਰਿਵਾਰ ਗੋਦ ਪ੍ਰੋਗਰਾਮ ਤਹਿਤ ਲਗਾਇਆ ਗਿਆ। ਕੈਂਪ ਦੀ ਚੜ੍ਹਦੀ ਕਲਾ ਲਈ ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਮਲਕੀਤ ਸਿੰਘ ਭੋਲਾ ਵੱਲੋਂ ਅਰਦਾਸ ਕੀਤੀ ਗਈ। ਇਸ ਦੌਰਾਨ 256 ਵਿਅਕਤੀਆਂ ਦੀ ਓ.ਪੀ.ਡੀ. ਤੇ ਬਲੱਡ ਪ੍ਰੈਸ਼ਰ ਚੈੱਕ ਕੀਤਾ ਗਿਆ, 150 ਵਿਅਕਤੀਆਂ ਦੇ ਸ਼ੂਗਰ ਟੈਸਟ ਕੀਤੇ ਗਏ, 30 ਫੀਸਦੀ ਛੋਟ ਵਾਲੇ ਕਾਰਡ ਬਣਾਉਣ ਲਈ ਵੇਰਵੇ ਇਕੱਤਰ ਕੀਤੇ ਗਏ, ਮਰੀਜ਼ਾਂ ਨੂੰ ਦਵਾਈਆਂ ਮੁਫ਼ਤ ਵੰਡੀਆਂ ਗਈਆਂ। ਇਸ ਮੌਕੇ ਮੈਡੀਸਨ, ਅੱਖਾਂ, ਦੰਦਾਂ, ਔਰਤ ਰੋਗਾਂ, ਫਿਜੀਓਥੈਰੇਪੀ ਵਿਭਾਗ ਤੋਂ ਡਾ. ਹਰਸਪ੍ਰੀਤ ਸਿੰਘ, ਡਾ. ਜਾਗ੍ਰਿਤੀ, ਡਾ. ਜਪਨੀਤ ਕੌਰ, ਡਾ. ਤੇਜਪ੍ਰੀਤ ਸਿੰਘ, ਡਾ. ਹਰਲੀਨ ਕੌਰ, ਡਾ. ਵਿਵੇਕ ਜਿੰਦਲ ਤੇ ਡਾ. ਕਰਿਤੀ ਨੇ ਸੇਵਾਵਾਂ ਦਿੱਤੀਆਂ। ਸੰਸਥਾ ਦੇ ਮੈਂਬਰ ਨਿਰਮਲ ਸਿੰਘ, ਗੁਰਪ੍ਰੀਤ ਸਿੰਘ, ਚਰਨਜੀਤ ਸਿੰਘ, ਸੁਖਪ੍ਰੀਤ ਸਿੰਘ, ਗੁਰਸ਼ਰਨ ਸਿੰਘ, ਬਲਕਰਨ ਸਿੰਘ, ਵਲੰਟੀਅਰ ਗਗਨਦੀਪ ਸਿੰਘ, ਖੇਤਾ ਸਿੰਘ, ਗੁਰਦੁਆਰੇ ਦੇ ਸੇਵਾਦਾਰ ਦਰਸ਼ਨ ਸਿੰਘ ਤੋਂ ਇਲਾਵਾ ਹਰਨੇਕ ਸਿੰਘ ਨੇ ਕੈਂਪ ਨੂੰ ਸਫਲ ਬਣਾਉਣ ਲਈ ਪੂਰਨ ਸਹਿਯੋਗ ਦਿੱਤਾ ਤੇ ਹਸਪਤਾਲ ਦੇ ਯਤਨਾਂ ਦੀ ਸ਼ਲਾਘਾ ਕੀਤੀ। ਸਵ. ਡਾ. ਯਾਦਵਿੰਦਰ ਸਿੰਘ ਦੇ ਪਿਤਾ ਬਲਵੀਰ ਸਿੰਘ ਵੱਲੋਂ ਕੈਂਪ ਨੂੰ ਸਪਾਂਸਰ ਕੀਤਾ ਗਿਆ।

## ਬਾਬਾ ਸਾਲੂ ਰਾਮ ਦੀ ਯਾਦ 'ਚ ਖ਼ੂਨਦਾਨ ਕੈਂਪ



**ਫਰੀਦਕੋਟ/ਕੋਟਕਪੂਰਾ (ਐਲਿਗਜੈਂਡਰ ਡਿਸੂਜਾ/ਰਛਪਾਲ ਭੁੱਲਰ)**-ਕੋਟਕਪੂਰਾ ਹਲਕੇ ਦੇ ਪਿੰਡ ਪੱਕਾ-2 ਵਿਖੇ ਬਾਬਾ ਸਾਲੂ ਰਾਮ ਦੀ ਯਾਦ ਵਿੱਚ ਪਹਿਲੇ ਖ਼ੂਨਦਾਨ ਕੈਂਪ ਲਾਇਆ ਗਿਆ, ਜਿਸ ਵਿੱਚ ਸਪੀਕਰ ਪੰਜਾਬ ਵਿਧਾਨ ਸਭਾ ਸ੍ਰ. ਕੁਲਤਾਰ ਸਿੰਘ ਸੰਧਵਾਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਸਪੀਕਰ ਸੰਧਵਾਂ ਨੇ ਕਿਹਾ ਕਿ ਖ਼ੂਨ ਦਾਨ ਇੱਕ ਉੱਤਮ ਸੇਵਾ ਹੈ, ਜਿਸ ਨਾਲ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕਦਾ ਹੈ।ਉਨ੍ਹਾਂ ਪੰਚਾਇਤ ਤੇ ਸ਼ਹੀਦ ਉਧਮ ਸਿੰਘ ਵੈੱਲਫੇਅਰ ਕਲੱਬ ਪਿੰਡ ਪੱਕਾ-2 ਵੱਲੋਂ ਕੀਤੇ ਗਏ ਉਪਰਾਲੇ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਖ਼ੂਨ ਦਾਨ ਕਰਨਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਖ਼ੂਨਦਾਨ ਜਿੱਥੇ ਕਿਸੇ ਲੋੜਵੰਦ ਨੂੰ ਨਵੀਂ ਜ਼ਿੰਦਗੀ ਬਖਸ਼ਦਾ ਹੈ, ਉੱਥੇ ਹੀ ਖ਼ੂਨ ਦਾਨ ਕਰਨ ਵਾਲੇ ਮਨੁੱਖੀ ਸਰੀਰ ਨੂੰ ਕਈ ਲਾਭ ਪਹੁੰਚਾ ਸਕਦਾ ਹੈ।ਉਨ੍ਹਾਂ ਕਿਹਾ ਕਿ ਸਾਡਾ ਜੀਵਨ ਮਾਨਵਤਾ ਦੀ ਸੇਵਾ ਨੂੰ ਸਮਰਪਤ ਹੋਣਾ ਚਾਹੀਦਾ ਹੈ ਤੇ ਖ਼ੂਨ ਦਾਨ ਕਰਕੇ ਮਾਨਵਤਾ ਦੀ ਸੇਵਾ ਵਿੱਚ ਆਪਣਾ ਯੋਗਦਾਨ ਪਾਇਆ ਜਾ ਸਕਦਾ ਹੈ।ਇਸ ਮੌਕੇ ਸੁਖਵੰਤ ਸਿੰਘ ਪੱਕਾ, ਜ਼ਿਲ੍ਹਾ ਯੂਥ ਪ੍ਰਧਾਨ, ਬੱਬੂ ਸੇਖੋਂ, ਗੁਰਜਿੰਦਰ ਸਿੰਘ ਜਿੰਮਾ, ਭਾਣਾ ਭਜਨ, ਭਾਣਾ ਸੁਖਵੀਰ ਸਿੰਘ, ਪਰਸਨ ਸਿੰਘ, ਪਿਸ਼ੌਰਾ ਸਿੰਘ, ਸਰਪੰਚ ਮਲਕੀਤ ਸਿੰਘ, ਲਖਵੀਰ ਸਿੰਘ, ਜਗਤਾਰ ਸਿੰਘ, ਬਲਜਿੰਦਰ ਸਿੰਘ, ਪਾਲ ਸਿੰਘ, ਜਗਤਾਰ ਸਿੰਘ, ਜਸਪ੍ਰੀਤ ਸਿੰਘ, ਰਮਨਦੀਪ ਸਿੰਘ, ਜਗਦੀਪ ਸਿੰਘ ਤੇ ਵੱਡੀ ਗਿਣਤੀ 'ਚ ਪਿੰਡ ਵਾਸੀ ਹਾਜ਼ਰ ਸਨ।

## ਮਾਡਲ ਸਕੂਲ ਚੁਨਾਗਰਾ ਵਿਖੇ ਸਿਹਤ ਜਾਗਰੂਕਤਾ ਕੈਂਪ




**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਐੱਨ ਐੱਸ ਐੱਸ ਯੂਨਿਟ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਚੁਨਾਗਰਾ ਵੱਲੋਂ ਪ੍ਰਿੰਸੀਪਲ ਹਰੀਸ਼ ਕੁਮਾਰ ਦੀ ਅਗਵਾਈ ਵਿੱਚ ਵਿਸ਼ਵ ਸਿਹਤ ਦਿਵਸ 2025 ਮੌਕੇ ਸਿਹਤ ਜਾਂਚ ਕੈਂਪ ਲਾਇਆ ਗਿਆ।ਕੈਂਪ ਵਿੱਚ ਸ੍ਰੀ ਦੁਰਗਾ ਦਲ ਸੇਵਾ ਸਮਿਤੀ ਚੈਰੀਟੇਬਲ ਹਸਪਤਾਲ ਪਾਤੜਾਂ ਵੱਲੋਂ ਡਾਕਟਰ ਭਾਵਨਾ ਵਰਮਾ ਆਪਣੀ ਟੀਮ ਨਾਲ ਵਿਦਿਆਰਥੀਆਂ ਦੀ ਸਿਹਤ ਜਾਂਚ ਤੇ ਜਾਗਰੂਕਤਾ ਲਈ ਪਹੁੰਚੇ ਅਤੇ ਵਿਦਿਆਰਥੀਆਂ ਦੀ ਸਿਹਤ ਦੀ ਜਾਂਚ ਕਰਨ ਮਗਰੋਂ ਮੁਫ਼ਤ ਦਵਾਈ ਦਿੱਤੀ।ਕੈਂਪ ਦੌਰਾਨ ਡਾਕਟਰ ਭਾਵਨਾ ਤੇ ਉਨ੍ਹਾਂ ਦੀ ਟੀਮ ਵੱਲੋਂ ਵਿਦਿਆਰਥੀਆਂ ਨੂੰ ਚੰਗੀਆਂ ਸਿਹਤ ਆਦਤਾਂ ਲਈ ਪ੍ਰੇਰਿਤ ਵੀ ਕੀਤਾ ਗਿਆ।ਇਸ ਮੌਕੇ ਐੱਨ ਐੱਸ ਐੱਸ ਯੂਨਿਟ ਵੱਲੋਂ ਪ੍ਰਿੰਸੀਪਲ ਹਰੀਸ਼ ਕੁਮਾਰ, ਪ੍ਰੋਗਰਾਮ ਅਫ਼ਸਰ ਲਵਕੇਸ਼ ਕੁਮਾਰ, ਸਮੂਹ ਸਟਾਫ਼ ਤੇ ਵਲੰਟੀਅਰਾਂ ਦੁਆਰਾ ਡਾਕਟਰ ਭਾਵਨਾ ਵਰਮਾ ਤੇ ਉਨ੍ਹਾਂ ਦੀ ਟੀਮ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

## ਕਿਸਾਨਾਂ 'ਤੇ ਲਾਠੀਚਾਰਜ ਖਿਲਾਫ ਖੇਤੀਬਾੜੀ ਮੰਤਰੀ ਦੇ ਘਰ ਅੱਗੇ ਧਰਨਾ



**ਲੰਬੀ/ਮਲੋਟ (ਗੁਰਮੀਤ ਸਿੰਘ ਮੱਕੜ)**-ਪਿਛਲੇ ਦਿਨੀਂ ਜ਼ਿਲ੍ਹਾ ਬਠਿੰਡਾ ਦੇ ਪਿੰਡ ਚਾਉਕੇ ਵਿਖੇ ਅਧਿਆਪਕਾਂ ਦੇ ਹੱਕ ਵਿੱਚ ਧਰਨਾ ਦੇ ਰਹੇ ਕਿਸਾਨਾਂ 'ਤੇ ਪੁਲਸ ਵੱਲੋਂ ਕੀਤੇ ਲਾਠੀਚਾਰਜ ਦੇ ਵਿਰੋਧ ਵਿੱਚ ਕਿਸਾਨ ਯੂਨੀਅਨ ਉਗਰਾਹਾਂ ਵੱਲੋਂ ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੇ ਘਰ ਅੱਗੇ ਪਿੰਡ ਖੁੱਡੀਆਂ ਵਿਖੇ ਧਰਨਾ ਦੇ ਕੇ ਪੰਜਾਬ ਸਰਕਾਰ ਪ੍ਰਤੀ ਰੋਸ ਪ੍ਰਗਟ ਕੀਤਾ ਅਤੇ ਨਾਅਰੇਬਾਜ਼ੀ ਕੀਤੀ ਗਈ। ਧਰਨਾਕਾਰੀਆਂ ਵਿੱਚ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਤੇ ਵਾਈਸ ਪ੍ਰਧਾਨ ਨੇ ਮੁੱਖ ਮੰਤਰੀ ਪੰਜਾਬ ਬਾਰੇ ਬੋਲਦੇ ਕਿਹਾ ਕਿ ਕਦੇ ਇਹ ਵੱਡੇ ਘਰਾਣਿਆਂ ਖਿਲਾਫ ਗੱਲ ਕਰਦੇ ਹੋਏ ਕਿਸਾਨਾਂ ਦੀ ਗੱਲ ਕਰਦਾ ਸੀ ਅਤੇ ਹੁਣ ਉਹੀ ਵੱਡੇ ਘਰਾਣਿਆਂ ਦੀ ਗੱਲ ਕਰਨ ਲੱਗਿਆ ਹੈ। ਉਨ੍ਹਾਂ ਕਿਹਾ ਕਿ ਕੱਲ੍ਹ ਕਿਸਾਨਾਂ ਉੱਪਰ ਕੀਤੇ ਲਾਠੀਚਾਰਜ ਦੀ ਉਹ ਨਿੰਦਾ ਕਰਦੇ ਹਨ ਤੇ ਚੇਤਾਵਨੀ ਦਿੰਦੇ ਹਨ ਕਿ ਜੇਕਰ ਮੁੱਖ ਮੰਤਰੀ ਇਹ ਸੋਚਦਾ ਹੋਵੇ ਕਿ ਪੁਲਸ ਦੇ ਦਬਾਅ 'ਤੇ ਕਿਸਾਨਾਂ ਦੀ ਆਵਾਜ਼ ਨੂੰ ਦਬਾ ਲਵੇਗਾ, ਇਹ ਕਦੀ ਵੀ ਨਹੀਂ ਹੋਵੇਗਾ।

## ਪ੍ਰਾਇਮਰੀ ਸਕੂਲ ਮਲੂਕਾ ਦੇ ਵਿਦਿਆਰਥੀ ਦੀ ਨਵੋਦਿਆ ਲਈ ਚੋਣ



**ਬਠਿੰਡਾ (ਰਾਜੀਵ ਗੋਇਲ)**-ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਮਲੂਕਾ (ਬਠਿੰਡਾ) ਦੇ ਪੰਜਵੀਂ ਜਮਾਤ ਦੇ ਵਿਦਿਆਰਥੀ ਅਮਰ ਸਿੰਘ ਦੀ ਚੋਣ ਜਵਾਹਰ ਨਵੋਦਿਆ ਲਈ ਹੋਈ ਹੈ।ਇਸ ਚੋਣ 'ਤੇ ਸਮੁੱਚੇ ਸਕੂਲ ਸਟਾਫ਼, ਵਿਦਿਆਰਥੀਆਂ ਤੇ ਬੱਚੇ ਦੇ ਮਾਪਿਆਂ ਵਿੱਚ ਅਥਾਹ ਖੁਸ਼ੀ ਦਾ ਮਾਹੌਲ ਹੈ।ਸਕੂਲ ਦੇ ਮੁੱਖ ਅਧਿਆਪਕ ਬੇਅੰਤ ਸਿੰਘ ਮਲੂਕਾ (ਸਟੇਟ ਐਵਾਰਡੀ) ਨੇ ਦੱਸਿਆ ਕਿ ਇਸ ਦਾ ਸਾਰਾ ਸਿਹਰਾ ਜਮਾਤ ਇੰਚਾਰਜ ਹਰਜਿੰਦਰ ਸਿੰਘ ਬੁਰਜ ਥਰੋੜ (ਈਟੀਟੀ ਅਧਿਆਪਕ) ਨੂੰ ਜਾਂਦਾ ਹੈ, ਜਿਨ੍ਹਾਂ ਬੱਚਿਆਂ ਨੂੰ ਸਕੂਲ ਸਮੇਂ ਤੋਂ ਪਹਿਲਾਂ ਤੇ ਬਾਅਦ ਵਿੱਚ ਓਵਰ ਟਾਈਮ ਲਗਾ ਕੇ ਸਖ਼ਤ ਮਿਹਨਤ ਕਰਵਾਈ।ਇਸ ਮੌਕੇ ਬੱਚੇ ਦੇ ਮਾਤਾ-ਪਿਤਾ ਵੀ ਸਕੂਲ ਪਹੁੰਚੇ ਹੋਏ ਸਨ।ਬੱਚੇ ਦਾ ਹਾਰ ਪਾ ਕੇ ਮੂੰਹ ਮਿੱਠਾ ਕਰਵਾਇਆ ਗਿਆ।ਇਸ ਸਮੇਂ ਸਮੁੱਚੇ ਸਕੂਲ ਸਟਾਫ਼ ਵੱਲੋਂ ਬੱਚੇ ਤੇ ਉਸ ਦੇ ਮਾਪਿਆਂ ਨੂੰ ਚਾਹ ਪਾਰਟੀ ਦਿੱਤੀ ਗਈ ਤੇ ਯਾਦਗਾਰੀ ਮੋਮੈਂਟੋ ਦੇ ਕੇ ਸਨਮਾਨਤ ਵੀ ਕੀਤਾ ਗਿਆ।ਇਸ ਮੌਕੇ ਸਮੂਹ ਸਕੂਲ ਸਟਾਫ ਤੇ ਸੁਖਦੀਪ ਕੌਰ ਚੇਅਰਪਰਸਨ ਐੱਸ ਐੱਮ ਸੀ ਅਤੇ ਪਿੰਡ ਦੇ ਪਤਵੰਤੇ ਮੌਜੂਦ ਸਨ।

8-April-page-11-2025.qxd 4/7/2025 9:05 PM Page 1



## ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ ਬੁੱਟਰ ਕਲਾਂ ਦਾ ਅੱਠਵੀਂ ਜਮਾਤ ਦਾ ਨਤੀਜਾ ਸ਼ਾਨਦਾਰ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ) ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ ਜੋ ਕਿ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ ਅੰਮ੍ਰਿਤਸਰ ਵੱਲੋਂ ਚਲਾਇਆ ਜਾ ਰਿਹਾ ਹੈ।ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅੱਠਵੀਂ ਜਮਾਤ ਦਾ ਨਤੀਜਾ ਘੋਸ਼ਿਤ ਕੀਤਾ ਗਿਆ।ਜਿਸ ਵਿੱਚ ਜੋਬਨਪ੍ਰੀਤ ਕੌਰ ਨੇ 590/600 (98.3%) ਅੰਕ ਲੈ ਕੇ ਮੈਰਿਟ ਵਿੱਚ 11ਵਾਂ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਰਿਤਿਕਾ ਸ਼ਰਮਾ ਅਤੇ ਕਰਨ ਭਗਤ ਨੇ 586 (97.6%) ਅੰਕ ਲੈ ਕੇ ਸਕੂਲ 'ਚੋਂ ਦੂਸਰਾ ਸਥਾਨ ਹਾਸਲ ਕੀਤਾ।ਅਨੁਰੀਤ ਕੌਰ ਅਤੇ ਕਾਰਤਿਕ ਨੇ 585 (97.5%) ਅੰਕ ਲੈ ਕੇ ਤੀਸਰਾ ਸਥਾਨ ਹਾਸਲ ਕੀਤਾ। ਪ੍ਰਿੰਸੀਪਲ ਮੈਡਮ ਲਖਵਿੰਦਰ ਕੌਰ ਨੇ ਦੱਸਿਆ ਕਿ ਸਕੂਲ ਵਿੱਚ ਕੁੱਲ 30 ਵਿਦਿਆਰਥੀ ਹਨ 15 ਵਿਦਿਆਰਥੀਆ ਨੇ 95% ਤੋਂ ਉੱਪਰ ਅੰਕ ਹਾਸਲ ਕੀਤੇ, 10 ਵਿਦਿਆਰਥੀਆ ਨੇ 90% ਤੋਂ 95% ਦੇ ਵਿੱਚ ਅੰਕ ਹਾਸਲ ਕੀਤੇ, 5 ਵਿਦਿਆਰਥੀਆਂ ਨੇ 85% ਤੋਂ 90% ਦੇ ਵਿੱਚ ਅੰਕ ਹਾਸਲ ਕੀਤੇ।ਪ੍ਰਿੰਸੀਪਲ ਮੈਡਮ ਅਤੇ ਵਾਈਸ ਪ੍ਰਿੰਸੀਪਲ ਮੈਡਮ ਵੱਲੋਂ ਇਹਨਾਂ ਬੱਚਿਆਂ ਨੂੰ ਉਜਵਲ ਭਵਿੱਖ ਬਾਰੇ ਸ਼ੁਭਕਾਮਨਾਵਾਂ ਦਿੱਤੀਆਂ ਗਈਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਿੰਸੀਪਲ ਮੈਡਮ ਲਖਵਿੰਦਰ ਕੌਰ, ਵਾਈਸ ਪ੍ਰਿੰਸੀਪਲ ਮੈਡਮ ਕੰਵਲਜੀਤ ਕੌਰ, ਪ੍ਰਿਤਪਾਲ ਕੌਰ, ਨੂਤਨ ਕੋਹਲੀ, ਹਰਪ੍ਰੀਤ ਸਿੰਘ, ਮਨਮੋਹਨ ਕੁਮਾਰ ਗੁਪਤਾ, ਨਿਰਮਲਜੀਤ ਸਿੰਘ, ਸੁਖਜਿੰਦਰ ਸਿੰਘ, ਰਾਜੇਸ਼ ਭਾਟੀਆ, ਸਤਿੰਦਰ ਸਿੰਘ, ਚਰਨਜੀਤ ਕੌਰ, ਜਸਬੀਰ ਕੌਰ, ਰਜਨੀ ਤੁਲੀ, ਰੇਖਾ ਮਹਾਜਨ,ਸੁਖਬਿੰਦਰ ਕੌਰ, ਪ੍ਰੋਮਿਲਾ ਕੁਮਾਰੀ, ਸ਼ਵੇਤਾ ਕਾਲੀਆ, ਰਾਜਵਿੰਦਰ ਕੌਰ, ਮਨੀਸ਼ਾ ਮਹਾਜਨ ਆਦੀ ਹਾਜ਼ਰ ਸਨ।

## ਧੋਖਾਧੜੀ ਦੇ ਦੋਸ਼ਾਂ ਤਹਿਤ ਵੱਖ-ਵੱਖ ਮਾਮਲੇ ਦਰਜ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਸਦਰ ਗੁਰਦਾਸਪੁਰ ਪੁਲਸ ਨੂੰ ਦਿੱਤੀ ਸ਼ਿਕਾਇਤ ਤੋਂ ਬਾਅਦ ਕੀਤੀ ਜਾਂਚ ਪੜਤਾਲ ਵਿਚ ਇੰਨਕੁਆਰੀ ਉਪ ਕਪਤਾਨ ਪੁਲਸ ਸਿਟੀ ਗੁਰਦਾਸਪੁਰ ਨੇ ਪਾਇਆ ਕਿ ਇਕ ਔਰਤ ਵਾਸੀ ਹਰਦੋ ਬਥਵਾਲਾ ਵਲੋਂ ਸੋਚੀ ਸਮਝੀ ਸਾਜਿਸ਼ ਤਹਿਤ ਆਪਣੇ ਮਕਾਨ ਦਾ ਰਾਣੀ ਪਤਨੀ ਕੁਲਦੀਪ ਚੰਦ ਵਾਸੀ ਹਰਦੋ ਬਥਵਾਲਾ ਨਾਲ ਇਕਰਾਰਨਾਮਾ ਸੌਦਾ ਬੈਅ ਕਰਨ ਉਪਰੰਤ ਉਸੇ ਮਕਾਨ ਨੂੰ ਦੁਬਾਰਾ ਮਲਕੀਤ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਹਰਦੋ ਬਥਵਾਲਾ ਨੂੰ ਵੇਚਣ ਸਬੰਧੀ ਇਕਰਾਰਨਾਮਾ ਸੌਦਾ ਬੈਅ ਕਰਕੇ 8 ਲੱਖ 40 ਹਜ਼ਾਰ ਰੁਪਏ ਦੀ ਠੱਗੀ ਮਾਰੀ ਹੈ। ਪੁਲਸ ਨੇ ਉਕਤ ਔਰਤ ਖ਼ਿਲਾਫ਼ ਧੋਖਾਧੜੀ ਕਰਨ ਦੇ ਦੋਸ਼ਾਂ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ। ਇਸੇ ਤਰ੍ਹਾਂ ਇਕ ਹੋਰ ਮਾਮਲੇ ਵਿਚ ਥਾਣਾ ਭੈਣੀ ਮੀਆਂ ਖਾਂ ਪੁਲਸ ਨੂੰ ਕੀਤੀ ਸ਼ਿਕਾਇਤ ਤੋਂ ਬਾਅਦ ਇੰਨਕੁਆਰੀ ਕਪਤਾਨ ਪੁਲਸ ਇੰਨਵੈਸਟੀਗੇਸ਼ਨ ਗੁਰਦਾਸਪੁਰ ਨੇ ਪਾਇਆ ਕਿ ਕੁਲਦੀਪ ਸਿੰਘ, ਕੁਲਵੰਤ ਸਿੰਘ ਪੁੱਤਰ ਨਿਸ਼ਾਨ ਸਿੰਘ ਵਾਸੀ ਪਸਵਾਲ ਨੇ ਪੀੜਤ ਦੇ ਲੜਕੇ ਨੂੰ ਪੰਚਾਇਤ ਸੈਕਟਰੀ ਦੀ ਨੌਕਰੀ ਲਗਵਾਉਣ ਦਾ ਝਾਂਸਾ ਦੇ ਕੇ 30 ਲੱਖ ਰੁਪਏ ਦੀ ਠੱਗੀ ਮਾਰੀ ਹੈ ਅਤੇ ਪੀੜਤ ਵਲੋਂ ਪੈਸੇ ਵਾਪਸ ਮੰਗਣ 'ਤੇ ਉਸ ਨੂੰ ਧਮਕੀਆਂ ਦਿੱਤੀਆਂ ਹਨ। ਥਾਣਾ ਭੈਣੀ ਮੀਆਂ ਖਾਂ ਪੁਲਸ ਨੇ ਕਥਿਤ ਦੋਸ਼ੀਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

## ਅਹਿਮਦੀਆ ਮੁਸਲਿਮ ਜਮਾਤ ਵੱਲੋਂ ਧਰਮਾਂ ਵਿਚਕਾਰ ਏਕਤਾ ਤੇ ਭਾਈਚਾਰੇ ਨੂੰ ਵਧਾਉਣ ਦੀ ਕੋਸ਼ਿਸ਼



**ਕਾਦੀਆਂ ( ਯਾਦਵਿੰਦਰ ਸਿੰਘ ਮਲਹੋਤਰਾ)** ਇਸਲਾਮ ਧਰਮ ਦੇ ਸੰਸਥਾਪਕ ਹਜ਼ਰਤ ਮੁਹੰਮਦ ਮੁਸਤਫ਼ਾ (ਸੱਲੱਲਾਹੁ ਅਲੈਹਿ ਵੱਸੱਲਮ) ਨੇ ਸਿੱਖਿਆ ਦਿੱਤੀ ਹੈ।ਤੁਸੀਂ ਫਰਮਾਇਆ 'ਜੋ ਤੁਸੀਂ ਆਪਣੇ ਲਈ ਪਸੰਦ ਕਰਦੇ ਹੋ, ਉਹੀ ਹੋਰਾਂ ਲਈ ਵੀ ਪਸੰਦ ਕਰੋ, ਤਾਂ ਤੁਸੀਂ ਸਭ ਤੋਂ ਵਧ ਚੰਗਾ ਇਨਸਾਫ਼ ਕਰਨ ਵਾਲੇ ਬਣ ਜਾਓਗੇ।' ਇਸਲਾਮ ਨਾ ਸਿਰਫ਼ ਮੁਸਲਮਾਨਾਂ ਨੂੰ ਆਪਣੇ ਸਾਥੀਆਂ ਅਤੇ ਗੁਆਂਢੀਆਂ ਦੇ ਦੁੱਖ-ਦਰਦ ਵਿੱਚ ਸ਼ਾਮਲ ਹੋਣ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਦੂਰ ਕਰਨ ਦੀ ਤਾਕੀਦ ਕਰਦਾ ਹੈ, ਸਗੋਂ ਉਹਨਾਂ ਨੂੰ ਆਪਣੀਆਂ ਖੁਸ਼ੀਆਂ 'ਚ ਵੀ ਸ਼ਾਮਲ ਕਰਨ ਦੀ ਤਾਲੀਮ ਦਿੰਦਾ ਹੈ।ਜੇਕਰ ਇਹ ਤਾਲੀਮ ਪੂਰੀ ਤਰ੍ਹਾਂ ਅਮਲ 'ਚ ਲਿਆਂਦੀ ਜਾਵੇ, ਤਾਂ ਦੁਨੀਆ ਵਿੱਚ ਇਨਸਾਫ਼ ਅਤੇ ਨਿਆਂ ਦੀ ਸਥਾਪਨਾ ਹੋ ਸਕਦੀ ਹੈ।

ਇਸੇ ਸੁੰਦਰ ਸਿੱਖਿਆ 'ਤੇ ਅਮਲ ਕਰਦਿਆਂ, ਅਹਿਮਦੀਆ ਮੁਸਲਿਮ ਜਮਾਤ ਪੂਰੇ ਭਾਰਤ ਵਿੱਚ 'ਈਦ ਮਿਲਨ' ਸਮਾਗਮਾਂ ਦਾ ਆਯੋਜਨ ਕਰਦੀ ਹੈ।ਇਨ੍ਹਾਂ ਸਮਾਗਮਾਂ ਵਿੱਚ ਈਦ-ਉਲ-ਫ਼ਿਤਰ ਦੀ ਖੁਸ਼ੀ ਨੂੰ ਬਿਨਾ ਕਿਸੇ ਧਾਰਮਿਕ ਭੇਦ-ਭਾਵ ਦੇ ਇਲਾਕੇ ਦੇ ਪ੍ਰਸਿੱਧ ਵਿਅਕਤੀਆਂ, ਮੁਖ਼ਤਲਿਫ਼ ਸ਼ਖ਼ਸੀਅਤਾਂ, ਦੋਸਤਾਂ ਅਤੇ ਗੁਆਂਢੀਆਂ ਨਾਲ ਸਾਂਝਾ ਕੀਤਾ ਜਾਂਦਾ ਹੈ।ਰਮਜ਼ਾਨ ਦੇ ਰੋਜ਼ੇ ਪੂਰੇ ਹੋਣ ਤੋਂ ਬਾਅਦ, ਇੱਕ ਮੁਸਲਿਮ ਈਦ ਦੀ ਖੁਸ਼ੀ ਮਨਾਉਂਦਾ ਹੈ ਅਤੇ ਅੱਲਾਹ ਤਆਲਾ ਦਾ ਸ਼ੁਕਰ ਅਦਾ ਕਰਦਾ ਹੈ।ਅਹਿਮਦੀਆ ਮੁਸਲਿਮ ਜਮਾਤ ਦੀ ਸਥਾਪਨਾ ਦਾ ਅਸਲੀ ਮਕਸਦ ਇਹ ਹੈ ਕਿ ਇਨਸਾਨ ਦਾ ਅੱਲਾਹ ਨਾਲ ਸੰਬੰਧ ਮਜ਼ਬੂਤ ਹੋਵੇ ਅਤੇ ਲੋਕਾਂ ਵਿਚਕਾਰ ਪਿਆਰ, ਮੁਹੱਬਤ ਤੇ ਭਾਈਚਾਰੇ ਦੀ ਭਾਵਨਾ ਉਤਪੰਨ ਹੋਵੇ।

## ਸ੍ਰੀ ਗੁਰੂ ਹਰਕ੍ਰਿਸ਼ਨ ਸਕੂਲ ਫਤਿਹਾਬਾਦ ਦਾ ਅੱਠਵੀਂ ਦਾ ਨਤੀਜਾ ਸ਼ਾਨਦਾਰ



ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)- ਸ੍ਰੀ ਗੁਰੂ ਹਰਕ੍ਰਿਸ਼ਨ ਸਕੂਲ ਫਤਿਹਾਬਾਦ ਦੇ ਵਿਦਿਆਰਥੀਆਂ ਨੇ ਇਕ ਵਾਰ ਫਿਰ ਤੋਂ ਬੋਰਡ ਦੀ ਅੱਠਵੀਂ ਜਮਾਤ ਦੀ ਪ੍ਰੀਖਿਆ ਵਿਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸਕੂਲ ਪ੍ਰਿੰਸੀਪਲ ਅਨੀਤਾ ਚਤਰਥ ਨੇ ਦੱਸਿਆ ਕਿ ਸਕੂਲ ਦੇ ਸਾਰੇ ਵਿਦਿਆਰਥੀਆਂ ਨੇ ਪਹਿਲੇ ਦਰਜੇ ਨਾਲ ਪ੍ਰੀਖਿਆ ਪਾਸ ਕਰਕੇ ਆਪਣੇ ਸਕੂਲ ਅਤੇ ਮਾਤਾ-ਪਿਤਾ ਦਾ ਨਾਂਅ ਰੋਸ਼ਨ ਕੀਤਾ।

ਉਹਨਾਂ ਦੱਸਿਆ ਕਿ 15 ਵਿਦਿਆਰਥੀਆਂ ਨੇ 90 ਫੀਸਦੀ ਤੋਂ ਵੱਧ ਅੰਕ ਅਤੇ ਬਾਕੀ ਵਿਦਿਆਰਥੀਆਂ ਨੇ ਵੀ 80 ਫੀਸਦੀ ਤੋਂ ਵੱਧ ਅੰਕ ਹਾਸਲ ਕੀਤੇ। ਸਾਗਰ ਸ਼ਰਮਾ ਨੇ ਪਹਿਲਾ, ਗੁਰਲੀਨ ਕੌਰ ਨੇ ਦੂਸਰਾ ਅਤੇ ਬਾਣੀ ਨੇ ਤੀਸਰਾ ਸਥਾਨ ਹਾਸਲ ਕੀਤਾ । ਇਸ ਮੌਕੇ ਜਮਾਤ 'ਚੋਂ ਅੱਵਲ ਆਉਣ ਵਾਲੇ ਵਿਦਿਆਰਥੀਆਂ ਨੂੰ ਸਕੂਲ ਪ੍ਰਬੰਧਕਾਂ ਵੱਲੋਂ ਇਨਾਮ ਅਤੇ ਪ੍ਰਸੰਸਾ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ। ਸੰਸਥਾ ਦੇ ਸਰਪ੍ਰਸਤ ਮਾਸਟਰ ਮੰਗਤ ਰਾਮ ਅਤੇ ਚੇਅਰਮੈਨ ਰਵਿੰਦਰ ਕੁਮਾਰ ਨੇ ਵੀ ਇਸ ਮੌਕੇ ਤੇ ਵਿਦਿਆਰਥੀਆਂ ਨੂੰ ਉਹਨਾਂ ਦੀ ਸਫਲਤਾ ਲਈ ਵਧਾਈ ਦਿੰਦੇ ਹੋਏ ਕਿਹਾ ਕਿ ਵਿਦਿਆਰਥੀਆ ਦੀ ਇਸ ਕਾਮਯਾਬੀ ਦਾ ਸਿਹਰਾ ਪ੍ਰਿੰਸੀਪਲ ਅਨੀਤਾ ਚਤਰਥ ਤੇ ਸਮੂਹ ਸਕੂਲ ਸਟਾਫ ਨੂੰ ਜਾਂਦਾ ਹੈ।

ਇਸ ਮੌਕੇ ਸੰਤੋਸ਼ ਕੁਮਾਰੀ , ਮਮਤਾ ਮੈਡਮ, ਕੰਵਲਪ੍ਰੀਤ ਕੌਰ, ਅੰਤਰਪ੍ਰੀਤ ਕੌਰ, ਇੰਦੀਪ ਮੈਡਮ, ਬਲਜੀਤ ਕੌਰ, ਹਰਪ੍ਰੀਤ ਕੌਰ, ਕਿਰਨਦੀਪ ਕੌਰ, ਅਰਚਨਾ ਮੈਡਮ, ਡੌਲੀ ਮੈਡਮ, ਜਸਬੀਰ ਸਿੰਘ, ਰਜਨੀਸ਼ ਮੈਡਮ, ਕੁਲਵਿੰਦਰ ਮੈਡਮ, ਨਵਜੋਤ ਮੈਡਮ, ਨਵਪ੍ਰੀਤ ਕੌਰ, ਰਮਨਦੀਪ ਕੌਰ, ਮਨਜਿੰਦਰ ਮੈਡਮ, ਜਸਬੀਰ ਸਿੰਘ ਅਤੇ ਤੇਜਿੰਦਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

## ਉਦੀਪੁਰ ਐਮਾਂ ਦੀ ਸਰਪੰਚ ਪੰਚਾਇਤ ਮੈਂਬਰਾਂ ਸਮੇਤ 'ਆਪ' 'ਚ ਸ਼ਾਮਲ



ਪਠਾਨਕੋਟ (ਦਵਿੰਦਰ ਸਿੰਘ) ਅੱਜ ਬਹੁਤ ਖੁਸ਼ੀ ਦੀ ਗੱਲ ਹੈ ਕਿ ਇੱਕ ਹੋਰ ਪੰਚਾਇਤ ਆਮ ਆਦਮੀ ਪਾਰਟੀ ਦੇ ਪਰਵਾਰ 'ਚ ਸ਼ਾਮਲ ਹੋਈ ਹੈ, ਆਮ ਆਦਮੀ ਪਾਰਟੀ ਵਿੱਚ ਹਰੇਕ ਵਿਅਕਤੀ ਦਾ ਸਵਾਗਤ ਹੈ ਅਤੇ ਪਾਰਟੀ 'ਚ ਸ਼ਾਮਲ ਹੋਣ ਵਾਲੇ ਹਰੇਕ ਵਿਅਕਤੀ ਨੂੰ, ਪੰਚਾਇਤ ਨੂੰ ਪੂਰਾ ਮਾਨ ਸਨਮਾਨ ਦਿੱਤਾ ਜਾਵੇਗਾ।ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਪਿੰਡ ਕਟਾਰੂਚੱਕ ਵਿਖੇ ਇੱਕ ਜਨ ਸਮੂਹ ਨੂੰ ਸੰਬੋਧਨ ਕਰਦਿਆਂ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਨਰੇਸ਼ ਕੁਮਾਰ ਸੈਣੀ ਜਿਲ੍ਹਾ ਪ੍ਰਧਾਨ ਬੀ ਸੀ ਵਿੰਗ ਪਠਾਨਕੋਟ, ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ ਅਤੇ ਹੋਰ ਪਾਰਟੀ ਕਾਰਜਕਰਤਾ ਹਾਜ਼ਰ ਸਨ।ਇਸ ਮੌਕੇ ਸੰਬੋਧਨ ਕਰਦਿਆਂ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਅੱਜ ਬਹੁਤ ਹੀ ਖੁਸ਼ੀ ਦੀ ਗੱਲ ਹੈ ਕਿ ਪਿੰਡ ਉਦੀਪੁਰ ਐਮਾਂ ਦੀ ਪੰਚਾਇਤ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਈ ਹੈ ਜਿਸ 'ਚ ਪਿੰਡ ਦੀ ਸਰਪੰਚ ਕੌਸ਼ੱਲਿਆ ਦੇਵੀ ਅਤੇ ਪੰਚਾਇਤ ਮੈਂਬਰ ਸਾਬਕਾ ਸਰਪੰਚ ਗਨੇਸ਼ ਸਹਿਤ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਏ ਹਨ।

## ਰਾਹੁਲ ਗਾਂਧੀ ਖ਼ਿਲਾਫ਼ ਭਗਵੰਤ ਮਾਨ ਵੱਲੋਂ ਕੀਤੀਆਂ ਟਿੱਪਣੀਆਂ ਦੀ ਇੰਦਰਜੀਤ ਰੰਧਾਵਾ ਨੇ ਕੀਤੀ ਨਿੰਦਾ




ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ) ਬੀਤੇ ਦਿਨੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕਾਂਗਰਸ ਪਾਰਟੀ ਦੇ ਵੱਡੇ ਆਗੂ ਰਾਹੁਲ ਗਾਂਧੀ ਵਿਰੁੱਧ ਕੀਤੀਆਂ ਗਈਆਂ ਅਪਮਾਨਜਨਕ ਟਿੱਪਣੀਆਂ 'ਤੇ ਵਰਤੀ ਗਈ ਭੱਦੀ ਸ਼ਬਦਾਵਲੀ ਅਤਿ ਨਿੰਦਣਯੋਗ ਹੈ। ਭਗਵੰਤ ਮਾਨ ਦੇ ਇਸ ਬਿਆਨ ਨੂੰ ਲੈ ਕੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸੀਨੀਅਰ ਲੀਡਰ ਇੰਦਰਜੀਤ ਸਿੰਘ ਰੰਧਾਵਾ ਤੇ ਉਹਨਾਂ ਦੇ ਸਪੁੱਤਰ ਦੀਪਿੰਦਰ ਸਿੰਘ ਰੰਧਾਵਾ ਵੱਲੋਂ ਪ੍ਰੈਸ ਨੋਟ ਜਾਰੀ ਕਰਦੇ ਹੋਏ ਮੁੱਖ ਮੰਤਰੀ ਮਾਨ ਵੱਲੋਂ ਰਾਹੁਲ ਗਾਂਧੀ ਖਿਲਾਫ ਕੀਤੀ ਗਈ ਭੱਦੀ ਸ਼ਬਦਾਵਲੀ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ।ਉਹਨਾਂ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਨੂੰ ਇਹ ਸ਼ੋਭਾ ਨਹੀਂ ਦਿੰਦਾਂ। ਮਾਨ ਨੂੰ ਬੋਲਣ ਤੋਂ ਪਹਿਲਾਂ ਇਹ ਸਮਝ ਲੈਣਾ ਚਾਹੀਦਾ ਸੀ ਕਿ ਉਹ ਕਿਸ ਆਗੂ ਪ੍ਰਤੀ ਇਹ ਗੈਰ ਜ਼ਿੰਮੇਵਾਰਾਨਾ ਭਾਸ਼ਾ ਦਾ ਇਸਤੇਮਾਲ ਕਰ ਰਿਹਾ ਹੈ। ਰੰਧਾਵਾ ਨੇ ਕਿਹਾ ਕਿ ਅਸਲ ਵਿੱਚ ਪੰਜਾਬ ਅੰਦਰ ਆਮ ਆਦਮੀ ਪਾਰਟੀ ਭਾਜਪਾ ਦੀ ਬੀ ਟੀਮ ਦਾ ਕੰਮ ਕਰ ਰਹੀ ਹੈ।ਆਮ ਆਦਮੀ ਪਾਰਟੀ ਕੋਲੋਂ ਰਾਹੁਲ ਗਾਂਧੀ ਦੀ ਦਿਨ ਬਦਿਨ ਵੱਧ ਰਹੀ ਲੋਕ ਪ੍ਰਿਆਤਾ ਤੋਂ ਘਬਰਾਹਟ ਹੋ ਰਹੀ ਹੈ।ਇਸੇ ਤਰ੍ਹਾਂ ਹੀ ਵਤੀਰਾ ਮੋਦੀ ਸਰਕਾਰ ਕਰ ਰਹੀ ਹੈ ਜੋ ਰਾਹੁਲ ਗਾਂਧੀ ਨੂੰ ਲੋਕ ਸਭਾ ਦੇ ਅੰਦਰ ਬੋਲਣ ਦਾ ਬਹੁਤਾ ਮੌਕਾ ਨਹੀਂ ਦੇਂਦੇ ਕਿਉਂਕਿ ਰਾਹੁਲ ਜੀ ਮੋਦੀ ਦੀਆਂ ਅੰਬਾਨੀਆਂ, ਅੰਡਾਨੀਆਂ ਨਾਲ ਯਾਰੀਆਂ ਤੇ ਸਾਂਝਾਂ ਨੂੰ ਬਾਖੂਬੀ ਉਜਾਗਰ ਕਰਦੇ ਹਨ।ਇਸ ਮੌਕੇ ਡਾਕਟਰ ਜਸਵੰਤ ਸਿੰਘ ਮੰਗੀਆਂ, ਡਾਕਟਰ ਰਛਪਾਲ ਸਿੰਘ ਸ਼ਾਹਪੁਰ ਗੁਰਾਇਆ ਤੇ ਹੋਰ ਸੀਨੀਅਰ ਕਾਂਗਰਸੀ ਆਗੂ ਹਾਜਰ ਸਨ।



*ਸ੍ਰੀ ਰਾਮ ਨੌਮੀ ਦੇ ਸ਼ੁੱਭ ਦਿਹਾੜੇ 'ਤੇ ਬਾਂਸਾਂ ਵਾਲ਼ੇ ਬਾਜ਼ਾਰ ਵਿਖੇ ਦੁਰਗਾ ਸਤੁਤੀ ਦਾ ਪਾਠ ਕਰਵਾਇਆ। ਇਸ ਮੌਕੇ ਗੀਤਾ ਸ਼ਰਮਾ, ਸਾਕਸ਼ੀ, ਪੂਨਮ ਲੂਥਰਾ, ਮਨਸੀ, ਸੁਮਨ, ਸਪਨਾ, ਸੋਨਾਲੀ, ਮੇਘਾ ਆਦਿ ਹਾਜ਼ਰ ਸਨ। (ਫੋਟੋ 'ਤੇ ਵੇਰਵਾ : ਤਰਲੋਕ ਬੱਗਾ, ਬਟਾਲਾ)*

## ਰਿਆੜ ਪਰਵਾਰ ਵੱਲੋਂ ਪ੍ਰਭ ਆਸ਼ਰਮ ਨੂੰ 30 ਹਜ਼ਾਰ ਦੀ ਰਾਸ਼ੀ ਭੇਟ



ਧਾਰੀਵਾਲ/ਹਰਚੋਵਾਲ (ਮਨਦੀਪ ਸਿੰਘ ਵਿੱਕੀ)- ਰਿਆੜ ਪਰਵਾਰ (ਚੀਨੀਆਂ ਪਰਵਾਰ) ਵੱਲੋਂ ਪ੍ਰਭ ਆਸ਼ਰਮ ਹਰਚੋਵਾਲ ਦੀ ਬਿਲਡਿੰਗ ਦੀ ਰਿਪੇਅਰ ਕਰਵਾਉਣ ਲਈ 30 ਹਜ਼ਾਰ ਰੁਪਏ ਰਾਸ਼ੀ ਦਾ ਚੈੱਕ ਦਿੱਤਾ ਗਿਆ। ਰਿਆੜ ਪਰਵਾਰ (ਚੀਨੀਆਂ ਪਰਵਾਰ) ਵੱਲੋਂ ਕਸਬਾ ਹਰਚੋਵਾਲ ਵਿਖੇ ਦੇਸ਼ ਦੀ ਵੰਡ ਤੋਂ ਪਹਿਲਾਂ 1939 ਵਿੱਚ ਬਣਾਈ ਤਿੰਨ ਮੰਜ਼ਲੀ ਪੁਰਾਤਨ ਬਿਲਡਿੰਗ ਜਿਸ ਦੀ ਪਰਵਾਰ ਵੱਲੋਂ ਅਜੇ ਤੱਕ ਵੰਡ ਨਹੀਂ ਸੀ ਕੀਤੀ, ਇਹ ਪੁਰਾਤਨ ਤਿੰਨ ਮੰਜ਼ਲੀ ਇਮਾਰਤ ਕੁੱਝ ਮਹੀਨੇ ਪਹਿਲਾਂ ਇਸ ਪਰਵਾਰ ਦੇ ਸਮੂਹ ਮੈਂਬਰਾਂ ਵਲੋਂ ਅਨਾਥ ਲੋਕਾਂ ਦੇ ਰੈਣ ਬਸੇਰਾ ਲਈ ਪ੍ਰਭ ਆਸ਼ਰਮ ਨੂੰ ਸੇਵਾ ਲਈ ਦੇ ਦਿੱਤੀ ਗਈ ਸੀ। ਇਸ ਬਿਲਡਿੰਗ ਦੀ ਖਸਤਾ ਹਾਲਤ ਹੋਣ ਕਾਰਨ ਰਿਪੇਅਰ ਕਰਨ ਲਈ ਪੈਸੇ ਦੀ ਕਾਫੀ ਜ਼ਰੂਰਤ ਸੀ। ਅੱਜ ਚੀਨੀਆਂ ਪਰਵਾਰ ਦੇ ਮੈਂਬਰ ਹਰਭਜਨ ਸਿੰਘ ਅਮਰੀਕਾ ਵਾਲੇ, ਲਵਲੀਨ ਕੌਰ ਰਿਆੜ ਅਮਰੀਕਾ ਵੱਲੋਂ ਕਸਬਾ ਹਰਚੋਵਾਲ ਪਹੁੰਚ ਕੇ ਪ੍ਰਭ ਆਸ਼ਰਮ ਸੰਸਥਾ ਬਾਰੇ ਵਿਸਥਾਰ ਨਾਲ ਜਾਣਕਾਰੀ ਹਾਸਲ ਕੀਤੀ ਗਈ। ਇਸ ਮੌਕੇ ਲਵਲੀਨ ਕੌਰ ਰਿਆੜ ਨੇ ਪ੍ਰਭ ਆਸ਼ਰਮ ਦੇ ਇੰਚਾਰਜ ਬਾਬਾ ਮਨਿੰਦਰ ਸਿੰਘ ਅਤੇ ਉਨ੍ਹਾਂ ਦੀ ਧਰਮ ਪਤਨੀ ਨੂੰ 30 ਹਜ਼ਾਰ ਰੁਪਏ ਦਾ ਚੈੱਕ ਭੇਂਟ ਕੀਤਾ ਗਿਆ। ਇਸ ਮੌਕੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸਕੱਤਰ ਤੇ ਸਮਾਜ ਸੇਵੀ ਆਗੂ ਭਾਈ ਗਗਨਦੀਪ ਸਿੰਘ ਰਿਆੜ, ਅਮਨਦੀਪ ਸਿੰਘ ਰਿਆੜ, ਅਜੈਬ ਸਿੰਘ ਰਿਆੜ, ਦਵਿੰਦਰ ਕੌਰ ਰਿਆੜ, ਰਾਜਿੰਦਰ ਕੌਰ ਰਿਆੜ ਅਤੇ ਪ੍ਰਭ ਆਸ਼ਰਮ ਦੇ ਇੰਚਾਰਜ ਦੀ ਪਤਨੀ ਹਾਜ਼ਰ ਸਨ।

## ਧੁੱਸੀ ਬੰਨ੍ਹ 'ਤੇ ਬਣੀ ਸੜਕ ਦੀ ਹਾਲਤ ਖਸਤਾ

ਗੁਰਦਾਸਪੁਰ (ਜਨਕ ਮਹਾਜਨ)- ਗੁਰਦਾਸਪੁਰ -ਮੁਕੇਰੀਆਂ ਸੜਕ ਵਿਚਕਾਰ ਪੈਂਦੇ ਨਾਕਾ ਦਊਵਾਲ ਤੋਂ ਧੁੱਸੀ ਕੰਢੇ ਬਣੀ ਸੜਕ 'ਤੇ ਪਿੰਡ ਭੈਣੀ ਮੀਲਮਾ ਆਦਿ ਪਿੰਡਾਂ ਨੂੰ ਜਾਣ ਵਾਲੀ ਲਿੰਕ ਸੜਕ ਦੀ ਹਾਲਤ ਖਸਤਾ ਹੋਣ ਕਾਰਨ ਲੋਕਾਂ ਵਿੱਚ ਪੰਜਾਬ ਸਰਕਾਰ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਜਾਣਕਾਰੀ ਦਿੰਦੇ ਹੋਏ ਮੱਖਣ ਸਿੰਘ, ਬਲਕਾਰ ਸਿੰਘ ਆਦਿ ਨੇ ਦੱਸਿਆ ਕਿ ਇਸ ਸੜਕ ਦੇ ਨਾਲ ਕਾਫੀ ਪਿੰਡ ਜੁੜੇ ਹੋਏ ਹਨ ਅਤੇ ਇਸ ਸੜਕ 'ਤੇ ਟਰੈਫਿਕ ਦਾ ਕਾਫੀ ਜ਼ੋਰ ਰਹਿੰਦਾ ਹੈ ਜਿਸ ਕਾਰਨ ਆਉਣ-ਜਾਣ ਦਿਨ ਰਾਤ ਲੱਗਾ ਰਹਿੰਦਾ ਹੈ। ਲੋਕਾਂ ਨੇ ਦੱਸਿਆ ਕਿ ਇਸ ਸੜਕ ਰਾਹੀਂ ਕਿਸਾਨਾਂ ਦੀਆਂ ਗੰਨੇ ਦੀਆਂ ਟਰਾਲੀਆਂ ਮਿੱਲਾਂ ਵਗੈਰਾ ਨੂੰ ਜਾਂਦੀਆਂ ਹਨ ਪਰ ਸੜਕ ਉਬੜ-ਖਾਬੜ ਹੋਣ ਕਾਰਨ ਟਰਾਲੀਆਂ ਦੇ ਪਲਟਣ ਦਾ ਡਰ ਬਣਿਆ ਰਹਿੰਦਾ ਹੈ। ਲੋਕਾਂ ਜ਼ਿਲ੍ਹਾ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਇਸ ਸੜਕ ਦੀ ਮੁਰੰਮਤ ਜਲਦ ਤੋਂ ਜਲਦ ਕਰਵਾਈ ਜਾਵੇ ਤਾਂ ਜੋ ਕੋਈ ਜਾਨੀ ਨੁਕਸਾਨ ਨਾ ਹੋਵੇ।



## ਮੇਜਰ ਸਿੰਘ ਲਾਈਨਮੈਨ ਸੇਵਾ ਮੁਕਤੀ 'ਤੇ ਸਨਮਾਨਤ

### ਪਾਵਰ ਮੈਨੇਜਮੈਂਟ ਹਜ਼ਾਰਾਂ ਖਾਲੀ ਅਸਾਮੀਆਂ 'ਤੇ ਰੈਗੂਲਰ ਭਰਤੀ ਕਰੇ : ਗੰਡੀਵਿੰਡ



ਤਰਨ ਤਾਰਨ (ਪੱਤਰ ਪ੍ਰੇਰਕ) ਇੱਥੋਂ ਥੋੜ੍ਹੀ ਦੂਰ ਪੀ ਐਸ ਪੀ ਸੀ ਐਲ ਦੀ ਸਬ ਡਵੀਜ਼ਨ ਨੌਸ਼ਹਿਰਾ ਪਨੂੰਆਂ ਵਿਖੇ ਬਤੌਰ ਲਾਈਨਮੈਨ ਸੇਵਾਵਾਂ ਨਿਭਾ ਕੇ ਸੇਵਾ ਮੁਕਤ ਹੋਏ ਬਿਜਲੀ ਕਾਮਿਆਂ ਦੀ ਸਿਰਮੌਰ ਜਥੇਬੰਦੀ ਪੀ ਐਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਸਬ ਡਵੀਜ਼ਨ ਨੌਸ਼ਹਿਰਾ ਪਨੂੰਆਂ ਦੇ ਪ੍ਰਧਾਨ ਮੇਜਰ ਸਿੰਘ ਨੂੰ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਅਤੇ ਮਹਿਕਮੇ ਦੇ ਕਰਮਚਾਰੀਆਂ ਸਮੇਤ ਅਧਿਕਾਰੀਆਂ ਨੇ ਸ਼ਾਨਦਾਰ ਸਮਾਗਮ ਵਿੱਚ ਯਾਦਗਾਰੀ ਤੋਹਫ਼ੇ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ।ਇਸ ਮੌਕੇ ਇਕੱਤਰ ਹੋਈ ਰਾਜਗੀਨ ਨੂੰ ਸੰਬੋਧਨ ਕਰਦਿਆਂ ਸਾਬਕਾ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਮੇਜਰ ਸਿੰਘ ਵੱਲੋਂ ਮਹਿਕਮੇ ਅਤੇ ਜਥੇਬੰਦੀ ਪ੍ਰਤੀ ਨਿਭਾਈਆਂ ਸ਼ਾਨਦਾਰ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਖੁਸ਼ੀ ਮੌਕੇ ਪ੍ਰੀਵਾਰ ਨੂੰ ਮੁਬਾਰਕਬਾਦ ਦਿੱਤੀ।ਉਨ੍ਹਾਂ ਨੇ ਵਿਭਾਗ ਵਿੱਚੋਂ ਕਰਮਚਾਰੀਆਂ ਦੀ ਵੱਡੇ ਪੱਧਰ 'ਤੇ ਹੋ ਰਹੀ ਸੇਵਾ ਮੁਕਤੀ ਕਾਰਣ ਖਾਲੀ ਹੋ ਰਹੀਆਂ ਹਜ਼ਾਰਾਂ ਅਸਾਮੀਆਂ 'ਤੇ ਰੈਗੂਲਰ ਭਰਤੀ ਕਰਨ ਦੀ ਪਾਵਰ ਮੈਨੇਜਮੈਂਟ ਕੋਲੋਂ ਜੋਰਦਾਰ ਮੰਗ ਕਰਦਿਆਂ ਕਰਮਚਾਰੀਆਂ ਦੀ ਘੱਟ ਰਹੀ ਗਿਣਤੀ ਦੇ ਕਾਰਣ ਮੌਜੂਦਾ ਬਿਜਲੀ ਮੁਲਾਜ਼ਮਾਂ ਨੂੰ ਕੰਮ ਦੇ ਬੋਝ ਕਰਕੇ ਰੋਜ਼ਾਨਾ ਦੀ ਡਿਊਟੀ ਦੌਰਾਨ ਆ ਰਹੀਆਂ ਮੁਸ਼ਕਲਾਂ ਤੇ ਚਿੰਤਾ ਜ਼ਾਹਰ ਕੀਤੀ।ਇਸ ਮੌਕੇ ਫੈਡਰੇਸ਼ਨ ਏਟਕ ਦੇ ਸਰਕਲ ਸਕੱਤਰ ਪੂਰਨ ਦਾਸ, ਜੋਨ ਆਗੂ ਅਤੇ ਉਪ ਮੰਡਲ ਅਫਸਰ ਕੁਲਵਿੰਦਰ ਸਿੰਘ ਬਾਗੜੀਆ, ਉਪ ਮੰਡਲ ਅਫਸਰ ਤਰਨ ਤਾਰਨ ਸਟੋਰ ਬਲਜਿੰਦਰ ਸਿੰਘ , ਏਟਕ ਦੇ ਡਵੀਜਨ ਪ੍ਰਧਾਨ ਮੇਜਰ ਸਿੰਘ ਨਾਗੋਕੇ, ਤਰਜੀਤ ਸਿੰਘ ਨਾਗੋਕੇ, ਇੰਪਲਾਈਜ਼ ਫੈਡਰੇਸ਼ਨ ਪਹਿਲਵਾਨ ਦੇ ਆਗੂ ਨਰਿੰਦਰ ਸਿੰਘ ਮਾਣੋਚਾਹਲ, ਸੂਬਾ ਆਗੂ ਸਤਨਾਮ ਸਿੰਘ ਸਰਾਂ, ਸਰਕਲ ਆਗੂ ਸਰਿੰਦਰ ਸਿੰਘ ਬਾਠ, ਡਵੀਜ਼ਨ ਆਗੂ ਹਰਪਾਲ ਸਿੰਘ, ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰ ਯੂਨੀਅਨ ਦੇ ਡਵੀਜ਼ਨ ਸਕੱਤਰ ਜਸਬੀਰ ਸਿੰਘ ਸੋਨੂੰ, ਪ੍ਰਧਾਨ ਬਲਦੇਵ ਸਿੰਘ ਸਰਪੰਚ, ਟੀ ਐਸ ਯੂ ਦੇ ਡਵੀਜ਼ਨ ਆਗੂ ਸਾਧਾ ਸਿੰਘ, ਸਰਕਲ ਆਗੂ ਜਗਜੀਤ ਸਿੰਘ ਨੇ ਕਿਹਾ ਕਿ ਮੇਜਰ ਸਿੰਘ ਨੇ ਆਪਣੀ ਸਾਰੀ ਸਰਵਿਸ ਦੌਰਾਨ ਮਹਿਕਮੇ ਦੇ ਕੰਮ ਨੂੰ ਪੂਰੀ ਲਗਨ ਨਾਲ ਕਰਕੇ ਚੰਗੀ ਮਿਸ਼ਾਲ ਪੇਸ਼ ਕੀਤੀ ਹੈ।ਇਸ ਮੌਕੇ ਸਾਬਕਾ ਸਰਪੰਚ ਤਰਸੇਮ ਸਿੰਘ , ਸਾਬਕਾ ਚੈਅਰਮੈਨ ਇਕਬਾਲ ਸਿੰਘ ਮੈਣੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕੇ ਦੇ ਮੋਹਤਬਰ ਵਿਆਕਤੀ, ਸੇਵਾ ਮੁਕਤ ਕਰਮਚਾਰੀ, ਪ੍ਰੀਵਾਰਕ ਮੈਂਬਰ ਅਤੇ ਰਿਸ਼ਤੇਦਾਰ ਹਾਜ਼ਰ ਸਨ।

## ਸ਼੍ਰੋਮਣੀ ਕਮੇਟੀ ਦੇ ਸੇਵਾ ਮੁਕਤ ਹੋ ਚੁੱਕੇ ਅਧਿਕਾਰੀ ਤੇ ਕਰਮਚਾਰੀ ਭਲਾਈ ਫੰਡ ਸਕੀਮ ਤਹਿਤ ਸਨਮਾਨਿਤ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਸੇਵਾ ਮੁਕਤ ਹੋ ਚੁੱਕੇ ਅਧਿਕਾਰੀ ਤੇ ਕਰਮਚਾਰੀਆਂ ਨੂੰ ਮੁਲਾਜ਼ਮ ਭਲਾਈ ਫੰਡ ਸਕੀਮ ਤਹਿਤ ਸਨਮਾਨਿਤ ਕੀਤਾ ਗਿਆ। ਇਨ੍ਹਾਂ ਸਾਬਕਾ ਮੁਲਾਜ਼ਮਾਂ ਵਿਚ ਸਕੱਤਰ ਕੁਲਵਿੰਦਰ ਸਿੰਘ ਰਮਦਾਸ, ਮੀਤ ਸਕੱਤਰ ਗੁਰਦੀਪ ਸਿੰਘ, ਚੀਫ਼ ਅਕਾਊਂਟੈਂਟ ਮਿਲਖਾ ਸਿੰਘ, ਡਾਇਰੈਕਟਰ ਚਮਕੌਰ ਸਿੰਘ, ਇੰਚਾਰਜ ਦੀਪਇੰਦਰ ਸਿੰਘ ਸੁਪਰਵਾਈਜ਼ਰ ਪਰਮਜੀਤ ਸਿੰਘ, ਹਰਪਾਲ ਸਿੰਘ ਤੇ ਜਸਵਿੰਦਰ ਸਿੰਘ, ਮੀਤ ਮੈਨੇਜਰ ਪਰਮਜੀਤ ਸਿੰਘ, ਸੀਨੀਅਰ ਕੰਪਿਊਟਰ ਓਪਰੇਟਰ ਬਲਵਿੰਦਰ ਸਿੰਘ, ਸਹਾਇਕ ਸੁਪਰਵਾਈਜ਼ਰ ਸਰਬਜੀਤ ਸਿੰਘ, ਈਸੀ ਪਿਆਰਾ ਸਿੰਘ, ਡਰਾਇਵਰ ਸਤਨਾਮ ਸਿੰਘ, ਕਲਰਕ ਗੁਰਪਾਲ ਸਿੰਘ, ਪੇਸਟਰ ਸੁਭਾਸ਼ ਕੁਮਾਰ, ਹੈਲਪਰ ਗੁਰਦੀਪ ਸਿੰਘ, ਸੇਵਾਦਾਰ ਭਾਈ ਸਵਰਨ ਸਿੰਘ ਸ਼ਾਮਲ ਸਨ। ਭਾਈ ਗੁਰਦਾਸ ਹਾਲ ਵਿਖੇ ਕੀਤੇ ਗਏ ਸਮਾਗਮ ਦੌਰਾਨ ਇਨ੍ਹਾਂ ਮੁਲਾਜ਼ਮਾਂ ਨੂੰ ਸਿਰੋਪਾਓ, ਸ੍ਰੀ ਸਾਹਿਬ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਤੇ ਮੁਲਾਜ਼ਮ ਭਲਾਈ ਸਕੀਮ ਤਹਿਤ 41-41 ਹਜ਼ਾਰ ਰੁਪਏ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਸਿੱਖ ਪੰਥ ਦੀ ਮਹਾਨ ਸੰਸਥਾ ਸ਼੍ਰੋਮਣੀ ਕਮੇਟੀ ਦੀਆਂ ਸੇਵਾਵਾਂ ਵਿਚ ਕਰਮਚਾਰੀਆਂ ਦਾ ਵੱਡਾ ਯੋਗਦਾਨ ਹੁੰਦਾ ਹੈ। ਉਨ੍ਹਾਂ ਕਿਹਾ ਕਿ ਨਵੇਂ ਮੁਲਾਜ਼ਮਾਂ ਨੂੰ ਸੇਵਾ ਮੁਕਤ ਹੋਏ ਅਧਿਕਾਰੀਆਂ ਦੇ ਤਜ਼ਰਬੇ ਤੋਂ ਸੇਧ ਲੈਣੀ ਚਾਹੀਦੀ ਹੈ। ਉਨ੍ਹਾਂ ਨਵੇਂ ਮੁਲਾਜ਼ਮਾਂ ਨੂੰ ਮੁਲਾਜ਼ਮ ਭਲਾਈ ਸਕੀਮ ਦੇ ਮੈਂਬਰ ਬਣਨ ਲਈ ਵੀ ਪ੍ਰੇਰਿਆ।

## ਨਾਨਕਸ਼ਾਹੀ ਸਿੱਖ ਸੇਵਾ ਸੁਸਾਇਟੀ ਵੱਲੋਂ ਠੰਢੀ ਮਿੱਠੀ ਲੱਸੀ ਦੀ ਛਬੀਲ ਲਗਾਈ

ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਨਾਨਕਸ਼ਾਹੀ ਸਿੱਖ ਸੇਵਾ ਸੁਸਾਇਟੀ ਰਜਿ. ਵੱਲੋਂ ਹਰ ਸਾਲ ਦੀ ਤਰ੍ਹਾਂ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਇਤਿਹਾਸਕ ਗੁਰਦੁਆਰਾ ਸ੍ਰੀ ਬੁਰਜ ਸਾਹਿਬ ਤੋਂ ਕੱਢੇ ਵਿਸ਼ਾਲ ਨਗਰ ਕੀਰਤਨ ਵਿੱਚ ਸਾਮਲ ਸੰਗਤਾਂ ਲਈ ਨਜਦੀਕੀ ਅਹਿਮਦਾਬਾਦ ਚੌਂਕ ਧਾਰੀਵਾਲ ਵਿਖੇ ਠੰਡੀ ਮਿੱਠੀ ਲੱਸੀ ਦੀ ਛਬੀਲ ਲਗਾਈ ਗਈ। ਇਸ ਮੌਕੇ ਸੰਸਥਾ ਦੇ ਅਹੁਦੇਦਾਰਾਂ ਨੇ ਕਿਹਾ ਸਾਨੂੰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਦਰਸਾਏ ਗਏ ਮਾਰਗ 'ਤੇ ਚੱਲਣਾ ਚਾਹੀਦਾ ਹੈ। ਉਹਨਾਂ ਦੱਸਿਆ ਸਾਡੀ ਸੰਸਥਾ ਦਾ ਮੁੱਖ ਉਦੇਸ ਸਿੱਖੀ ਨੂੰ ਪ੍ਰਫੁੱਲਿਤ ਕਰਨਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਨਾਨਕਸ਼ਾਹੀ ਸਿੱਖ ਸੇਵਾ ਸੋਸਾਇਟੀ ਸਿੱਖੀ ਦੇ ਪ੍ਰਚਾਰ ਲਈ ਅਹਿਮ ਰੋਲ ਅਦਾ ਕਰੇਗੀ। ਇਸ ਮੌਕੇ ਸੰਸਥਾ ਦੇ ਸਰਪ੍ਰਸਤ ਜਥੇਦਾਰ ਨਿਰਵੈਰ ਸਿੰਘ, ਮੁੱਖ ਸੇਵਾਦਾਰ ਬਲਦੇਵ ਸਿੰਘ ਨਿਮਾਣਾ, ਸਹਾਇਕ ਮੁੱਖ ਸੇਵਾਦਾਰ ਡਾਕਟਰ ਕਮਲਜੀਤ ਸਿੰਘ ਕੇਜੇ, ਪ੍ਰੈਸ਼ ਸਕੱਤਰ ਇੰਜ ਜਤਿੰਦਰ ਪਾਲ ਸਿੰਘ ਜੇਪੀ, ਸਕੱਤਰ ਇੰਜ. ਲਖਵਿੰਦਰ ਸਿੰਘ ਪੰਨੂ, ਖਜਾਨਚੀ ਹਰਪ੍ਰੀਤ ਸਿੰਘ ਸੱਭਰਵਾਲ, ਐਜੈਕਟਿਵ ਮੈਂਬਰ ਗੁਰਮੇਜ ਸਿੰਘ, ਹਰਭਜਨ ਸਿੰਘ ਰਣੀਆ, ਬੀਬੀ ਕੁਲਵਿੰਦਰ ਕੌਰ ਕਾਹਲੋਂ ਆਦਿ ਸਮੇਤ ਸੁਸਾਇਟੀ ਦੇ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਨੇ ਸੇਵਾ ਵਿੱਚ ਹਿਸਾ ਲਿਆ।



## ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਨੇ ਮੀਟਿੰਗ 'ਚ ਵਿਚਾਰੇ ਅਹਿਮ ਮੁੱਦੇ




**ਝਬਾਲ (ਹਰਜਿੰਦਰ ਸਿੰਘ ਸੋਨੀ)** ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੀ ਜ਼ਿਲ੍ਹਾ ਇਕਾਈ ਅੰਮ੍ਰਿਤਸਰ ਦੀ ਮੀਟਿੰਗ ਜਿਲ੍ਹਾ ਪ੍ਰਧਾਨ ਗੁਰਨਾਮ ਸਿੰਘ ਤਲਵੰਡੀ ਦੀ ਪ੍ਰਧਾਨਗੀ ਹੇਠ ਸਥਾਨਕ ਸੀਟੂ ਦਫਤਰ ਵਿਖੇ ਹੋਈ।ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਵਿਛੜੇ ਸਾਬਕਾ ਸੂਬਾਈ ਆਗੂ ਮਾਸਟਰ ਭਗਤ ਰਾਮ ਜੀ ਨੂੰ ਸੋਕ ਮਤੇ ਰਾਹੀਂ ਸ਼ਰਧਾਂਜਲੀ ਭੇਟ ਕੀਤੀ ਗਈ।ਮੀਟਿੰਗ ਦੇ ਫੈਸਲੇ ਪ੍ਰੈੱਸ ਨੂੰ ਜਾਰੀ ਕਰਦਿਆਂ ਜਥੇਬੰਦੀ ਦੇ ਜਿਲ੍ਹਾ ਜਨਰਲ ਸਕੱਤਰ ਜਸਬੀਰ ਸਿੰਘ ਝਬਾਲ ਨੇ ਦੱਸਿਆ ਕਿ ਜਿਲ੍ਹੇ ਅੰਦਰ ਪੈਂਦੇ ਪਿੰਡਾਂ ਵਿੱਚ ਮੈਂਬਰਸ਼ਿਪ ਮੁਹਿੰਮ ਤੇਜ ਕਰਕੇ ਯੂਨਿਟ ਚੋਣਾਂ ਕਰਾਉਣ ਅਤੇ ਫੰਡ ਮੁਹਿਮ ਚਲਾਉਣ ਦਾ ਫੈਸਲਾ ਕੀਤਾ ਗਿਆ ਹੈ।ਜਥੇਬੰਦੀ ਦਾ ਮੈਗਜੀਨ ਕੰਮੀਆਂ ਦੀ ਲਹਿਰ ਦਾ ਅੰਕ ਜੋ ਕਿ 9 ਅਪ੍ਰੈਲ ਨੂੰ ਸੂਬਾਈ ਮੀਟਿੰਗ ਵਿੱਚ ਰਿਲੀਜ਼ ਹੋ ਰਿਹਾ ਹੈ ਦੀਆਂ ਕਾਪੀਆਂ ਪਿੰਡਾਂ ਵਿੱਚ ਪਹੁੰਚਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ।ਜਥੇਬੰਦੀ ਵੱਲੋਂ ਜ਼ਿਲ੍ਹੇ ਅੰਦਰ ਪੈਂਦੇ ਪਿੰਡਾ ਦੇ ਖੇਤ ਮਜ਼ਦੂਰਾਂ ਦੀ ਸਕੂਲਿੰਗ ਅਪ੍ਰੈਲ ਦੇ ਅਖੀਰਲੇ ਜਾਂ ਮਈ ਦੇ ਪਹਿਲੇ ਹਫਤੇ ਕਰਾਉਣ ਦਾ ਫੈਸਲਾ ਕੀਤਾ ਗਿਆ ਹੈ।ਮਜਬੂਤ ਜਥੇਬੰਦੀ ਉਸਾਰਨ ਲਈ ਤਹਿਸੀਲ ਕਮੇਟੀਆਂ ਨੂੰ ਸਰਗਰਮੀ ਨਾਲ ਕੰਮ ਕਰਨ ਦੀ ਪ੍ਰੇਰਨਾ ਦਿੱਤੀ ਗਈ।ਇਸ ਮੌਕੇ ਮਨਜੀਤ ਸਿੰਘ ਉਬਰਾਏ, ਸਤਨਾਮ ਸਿੰਘ, ਨਿਸ਼ਾਨ ਸਿੰਘ, ਕਰਤਾਰ ਸਿੰਘ, ਕੁਲਦੀਪ ਸਿੰਘ, ਚਰਨ ਸਿੰਘ, ਘੁਲਾ ਸਿੰਘ, ਸੁਖਦੇਵ ਸਿੰਘ, ਬਿੰਦਰ ਸਿੰਘ, ਜਗੀਰ ਸਿੰਘ, ਲਖਬੀਰ ਸਿੰਘ,ਮੰਗਲ ਸਿੰਘ, ਅਵਤਾਰ ਸਿੰਘ ਅਤੇ ਕਵਲਜੀਤ ਕੌਰ ਆਦਿ ਸਾਥੀ ਹਾਜ਼ਰ ਸਨ।

## ਤਿੰਨ ਨਸ਼ਾ ਤਸਕਰਾਂ ਖ਼ਿਲਾਫ਼ ਵੱਖ-ਵੱਖ ਮਾਮਲੇ ਦਰਜ

ਗੁਰਦਾਸਪੁਰ, (ਜਨਕ ਮਹਾਜਨ)- ਥਾਣਾ ਦੀਨਾਨਗਰ ਪੁਲਸ ਦੇ ਏ.ਐਸ.ਆਈ. ਰਮੇਸ਼ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਟੀ. ਪੁਆਇੰਟ ਬਾਬਾ ਗੁੱਜਾਪੀਰ, ਘੁੱਲਾ ਬ੍ਰਾਹਮਣਾ ਤੋਂ ਗੋਬਿੰਦਾ ਪੁੱਤਰ ਕਵੀ ਰਾਜ ਵਾਸੀ ਘੁੱਲਾ ਬ੍ਰਾਹਮਣਾ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਪਾਸੋਂ ਬਰਾਮਦ ਪਾਰਦਰਸ਼ੀ ਮੋਮੀ ਲਿਫਾਫੇ ਨੂੰ ਚੈਕ ਕੀਤਾ ਜਿਸ ਵਿੱਚੋਂ 7 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ ਜਿਸ 'ਤੇ ਕਥਿਤ ਦੋਸ਼ੀ ਖਿਲਾਫ ਮਾਮਲਾ ਦਰਜ ਕੀਤਾ ਹੈ। ਇਸੇ ਤਰ੍ਹਾਂ ਥਾਣਾ ਬਹਿਰਾਮਪੁਰ ਪੁਲਸ ਦੇ ਏ.ਐਸ.ਆਈ. ਮਨਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਨੇ ਪਿੰਡ ਭਰਥ ਕੱਚਾ ਰਸਤਾ ਜੋ ਖੇਤਾਂ ਨੂੰ ਜਾਂਦਾ ਹੈ, ਵਿਖੇ ਰੇਡ ਕਰਕੇ ਉਸ ਨੂੰ ਕਾਬੂ ਕੀਤਾ ਅਤੇ ਮੌਕੇ ਤੋਂ ਡਰੰਮਾਂ ਵਿੱਚ ਪਾਈ ਹੋਈ 290 ਕਿਲੋਗ੍ਰਾਮ ਲਾਹਣ ਬਰਾਮਦ ਹੋਈ ਹੈ।

ਇਸੇ ਤਰ੍ਹਾਂ ਥਾਣਾ ਕਲਾਨੌਰ ਪੁਲਸ ਦੇ ਐਚ.ਸੀ. ਹਰਮਨਪ੍ਰੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਟੀ.ਪੁਆਇੰਟ ਨਜ਼ਦੀਕ ਬਿਜਲੀ ਘਰ ਕਲਾਨੌਰ ਤੋਂ ਅਮਨਦੀਪ ਸਿੰਘ ਘੁੱਦਾ ਪੁੱਤਰ ਰਛਪਾਲ ਸਿੰਘ ਵਾਸੀ ਹਕੀਮਪੁਰ ਰੋਡ ਕਲਾਨੌਰ ਨੂੰ ਸ਼ੱਕ ਦੇ ਆਧਾਰ 'ਤੇ ਕੈਨ ਪਲਾਸਟਿਕ ਸਮੇਤ ਕਾਬੂ ਕੀਤਾ ਹੈ। ਉਨ੍ਹਾਂ ਪਾਸੋਂ 15000 ਐਮ.ਐਲ. ਨਜਾਇਜ਼ ਸ਼ਰਾਬ ਬਰਾਮਦ ਹੋਈ ਹੈ। ਪੁਲਸ ਤਿੰਨਾਂ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

## ਪਾਉਂਟਾ ਸਾਹਿਬ ਦੇ ਪੰਜਾਬੀ ਬੱਚਿਆਂ ਲਈ ਬੁੱਟਰ ਵੱਲੋਂ ਪੰਜਾਬੀ ਕਾਇਦੇ ਤੇ ਪੁਸਤਕਾਂ ਭੇਜੀਆਂ



ਫਤਹਿਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ) ਇਤਿਹਾਸਕ ਨਗਰ ਪਾਉਂਟਾ ਸਾਹਿਬ ਵਿਖੇ ਬਹੁਤ ਸਾਰੇ ਪੰਜਾਬੀ ਪਰਵਾਰ ਵੀ ਰਹਿੰਦੇ ਹਨ।ਹਰ ਸਾਲ ਪਿੰਡ ਮਾਨ ਸੈਂਡਵਾਲ ਦੀ ਸੰਗਤ ਹੌਲੇ ਮਹੱਲੇ ਮੌਕੇ ਪਾਉਂਟਾ ਸਾਹਿਬ ਵਿਖੇ ਨਤਮਸਤਕ ਹੋਣ ਲਈ ਜਾਂਦੀ ਹੈ।ਉੱਥੇ ਰਹਿਣ ਵਾਲੇ ਪੰਜਾਬੀ ਮਾਂ ਬਾਪ ਹਰ ਸਾਲ ਪੰਜਾਬ ਤੋਂ ਆਉਣ ਵਾਲੀ ਸੰਗਤ ਨੂੰ ਆਪਣੇ ਬੱਚਿਆਂ ਵਾਸਤੇ ਪੰਜਾਬੀ ਕਾਇਦੇ ਲਿਆ ਕੇ ਦੇਣ ਲਈ ਆਖਦੇ ਹਨ।ਉਹ ਆਪਣੇ ਬੱਚਿਆਂ ਨੂੰ ਪੰਜਾਬੀ ਬੋਲੀ ਤੇ ਭਾਸ਼ਾ ਨਾਲ ਜੋੜਨਾ ਚਾਹੁੰਦੇ ਹਨ।ਉਹਨਾਂ ਦੀ ਇਸ ਭਾਵਨਾ ਨੂੰ ਸਮਝਦੇ ਹੋਏ ਸ਼ਬਦ ਸਾਂਝ ਲਾਇਬ੍ਰੇਰੀ ਤੇ ਜੀਵੇ ਪੰਜਾਬੀ ਚੈਨਲ ਦੇ ਜਗਰੂਪ ਸਿੰਘ ਬੁੱਟਰ ਵੱਲੋਂ ਪੰਜਾਬੀ ਕਾਇਦੇ ਤੇ ਰੰਗਦਾਰ ਤਸਵੀਰਾਂ ਵਾਲੀਆਂ ਬਾਲ ਪੁਸਤਕਾਂ ਭੇਜੀਆਂ ਗਈਆਂ ਹਨ।ਜਗਰੂਪ ਸਿੰਘ ਬੁੱਟਰ ਨੇ ਕਿਹਾ ਕੇ ਅਸੀਂ ਬੱਚਿਆਂ ਵਿੱਚ ਪੰਜਾਬੀ ਭਾਸ਼ਾ ਤੇ ਸਾਹਿਤਕ ਪੁਸਤਕਾਂ ਪ੍ਰਤੀ ਪਿਆਰ ਤੇ ਦਿਲਚਸਪੀ ਪੈਦਾ ਕਰਨ ਲਈ ਅਗਾਂਹ ਵੀ ਯਤਨ ਕਰਦੇ ਰਹਾਂਗੇ। ਇਸ ਮੌਕੇ ਬਾਬਾ ਹਰਪਾਲ ਸਿੰਘ, ਰਣਜੀਤ ਸਿੰਘ, ਜਸਪਾਲ ਸਿੰਘ ਨੰਬਰਦਾਰ, ਸੁਖਬੀਰ ਸਿੰਘ ਸੰਧੂ, ਹਰਜੀਤ ਸਿੰਘ ਤੇ ਸੁਰਜੀਤ ਸਿੰਘ ਆਦਿ ਹਾਜ਼ਰ ਸਨ।

## ਸ਼ਾਮ 7 ਵਜੇ ਤੋਂ ਲੈ ਕੇ ਸਵੇਰੇ 6 ਵਜੇ ਤੱਕ ਕੰਬਾਈਨਾਂ ਨਾਲ ਕਣਕ ਦੀ ਕਟਾਈ ਕਰਨ 'ਤੇ ਪਾਬੰਦੀ



**ਡੇਰਾ ਬਾਬਾ ਨਾਨਕ/ਧਾਰੀਵਾਲ (ਰਮੇਸ਼ ਸ਼ਰਮਾ/ਮਨਦੀਪ ਸਿੰਘ ਵਿੱਕੀ )** - ਇਹ ਆਮ ਵੇਖਣ ਵਿੱਚ ਆਇਆ ਹੈ ਕਿ ਕਈ ਵਾਰ ਕਣਕ ਕੱਟਣ ਲਈ ਕੰਬਾਈਨਾਂ 24 ਘੰਟੇ ਕੰਮ ਕਰਦੀਆਂ ਹਨ। ਕੰਬਾਈਨਾਂ ਰਾਤ ਵੇਲੇ ਸਿੱਲ੍ਹੀ ਅਤੇ ਨਮ ਕਣਕ ਕੱਟ ਦਿੰਦੀਆਂ ਹਨ, ਜਿਸ ਨਾਲ ਨਮੀ ਵਾਲੀ ਕਣਕ ਦੀ ਮਿਕਦਾਰ ਬਹੁਤ ਜ਼ਿਆਦਾ ਹੋ ਜਾਂਦੀ ਹੈ । ਜਦੋਂ ਇਹ ਸਿੱਲ੍ਹੀ ਕਣਕ ਮੰਡੀਆਂ ਵਿੱਚ ਵਿਕਣ ਲਈ ਜਾਂਦੀ ਹੈ ਤਾਂ ਨਮੀ ਪ੍ਰਵਾਨਿਤ ਹੱਦ ਨਾਲੋਂ ਜ਼ਿਆਦਾ ਹੋਣ ਕਾਰਨ ਖਰੀਦ ਏਜੰਸੀਆਂ ਖਰੀਦ ਕਰਨ ਤੋਂ ਇਨਕਾਰ ਕਰ ਦਿੰਦੀਆਂ ਹਨ। ਸਿੱਟੇ ਵਜੋਂ ਮੰਡੀਆਂ ਵਿੱਚ ਅਣਵਿਕੀ ਕਣਕ ਦੇ ਅੰਬਾਰ ਜਮ੍ਹਾਂ ਹੋ ਜਾਂਦੇ ਹਨ। ਕਣਕ ਸਮੇਂ ਸਿਰ ਨਾ ਵਿਕਣ ਕਾਰਨ ਕਿਸਾਨਾਂ ਵਿੱਚ ਰੋਸ ਪੈਦਾ ਹੁੰਦਾ ਹੈ। ਵਧੀਕ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਡਾ. ਹਰਜਿੰਦਰ ਸਿੰਘ ਬੇਦੀ ਨੇ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਗੁਰਦਾਸਪੁਰ ਦੀ ਹਦੂਦ ਅੰਦਰ ਸ਼ਾਮ 07.00 ਵਜੇ ਤੋਂ ਲੈ ਕੇ ਸਵੇਰੇ 06.00 ਵਜੇ ਤੱਕ ਕੰਬਾਈਨਾਂ ਨਾਲ ਕਣਕ ਦੀ ਕਟਾਈ ਕਰਨ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾ ਦਿੱਤੀ ਹੈ। ਇਹ ਹੁਕਮ 02-06-2025 ਤੱਕ ਲਾਗੂ ਰਹੇਗਾ।

## ਸਰਕਾਰੀ ਪਾਲੀਟੈਕਨਿਕ ਦੇ ਵਿਦਿਆਰਥੀਆਂ ਨੇ ਸਾਇੰਸ ਸਿਟੀ ਦਾ ਟੂਰ ਲਗਾਇਆ



ਬਟਾਲਾ (ਡਾਕਟਰ ਮਲਵਿੰਦਰ ਸਿੰਘ) ਵਿਦਿਆਰਥੀਆਂ ਨੂੰ ਵਿਗਿਆਨ ਨਾਲ ਅਮਲੀ ਤੌਰ 'ਤੇ ਜੋੜਨ ਅਤੇ ਵਿਗਿਆਨਕ ਸੋਚ ਵਿਕਸਿਤ ਕਰਨ ਦੇ ਆਸ਼ੇ ਨਾਲ ਸਰਕਾਰੀ ਪੌਲੀਟੈਕਨਿਕ ਕਾਲਜ ਬਟਾਲਾ ਦੇ ਈ ਸੀ ਈ ਵਿਭਾਗ ਦੇ ਵਿਦਿਆਰਥੀਆਂ ਦਾ ਵਿਦਿਅਕ ਟੂਰ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਕਪੂਰਥਲਾ ਵਿਖੇ ਗਿਆ।ਟੂਰ ਦੀ ਵਾਪਸੀ ਉਪਰੰਤ ਵਿਭਾਗ ਦੇ ਇੰਚਾਰਜ ਜਗਦੀਪ ਸਿੰਘ ਨੇ ਦੱਸਿਆ ਕਿ ਕਾਲਜ ਦੇ ਪ੍ਰਿੰਸੀਪਲ ਦਵਿੰਦਰ ਸਿੰਘ ਭੱਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗਏ ਵਿਦਿਆਰਥੀਆਂ ਦੇ ਇਸ ਵਿਦਿਅਕ ਟੂਰ ਨੂੰ 3ਡੀ, ਲੇਜ਼ਰ ਸ਼ੋਅ, ਫਲਾਈਟ, ਅਰਥਕੁਇਕ ਸਿਮੂਲੇਟਰ, ਡਾਇਨਾਸੁਰ ਪਾਰਕ, ਵਰਚੁਅਲ ਈਕੋ ਸਿਸਟਮ ਅਤੇ ਗਣਿਤ, ਸਾਇੰਸ, ਖੇਡ, ਪੰਛੀ ਗੈਲਰੀ ਆਦਿ ਵਿਜ਼ਿਟ ਕਰਵਾਇਆ ਗਿਆ। ਜਿਥੇ ਸਾਕਾਰ ਰੂਪ ਵਿੱਚ ਪ੍ਰਦਰਸ਼ਿਤ ਕੀਤੇ ਗਏ ਉਪਰੋਤਕ ਵਿਗਿਆਨ ਸੰਕਲਪਾਂ ਨੂੰ ਵਿਦਿਆਰਥੀਆਂ ਨੇ ਬੜੀ ਰੀਝ ਨਾਲ ਵੇਖਿਆ।

ਪ੍ਰਬੰਧਕਾਂ ਵੱਲੋਂ ਵਿਦਿਆਰਥੀਆਂ ਨੂੰ ਆਦਿ ਮਨੁੱਖ ਤੋਂ ਲੈ ਕੇ ਹੁਣ ਤੱਕ ਹੋਈਆਂ ਖੋਜਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ।ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਨੇ ਡਾਇਨਾਸੁਰ ਪਾਰਕ ਵਿੱਚ ਗਹਿਰੀ ਦਿਲਚਸਪੀ ਲਈ। ਇਸ ਮੌਕੇ ਈ ਸੀ ਈ ਵਿਭਾਗ ਦੇ ਲੈਕਚਰਾਰ ਸਾਹਿਬ ਸਿੰਘ, ਰਜਿੰਦਰ ਕੁਮਾਰ, ਰੋਹਿਤ ਵਾਡਰਾ, ਤੇਜ ਪ੍ਰਤਾਪ ਸਿੰਘ ਕਾਹਲੋਂ, ਸਤਿੰਦਰ ਕੌਰ ਜੇ ਤੁਹਾਡੀ ਆਦ ਵੀ ਹਾਜ਼ਰ ਸਨ।

## ਮਾਤਾ ਚਵਿੰਡਾ ਦੇਵੀ ਦਾ 2 ਰੋਜ਼ਾ ਮੇਲਾ ਸੰਪੰਨ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ) ਅੰਮ੍ਰਿਤਸਰ ਜ਼ਿਲ੍ਹੇ ਵਿੱਚ ਪੈਂਦੇ ਇਤਿਹਾਸਿਕ ਕਸਬਾ ਚਵਿੰਡਾ ਦੇਵੀ ਜਿੱਥੇ ਮਾਤਾ ਚਾਮੁੰਡਾ ਦੇਵੀ ਦਾ ਇਤਿਹਾਸਿਕ ਮੇਲੇ 'ਚ ਲੱਖਾਂ ਸ਼ਰਧਾਲੂ ਆ ਕੇ ਮਾਤਾ ਜੀ ਦੇ ਚਰਨਾਂ ਵਿੱਚ ਆਪਣਾ ਸੀਸ ਝੁਕਾਉਂਦੇ ਹਨ ਅਤੇ ਨਤਮਸਤਕ ਹੁੰਦੇ ਹਨ। ਇਸ ਤਰ੍ਹਾਂ ਇਸ ਵਾਰ ਵੀ ਦੇਸੀ ਚੇਤ ਮਹੀਨੇ 'ਤੇ ਇਹ ਮੇਲਾ 5 ਅਪ੍ਰੈਲ ਦੇ ਸ਼ਨੀਵਾਰ ਦੀ ਅਸ਼ਟਮੀ ਦੇ ਤਿਉਹਾਰ ਤੋਂ ਸ਼ੁਰੂ ਹੋਇਆ ਜੋ 6 ਅਪ੍ਰੈਲ ਦਿਨ ਐਤਵਾਰ ਰਾਮ ਨੌਮੀ ਨੂੰ ਸੰਪੰਨ ਹੋਇਆ। ਮੇਲੇ 'ਤੇ ਮੰਦਰ 'ਚ ਲੱਗੇ ਰਸ਼ੀਵਰ ਕਮ ਤਹਿਸੀਲਦਾਰ ਸ਼ੀਸ਼ਪਾਲ ਸਿੰਗਲਾ ਵੱਲੋਂ ਸ਼ਰਧਾਲੂਆਂ ਦੇ ਰਹਿਣ ਅਤੇ ਖਾਣ-ਪੀਣ ਲਈ ਲੰਗਰ ਦਾ ਵਿਸ਼ੇਸ਼ ਇੰਤਜ਼ਾਮ ਕੀਤਾ ਗਿਆ ਸੀ।ਦੋ ਰੋਜ਼ਾ ਚੱਲੇ ਮੇਲੇ ਵਿੱਚ ਪੁਲਸ ਥਾਣਾ ਕੱਥੂਨੰਗਲ ਦੇ ਐਸ ਐਚ ਓ ਸਤਪਾਲ ਸਿੰਘ ਅਤੇ ਪੁਲਸ ਚੌਂਕੀ ਚਵਿੰਡਾ ਦੇਵੀ ਦੇ ਇੰਚਾਰਜ ਅਮਨਜੀਤ ਸਿੰਘ ਵੱਲੋਂ ਮੇਲੇ ਦੀ ਆਮਦ ਨੂੰ ਦੇਖਦਦਿਆ ਹੋਇਆ ਭਾਰੀ ਪੁਲਸ ਫੋਰਸ ਨਾਲ ਮੰਦਰ ਅਤੇ ਕਸਬੇ ਵਿੱਚ ਪੁਖਤਾ ਇੰਤਜ਼ਾਮ ਕੀਤੇ ਗਏ ਹਨ। ਇਸ ਮੌਕੇ ਮੰਦਰ ਚਵਿੰਡਾ ਦੇਵੀ ਦੇ ਸੁਪਰਵਾਈਜ਼ਰ ਲਵਜੀਤ ਸਿੰਘ ਲਵ, ਬਲਵਿੰਦਰ ਸ਼ਰਮਾਂ, ਰਿੰਕੂ ਬਾਵਾ, ਹਰਜਿੰਦਰ ਡਾਰੀਕੇ, ਮੰਦਰ ਦੀ ਪੁਜਾਰੀ ਪੰਡਿਤ ਗੋਲੂ, ਪੰਡਿਤ ਰਾਜੂ, ਪੰਡਿਤ ਅਭਿਸ਼ੇਕ, ਪੰਡਿਤ ਭਰਤ, ਪੰਡਿਤ ਪਵਨ ਆਦਿ ਸੇਵਾਦਾਰਾਂ ਨੇ ਆਈਆਂ ਹੋਈਆਂ ਸੰਗਤਾਂ ਨੂੰ ਪੂਰੇ ਪਿਆਰ ਸਹਿਤ ਮਾਤਾ ਦੇ ਖੁੱਲ੍ਹੇ ਦਰਸ਼ਨ ਕਰਵਾਏ।

## ਚੋਰੀ ਦੀਆਂ ਘਟਨਾਵਾਂ ਨੂੰ ਅੰਜਾਮ ਦੇਣ ਵਾਲੇ ਬਿਨਾਂ ਨੰਬਰੀ ਮੋਟਰਸਾਈਕਲ ਸਮੇਤ ਕਾਬੂ

ਗੁਰਦਾਸਪੁਰ (ਜਨਕ ਮਹਾਜਨ)- ਬੇਟ ਇਲਾਕੇ ਅੰਦਰ ਚੋਰੀ ਦੀਆਂ ਨਿੱਤ ਘਟਨਾਵਾਂ ਨੂੰ ਅੰਜਾਮ ਦੇਣ ਵਾਲੇ ਸ਼ਾਲਾ ਪੁਲਸ ਨੇ ਇਕ ਇਤਲਾਹ 'ਤੇ ਤਿੰਨ ਨੌਜਵਾਨਾਂ ਨੂੰ ਬਿਨਾਂ ਨੰਬਰੀ ਮੋਟਰਸਾਈਕਲ ਸਮੇਤ ਤੇਜ਼ ਹਥਿਆਰਾਂ ਨਾਲ ਕਾਬੂ ਕੀਤਾ ਹੈ। ਥਾਣਾ ਮੁਖੀ ਮੋਹਨ ਲਾਲ ਤੇ ਤਫਤੀਸ਼ੀ ਅਫਸਰ ਏ.ਐਸ.ਆਈ. ਮਨਜੀਤ ਸਿੰਘ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਬੇਟ ਇਲਾਕੇ ਅੰਦਰ ਰੋਜ਼ਾਨਾ ਚੋਰੀ ਦੀਆਂ ਘਟਨਾਵਾਂ ਨੂੰ ਅੰਜਾਮ ਦੇਣ ਵਾਲਿਆਂ ਵਿੱਚ ਸ਼ਾਮਲ ਸੈਮ ਗਿੱਲ ਪੁੱਤਰ ਸੁਲਤਾਨ ਵਾਸੀ ਅੱਬਲ ਖੈਰ ਥਾਣਾ ਦੀਨਾਨਗਰ, ਵਿਸ਼ਵ ਪੁੱਤਰ ਅਰਜੁਨ ਵਾਸੀ ਮਿਆਣੀ ਝਮੇਲਾ ਥਾਣਾ ਬਹਿਰਾਮਪੁਰ ਅਤੇ ਵਿਨੇ ਬੈਂਸ ਪੁੱਤਰ ਦਵਿੰਦਰਪਾਲ ਵਾਸੀ ਧਾਰੀਵਾਲ ਖਿੱਚੀਆਂ ਥਾਣਾ ਪੁਰਾਣਾ ਸ਼ਾਲਾ ਜ਼ਿਲ੍ਹਾ ਗੁਰਦਾਸਪੁਰ ਇਕ ਮੋਟਰਸਾਈਕਲ 'ਤੇ ਤਿੰਨੇ ਜਾਣੇ ਸਵਾਰ ਹੋ ਕੇ ਆ ਰਹੇ ਸਨ ਅਤੇ ਸ਼ਾਲਾ ਪੁਲਸ ਨੇ ਏ.ਐਸ.ਆਈ. ਮਨਜੀਤ ਸਿੰਘ ਦੀ ਅਗਵਾਈ ਹੇਠ ਨਡਾਲਾ ਪੁਲ 'ਤੇ ਨਾਕਾ ਲਗਾਇਆ ਹੋਇਆ ਸੀ। ਜਦੋਂ ਉਕਤ ਦੋਸ਼ੀਆਂ ਦੀ ਪੁੱਛਗਿੱਛ ਕੀਤੀ ਗਈ ਤਾਂ ਉਨ੍ਹਾਂ ਪਾਸੋਂ ਬੇਸਬਾਲ, ਤੇਜ਼ ਦਾਤਰ ਸਮੇਤ ਹੋਰ ਹਥਿਆਰ ਬਰਾਮਦ ਹੋਏ। ਉਨ੍ਹਾਂ ਦੱਸਿਆ ਕਿ ਉਹ ਨਵੀਂ ਘਟਨਾ ਨੂੰ ਅੰਜਾਮ ਦੇਣ ਜਾ ਰਹੇ ਸਨ। ਪੁਲਸ ਨੇ ਤਿੰਨਾਂ ਕਥਿਤ ਦੋਸ਼ੀਆਂ ਨੂੰ ਸਪਲੈਂਡਰ ਮੋਟਰਸਾਈਕਲ ਸਮੇਤ ਗ੍ਰਿਫਤਾਰ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਲੁਟੇਰਿਆਂ ਪਾਸੋਂ ਹੋਰ ਵੀ ਕਈ ਖੁਲਾਸੇ ਹੋਣ ਦੀ ਸੰਭਾਵਨਾ ਹੈ। ਸ਼ਾਲਾ ਪੁਲਸ ਨੇ ਉਕਤ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ।

## ਖੇਤੀਬਾੜੀ ਵਿਭਾਗ ਦੇ ਫੀਲਡ ਸਟਾਫ ਨੂੰ ਮੱਕੀ ਦੀ ਕਾਸ਼ਤ ਸੰਬੰਧੀ ਦਿੱਤੀ ਸਿਖਲਾਈ

ਧਾਰੀਵਾਲ(ਗੁਰਦਾਸਪੁਰ) (ਮਨਦੀਪ ਸਿੰਘ ਵਿੱਕੀ)- ਗੁਰਦਾਸਪੁਰ ਜਿਲੇ ਅੰਦਰ 7 ਹਜ਼ਾਰ ਹੈਕਟੇਅਰ ਰਕਬੇ ਵਿਚ ਸਾਉਣੀ ਦੀ ਮੱਕੀ ਦੀ ਕਾਸ਼ਤ ਕਰਾਉਣ ਦੇ ਉਲੀਕੇ ਗਏ ਟੀਚੇ ਤਹਿਤ ਅੱਜ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਸਮੁੱਚੇ ਫੀਲਡ ਸਟਾਫ ਨੂੰ ਸਿਖਲਾਈ ਦੇਣ ਲਈ ਜ਼ਿਲਾ ਪ੍ਰਬੰਧਕੀ ਕੰਪਲੈਕਸ ਦੇ ਟ੍ਰੇਨਿੰਗ ਹਾਲ ਵਿਚ ਇਕ ਸਿਖਲਾਈ ਪ੍ਰੋਗਰਾਮ ਕਰਵਾਇਆ ਗਿਆ। ਜਿਸ ਦੀ ਪ੍ਰਧਾਨਗੀ ਜ਼ਿਲੇ ਦੇ ਮੁੱਖ ਖੇਤੀਬਾੜੀ ਅਫਸਰ ਡਾ. ਅਮਰੀਕ ਸਿੰਘ ਕੀਤੀ। ਇਸ ਮੌਕੇ ਸਮੁੱਚੇ ਜ਼ਿਲ੍ਹੇ ਦੇ ਬਲਾਕ ਖੇਤੀਬਾੜੀ ਅਫਸਰਾਂ, ਖੇਤੀਬਾੜੀ ਵਿਕਾਸ ਅਫਸਰਾਂ, ਖੇਤੀਬਾੜੀ ਵਿਸਥਾਰ ਅਫਸਰਾਂ, ਬਲਾਕ ਟੈਕਨਾਲੋਜੀ ਮੈਨੇਜਰਾਂ ਅਤੇ ਖੇਤੀਬਾੜੀ ਉਪ ਨਿਰੀਖਕਾਂ ਨੇ ਸ਼ਮੂਲੀਅਤ ਕੀਤੀ ਜਿਨ੍ਹਾਂ ਨੂੰ ਸਿਖਲਾਈ ਦੇਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਅਤੇ ਰੀਜਨਲ ਕੈਂਪਸ ਨਾਲ ਸਬੰਧਤ ਖੇਤੀ ਮਾਹਰਾਂ ਦੀ ਟੀਮ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਮੱਕੀ ਦੀ ਕਾਸ਼ਤ ਨਾਲ ਸਬੰਧਤ ਅਹਿਮ ਨੁਕਤੇ ਸਾਂਝੇ ਕੀਤੇ। ਇਸ ਮੌਕੇ ਮੁੱਖ ਖੇਤੀਬਾੜੀ ਅਫਸਰ ਡਾ. ਅਮਰੀਕ ਸਿੰਘ ਨੇ ਕਿਹਾ ਕਿ ਪੰਜਾਬ 'ਚ ਝੋਨੇ ਦੀ ਕਾਸ਼ਤ ਕਾਰਨ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਇਸ ਹੱਦ ਤੱਕ ਨੀਵਾਂ ਜਾ ਚੁੱਕਾ ਹੈ ਕਿ ਕੇਂਦਰੀ ਜ਼ਿਲ੍ਹਿਆਂ ਵਿੱਚ ਹਾਲਾਤ ਬਦ ਤੋਂ ਬਦਤਰ ਹੋ ਗਏ ਹਨ। ਪੰਜਾਬ ਦੇ 141 ਬਲਾਕਾਂ ਵਿੱਚੋਂ 110 ਬਲਾਕਾਂ ਨੂੰ ਪਹਿਲਾਂ ਹੀ ਜ਼ਮੀਨਦੋਜ਼ ਪਾਣੀ ਦੇ ਵਧੇਰੇ ਨਿਕਾਸੀ ਕਾਰਨ ਕਾਲੇ ਖੇਤਰ ਐਲਾਨਿਆ ਚੁੱਕਾ ਹੈ ਅਤੇ ਹੁਣੇ ਹੁਣੇ ਕੇਂਦਰੀ ਭੂ ਜਲ ਬੋਰਡ ਵੱਲੋਂ 18 ਬਲਾਕਾਂ ਨੂੰ ਕਾਲੇ ਖੇਤਰ ਵਾਲੇ ਬਲਾਕ ਐਲਾਨ ਕਰਕੇ ਹੋਰ ਟਿਊਬਵੈਲ ਲਗਾਉਣ ਤੇ ਪਾਬੰਦੀ ਲਗਾ ਦਿੱਤੀ ਹੈ। ਪੰਜਾਬ ਦੇ ਜਲ ਸਰੋਤ ਕੇਵਲ 13.5 ਲੱਖ ਹੈਕਟੇਅਰ ਰਕਬੇ ਹੀ ਝੋਨੇ ਦੀ ਕਾਸ਼ਤ ਕਰਨ ਯੋਗ ਹਨ। ਜਿਸ ਕਾਰਨ ਪੰਜਾਬ ਸਰਕਾਰ ਵੱਲੋਂ ਸਾਉਣੀ 2025-26 ਦੌਰਾਨ ਤਿੰਨ ਜ਼ਿਲ੍ਹਿਆਂ ਬਠਿੰਡਾ, ਗੁਰਦਾਸਪੁਰ ਅਤੇ ਕਪੂਰਥਲਾ ਵਿੱਚ ਝੋਨੇ ਦੀ ਫਸਲ ਹੇਠੋਂ 21 ਹਜ਼ਾਰ ਹੈਕਟੇਅਰ ਰਕਬਾ ਕੱਢ ਕੇ ਮੱਕੀ ਦੀ ਫਸਲ ਹੇਠ ਲਿਆਉਣ ਦੀ ਵਿਉਂਤਬੰਦੀ ਕੀਤੀ ਗਈ ਹੈ। ਫੀਲਡ ਸਟਾਫ ਨੂੰ ਸਿਖਲਾਈ ਦੇਣ ਮੌਕੇ ਪੀ ਏ ਯੂ ਦੇ ਪ੍ਰਿੰਸੀਪਲ ਐਗਰੋਨੋਮਿਸਟ ਡਾ. ਮਹੇਸ਼ ਨੇ ਜਿਥੇ ਮੱਕੀ ਦੀ ਕਾਸ਼ਤ ਨਾਲ ਸਬੰਧਤ ਅਹਿਮ ਜਾਣਕਾਰੀਆਂ ਸਾਂਝੀਆਂ ਕੀਤੀਆਂ।ਉਨ੍ਹਾਂ ਕਿਹਾ ਕਿ ਸਿੰਚਿਤ ਇਲਾਕਿਆਂ ਵਿੱਚ ਮੱਕੀ ਦੀ ਬਿਜਾਈ 25 ਮਈ ਤੋਂ 29 ਜੂਨ ਤੱਕ ਅਤੇ ਬਾਰਾਨੀ ਇਲਾਕਿਆਂ ਵਿੱਚ ਮੁੱਖ ਤੌਰ ਤੇ ਬਰਸਾਤ ਸ਼ੁਰੂ ਹੋਣ 'ਤੇ ਨਿਰਭਰ ਕਰਦੀ ਹੈ। ਸੋ ਮੱਕੀ ਦੀ ਬਿਜਾਈ 20 ਜੂਨ ਤੋਂ 7 ਜੁਲਾਈ ਤੱਕ ਕੀਤੀ ਜਾ ਸਕਦੀ ਹੈ।ਅਗਸਤ ਮਹੀਨੇ ਵਿੱਚ ਮੱਕੀ ਦੀ ਬਿਜਾਈ ਕਰਕੇ ਵੀ ਵਧੇਰੇ ਪੈਦਾਵਾਰ ਲਈ ਜਾ ਸਕਦੀ ਹੈ।ਬਾਰਾਨੀ ਇਲਾਕਿਆਂ ਵਿੱਚ ਆਮ ਕਰਕੇ ਕਿਸਾਨ ਮੱਕੀ ਦੀ ਬਿਜਾਈ ਛੱਟੇ ਨਾਲ ਕਰਦੇ ਹਨ ਜਿਸ ਨਾਲ ਪ੍ਰਤੀ ਏਕੜ ਬੂਟਿਆਂ ਦੀ ਗਿਣਤੀ ਪੂਰੀ ਨਾ ਹੋਣ ਅਤੇ ਮਿੱਟੀ ਨਾ ਚੜ੍ਹਨ ਕਾਰਨ ਪੈਦਾਵਾਰ ਘੱਟ ਨਿਕਲਦੀ ਹੈ ਇਸ ਲਈ ਪ੍ਰਤੀ ਏਕੜ ਬੂਟਿਆਂ ਦੀ ਗਿਣਤੀ 33000 ਹੋਣੀ ਬਹੁਤ ਜ਼ਰੂਰੀ ਹੈ। ਮੱਕੀ ਦੀ ਬਿਜਾਈ ਨੁਮੈਟਿਕ ਪਲਾਂਟਰ ਨਾਲ ਜਾਂ ਵੱਟਾਂ ਉਪਰ ਚੋਗ ਕੇ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਯੂਨੀਵਰਸਿਟੀ ਦੀਆਂ ਸਿਫਾਰਸ਼ਾਂ ਅਨੁਸਾਰ ਮੱਕੀ ਦੀ ਕਾਸ਼ਤ ਕੀਤੀ ਜਾਵੇ ਤਾਂ ਕਿਸਾਨ ਚੰਗੀ ਆਮਦਨ ਕਮਾ ਸਕਦੇ ਹਨ। ਯੂਨੀਵਰਸਿਟੀ ਦੇ ਕੀਟ ਵਿਗਿਆਨੀ ਡਾ. ਜਵਾਲਾ ਜਿੰਦਲ ਨੇ ਬੀਜ ਦੀ ਸੋਧ ਅਤੇ ਮੱਕੀ ਦੀ ਫਸਲ 'ਤੇ ਹਮਲਾ ਕਰਨ ਵਾਲੇ ਵੱਖ ਵੱਖ ਕੀਟ ਪਤੰਗਿਆਂ ਦੀ ਰੋਕਥਾਮ ਬਾਰੇ ਜਾਣਕਾਰੀ ਦਿੱਤੀ। ਪੌਦ ਸੁੱਰਖਿਆ ਮਾਹਿਰ ਡਾ ਹਰਲੀਨ ਕੌਰ, ਡਾ. ਤੋਸ਼ ਗਰਗ ਨੇ ਨਦੀਨਾਂ ਦੀ ਰੋਕਥਾਮ ਲਈ, ਵੱਖ ਵੱਖ ਬਿਮਾਰੀਆਂ ਤੋਂ ਬਚਾਅ ਦੇ ਢੰਗ ਤਰੀਕਿਆਂ ਸਮੇਤ ਹੋਰ ਜਾਣਕਾਰੀ ਸਾਂਝੀ ਕੀਤੀ। ਕੇ ਵੀ ਕੇ ਗੁਰਦਾਸਪੁਰ ਦੇ ਇੰਜੀ. ਰਵਿੰਦਰ ਸਿੰਘ ਛੀਨਾ ਨੇ ਮੱਕੀ ਦੀ ਬਿਜਾਈ ਅਤੇ ਕਟਾਈ ਸਮੇਤ ਹੋਰ ਕੰਮਾਂ ਲਈ ਵਰਤੀ ਜਾਣ ਵਾਲੀ ਮਸ਼ੀਨਰੀ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਕਿਹਾ ਕਿ ਮੱਕੀ ਦੀ ਕਾਸ਼ਤ ਅਤੇ ਸਾਂਭ ਸੰਭਾਲ ਦਾ ਸਮੁੱਚਾ ਕੰਮ ਕਰਨ ਲਈ ਢੁੱਕਵੀਆਂ ਮਸ਼ੀਨਾਂ ਉਪਲੱਬਧ ਹਨ। ਅਖੀਰ ਵਿਚ ਖੇਤੀਬਾੜੀ ਅਫਸਰ ਡਾ. ਮਨਪ੍ਰੀਤ ਸਿੰਘ ਅਤੇ ਡਾ. ਸ਼ਹਿਬਾਜ ਸਿੰਘ ਚੀਮਾ ਨੇ ਆਏ ਹੋਏ ਸਾਇੰਸਦਾਨਾਂ ਦਾ ਧੰਨਵਾਦ ਕੀਤਾ।



8-April-PAGE-12.qxd 4/7/2025 10:53 PM Page 1



## ਜਨਮ ਦਿਨ ਮੁਬਾਰਕ



ਕਿਰਨਦੀਪ ਕੌਰ
ਪਿੰਡ ਦੋਰਾਂਗਲਾ, ਜ਼ਿਲ੍ਹਾ ਗੁਰਦਾਸਪੁਰ

## ਵਰ੍ਹੇਗੰਢ ਮੁਬਾਰਕ



ਗਗਨਦੀਪ ਸਿੰਘ ਕਾਲੜਾ ਤੇ ਜਸਵੀਰ ਕੌਰ ਕਾਲੜਾ ਵਾਸੀ ਜਲੰਧਰ ਨੇ ਆਪਣੇ ਵਿਆਹ ਦੀ 17ਵੀਂ ਵਰ੍ਹੇਗੰਢ ਮਨਾਈ

# ਸਿੱਖਿਆ ਸੁਧਾਰਾਂ ਦੀ ਆਲੋਚਨਾ ਕਰਨ ਵਾਲਿਆਂ ਨੂੰ ਹਰਜੋਤ ਸਿੰਘ ਬੈਂਸ ਨੇ ਕਰੜੇ ਹੱਥੀਂ ਲਿਆ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਵਿਰੋਧੀ ਆਗੂਆਂ ਵੱਲੋਂ ਪੰਜਾਬ ਸਰਕਾਰ ਦੇ ਸਿੱਖਿਆ ਸੁਧਾਰਾਂ ਦੀ ਕੀਤੀ ਜਾ ਰਹੀ ਆਲੋਚਨਾ ਨੂੰ ਮਹਿਜ਼ ਡਰਾਮਾ ਕਰਾਰ ਦਿੱਤਾ ਅਤੇ ਕਿਹਾ ਕਿ ਇਹ ਲੋਕ ਨਿੱਜੀ ਤੇ ਰਾਜਸੀ ਮੁਫ਼ਾਦਾਂ ਲਈ ਅਜਿਹਾ ਕਰ ਰਹੇ ਹਨ।'ਸਿੱਖਿਆ ਕ੍ਰਾਂਤੀ' ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਫੇਜ਼-11 ਮੋਹਾਲੀ ਵਿਖੇ ਕਰਵਾਏ ਗਏ ਉਦਘਾਟਨੀ ਸਮਾਗਮ ਨੂੰ ਸੰਬੋਧਨ ਕਰਦਿਆਂ ਸਿੱਖਿਆ ਮੰਤਰੀ ਨੇ ਕਿਹਾ, 'ਜਿਨ੍ਹਾਂ ਲੋਕਾਂ ਨੇ ਦਹਾਕਿਆਂ ਤੱਕ ਸਰਕਾਰੀ ਸਕੂਲਾਂ ਨੂੰ ਅਣਗੌਲਿਆ, ਹੁਣ ਉਹ 'ਪੜ੍ਹਦਾ ਪੰਜਾਬ' ਦੇਖ ਕੇ ਡਰੇ ਹੋਏ ਹਨ। ਜਦੋਂ ਪੰਜਾਬ ਦੀ ਸਿੱਖਿਆ ਪ੍ਰਣਾਲੀ ਅਸਫ਼ਲ ਹੋ ਰਹੀ ਸੀ, ਇਹ ਸਾਰੇ ਚੁੱਪ ਸਨ।ਹੁਣ ਜਦੋਂ ਸਾਡੇ ਬੱਚੇ ਵਧ-ਫੁੱਲ ਰਹੇ ਹਨ, ਤਰੱਕੀ ਕਰ ਰਹੇ ਹਨ ਤਾਂ ਇਨ੍ਹਾਂ ਨੂੰ ਖ਼ਤਰਾ ਮਹਿਸੂਸ ਹੋ ਰਿਹਾ ਹੈ।ਹਰਜੋਤ ਸਿੰਘ ਬੈਂਸ ਨੇ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਦੇ ਸੱਤਾ ਸੰਭਾਲਣ ਤੋਂ ਬਾਅਦ ਹੋਏ ਵੱਡੇ ਸੁਧਾਰਾਂ ਵੱਲ ਝਾਤ ਮਰਵਾਉਂਦਿਆਂ ਕਿਹਾ, ਸਾਨੂੰ ਵਿਰਾਸਤ ਵਿੱਚ ਲਗਭਗ 20,000 ਸਰਕਾਰੀ ਸਕੂਲਾਂ ਵਿੱਚੋਂ ਜ਼ਿਆਦਾਤਰ ਬਿਨਾਂ ਚਾਰਦੀਵਾਰੀ, ਬਿਨਾਂ ਢੁੱਕਵੇਂ ਪਖਾਨਿਆਂ ਤੇ ਬਿਨਾਂ ਢੁੱਕਵੀਆਂ ਵਿਦਿਅਕ ਸਹੂਲਤਾਂ ਦੇ ਬਹੁਤ ਹੀ ਮਾੜੀ ਹਾਲਤ ਵਿੱਚ ਮਿਲੇ। ਅੱਜ, ਪੰਜਾਬ ਦੇ ਲਗਭਗ ਹਰ ਸਰਕਾਰੀ ਸਕੂਲ ਵਿੱਚ ਚਾਰਦੀਵਾਰੀ ਹੈ, ਕੁੜੀਆਂ ਅਤੇ ਮੁੰਡਿਆਂ ਲਈ ਵੱਖਰੇ ਪਖਾਨੇ ਹਨ, ਫਰਨੀਚਰ, ਪੀਣ ਵਾਲੇ ਸਾਫ਼ ਪਾਣੀ ਦੀਆਂ ਸਹੂਲਤਾਂ ਅਤੇ 90% ਸਕੂਲਾਂ ਵਿੱਚ ਵਾਈਫਾਈ ਕਨੈਕਟੀਵਿਟੀ ਹੈ।ਇਨ੍ਹਾਂ ਵਿਕਾਸ ਕਾਰਜਾਂ ਦੀ ਸ਼ਲਾਘਾ ਕਰਨ ਦੀ ਬਜਾਏ ਵਿਰੋਧੀ ਧਿਰਾਂ ਦੇ ਆਗੂ ਇਨ੍ਹਾਂ ਦੀ ਨਿੰਦਾ ਕਰ ਰਹੇ ਹਨ ਅਤੇ ਇਨ੍ਹਾਂ ਵਿਕਾਸ ਕਾਰਜਾਂ ਦੇ ਉਦਘਾਟਨਾਂ 'ਤੇ ਸਵਾਲ ਚੁੱਕ ਰਹੇ ਹਨ।ਸਿੱਖਿਆ ਮੰਤਰੀ ਨੇ ਉਚੇਚੇ ਤੌਰ 'ਤੇ ਬਰਾਬਰ ਸਿੱਖਿਆ ਦੇ ਮੌਕੇ ਪ੍ਰਦਾਨ ਕਰਨ ਲਈ ਸਰਕਾਰ ਦੀ ਵਚਨਬੱਧਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਸਰਕਾਰੀ ਸਕੂਲਾਂ ਦੇ 189 ਵਿਦਿਆਰਥੀਆਂ ਨੇ ਹਾਲ ਹੀ ਵਿੱਚ ਜੇਈਈ ਮੇਨਜ਼ ਦੀ ਪ੍ਰੀਖਿਆ ਪਾਸ ਕੀਤੀ ਹੈ, ਜੋ ਇੱਕ ਸ਼ਾਨਦਾਰ ਪ੍ਰਾਪਤੀ ਹੈ ਅਤੇ ਸਾਡੇ ਸਿੱਖਿਆ ਸੁਧਾਰਾਂ ਦੀ ਪ੍ਰਭਾਵਸ਼ੀਲਤਾ ਨੂੰ ਦਰਸਾਉਂਦੀ ਹੈ।ਉਨ੍ਹਾਂ ਕਿਹਾ, ਸਾਡੀ ਲੜਾਈ ਪ੍ਰਾਈਵੇਟ ਸਕੂਲ ਮਾਫ਼ੀਆ ਅਤੇ ਉਨ੍ਹਾਂ ਨਾਕਾਰਾਤਮਕ ਤਾਕਤਾਂ ਖਿਲਾਫ਼ ਹੈ, ਜੋ ਸਰਕਾਰੀ ਸਿੱਖਿਆ ਦੀ ਅਣਦੇਖੀ ਦਾ ਫ਼ਾਇਦਾ ਚੁੱਕਦੇ ਰਹੇ। ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਉਨ੍ਹਾਂ ਨੇ ਫਿਰੋਜ਼ਪੁਰ, ਫਾਜ਼ਿਲਕਾ ਅਤੇ ਤਰਨ ਤਾਰਨ ਸਮੇਤ ਕਈ ਜ਼ਿਲ੍ਹਿਆਂ ਦੇ 1200 ਤੋਂ ਵੱਧ ਸਕੂਲਾਂ ਦਾ ਨਿੱਜੀ ਤੌਰ 'ਤੇ ਕਈ ਵਾਰ ਦੌਰਾ ਕੀਤਾ, ਤਾਂ ਜੋ ਜ਼ਮੀਨੀ ਪੱਧਰ 'ਤੇ ਸਾਰੇ ਸੁਧਾਰਾਂ ਨੂੰ ਸਹੀ ਢੰਗ ਨਾਲ ਲਾਗੂ ਕਰਨਾ ਯਕੀਨੀ ਬਣਾਇਆ ਜਾ ਸਕੇ।ਸ੍ਰੀ ਬੈਂਸ ਨੇ ਅੱਗੇ ਕਿਹਾ, 20,000 ਸਕੂਲ, ਜਿਨ੍ਹਾਂ ਵਿੱਚ 28 ਲੱਖ ਵਿਦਿਆਰਥੀ ਪੜ੍ਹ ਰਹੇ ਹਨ, ਨੂੰ ਪੂਰੀ ਤਰ੍ਹਾਂ ਬਦਲਣਾ ਇੱਕ ਲੰਮਾ ਸਫ਼ਰ ਹੈ ਅਤੇ ਅਸੀਂ ਇਸ ਸਫ਼ਰ ਨੂੰ ਤੈਅ ਕਰਦੇ ਹੋਏ ਇਨ੍ਹਾਂ ਤਿੰਨਾਂ ਸਾਲਾਂ ਵਿੱਚ ਪੰਜਾਬ ਦੇ ਸਰਕਾਰੀ ਸਕੂਲਾਂ ਤੇ ਸਿੱਖਿਆ ਸੁਧਾਰਾਂ ਵਿੱਚ ਸ਼ਾਨਦਾਰ ਕੰਮ ਕੀਤਾ ਹੈ, ਜੋ ਅੰਤਰਰਾਸ਼ਟਰੀ ਪੱਧਰ 'ਤੇ ਵੀ ਸਲਾਹਿਆ ਗਿਆ ਹੈ।

# ਮਹਾਂਵੀਰ ਸੇਤੂ ਤੋਂ ਧੋਬੀਘਾਟ ਤੱਕ ਦੇ ਰਸਤੇ ਦਾ ਨਾਂਅ ਰੱਖਿਆ 'ਸ੍ਰੀ ਰਾਮਪਥ'

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**



ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਦੱਸਿਆ ਕਿ ਸ੍ਰੀ ਸਨਾਤਨ ਧਰਮ ਸਭਾ ਹੁਸ਼ਿਆਰਪੁਰ ਵਲੋਂ ਮਹਾਵੀਰ ਸੇਤੂ ਤੋਂ ਲੈ ਕੇ ਧੋਬੀਘਾਟ ਤੱਕ ਦੇ ਰਸਤੇ ਨੂੰ ਭਗਵਾਨ ਸ੍ਰੀ ਰਾਮ ਜੀ ਦੇ ਨਾਂਅ 'ਤੇ 'ਸ੍ਰੀ ਰਾਮਪਥ' ਰੱਖਣ ਦੀ ਮੰਗ ਕੀਤੀ ਗਈ ਸੀ। ਉਨ੍ਹਾਂ ਦੀ ਇਸ ਮੰਗ ਨੂੰ ਨਗਰ ਨਿਗਮ ਦੀ ਹਾਊਸ ਮੀਟਿੰਗ ਵਿਚ ਰੱਖਿਆ ਗਿਆ ਅਤੇ ਹਾਊਸ ਵਲੋਂ ਇਸ ਪ੍ਰਸਤਾਵ ਨੂੰ ਸਵੀਕਾਰ ਕਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਮਹਾਵੀਰ ਸੇਤੂ ਤੋਂ ਲੈ ਕੇ ਧੋਬੀਘਾਟ ਤੱਕ ਦੇ ਰਸਤੇ ਨੂੰ ਹੁਣ 'ਸ੍ਰੀ ਰਾਮਪਥ' ਦੇ ਨਾਮ ਨਾਲ ਜਾਣਿਆ ਜਾਵੇਗਾ। ਜਿੰਪਾ ਨੇ ਦੱਸਿਆ ਕਿ ਇਹ ਨਾ ਸਿਰਫ ਇਕ ਨਾਂਅ ਬਦਲਣਾ ਹੈ ਬਲਕਿ ਇਹ ਧਾਰਮਿਕ ਅਸਥਾ ਅਤੇ ਸੰਸਕ੍ਰਿਤਕ ਵਿਰਾਸਤ ਨੂੰ ਸਨਮਾਨ ਦੇਣ ਦੀ ਦਿਸ਼ਾ ਵਿਚ ਇਕ ਮਹੱਤਵਪੂਰਨ ਕਦਮ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਇਸ ਪੂਰੇ ਰਸਤੇ ਦਾ ਸੁੰਦਰੀਕਰਨ ਵੀ ਉਚ ਪੱਧਰ 'ਤੇ ਕੀਤਾ ਜਾਵੇਗਾ ਜਿਸ ਨਾਲ ਇਹ ਰਸਤਾ ਸ਼ਹਿਰ ਦੀ ਸ਼ੋਭਾ ਵਧਾਏਗਾ।ਜਿੰਪਾ ਨੇ ਦੁਸਹਿਰਾ ਗਰਾਊਂਡ ਵਿਚ ਵਿਕਾਸ ਕਾਰਜਾਂ ਦੀ ਸ਼ੁਰੂਆਤ ਵੀ ਕੀਤੀ। ਇਥੇ ਪੌੜੀਆਂ ਦੇ ਨਿਰਮਾਣ ਅਤੇ ਮੈਦਾਨ ਦੇ ਸੁੰਦਰੀਕਰਨ ਦਾ ਕੰਮ ਸ਼ੁਰੂ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਦੁਸਹਿਰਾ ਗਰਾਊਂਡ ਧਾਰਮਿਕ ਅਤੇ ਸਮਾਜਿਕ ਦ੍ਰਿਸ਼ਟੀ ਤੋਂ ਬਹੁਤ ਮਹੱਤਵਪੂਰਨ ਜਗ੍ਹਾ ਹੈ ਅਤੇ ਇਸ ਦੇ ਵਿਕਾਸ ਵਿਚ ਕੋਈ ਕਸਰ ਨਹੀਂ ਛੱਡੀ ਜਾਵੇਗੀ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ ਅਤੇ ਡਿਪਟੀ ਮੇਅਰ ਰਣਜੀਤ ਚੌਧਰੀ, ਸ੍ਰੀ ਸਨਾਤਨ ਧਰਮ ਸਭਾ ਤੇ ਸ੍ਰੀ ਰਾਮ ਲੀਲਾ ਕਮੇਟੀ ਦੇ ਨੁਮਾਇੰਦਿਆਂ ਤੋਂ ਇਲਾਵਾ ਹੋਰ ਪਤਵੰਤੇ ਮੌਜੂਦ ਸਨ।

# ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਦਾ 100% ਨਤੀਜਾ

**ਬੰਗਾ (ਅਵਤਾਰ ਕਲੇਰ)** ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਦੀ ਕਲਾਸ ਬੀ.ਐਸ.ਸੀ. ਨਰਸਿੰਗ ਦਾ 100% ਨਤੀਜਾ ਆਇਆ ਹੈ। ਡਾ. ਸੁਰਿੰਦਰ ਜਸਪਾਲ ਪ੍ਰਿੰਸੀਪਲ ਨੇ ਦੱਸਿਆ ਕਿ ਸਾਰੇ ਵਿਦਿਆਰਥੀ ਵਧੀਆ ਅੰਕ ਪ੍ਰਾਪਤ ਕਰਕੇ ਪਾਸ ਹੋਏ ਹਨ। ਪਹਿਲਾ ਸਥਾਨ ਹਰਲੀਨ ਕੌਰ ਪੁੱਤਰੀ ਨੱਛਤਰ ਸਿੰਘ-ਸੁਰਜੀਤ ਕੌਰ ਜ਼ਿਲ੍ਹਾ ਜਲੰਧਰ ਨੇ ਹਾਸਲ ਕੀਤਾ ਹੈ। ਕਲਾਸ ਵਿਚ ਦੂਜਾ ਸਥਾਨ ਤਮੰਨਾ ਬੰਗੜ ਪੁੱਤਰੀ ਹੁਸਨ ਲਾਲ-ਸੁਰਜੀਤ ਕੌਰ ਬਹਿਰਾਮ ਨੇ ਅਤੇ ਤੀਜਾ ਸਥਾਨ ਸੁਖਮਨਜੀਤ ਕੌਰ ਪੁੱਤਰੀ ਗੁਰਪ੍ਰੀਤ ਸਿੰਘ-ਜਗਦੀਸ਼ ਕੌਰ ਸੋਇਤਾ ਨੇ ਹਾਸਲ ਕੀਤਾ ਹੈ।ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਨੇ ਸਮੂਹ ਟਰੱਸਟੀਆਂ ਵੱਲੋਂ ਬੀ ਐੱਸ ਸੀ ਨਰਸਿੰਗ ਦੇ ਸ਼ਾਨਦਾਰ ਨਤੀਜੇ ਲਈ ਸਮੂਹ ਨਰਸਿੰਗ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਤੇ ਅਧਿਆਪਕਾਂ ਨੂੰ ਵਧਾਈਆਂ ਦਿੱਤੀਆਂ ਅਤੇ ਵਿਦਿਆਰਥੀਆਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਡਾ. ਸੁਰਿੰਦਰ ਜਸਪਾਲ ਪ੍ਰਿੰਸੀਪਲ, ਮੈਡਮ ਰਮਨਦੀਪ ਕੌਰ ਵਾਈਸ ਪ੍ਰਿੰਸੀਪਲ, ਮੈਡਮ ਰਾਬੀਆ ਹਾਟਾ, ਮੈਡਮ ਮਨਪ੍ਰੀਤ ਕੌਰ, ਮੈਡਮ ਸੁਖਮਿੰਦਰ ਕੌਰ, ਮੈਡਮ ਕਿਰਨ ਬੇਦੀ, ਮੈਡਮ ਨਵਜੋਤ ਕੌਰ, ਮੈਡਮ ਹਰਦੀਪ ਕੌਰ ਤੇ ਵਿਦਿਆਰਥੀ ਹਾਜ਼ਰ ਸਨ।



# ਐੱਸ ਐੱਫ ਐੱਚ ਸੀਨੀਅਰ ਸੈਕੰਡਰੀ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਅੱਠਵੀਂ ਜਮਾਤ ਦਾ ਸਾਲਾਨਾ ਨਤੀਜਾ ਘੋਸ਼ਿਤ ਕੀਤਾ ਗਿਆ। ਜਿਸ ਵਿੱਚ ਜੇ ਐਸ ਐਫ ਐਚ ਸੀਨੀਅਰ ਸੈਕੰਡਰੀ ਸਕੂਲ ਵਿਦਿਆਰਥੀਆਂ ਦਾ ਨਤੀਜਾ ਸ਼ਾਨਦਾਰ ਰਿਹਾ। ਸਾਰੇ ਵਿਦਿਆਰਥੀ ਚੰਗੇ ਅੰਕ ਪ੍ਰਾਪਤ ਕਰ ਕੇ ਪਾਸ ਹੋਏ ਹਨ। ਪ੍ਰਿੰਸੀਪਲ ਇੰਦਰਜੀਤ ਸਿੰਘ ਨੇ ਦੱਸਿਆ ਕਿ ਸਕੂਲ ਦੇ ਕੁੱਲ 56 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ ਸੀ, ਜਿਸ ਵਿੱਚੋਂ ਸਾਰੇ ਵਿਦਿਆਰਥੀਆਂ ਨੇ ਚੰਗੇ ਅੰਕ ਪ੍ਰਾਪਤ ਕਰ ਕੇ ਸਕੂਲ ਦਾ ਨਾਂਅ ਰੋਸ਼ਨ ਕੀਤਾ।ਇਮਾਨ ਭਾਟੀਆ ਨੇ (568/600) 94% ਪਹਿਲਾ , ਨੈਤਿਕ ਨੇ 93% (563/600) ਅੰਕ ਪ੍ਰਾਪਤ ਕਰਕੇ ਦੂਜਾ, 87,1% (524/600) ਰਸ਼ਮੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਵਿਦਿਆਰਥੀਆਂ ਨੂੰ ਸਵੇਰ ਦੀ ਸਭਾ ਦੇ ਵਿੱਚ ਸਨਮਾਨਤ ਕੀਤਾ ਗਿਆ ਤੇ ਮਾਪਿਆਂ ਨੂੰ ਵਧਾਈ ਦਿੱਤੀ ਗਈ। ਇਸ ਮੌਕੇ ਪ੍ਰੇਮ ਦੀਪ ਸਿੰਘ , ਮਨਜੀਤ ਸਿੰਘ ਡੀ ਪੀ ਟੀ ਰੋਹਿਤ, ਬਲਜਿੰਦਰ ਸਿੰਘ, ਸ੍ਰੀਮਤੀ ਗੁਰਦੀਪ ਕੌਰ, ਸ਼੍ਰੀਮਤੀ ਸੰਦੀਪ ਕੌਰ, ਕੰਚਨ ਸੋਨੀ, ਸ੍ਰੀਮਤੀ ਪੂਜਾ ਆਦਿ ਹਾਜ਼ਰ ਸਨ।



# ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਪਲੇਸਮੈਂਟ ਕੈਂਪ ਭਲਕੇ

**ਮੋਹਾਲੀ, (ਗੁਰਜੀਤ ਬਿੱਲਾ)**- ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਐਸ ਏ ਐਸ ਨਗਰ ਅਤੇ ਮਾਡਲ ਕਰੀਅਰ ਸੈਂਟਰ, ਐਸ ਏ ਐਸ ਨਗਰ ਵੱਲੋਂ 9 ਅਪ੍ਰੈਲ ਦਿਨ ਬੁੱਧਵਾਰ ਨੂੰ ਪਲੇਸਮੈਂਟ ਕੈਂਪ ਦਾ ਆਯੋਜਨ ਜ਼ਿਲ੍ਹਾ ਰੋਜ਼ਗਾਰ ਦਫ਼ਤਰ, ਕਮਰਾ ਨੰ: 461 ਤੀਜੀ ਮੰਜ਼ਿਲ, ਜਿਲ੍ਹਾਂ ਪ੍ਰਬੰਧਕੀ ਕੰਪਲੈਕਸ, ਮੋਹਾਲੀ ਵਿਖੇ ਕੀਤਾ ਜਾ ਰਿਹਾ ਹੈ, ਜਿਸ ਦਾ ਸਮਾਂ ਸਵੇਰੇ 10:00 ਵਜੇ ਤੋਂ ਸ਼ਾਮ 1 ਵਜੇ ਤੱਕ ਹੋਵੇਗਾ।ਡੀ ਬੀ ਈ ਈ ਐਸ ਏ ਐਸ ਨਗਰ ਦੇ ਡਿਪਟੀ ਡਾਇਰੈਕਟਰ ਹਰਪ੍ਰੀਤ ਸਿੰਘ ਮਾਨਸ਼ਾਹੀਆਂ ਵੱਲੋਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਰਥੀਆਂ ਨੂੰ ਰੋਜ਼ਗਾਰ ਦੇਣ ਦਾ ਉਪਰਾਲਾ ਲਗਾਤਾਰ ਕੀਤਾ ਜਾ ਰਿਹਾ ਉਹਨਾਂ ਅੱਗੇ ਦੱਸਿਆ ਕਿ ਇਸ ਕੈਂਪ ਵਿੱਚ ਡੀ ਮਾਰਟ ਮੋਹਾਲੀ, ਏਰੀਅਲ ਟੈਲੀਕਾਮ, ਆਈ.ਡੀ.ਐੱਫ.ਸੀ ਬੈਂਕ, ਮੁਰਾਰੀ ਸਰਵਿਸਿਜ਼ ਅਤੇ ਪੀ ਵੀ ਆਰ ਇਨੋਕਸ ਲਿਮਿਟਡ ਕੰਪਨੀਆਂ ਵੱਲੋਂ ਹਿੱਸਾ ਲਿਆ ਜਾ ਰਿਹਾ ਹੈ। ਇਨ੍ਹਾਂ ਕੰਪਨੀਆਂ ਵੱਲੋਂ ਪਿੱਕਰ, ਪੈਂਕਰ, ਕੈਸ਼ੀਅਰ, ਸੁਪਰਵਾਈਜ਼ਰ, ਡਾਟਾ ਐਂਟਰੀ ਓਪਰੇਟਰਜ਼ ਆਦਿ ਦੀਆਂ ਅਸਾਮੀਆਂ ਲਈ ਭਰਤੀ ਕੀਤੀ ਜਾਵੇਗੀ। ਭਰਤੀ ਕੀਤੇ ਗਏ ਪ੍ਰਾਰਥੀਆਂ ਦੇ ਕੰਮ ਕਰਨ ਦਾ ਸਥਾਨ ਜ਼ਿਲ੍ਹਾ ਮੋਹਾਲੀ ਹੋਵੇਗਾ।

# ਰਾਮ ਨੌਮੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ

**ਫਿਲੌਰ, (ਨਿਰਮਲ)**

ਨਵ ਯੁਵਕ ਦੁਸ਼ਹਿਰਾ ਕਮੇਟੀ ਦੀ ਤਰਫੋਂ ਸ਼੍ਰੀ ਰਾਮ ਨੌਮੀ ਦਾ ਤਿਉਹਾਰ ਦੁਸ਼ਹਿਰਾ ਗਰਾਊਂਡ ਫਿਲੌਰ ਵਿਖੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਗੋਪਾਲ ਕ੍ਰਿਸ਼ਨ ਸ਼ਾਸਤਰੀ, ਵਰਿੰਦਾਵਨ ਵਾਸੀ ਨੇ ਭਗਵਾਨ ਸ੍ਰੀ ਰਾਮ ਦੇ ਭਜਨ ਗਾ ਕੇ ਸੰਗਤਾਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਰਾਕੇਸ਼ ਸ਼ਰਮਾ, ਨਵ ਯੁਵਕ ਦੁਸ਼ਹਿਰਾ ਕਮੇਟੀ ਦੇ ਪ੍ਰਧਾਨ ਪ੍ਰਮੋਦ ਵਸੰਦਰਾਏ, ਰਵੀ ਗੁਪਤਾ, ਕੌਂਸਲਰ ਵੈਭਵ ਸ਼ਰਮਾ, ਕੌਂਸਲਰ ਅਰੁਣ ਸ਼ਰਮਾ, ਕੌਂਸਲਰ ਸ਼ੰਕਰ ਸੰਧੂ, ਕੌਂਸਲਰ ਸੁਰਿੰਦਰ ਕੈਂਥ, ਸ਼੍ਰੀ ਬਾਲਾ ਜੀ ਸੇਵਾ ਸੰਘ ਦੇ ਮੁਖੀ ਰਿੰਕੂ ਪਾਸੀ, ਡਾ.ਦੁਰਗੇਸ਼ ਭਾਰਦਵਾਜ, ਸੰਜੀਵ ਸਹਿਗਲ, ਰਾਜੀਵ ਕੌਸ਼ਿਕ, ਸ੍ਰੀ ਪਾਠਸ਼ਾਲਾ ਮੰਦਿਰ ਦੇ ਪ੍ਰਧਾਨ ਰਸ਼ਪਾਲ ਸਿੰਘ ਹੈਪੀ, ਡਾ. ਕੇਵਲ ਕ੍ਰਿਸ਼ਨ ਸ਼ਰਮਾ, ਦੇਵੇਂਦਰ ਸ਼ਰਮਾ, ਪੂਰਨ ਚੰਦ ਸ਼ਰਮਾ, ਰਾਜੀਵ ਦੁੱਗਲ, ਸੰਨੀ ਤ੍ਰਿਖਾ, ਇੰਦਰਜੀਤ ਲਾਂਬਾ, ਆੜਤੀ ਐਸੋਸੀਏਸ਼ਨ ਦੇ ਪ੍ਰਧਾਨ ਗੁਲਸ਼ਨ ਆਹੂਜਾ, ਗੀਨਾ ਟਾਂਗਰੀ, ਗੀਨਾ ਸੇਠੀ, ਲੂਬ ਦੇ ਪ੍ਰਧਾਨ ਦਰਸ਼ਨ ਸੈਂਭੀ, ਅਸ਼ਵਨੀ ਮਲਹੋਤਰਾ, ਭਾਰਤ ਭੂਸ਼ਣ ਮਲਹੋਤਰਾ,ਵਿਕਾਸ, ਸੁਰਿੰਦਰ ਸ਼ਰਮਾ, ਬਾਬਾ ਲਾਲ ਦਿਆਲ ਮੰਦਿਰ ਦੇ ਪ੍ਰਧਾਨ ਵਿਕਾਸ ਟੋਕਿਓ, ਤਰੁਣਾ ਦੁਗਲ, ਅਸ਼ਵਨੀ ਭਾਪਾ, ਵਿਜੇ ਕੁਮਾਰ ਬਿੱਲਾ, ਅਸ਼ੋਕ ਦੱਤਾ, ਭਾਸਕਰ ਸ਼ਰਮਾ, ਆਸ਼ਾ ਰਾਣੀ, ਰਾਗਨੀ ਕੁੰਦਰਾ, ਕ੍ਰਿਸ਼ਨਾ ਕਰੀਰ, ਕਮਲੇਸ਼ ਰਾਣੀ, ਕੌਂਸਲਰ ਨੇਹਾ ਪੰਮਾ, ਕੌਂਸਲਰ ਪਤੀ ਪਰਮਜੀਤ ਭਾਰਤੀ ਆਦਿ ਹਾਜ਼ਰ ਸਨ। ਸਵੇਰੇ ਹਵਨ ਕੀਤਾ ਗਿਆ।



# ਲਾਇਨਜ਼ ਕਲੱਬ ਨੇ ਅੱਖਾਂ ਦਾਨੀ ਦੇ ਪਰਵਾਰ ਨੂੰ ਕੀਤਾ ਸਨਮਾਨਤ



**ਡੇਰਾ ਬੱਸੀ (ਵਿਨੈ ਕੁਮਾਰ ਜੈਨ)**

ਲਾਇਨਜ਼ ਕਲੱਬ ਡੇਰਾਬੱਸੀ ਨੇ ਆਪਣੀਆਂ ਅੱਖਾਂ ਦਾਨ ਕਰਨ ਵਾਲੇ ਸਮਾਜ ਸੇਵਕ ਪ੍ਰੇਮ ਵਰਮਾ ਦੇ ਪਰਵਾਰ ਨੂੰ ਯਾਦਗਾਰੀ ਚਿੰਨ੍ਹ ਅਤੇ ਸ਼ਾਲ ਭੇਟ ਕਰਕੇ ਸਨਮਾਨਿਤ ਕੀਤਾ। ਜ਼ਿਕਰਯੋਗ ਹੈ ਕਿ 27 ਮਾਰਚ ਨੂੰ ਬਰਮਾਨੰਦ ਵਰਮਾ ਦੇ ਪੁੱਤਰ 82 ਸਾਲਾ ਪ੍ਰੇਮ ਵਰਮਾ ਦਾ ਫੇਫੜਿਆਂ ਦੀ ਬਿਮਾਰੀ ਕਾਰਨ ਦੇਹਾਂਤ ਹੋ ਗਿਆ ਸੀ। ਮਰਨ ਉਪਰੰਤ, ਪਰਵਾਰਕ ਮੈਂਬਰਾਂ ਦੀ ਸਹਿਮਤੀ ਨਾਲ, ਲਾਇਨਜ਼ ਕਲੱਬ ਨੇ ਪੀਜੀਆਈ ਦੇ ਡਾਕਟਰਾਂ ਦੀ ਮਦਦ ਨਾਲ ਉਸ ਦੀਆਂ ਅੱਖਾਂ ਦਾਨ ਕੀਤੀਆਂ। ਇਸ ਨਾਲ ਦੋ ਵਿਅਕਤੀਆਂ ਦੇ ਹਨੇਰੇ ਜੀਵਨ ਵਿੱਚ ਰੌਸ਼ਨੀ ਆਈ। ਉਨ੍ਹਾਂ ਦੇ ਨਮਿਤ ਭੋਗ ਮੌਕੇ ਲਾਇਨਜ਼ ਕਲੱਬ ਦੇ ਬਰਖਾ ਰਾਮ ਨੇ ਕਿਹਾ ਕਿ ਸਾਨੂੰ ਅੱਖਾਂ ਦੇ ਦਾਨ ਬਾਰੇ ਵੱਧ ਤੋਂ ਵੱਧ ਜਾਗਰੂਕਤਾ ਹੋਣੀ ਚਾਹੀਦੀ ਹੈ ਤਾਂ ਜੋ ਉਸ ਵਿਅਕਤੀ ਦੇ ਜੀਵਨ ਵਿੱਚ ਰੌਸ਼ਨੀ ਲਿਆਂਦੀ ਜਾ ਸਕੇ ਜੋ ਬਿਲਕੁਲ ਵੀ ਨਹੀਂ ਦੇਖ ਸਕਦਾ। ਪ੍ਰੇਮ ਵਰਮਾ ਆਪਣੇ ਪਿੱਛੇ ਪਤਨੀ, ਤਿੰਨ ਪੁੱਤਰ ਅਤੇ ਪੋਤੇ-ਪੋਤੀਆਂ ਵਾਲਾ ਪਰਵਾਰ ਛੱਡ ਗਿਆ ਹੈ। ਇਸ ਮੌਕੇ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ, ਨਰੇਸ਼ ਉਪਨੇਜਾ ਸੀਨੀਅਰ ਆਗੂ ਆਮ ਆਦਮੀ ਪਾਰਟੀ, ਲਾਇਨਜ਼ ਕਲੱਬ ਡੇਰਾਬੱਸੀ ਦੇ ਪ੍ਰਧਾਨ ਨਿਤਿਨ ਜਿੰਦਲ, ਲਾਇਨ ਡਾਕਟਰ ਬਰਖਾ ਰਾਮ ਸਮੇਤ ਹੋਰ ਰਾਜਨੀਤਿਕ, ਧਾਰਮਿਕ ਅਤੇ ਸਮਾਜਿਕ ਸੰਗਠਨਾਂ ਦੇ ਨੁਮਾਇੰਦਿਆਂ ਨੇ ਸ਼ਰਧਾਂਜਲੀ ਭੇਟ ਕੀਤੀ।

# ਵਿਦਿਆਰਥੀਆਂ ਨੇ ਕੁਰੂਕਸ਼ੇਤਰ ਦਾ ਵਿਦਿਅਕ ਟੂਰ ਲਗਾਇਆ



**ਮਾਹਿਲਪੁਰ (ਸ.ਫਰੀ)**—ਇੱਥੋਂ ਦੇ ਸ਼੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਦੇ ਕਾਮਰਸ ਵਿਭਾਗ ਦੇ ਅਧਿਆਪਕਾਂ ਦੀ ਅਗਵਾਈ ਹੇਠ ਵਿਦਿਆਰਥੀਆਂ ਦਾ ਹਰਿਆਣਾ ਦੇ ਪ੍ਰਸਿੱਧ ਸ਼ਹਿਰ ਕੁਰੂਕਸ਼ੇਤਰ ਦਾ ਇੱਕ ਵਿਦਿਅਕ ਟੂਰ ਲਗਾਇਆ ਗਿਆ।ਵਿਦਿਆਰਥੀਆਂ ਨੇ ਮਹਾਂਭਾਰਤ ਦੀ ਧਰਤੀ ਕੁਰੂਕਸ਼ੇਤਰ ਸਥਿਤ ਵੱਖ-ਵੱਖ ਮੰਦਰਾਂ, ਬ੍ਰਹਮ ਸਰੋਵਰ, ਮਿਊਜ਼ੀਅਮ ਕੇਂਦਰ, ਪੈਨੋਰਮਾ ਸੈਂਟਰ ਆਦਿ ਥਾਵਾਂ ਦਾ ਦੌਰਾ ਕੀਤਾ।ਕ੍ਰਿਸ਼ਨਾ ਮਿਊਜ਼ੀਅਮ ਵਿੱਚ ਮਹਾਂਭਾਰਤ ਕਾਲ ਨਾਲ ਸੰਬੰਧਿਤ ਵੱਖ-ਵੱਖ ਪ੍ਰਸੰਗਾਂ ਬਾਰੇ ਜਾਣਕਾਰੀ ਹਾਸਿਲ ਕੀਤੀ।ਜੋਤੀਸਰ ਮੰਦਰ, ਮਾਤਾ ਭੱਦਰਕਾਲੀ ਮੰਦਰ ਸਮੇਤ ਹੋਰ ਮੰਦਰਾਂ ਵਿੱਚ ਵੀ ਜਾ ਕੇ ਇਨ੍ਹਾਂ ਥਾਵਾਂ ਦੀ ਇਤਿਹਾਸਿਕ, ਮਿਥਿਹਾਸਕ ਮਹੱਤਤਾ ਵਿੱਚ 'ਚ ਵਿਸ਼ੇਸ਼ ਰੁਚੀ ਲਈ।ਅਧਿਆਪਕਾਂ ਵਿਚ ਡਾ. ਰਾਕੇਸ਼ ਕੁਮਾਰ, ਪ੍ਰੋ ਅਮਰਜੋਤੀ , ਪ੍ਰੋ ਹਰਪ੍ਰੀਤ ਕੌਰ, ਪ੍ਰੋ ਗੁਰਪ੍ਰੀਤ ਕੌਰ ਅਤੇ ਪ੍ਰੋ ਅੰਜਲੀ ਹਾਜ਼ਰ ਸਨ।

# ਲੋੜਵੰਦ ਬੱਚਿਆਂ ਨੂੰ ਸਕੂਲ ਬੈਗ, ਨੋਟਬੁੱਕ, ਕਿਤਾਬਾਂ ਤੇ ਹੋਰ ਸਮੱਗਰੀ ਵੰਡੀ



**ਜਲੰਧਰ (ਸ਼ੈਲੀ ਐਲਬਰਟ)**

ਸਮਾਜ ਸੇਵੀ ਸੰਸਥਾ ਦਿਸ਼ਾਦੀਪ ਨੇ ਪੈਸਿਆਂ ਦੀ ਘਾਟ ਕਾਰਨ ਪੜ੍ਹਾਈ ਤੋਂ ਵਾਂਝੇ ਰਹਿ ਰਹੇ ਲੋੜਵੰਦ ਬੱਚਿਆਂ ਲਈ ਪਹਿਲਕਦਮੀ ਕੀਤੀ ਹੈ।ਇਹ ਸੰਸਥਾ ਸਟੇਸ਼ਨਰੀ, ਵਰਦੀ, ਜੁੱਤੀਆਂ ਆਦਿ ਜ਼ਰੂਰੀ ਸਮਾਨ ਦਾਨ ਕਰਕੇ ਬੱਚਿਆਂ ਨੂੰ ਵਧੀਆ ਸਿੱਖਿਆ ਪ੍ਰਦਾਨ ਕਰਨ ਲਈ ਯਤਨਸ਼ੀਲ ਹੈ।ਐਤਵਾਰ ਨੂੰ ਸੰਸਥਾ ਦੇ ਸੰਸਥਾਪਕ ਐਸ.ਐਮ.ਸਿੰਘ, ਜਸਵਿੰਦਰ ਸਿੰਘ, ਲਖਵਿੰਦਰ ਸਿੰਘ ਮੁਲਤਾਨੀ ਅਤੇ ਹੋਰ ਮੈਂਬਰਾਂ ਨੇ ਮਿਲ ਕੇ ਚੌਗੱਤੀ ਪੁਲ ਦੇ ਕੰਢੇ ਝੁੱਗੀਆਂ ਵਿੱਚ ਸਥਿਤ ਰਿਸ਼ੀਕੁਲਧਾਰਾ ਨਾਮਕ ਸਕੂਲ ਵਿੱਚ ਸਮਾਗਮ ਕਰਵਾਇਆ ਤੇ ਬੱਚਿਆਂ ਨੂੰ ਸਕੂਲ ਬੈਗ, ਨੋਟਬੁੱਕ, ਕਿਤਾਬਾਂ ਅਤੇ ਹੋਰ ਵਿੱਦਿਅਕ ਸਮੱਗਰੀ ਵੰਡੀ ।ਮੈਂਬਰਾਂ ਨੇ ਦੱਸਿਆ ਕਿ ਇਹ ਸਕੂਲ ਸਿਰਫ 10/10 ਫੁੱਟ ਦਾ ਹੈ, ਜਿਸ ਨੂੰ ਸਮਾਜ ਦੇ ਕੁਝ ਚੰਗੇ, ਉਤਸ਼ਾਹੀ ਅਤੇ ਦੂਰਅੰਦੇਸ਼ੀ ਵਿਅਕਤੀ ਹੀ ਚਲਾਉਣ ਲਈ ਤਿਆਰ ਹਨ। ਇਹ ਸਕੂਲ ਐਤਵਾਰ ਨੂੰ ਹੁੰਦਾ ਹੈ। ਪਰ ਇੱਥੇ ਪੜ੍ਹਾਈ ਲਈ ਬੁਨਿਆਦੀ ਢਾਂਚੇ ਦੀ ਭਾਰੀ ਘਾਟ ਹੈ। ਬੈਂਚਾਂ ਦੀ ਘਾਟ ਕਾਰਨ ਬੱਚੇ ਫਰਸ਼ 'ਤੇ ਬੈਠ ਕੇ ਪੜ੍ਹਦੇ ਹਨ। ਪੀਣ ਵਾਲੇ ਪਾਣੀ ਦਾ ਵੀ ਕੋਈ ਪ੍ਰਬੰਧ ਨਹੀਂ ਹੈ। ਟੀਮ ਦਿਸ਼ਾਦੀਪ ਨੇ ਇਸ ਸਕੂਲ ਨੂੰ ਗੋਦ ਲਿਆ। ਇਸ ਮੌਕੇ ਜਸਵਿੰਦਰ ਕੁਮਾਰ, ਸਕੂਲ ਇੰਚਾਰਜ ਅਨੁਰਾਧਾ, ਜੈਸੀ ਅਰੋੜਾ, ਰੇਨੂੰ ਨਾਗਪਾਲ, ਰਜਨੀ ਸ਼ਰਮਾ ਆਦਿ ਹਾਜ਼ਰ ਸਨ।

# ਸਰਕਾਰ ਵੱਲੋਂ ਜ਼ਿਲ੍ਹਾ ਤੇ ਤਹਿਸੀਲ ਪੱਧਰ 'ਤੇ ਪਸ਼ੂ ਭਲਾਈ ਕਮੇਟੀਆਂ ਦਾ ਗਠਨ

**ਜਲੰਧਰ, (ਸੁਰਿੰਦਰ ਕੁਮਾਰ)**- ਪਾਲਤੂ ਜਾਨਵਰਾਂ ਦੀ ਭਲਾਈ ਅਤੇ ਵਪਾਰ ਨੂੰ ਨਿਯਮਤ ਕਰਨ ਵੱਲ ਇਕ ਵਿਸ਼ੇਸ਼ ਕਦਮ ਪੁੱਟਦਿਆਂ ਕੁੱਤੇ ਪਾਲਕਾਂ ਦੇ ਨਾਲ-ਨਾਲ ਕੁੱਤਿਆਂ, ਬਿੱਲੀਆਂ ਅਤੇ ਪੰਛੀਆਂ ਦਾ ਵਪਾਰ ਕਰਨ ਵਾਲੇ ਦੁਕਾਨਦਾਰਾਂ ਦੀ ਪਸ਼ੂ ਪਾਲਣ ਵਿਭਾਗ ਪਾਸ ਰਜਿਸਟਰੇਸ਼ਨ ਨੂੰ ਲਾਜ਼ਮੀ ਕੀਤਾ ਗਿਆ ਹੈ। ਇਸ ਦਾ ਮੁੱਖ ਮੰਤਵ ਅਨੈਤਿਕ ਤਰੀਕੇ ਨਾਲ ਜਾਨਵਰਾਂ ਦੇ ਪ੍ਰਜਣਨ ਅਤੇ ਵਪਾਰਕਿ ਅਦਾਰਿਆਂ ਵਿੱਚ ਜਾਨਵਰਾਂ ਨਾਲ ਦੁਰਵਿਹਾਰ ਨੂੰ ਰੋਕਣਾ ਹੈ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ, ਜਲੰਧਰ ਡਾ. ਹਰੁਨ ਸਿੰਘ ਨੇ ਦੱਸਿਆ ਕਿ ਪਸ਼ੂ ਪਾਲਣ ਵਿਭਾਗ ਵਲੋਂ ਜਾਰੀ ਹਦਾਇਤਾਂ ਅਨੁਸਾਰ ਪਾਲਤੂ ਜਾਨਵਰਾਂ ਦੇ ਵਪਾਰ ਨਾਲ ਸਬੰਧਿਤ ਵਿਅਕਤੀਆਂ ਦਾ ਪੰਜਾਬ ਰਾਜ ਐਨੀਮਲ ਵੈਲਫੇਅਰ ਬੋਰਡ ਪਾਸ ਰਜਿਸਟਰ ਹੋਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਵਿਭਾਗ ਵਲੋਂ ਰਜਿਸਟਰੇਸ਼ਨ ਪ੍ਰਕਿਰਿਆ ਨੂੰ ਅੱਗੇ ਵਧਾਉਣ ਲਈ ਪਸ਼ੂ ਪਾਲਣ ਅਫ਼ਸਰਾਂ ਨੂੰ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਫੀਲਡ ਵਿੱਚ ਪਾਲਤੂ ਜਾਨਵਰਾਂ ਦੇ ਦੁਕਾਨਦਾਰਾਂ ਅਤੇ ਬਰੀਡਰਾਂ ਨਾਲ ਤਾਲਮੇਲ ਰੱਖਣ ਨੂੰ ਯਕੀਨੀ ਬਣਾਇਆ ਜਾਵੇ।ਉਨ੍ਹਾਂ ਅੱਗੇ ਦੱਸਿਆ ਕਿ ਇਸ ਤੋਂ ਇਲਾਵਾ ਸਰਕਾਰ ਵਲੋਂ ਜ਼ਿਲ੍ਹਾ ਅਤੇ ਤਹਿਸੀਲ ਪੱਧਰ 'ਤੇ ਪਸ਼ੂ ਭਲਾਈ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ।

# ਵਿਸ਼ਵ ਸਿਹਤ ਦਿਵਸ ਸੰਬੰਧੀ ਸੈਮੀਨਾਰ ਕਰਵਾਇਆ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**

ਵਿਸ਼ਵ ਸਿਹਤ ਦਿਵਸ ਸੰਬੰਧੀ ਗਰੁੱਪ ਕੈਪਟਨ ਕਮਾਂਡਿੰਗ ਆਫਿਸਰ ਮਨੀਸ਼ ਕੁਮਾਰ ਦੀ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੋ ਐਜੂਕੇਸ਼ਨ ਹੁਸ਼ਿਆਰਪੁਰ ਵਿਖੇ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਡਾਕਟਰ ਦਲਜੀਤ ਸਿੰਘ ਖੇਲਾ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਖੇਲਾ ਨੇ ਦੱਸਿਆ ਕਿ ਮਨੁੱਖੀ ਜੀਵਨ ਲਈ ਸਭ ਤੋਂ ਵੱਡਾ ਗਹਿਣਾ ਉਸ ਦੀ ਆਪਣੀ ਸਿਹਤ ਅਤੇ ਤੰਦਰੁਸਤੀ ਹੈ। ਇਸ ਲਈ ਸਰੀਰਕ ਤੌਰ ਅਤੇ ਮਾਨਸਿਕ ਤੌਰ 'ਤੇ ਤੰਦਰੁਸਤ ਰਹਿਣਾ ਸਮੇਂ ਦੀ ਸਭ ਤੋਂ ਵੱਡੀ ਤੇ ਮੁੱਖ ਲੋੜ ਹੈ। ਇਸ ਮੌਕੇ ਉਹਨਾਂ ਨੇ ਬੱਚਿਆਂ ਨੂੰ ਦੱਸਿਆ ਕਿ ਖਾਣਾ ਖਾਣ ਤੋਂ ਪਹਿਲਾਂ ਘੱਟੋ ਘੱਟ ਅੱਧਾ ਮਿੰਟ ਸਾਬਣ ਨਾਲ ਚੰਗੀ ਤਰ੍ਹਾਂ ਹੱਥ ਮਲ ਮਲ ਕੇ ਧੋਣੇ ਚਾਹੀਦੇ ਹਨ ਤੇ ਖਾਣਾ ਖਾਣ ਸਮੇਂ ਮੋਬਾਈਲ ਫੋਨ ਨੂੰ ਹੱਥ ਨਹੀਂ ਲਗਾਉਣੇ ਚਾਹੀਦੇ ਅਤੇ ਉਸ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਸਾਨੂੰ ਭੋਜਨ ਵਿੱਚ ਵੱਧ ਤੋਂ ਵੱਧ ਸਲਾਦ ਫਲ ਅਤੇ ਮੌਸਮੀ ਸਬਜ਼ੀਆਂ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਕਰੁਣ ਸ਼ਰਮਾ ਨੇ ਸਿਹਤ ਸਬੰਧੀ ਬੱਚਿਆਂ ਨੂੰ ਖੇਡਾਂ ਵਿੱਚ ਭਾਗ ਲੈਣ ਅਤੇ ਇਸ ਦੇ ਨਾਲ ਨਾਲ ਸੰਤੁਲਿਤ ਖੁਰਾਕ ਲੈਣ ਲਈ ਪ੍ਰੇਰਿਤ ਵੀ ਕੀਤਾ। ਇਸ ਮੌਕੇ ਵਾਈਸ ਪ੍ਰਿੰਸੀਪਲ ਸ੍ਰੀਮਤੀ ਸੀਮਾ ਸੈਣੀ, ਲੈਕਚਰਾਰ ਸ੍ਰੀਮਤੀ ਸਵੀਤਾ ਦੇਵੀ, ਲੈਕਚਰਾਰ ਸ੍ਰੀਮਤੀ ਪਰਵੀਨ ਕੁਮਾਰੀ, ਲੈਕਚਰਾਰ ਸ਼੍ਰੀਮਤੀ ਮਨੀਸ਼ਾ, ਮਾਸਟਰ ਸੁਰਜੀਤ ਰਾਜਾ, ਮਾਸਟਰ ਤਜਿੰਦਰ ਸਿੰਘ, ਬਾਬੂ ਮਨਪ੍ਰੀਤ ਸਿੰਘ ਤੇ ਸ਼੍ਰੀਮਤੀ ਸਤਿੰਦਰ ਕੌਰ ਹਾਜ਼ਰ ਸਨ।

# ਬਾਬਾ ਬਲਰਾਜ ਮੰਦਰ ਵਿਖੇ ਹੋਈ ਸਨਾਤਮ ਧਰਮ ਸਭਾ ਦੀ ਮੀਟਿੰਗ



**ਬਲਾਚੌਰ (ਜਸਵਿੰਦਰ ਬੈਂਸ)**- ਸਨਾਤਮ ਧਰਮ ਸਭਾ ਬਲਾਚੌਰ ਵਲੋਂ ਬਾਬਾ ਬਲਰਾਜ ਮੰਦਿਰ ਵਿਖੇ ਜਗਦੀਸ਼ ਕਪਿਲ ਸਰਪ੍ਰਸਤ ਦੀ ਪ੍ਰਧਾਨਗੀ ਹੇਠ ਬੈਠਕ ਕੀਤੀ ਗਈ।ਜਨਰਲ ਸਕੱਤਰ ਪਰਮਜੀਤ ਰੱਤੇਵਾਲੀਆ ਨੇ 30 ਮਾਰਚ ਨੂੰ ਹੋਏ ਭਾਰਤੀ ਨਵੇਂ ਸਾਲ ਦੇ ਪ੍ਰੋਗਰਾਮ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਵਿੱਚ ਸਮੂਹ ਮੈਂਬਰਾਂ ਵਲੋਂ ਦਿੱਤੇ ਯੋਗਦਾਨ ਦੀ ਸ਼ਲਾਘਾ ਕੀਤੀ। ਹਾਜ਼ਰ ਮੈਂਬਰਾਂ ਨੇ ਆਪਣੇ ਵਿਚਾਰ ਰੱਖੇ ਤੇ ਭਵਿੱਖ ਵਿੱਚ ਸਭਾ ਵਲੋਂ ਉਲੀਕੇ ਪ੍ਰੋਗਰਾਮਾਂ ਨੂੰ ਹੋਰ ਵਧੀਆ ਬਣਾਉਣ ਹਿੱਤ ਭਰਪੂਰ ਯੋਗਦਾਨ ਦੇਣ ਦਾ ਭਰੋਸਾ ਦਿੱਤਾ ਗਿਆ। ਸਨਾਤਮ ਧਰਮ ਸਭਾ ਨੂੰ ਰਜਿਸਟਰ ਕਰਾਉਣ, ਮਹਿਲਾਵਾਂ ਅਤੇ ਨੌਜਵਾਨਾਂ ਦੀ ਟੀਮ ਬਣਾਉਣ ਆਦਿ ਫੈਸਲਿਆਂ 'ਤੇ ਵੀ ਸਮੂਹ ਮੈਂਬਰਾਂ ਨੇ ਸਹਿਮਤੀ ਪ੍ਰਗਟਾਈ ਗਈ। ਇਸ ਮੌਕੇ ਅਨਿਲ ਮੇਨਕਾ, ਪੰਡਿਤ ਲੇਖਰਾਜ, ਬਲਵੰਤ ਕਿਸ਼ੋਰ, ਸੁਭਾਸ਼ ਰਾਣਾ, ਰਜੀਵ ਆਨੰਦ, ਨਰਿੰਦਰ ਸੂਦਨ , ਸੋਮਨਾਥ ਤਕੜਾ, ਅਨੂਪ ਕੁਮਾਰ, ਪੰਡਿਤ ਲਛਮਣ, ਪੰਡਿਤ ਯੋਗੇਸ਼, ਹਰਵਿੰਦਰ ਪਾਲ ਸਿੰਘ , ਸੰਦੀਪ ਕੁਮਾਰ ਅਤੇ ਸੁਰੇਸ਼ ਰਾਣਾ ਆਦਿ ਮੈਂਬਰ ਹਾਜ਼ਰ ਸਨ।

# ਸੀ ਐੱਮ ਦੀ ਯੋਗਸ਼ਾਲਾ ਦੇ ਅਧੀਨ ਚੱਲ ਰਹੀਆਂ ਹਨ ਮੁਫਤ ਕਲਾਸਾਂ : ਡੀ ਸੀ

**ਨਵਾਂਸ਼ਹਿਰ (ਮਨੋਜ ਲਾਡੀ)**- ਸਿਹਤਮੰਦ ਪੰਜਾਬ ਦੇ ਸੁਪਨੇ ਨੂੰ ਲੈ ਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ 5 ਅਕਤੂਬਰ 2023 ਤੋਂ ਸ਼ਹੀਦ ਭਗਤ ਸਿੰਘ ਨਗਰ ਵਿਚ ਮੁਫਤ ਯੋਗਾ ਕਲਾਸਾਂ ਸੀ ਐਮ ਦੀ ਯੋਗਸ਼ਾਲਾ ਦੇ ਅਧੀਨ ਚੱਲ ਰਹੀਆਂ ਹਨ। ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਦੱਸਦਿਆ ਕਿਹਾ ਕਿ ਜ਼ਿਲ੍ਹੇ ਦੇ ਸਾਰੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿਚ ਇਹ ਕਲਾਸਾਂ ਚੱਲ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕਲਾਸਾਂ ਨੂੰ ਇਕ ਸੁਪਰਵਾਈਜਰ ਤੇ ਯੋਗ ਟ੍ਰੇਨਰਾਂ ਵੱਲੋਂ ਵੱਖ-ਵੱਖ ਥਾਵਾਂ ਤੇ ਲੋਕਾਂ ਦੀ ਮੰਗ ਅਨੁਸਾਰ ਚਲਾਇਆ ਜਾ ਰਿਹਾ ਹੈ ਅਤੇ ਲੋਕਾਂ ਦੀ ਜੀਵਨ ਸ਼ੈਲੀ ਵਿਚ ਸੁਧਾਰ ਕਰਦੇ ਹੋਏ ਯੋਗ ਦੇ ਫਾਇਦਿਆਂ ਬਾਰੇ ਵੀ ਉਨ੍ਹਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਭਰ ਵਿਚ ਸ਼ੁਰੂ ਕੀਤੀਆਂ ਯੋਗਾ ਕਲਾਸਾਂ ਵਿਚ ਸ਼ਾਮਿਲ ਹੋਣ ਤੋਂ ਬਾਅਦ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਰਾਹਤ ਮਿਲ ਰਹੀ ਹੈ। ਜਿਸ ਵਿਚ ਯੋਗਾਤਮਕ ਸੂਖਮ ਅਭਿਆਸ, ਆਸਣ, ਪ੍ਰਾਣਾਯਾਮ ਅਤੇ ਧਿਆਨ ਸਿਖਾਇਆ ਜਾਂਦਾ ਹੈ। ਸੀਐਮ ਦੀ ਯੋਗਸਾਲਾ ਦੇ ਜ਼ਿਲ੍ਹਾ, ਕੋਆਰਡੀਨੇਟਰ ਕਿਰਨ ਬਾਲਾ ਨੇ ਦੱਸਿਆ ਕਿ ਹਰੇਕ ਉਮਰ ਦੇ ਲੋਕ ਇਨ੍ਹਾਂ ਕਲਾਸਾਂ ਵਿਚ ਸ਼ਾਮਲ ਹੋ ਰਹੇ ਹਨ ਅਤੇ ਉਹ ਜੋੜਾਂ ਦੇ ਦਰਦ, ਸ਼ੂਗਰ, ਥਾਇਰਾਇਡ, ਬਲੱਡ ਪ੍ਰੈਸ਼ਰ ਆਦਿ ਕਈ ਬਿਮਾਰੀਆਂ ਤੋਂ ਰਾਹਤ ਪਾ ਰਹੇ ਹਨ। ਲੋਕਾਂ ਦੁਆਰਾ ਨਿਯਮਿਤ ਤੌਰ 'ਤੇ ਯੋਗ ਕਰਨ ਨਾਲ ਸਰੀਰਕ ਅਤੇ ਮਾਨਸਿਕ ਬਿਮਾਰੀਆਂ ਦੇ ਵਿਚ ਬਹੁਤ ਫਾਇਦਾ ਮਿਲ ਰਿਹਾ ਹੈ ਤੇ ਉਹ ਪਹਿਲਾਂ ਨਾਲੋਂ ਜ਼ਿਆਦਾ ਤੰਦਰੁਸਤ ਮਹਿਸੂਸ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਵੱਲੋਂ ਇਸ ਅਹਿਮ ਉਪਰਾਲੇ ਲਈ ਪੰਜਾਬ ਸਰਕਾਰ ਦੀ ਭਰਪੂਰ ਸ਼ਲਾਘਾ ਕੀਤੀ ਜਾ ਰਹੀ ਹੈ।

# ਦੁਲਹਨ ਵਾਂਗ ਸਜਾਇਆ ਮਹਾਦੇਵ ਮੰਦਰ, ਰਮਾਇਣ ਪਾਠ ਦੇ ਪਾਏ ਭੋਗ : ਦੀਪਕ ਬਹਿਲ





**ਟਾਂਡਾ ਉੜਮੁੜ (ਜਸਵਿੰਦਰ ਸੰਧੂ ਓਂਕਾਰ ਸਿੰਘ)**

ਸਨਾਤਨ ਧਰਮ ਸਭਾ ਉੜਮੁੜ ਦੇ ਪ੍ਰਧਾਨ ਦੀਪਕ ਬਹਿਲ ਦੀ ਅਗਵਾਈ ਵਿਚ ਮਹਾਦੇਵ ਮੰਦਰ ਉੜਮੁੜ ਨੂੰ ਰੰਗ ਬਰੰਗੀਆਂ ਲੜੀਆਂ ਤੇ ਫੁੱਲਾਂ ਨਾਲ ਦੁਲਹਨ ਵਾਂਗ ਸਜਾਇਆ ਅਤੇ ਮਰਿਆਦਾ ਪੁਰਸ਼ੋਤਮ ਭਗਵਾਨ ਸ਼੍ਰੀ ਰਾਮ ਚੰਦਰ ਜੀ ਦੇ ਜਨਮ ਦਿਹਾੜੇ ਸਬੰਧੀ ਰੱਖੇ ਗਏ ਸ਼੍ਰੀ ਰਾਮਾਇਣ ਜੀ ਦੇ ਪਾਠ ਦੇ ਭੋਗ ਪਾਏ ਗਏ, ਜਿਸ ਵਿੱਚ ਅਸ਼ੋਕ ਬਹਿਲ, ਸੁਰਿੰਦਰ ਨਈਅਰ, ਜੀਵਨ ਕੁਮਾਰ ਬੱਬਲੀ, ਅਨਿਲ ਕੁਮਾਰ, ਓਮਦੱਤ ਜੋਸ਼ੀ, ਦਿਲਬਾਗ ਰਾਏ, ਸ਼ਾਮਾ ਜੋਸ਼ੀ, ਰਮੇਸ਼ਵਰ ਕੁਕਰੇਜਾ, ਮਮਤਾ ਕੁਮਾਰੀ, ਸੁਮਨ ਨਈਅਰ, ਸਮੂਹ ਸਭਾ ਮੈਂਬਰ, ਇਲਾਕੇ ਦੀਆਂ ਵੱਖ-ਵੱਖ ਧਾਰਮਿਕ, ਸਮਾਜਿਕ ਅਤੇ ਸਵੈ-ਸੇਵੀ ਸੰਸਥਾਵਾਂ ਦੇ ਆਗੂਆਂ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਰਾਮ ਭਗਤ ਸ਼ਰਧਾਲੂਆਂ ਨੇ ਆਪਣੀ ਹਾਜ਼ਰੀ ਲਗਵਾਈ।ਤੜਕਸਾਰ ਤੋਂ ਹੀ ਮਹਾਦੇਵ ਮੰਦਰ ਵਿਖੇ ਭਗਵਾਨ ਸ਼੍ਰੀ ਰਾਮ ਚੰਦਰ ਜੀ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਦਾ ਤਾਂਤਾ ਲੱਗਿਆ ਹੋਇਆ ਸੀ। ਸਵੇਰੇ 8 ਵਜੇ ਤੋਂ ਪੰਡਿਤ ਰਜਿੰਦਰ ਵੱਲੋਂ ਪੂਰੀ ਵਿਧੀਪੂਰਵਕ ਭਗਵਾਨ ਸ਼੍ਰੀ ਰਾਮ ਚੰਦਰ ਜੀ ਦੀ ਪੂਜਾ ਅਰਚਨਾ ਕਰਨ ਉਪਰੰਤ ਸ਼੍ਰੀ ਰਮਾਇਣ ਜੀ ਦੇ ਪਾਠ ਕੀਤੇ ਗਏ। ਇਲਾਕੇ ਦੀਆਂ ਵੱਖ-ਵੱਖ ਭਜਨ ਮੰਡਲੀਆਂ ਨੇ ਆਪਣੇ ਭਜਨਾਂ ਰਾਹੀ ਭਗਵਾਨ ਸ਼੍ਰੀ ਰਾਮ ਚੰਦਰ ਜੀ ਦਾ ਗੁਣਗਾਨ ਕਰਕੇ ਸੰਗਤ ਨੂੰ ਪ੍ਰਭੂ ਸ਼੍ਰੀ ਰਾਮ ਚੰਦਰ ਜੀ ਦੇ ਚਰਨਾਂ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ।

# 8 ਤੋਂ 22 ਤੱਕ 7ਵਾਂ ਪੋਸ਼ਣ ਪਖਵਾੜਾ ਮਨਾਇਆ ਜਾਵੇਗਾ : ਡਾ. ਬਲਜੀਤ ਕੌਰ

**ਚੰਡੀਗੜ੍ਹ, (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**



ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ 8 ਅਪ੍ਰੈਲ ਤੋਂ 22 ਅਪ੍ਰੈਲ ਤੱਕ 7ਵਾਂ ਪੋਸ਼ਣ ਪਖਵਾੜਾ ਮਨਾਉਣ ਦਾ ਐਲਾਨ ਕੀਤਾ ਹੈ।ਦੱਸਣਯੋਗ ਹੈ ਕਿ ਇਹ ਪੋਸ਼ਣ ਪਖਵਾੜਾ ਬੱਚਿਆਂ, ਗਰਭਵਤੀ ਔਰਤਾਂ ਅਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ ਲਈ ਪੋਸ਼ਣ ਸਬੰਧੀ ਨਤੀਜਿਆਂ ਨੂੰ ਬਿਹਤਰ ਬਣਾਉਣ ਲਈ ਦੇਸ਼ ਵਿਆਪੀ ਪਹਿਲਕਦਮੀ ਦੀ ਤਰਜ਼ 'ਤੇ ਹੈ।ਇਸ ਸੰਬੰਧੀ ਵੇਰਵੇ ਸਾਂਝੇ ਕਰਦਿਆਂ ਡਾ. ਬਲਜੀਤ ਕੌਰ ਨੇ ਕਿਹਾ ਕਿ ਇਹ ਪੰਦਰਵਾੜਾ ਮੁਹਿੰਮ ਸੂਬੇ ਭਰ ਵਿੱਚ ਪੋਸ਼ਣ ਜਾਗਰੂਕਤਾ, ਭਾਈਚਾਰਕ ਭਾਗੀਦਾਰੀ ਅਤੇ ਟਿਕਾਊ ਅਭਿਆਸਾਂ 'ਤੇ ਕੇਂਦ੍ਰਿਤ ਗਤੀਵਿਧੀਆਂ ਦੀ ਇੱਕ ਲੜੀ ਰਾਹੀਂ ਚਲਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਸਾਲ ਦੇ ਪੋਸ਼ਣ ਪਖਵਾੜੇ ਦੌਰਾਨ ਬੱਚੇ ਦੇ ਜਨਮ ਦੇ ਪਹਿਲੇ 1,000 ਦਿਨਾਂ ਦੌਰਾਨ ਪੋਸ਼ਣ ਸੰਬੰਧੀ ਨਤੀਜਿਆਂ ਨੂੰ ਹੋਰ ਬਿਹਤਰ ਬਣਾਉਣ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ, ਜੋ ਕਿ ਬੱਚਿਆਂ ਦੇ ਵਿਕਾਸ ਲਈ ਇੱਕ ਮਹੱਤਵਪੂਰਨ ਪਹਿਲ ਹੈ। ਇਹ ਮੁਹਿੰਮ ਪੋਸ਼ਣ ਟਰੈਕਰ ਵਿੱਚ ਲਾਭਪਾਤਰੀ ਮਾਡਿਊਲ ਦੇ ਪ੍ਰਸਿੱਧੀਕਰਨ 'ਤੇ ਵੀ ਜ਼ੋਰ ਦੇਵੇਗੀ ਤਾਂ ਜੋ ਡਿਜੀਟਲ ਨਿਗਰਾਨੀ ਅਤੇ ਪੋਸ਼ਣ ਸੇਵਾਵਾਂ ਦੀ ਡਿਲੀਵਰੀ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ। ਡਾ. ਬਲਜੀਤ ਕੌਰ ਨੇ ਸਾਰੇ ਭਾਈਵਾਲਾਂ-ਆਂਗਣਵਾੜੀ ਵਰਕਰਾਂ, ਸਿਹਤ ਕਰਮੀਆਂ, ਪੰਚਾਇਤੀ ਰਾਜ ਸੰਸਥਾਵਾਂ ਅਤੇ ਸਥਾਨਕ ਭਾਈਚਾਰਿਆਂ ਨੂੰ ਇਸ ਮੁਹਿੰਮ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਅਤੇ ਇਸਦੀ ਸਫ਼ਲਤਾ ਨੂੰ ਯਕੀਨੀ ਬਣਾਉਣ ਦੀ ਅਪੀਲ ਕੀਤੀ।

# ਪੈਦਲ ਬਾਬਾ ਬਾਲਕ ਨਾਥ ਸ਼ੁਕਰਾਨਾ ਚਾਲਾ ਦਾ ਕੀਤਾ ਭਰਵਾਂ ਸਵਾਗਤ



**ਫਿਲੌਰ,(ਨਿਰਮਲ)**- ਰਹਿਮਤੇ ਨੂਰੀ ਦਰਬਾਰ ਪਿੰਡ ਚੂਹੜਪੁਰ ਹੈਬੋਵਾਲ ਜ਼ਿਲ੍ਹਾ ਲੁਧਿਆਣਾ ਤੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 5ਵਾਂ ਪੈਦਲ ਬਾਬਾ ਬਾਲਕ ਨਾਥ ਸ਼ੁਕਰਾਨਾ ਚਾਲਾ ਰਵਾਨਾ ਹੋਇਆ,ਜੋ ਸ਼ਹਿਰ ਫਿਲੌਰ ਦੇ ਬਾਬਾ ਲਾਲ ਦਿਆਲ ਮੰਦਰ ਵਿਖੇ ਆ ਕੇ ਰੁੱਕਿਆ, ਸੰਗਤਾਂ ਨੇ ਭਰਵਾਂ ਸਵਾਗਤ ਕੀਤਾ ਤੇ ਚਾਹ-ਪਕੌੜਿਆਂ ਦਾ ਲੰਗਰ ਲਗਾਇਆ। ਇਹ ਚਾਲਾ ਫਿਲੌਰ,ਅੱਪਰਾ, ਮੁਕੰਦਪੁਰ ,ਗੁਣਾਚੌਰ , ਬੰਗਾ,ਗੜ੍ਹਸ਼ੰਕਰ, ਨੰਗਲ ਹੁੰਦਾ ਹੋਇਆ ਚਾਰ ਦਿਨ ਬਾਅਦ ਸ਼ਾਹ ਤਲਾਈ ਵਿਖੇ ਪੁੱਜੇਗਾ। ਗਿਆਰਾਂ ਤਰੀਕ ਨੂੰ ਬਾਬਾ ਜੀ ਦੇ ਮੱਥਾ ਟੇਕ ਕੇ ਇਹ ਜੱਥਾ ਵਾਪਿਸ ਰਵਾਨਾ ਹੋਵੇਗਾ। ਇਸ ਜਗ੍ਹਾ ਦੇ ਗੱਦੀ ਨਸ਼ੀਨ ਸਾਈਂ ਇੰਦਰ ਸ਼ਾਹ ਦੀ ਅਗਵਾਈ ਹੇਠ ਚਾਲਾ ਰਵਾਨਾ ਹੋਇਆ ਜਿਸ ਵਿੱਚ ਸੈਂਕੜੇ ਸੰਗਤਾਂ ਪੈਦਲ ਚੱਲ ਰਹੀਆਂ ਸਨ।ਇਸ ਮੌਕੇ ਹਰਦੀਪ ਸਿੰਘ, ਪਵਨ ਕੁਮਾਰ,ਸੰਜੇ ਸਾਂਈ,ਮਨੀ,ਜਤਿੰਦਰ ਸੈਣੀ,ਅਨਿਲ ਕਪੂਰ,ਸੰਨੀ,ਦੀਪਕ, ਮੰਗਾਂ,ਦਵਿੰਦਰ ਮੰਡੀ,ਅਤੇ ਤਾਰੀ,ਮਨੀਸ਼ ਆਦਿ ਸ਼ਾਮਲ ਸਨ।

# ਅੱਠਵੀਂ ਜਮਾਤ ਦਾ ਨਤੀਜਾ ਰਿਹਾ ਸ਼ਾਨਦਾਰ

**ਲੋਹੀਆਂ ਖਾਸ,(ਯੋਗੇਸ਼ਵਰ, ਰੀਨਾ ਸ਼ਰਮਾ)**- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨ ਕੀਤੇ ਨਤੀਜੇ ਵਿਚੋਂ ਬਾਬੇ ਕੇ ਸੀਨੀਅਰ ਸੈਕੰਡਰੀ ਸਕੂਲ, ਵਾੜਾ ਜੋਧ ਸਿੰਘ ਦੇ ਵਿਦਿਆਰਥੀਆਂ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਇਸ ਵਿੱਚ ਅੱਠਵੀਂ ਜਮਾਤ ਦੀ ਵਿਦਿਆਰਥਣ ਜਸ਼ਨਪ੍ਰੀਤ ਕੌਰ ਪੁੱਤਰੀ ਬਲਜਿੰਦਰ ਸਿੰਘ ਨੇ 600 ਵਿੱਚੋਂ 542 ਅੰਕ ਲੈ ਕੇ ਪਹਿਲਾਂ, ਰਾਜਬੀਰ ਕੌਰ ਪੁੱਤਰੀ ਮੱਸਾ ਸਿੰਘ ਨੇ 600 ਵਿੱਚੋ 538 ਅੰਕ ਲੈ ਕੇ ਦੂਜਾ ਅਤੇ ਦਮਨਪ੍ਰੀਤ ਕੌਰ ਨੇ 600 ਵਿੱਚੋ 536 ਅੰਕ ਹਾਸਲ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ ਹੈ। ਵਿਦਿਆਰਥੀਆਂ ਦੇ ਇਸ ਸ਼ਾਨਦਾਰ ਨਤੀਜੇ 'ਤੇ ਡਾਇਰੈਕਟਰ/ ਪ੍ਰਿੰਸੀਪਲ ਸਦਾਮ ਖ਼ਾਨ ਅਤੇ ਡਿਪਟੀ ਡਾਇਰੈਕਟਰ ਸਰਗਮ ਥਿੰਦ ਨੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਵਧਾਈ ਦਿੱਤੀ।



ਪਹਿਲਾਂ, ਦੂਸਰਾ, ਤੀਸਰਾ ਸਥਾਨ ਪ੍ਰਾਪਤ ਕਰਨ ਵਾਲੀਆਂ ਵਿਦਿਆਰਥਣਾਂ

# ਸਮਾਰਟ ਸਕੂਲ ਦੰਦੂਪੁਰ ਵਿਖੇ ਨਵੇਂ ਸੈਸ਼ਨ ਮੌਕੇ ਧਾਰਮਿਕ ਸਮਾਗਮ



**ਸੁਲਤਾਨਪੁਰ ਲੋਧੀ, (ਹਨੀ)**

ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਦੰਦੂਪੁਰ ਵਿਖੇ ਹਰ ਸਾਲ ਦੀ ਤਰ੍ਹਾਂ ਨਵੇਂ ਵਿਦਿਅਕ ਸੈਸ਼ਨ ਮੌਕੇ ਹੈੱਡ ਟੀਚਰ ਸੁਖਵਿੰਦਰ ਸਿੰਘ ਦੀ ਅਗਵਾਈ ਵਿੱਚ ਧਾਰਮਿਕ ਸਮਾਗਮ ਕਰਵਾਇਆ ਗਿਆ । ਇਸ ਦੌਰਾਨ ਸ੍ਰੀ ਸੁਖਮਣੀ ਸਾਹਿਬ ਜੀ ਦੇ ਪਾਠ ਕਰਵਾਏ ਗਏ। ਸਮਾਗਮ ਦੌਰਾਨ ਵਿਸ਼ੇਸ਼ ਤੌਰ 'ਤੇ ਸੰਤ ਬਾਬਾ ਜੈ ਸਿੰਘ ਡੇਰਾ ਬਾਬਾ ਸ੍ਰੀ ਚੰਦ ਸਿੰਘ ਜੀ ਮਹਿਮਦਵਾਲ ਵਾਲਿਆਂ ਨੇ ਸ਼ਿਰਕਤ ਕੀਤੀ।ਇਸ ਦੌਰਾਨ ਸਾਲਾਨਾ ਪ੍ਰੀਖਿਆਵਾਂ ਤੇ ਖੇਡਾਂ ਵਿੱਚ ਮੱਲ੍ਹਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ, ਉਪਰੰਤ ਸੰਤ ਬਾਬਾ ਜੈ ਸਿੰਘ ਮਹਿਮਦਵਾਲ ਵਾਲਿਆਂ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਉਹਨਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਇਸੇ ਪ੍ਰਕਾਰ ਭਵਿੱਖ ਵਿੱਚ ਵੀ ਮਿਹਨਤ ਕਰਦੇ ਰਹਿਣ ਲਈ ਪ੍ਰੇਰਿਤ ਕੀਤਾ। ਸਕੂਲ ਦੇ ਮੁੱਖ ਅਧਿਆਪਕ ਸੁਖਵਿੰਦਰ ਸਿੰਘ ਨੇ ਸਕੂਲ ਦੀਆਂ ਸਾਲਾਨਾ ਗਤੀਵਿਧੀਆਂ ਦੀ ਰਿਪੋਰਟ ਪੜ੍ਹੀ ਤੇ ਆਏ ਹੋਏ ਸਾਰੇ ਮਹਿਮਾਨਾਂ, ਬੱਚਿਆਂ ਦੇ ਮਾਪਿਆਂ ਤੇ ਸਮੂਹ ਗ੍ਰਾਮ ਪੰਚਾਇਤ ਤੇ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ।ਸਟੇਜ ਸਕੱਤਰ ਦੀ ਭੂਮਿਕਾ ਮਨਜਿੰਦਰ ਸਿੰਘ ਠੱਟਾ ਨਵਾਂ ਨੇ ਬਾਖੂਬੀ ਨਿਭਾਈ । ਸਮਾਗਮ ਨੂੰ ਸਫਲ ਬਣਾਉਣ ਲਈ ਸਟਾਫ਼ ਮੈਂਬਰ ਰਜਵਿੰਦਰ ਕੌਰ, ਪਵਨਦੀਪ ਕੌਰ, ਬਲਵਿੰਦਰ ਕੌਰ, ਜਸਵੀਰ ਕੌਰ ਕੁੱਕ ,ਬਿਮਲਾ ਰਾਣੀ ਕੁੱਕ ਆਦਿ ਨੇ ਜਿੱਥੇ ਅਹਿਮ ਭੂਮਿਕਾ ਨਿਭਾਈ। ਇਸ ਮੌਕੇ ਬਿਸ਼ੰਬਰ ਸਿੰਘ ਐੱਸ ਐੱਮ ਸੀ ਚੇਅਰਮੈਨ, ਸਰਪੰਚ ਜੋਗਿੰਦਰ ਸਿੰਘ ਅਤੇ ਨਗਰ ਨਿਵਾਸੀ ਤੇ ਬੱਚਿਆਂ ਦੇ ਮਾਪੇ, ਵੱਖ ਵੱਖ ਸਕੂਲਾਂ ਦੇ ਅਧਿਆਪਕ ਬਲਕਾਰ ਸਿੰਘ, ਅਵਤਾਰ ਸਿੰਘ, ਕਸ਼ਮੀਰ ਸਿੰਘ, ਬਲਵੰਤ ਸਿੰਘ, ਗੁਰਬਿੰਦਰ ਸਿੰਘ, ਮਨਮੋਹਣ ਸਿੰਘ, ਮਾਸਟਰ ਹਰਜਿੰਦਰ ਸਿੰਘ, ਮਾਸਟਰ ਮਹਿੰਗਾ ਸਿੰਘ, ਮਾਸਟਰ ਰਣਜੀਤ ਸਿੰਘ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਸਾਇੰਸ ਅਧਿਆਪਕਾ ਜੀਵਨ ਨੂੰ ਸੇਵਾ-ਮੁਕਤੀ 'ਤੇ ਕੀਤਾ ਸਨਮਾਨਤ



**ਫਗਵਾੜਾ (ਡਾ. ਰਮਨ)**

ਸਿੱਖਿਆ ਵਿਭਾਗ ਪੰਜਾਬ 'ਚ 27 ਸਾਲ ਦੀ ਬੇਦਾਗ਼ ਅਤੇ ਸਮਰਪਿਤ ਸੇਵਾ ਨਿਭਾਉਣ ਉਪਰੰਤ ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਫਗਵਾੜਾ ਤੋਂ ਬਤੌਰ ਸਾਇੰਸ ਅਧਿਆਪਕ ਸੇਵਾਮੁਕਤ ਹੋਣ 'ਤੇ ਮੈਡਮ ਜੀਵਨ ਨੂੰ ਸਾਇੰਸ ਟੀਚਰਜ਼ ਐਸੋਸੀਏਸ਼ਨ ਫਗਵਾੜਾ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਐਸੋਸੀਏਸ਼ਨ ਦੀ ਸੂਬਾਈ ਇਕਾਈ ਦੇ ਪ੍ਰਧਾਨ ਹਰਿੰਦਰ ਕੌਰ ਸੇਠੀ ਅਤੇ ਬਲਾਕ ਪ੍ਰਧਾਨ ਰਾਜੀਵ ਸੋਨੀ ਨੇ ਮੈਡਮ ਜੀਵਨ ਵੱਲੋਂ ਸਿੱਖਿਆ ਵਿਭਾਗ ਵਿੱਚ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਲੈਕਚਰਾਰ ਹਰਜਿੰਦਰ ਗੋਗਨਾ ਨੇ ਮੈਡਮ ਜੀਵਨ ਵੱਲੋਂ ਵਿਦਿਆਰਥੀਆਂ ਨੂੰ ਵਿਗਿਆਨ ਵਰਗੇ ਔਖੇ ਵਿਸ਼ੇ ਨੂੰ ਦਿਲਚਸਪ ਮਾਹੌਲ ਵਿੱਚ ਪੜ੍ਹਾਉਣ ਅਤੇ ਵਿਗਿਆਨਕ ਗਤੀਵਿਧੀਆਂ ਅਤੇ ਖਾਸ ਕਰਕੇ ਵਿਗਿਆਨ ਮੇਲਿਆਂ ਵਿੱਚ ਬੱਚਿਆਂ ਨੂੰ ਜੇਤੂ ਕਤਾਰ ਵਿੱਚ ਖੜ੍ਹਾ ਕਰਨ ਲਈ ਉਹਨਾਂ ਦੀ ਅਣਥਕ ਮਿਹਨਤ ਦਾ ਜ਼ਿਕਰ ਕੀਤਾ। ਬਲਾਕ ਪ੍ਰਧਾਨ ਰਾਜੀਵ ਸੋਨੀ ਅਤੇ ਜ਼ਿਲ੍ਹਾ ਸਰਪ੍ਰਸਤ ਨਰੇਸ਼ ਕੋਹਲੀ ਨੇ ਮੈਡਮ ਜੀਵਨ ਨੂੰ ਸੰਗਠਨ ਦੀ ਰੀੜ੍ਹ ਦੱਸਿਆ। ਇਸ ਦੌਰਾਨ ਰਾਸ਼ਟਰੀ ਪੁਰਸਕਾਰ ਜੇਤੂ ਮਾਸਟਰ ਗੁਰਮੀਤ ਸਿੰਘ ਨੇ ਕਿਹਾ ਕਿ ਮੈਡਮ ਜੀਵਨ ਨੇ ਵਿਗਿਆਨ ਮੁਕਾਬਲਿਆਂ ਵਿੱਚ ਰਾਜ ਅਤੇ ਰਾਸ਼ਟਰੀ ਪੱਧਰ ਦੇ ਪੁਰਸਕਾਰ ਜਿੱਤ ਕੇ ਨਾ ਸਿਰਫ਼ ਪਰਵਾਰ ਦਾ ਮਾਣ ਵਧਾਇਆ ਹੈ ਬਲਕਿ ਸਕੂਲ ਦਾ ਨਾਂਅ ਵੀ ਰੌਸ਼ਨ ਕੀਤਾ ਹੈ। ਮੈਡਮ ਜੀਵਨ ਨੇ ਇਸ ਸਨਮਾਨ ਲਈ ਐਸੋਸੀਏਸ਼ਨ ਦੇ ਸਾਰੇ ਪਤਵੰਤਿਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹਨਾਂ ਨੇ ਹਮੇਸ਼ਾ ਵਿਦਿਆਰਥੀਆਂ ਨੂੰ ਆਪਣੇ ਬੱਚਿਆਂ ਵਾਂਗ ਪੜ੍ਹਾਇਆ ਅਤੇ ਲੋੜਵੰਦ ਵਿਦਿਆਰਥੀਆਂ ਦੀ ਹਰ ਸੰਭਵ ਤਰੀਕੇ ਨਾਲ ਮਦਦ ਕਰਨ ਦੀ ਕੋਸ਼ਿਸ਼ ਕਰਨਾ ਵੀ ਉਨ੍ਹਾਂ ਦੀ ਤਰਜੀਹ ਸੀ।ਇਸ ਮੌਕੇ ਲੈਕਚਰਾਰ ਵੰਦਨਾ, ਲੈਕਚਰਾਰ ਅਨੁਕੰਪਾ, ਵੈਭਵ ਆਨੰਦ, ਕੀਰਤੀ ਰਾਣੀ, ਪ੍ਰਦੀਪ ਆਨੰਦ, ਜੋਤੀ, ਰਵਿੰਦਰ ਆਨੰਦ, ਰਸ਼ਮੀ ਆਨੰਦ, ਸੰਤੋਸ਼ ਸੋਨੀ, ਚੰਦਨ ਸੋਨੀ, ਪੂਜਾ, ਸੁਬੀਰ, ਨਰੂਲਾ ਅਤੇ ਰਾਖੀ ਆਦਿ ਹਾਜ਼ਰ ਸਨ।

# ਪੰਜਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ

**ਲੋਹੀਆਂ ਖਾਸ,(ਯੋਗੇਸ਼ਵਰ, ਰੀਨਾ ਸ਼ਰਮਾ)**- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨ ਕੀਤੇ ਪੰਜਵੀਂ ਜਮਾਤ ਦੇ ਨਤੀਜੇ ਵਿੱਚੋਂ ਬਾਬੇ ਕੇ ਸੀਨੀਅਰ ਸੈਕੰਡਰੀ ਸਕੂਲ ਵਾੜਾ ਜੋਧ ਸਿੰਘ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਇਸ ਸਬੰਧੀ ਪੰਜਵੀਂ ਜਮਾਤ ਦੇ ਵਿਦਿਆਰਥੀ ਲਕਸ਼ਦੀਪ ਸਿੰਘ ਪੁੱਤਰ ਸੁਖਦੇਵ ਸਿੰਘ ਨੇ 500 ਵਿੱਚੋਂ 476 ਅੰਕ ਲੈ ਕੇ ਪਹਿਲਾ ਅਤੇ ਜੈਕਲੀਨ ਜੋਸਫ ਪੁੱਤਰੀ ਜੋਸਫ ਮਸੀਹ ਨੇ 500 ਵਿੱਚੋਂ 455 ਅੰਕ ਲੈ ਕੇ ਦੂਸਰਾ ਅਤੇ ਗੁਰਵੰਸ਼ ਸਿੰਘ ਪੁੱਤਰ ਗੁਰਵਿੰਦਰ ਸਿੰਘ ਨੇ 500 ਵਿੱਚੋਂ 429 ਅੰਕ ਲੈ ਕੇ ਤੀਸਰਾ ਸਥਾਨ ਪ੍ਰਾਪਤ ਕੀਤਾ ਹੈ। ਵਿਦਿਆਰਥੀਆਂ ਨੇ ਵਧੀਆ ਅੰਕ ਪ੍ਰਾਪਤ ਕਰਕੇ ਸਕੂਲ ਅਤੇ ਆਪਣੇ ਮਾਪਿਆਂ ਦਾ ਨਾਂਅ ਰੋਸ਼ਨ ਕੀਤਾ ਹੈ। ਇਸ ਨਤੀਜੇ 'ਤੇ ਡਾਇਰੈਕਟਰ/ਪ੍ਰਿੰਸੀਪਲ ਸੁਦਾਮ ਖਾਨ ਅਤੇ ਡਿਪਟੀ ਡਾਇਰੈਕਟਰ ਸਰਗਮ ਥਿੰਦ ਨੇ ਵਿਦਿਆਰਥੀਆਂ ਦੇ ਮਾਪਿਆਂ ਅਤੇ ਉਹਨਾਂ ਦੇ ਅਧਿਆਪਕਾਂ ਨੂੰ ਵਧਾਈ ਦਿੱਤੀ।

